# ਧਰਮ ਕਲਾ

ਗਿਆਨੀ ਜਸਵੰਤ ਸਿੰਘ ਪ੍ਰਵਾਨਾ
ਸਾਬਕਾ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।

ਨਿਊ ਬੁੱਕ ਕੰਪਨੀ
ਮਾਈ ਹੀਰਾਂ ਗੇਟ ਜਲੰਧਰ

*Dharam Kala*
by Giani Jaswant Singh Parwana

*ਏਸੇ ਕਾਲਮ ਤੋਂ :*

- *ਧਰਮ ਦੀ ਚਾਦਰ*
- *ਧਰਮ ਦੀ ਯਾਤਰਾ*
- *ਗੁਰਪੁਰਬ ਗਾਥਾਵਾਂ*
- *ਦੋ ਦੀਵੇ ਇਕ ਜੋਤਿ*
- *ਬਹੀਐ ਪੜਿਆ ਪਾਸਿ*
- *ਗੁਣੀ ਨਿਧਾਨ ਖ਼ਾਲਸਾ*
- *ਮੈਂ ਤੁਧੁ ਆਗੈ ਅਰਦਾਸਿ*
- *ਅੰਜਨਿ ਮਾਹਿ ਨਿਰੰਜਨ ਪਾਵੈ*
- *ਜੀਵਨ ਸੰਤ ਪ੍ਰੇਮ ਸਿੰਘ ਮੁਰਾ*

Published by :
New Book Co., Mai Hiran Gate, Jalandhar-144008. Ph. 0181-2280045, 2284325
E-mail : newbookco@hotmail.com

ISBN 81-87476-24-9

© ਲੇਖਕ

ਪਹਿਲੀ ਵਾਰ : 1989, ਦੂਜੀ ਵਾਰ : 1994, ਤੀਜੀ ਵਾਰ : 1998, ਚੋਥੀ ਵਾਰ : 2003

ਮੁੱਲ : 85 ਰੁਪਏ

ਪ੍ਰਕਾਸ਼ਕ : ਮਹਿਤਾਬ ਸਿੰਘ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ-144008
ਫ਼ੋਨ : (S) 0181-2280045, 2284325 (R) 2234081

ਛਾਪਕ : ਸਹਿਗਲ ਪ੍ਰਿੰਟਰਜ਼, ਨੇੜੇ ਦੁਆਬਾ ਚੌਂਕ, ਜਲੰਧਰ।

ਟਾਈਪ ਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ।

# ਤਤਕਰਾ


| ਲੇਖ | ਪੰਨਾ |
|---|---|
| 1. ਧਰਮ ਕਲਾ | 9 |
| 2. ਗ੍ਰਿਹਸਥੀ ਜੀਵਨ ਤੇ ਧਰਮ ਕਲਾ | 14 |
| 3. ਰਾਜਨੀਤੀ ਤੇ ਧਰਮ ਕਲਾ | 21 |
| 4. ਪ੍ਰੇਮ ਰਸ ਤੇ ਧਰਮ ਕਲਾ | 27 |
| 5. ਇਕੱਠ ਤੇ ਧਰਮ ਕਲਾ | 33 |
| 6. ਦੌਲਤ ਤੇ ਧਰਮ ਕਲਾ | 40 |
| 7. ਹਾਸਾ ਤੇ ਧਰਮ ਕਲਾ | 46 |
| 8. ਵਿਦਿਆ ਤੇ ਧਰਮ ਕਲਾ | 53 |
| 9. ਰਾਗ ਤੇ ਧਰਮ ਕਲਾ | 61 |
| 10. ਬਖਸ਼ਿਸ਼ ਤੇ ਧਰਮ ਕਲਾ | 68 |
| 11. ਸੂਰਮਤਾਈ ਤੇ ਧਰਮ ਕਲਾ | 76 |
| 12. ਇਨਸਾਫ਼ ਤੇ ਧਰਮ ਕਲਾ | 83 |
| 13. ਕਲਮ ਤੇ ਧਰਮ ਕਲਾ | 91 |
| 14. ਸ਼ਹੀਦ ਤੇ ਧਰਮ ਕਲਾ | 99 |
| 15. ਖਾਣਾ ਤੇ ਧਰਮ ਕਲਾ | 108 |
| 16. ਪਹਿਰਣ ਤੇ ਧਰਮ ਕਲਾ | 116 |
| 17. ਆਚਾਰ ਤੇ ਧਰਮ ਕਲਾ | 124 |
| 18. ਜਪ ਤਪ ਤੇ ਧਰਮ ਕਲਾ | 133 |
| 19. ਸੱਜਣਤਾਈ ਤੇ ਧਰਮ ਕਲਾ | 142 |
| 20. ਜਾਗਰਣ ਤੇ ਧਰਮ ਕਲਾ | 152 |
| 21. ਜਨਮ ਮਰਨ ਤੇ ਧਰਮ ਕਲਾ | 160 |
| 22. ਕੁਰਬਾਨੀ ਤੇ ਧਰਮ ਕਲਾ | 168 |
| 23. ਅੰਮ੍ਰਿਤ ਤੇ ਧਰਮ ਕਲਾ | 177 |

# ਦੋ ਸ਼ਬਦ

ਆਦਿ ਕਾਲ ਤੋਂ ਧਰਮ ਪੁਰਖਾਂ ਦੀ ਪਹਿਚਾਣ ਕਲਾ ਕਰਕੇ ਹੁੰਦੀ ਰਹੀ ਹੈ। ਮਹਾਂਪੁਰਖਾਂ ਦੀ ਅਹਿਮੀਅਤ, ਖ਼ਾਸੀਅਤ ਕਲਾ ਅਧਾਰਤ ਰਹੀ ਹੈ। ਪਰੀਪੂਰਨ ਪ੍ਰਮਾਤਮਾ ਨੂੰ ਵੀ ਸਤਿਗੁਰਾਂ ਨੇ 'ਤੂੰ ਸਰਬ ਕਲਾ ਕਾ ਗਿਆਤਾ' ਕਰ ਕੇ ਆਖਿਆ ਹੈ।

ਅਵਤਾਰੀ ਪੁਰਸ਼ਾਂ ਦੀ ਪਹਿਚਾਣ ਵੀ ਇਸ ਅਧਾਰ 'ਤੇ ਹੁੰਦੀ ਰਹੀ ਹੈ ਕਿ ਇਸ ਅੰਦਰ ਕਿਤਨੀ ਕਲਾ ਹੈ, ਜੈਸੇ ਕਿ ਸ੍ਰੀ ਰਾਮ ਦੀ ਪਹਿਚਾਣ ਚੌਦਾਂ ਕਲਾ 'ਤੇ ਸੀ, ਸ੍ਰੀ ਕ੍ਰਿਸ਼ਨ ਜੀ ਨੂੰ ਸੋਲਾਂ ਕਲਾ ਸੰਪੂਰਨ ਆਖਿਆ ਗਿਆ ਹੈ।

ਜਦ ਵੀ ਆਮ ਮਨੁੱਖਤਾ ਪ੍ਰਭਾਵਤ ਹੋਈ ਹੈ, ਕਲਾ ਤੋਂ ਹੋਈ ਹੈ। ਇਸ ਵਾਸਤੇ ਕਲਾ ਇਕ ਸ਼ਕਤੀ ਹੈ, ਕਲਾ ਇਕ ਗੁਣ ਹੈ। ਸ਼ਕਤੀ ਅਤੇ ਗੁਣ ਜੋ ਪ੍ਰਾਪਤ ਕਰ ਲੈਂਦਾ ਹੈ, ਉਹ ਕਲਾਕਾਰ ਹੋ ਜਾਂਦਾ ਹੈ।

ਵੈਸੇ ਤਾਂ ਸੂਖਸ਼ਮ ਜਾਂ ਅਸਥੂਲ ਅਨੰਤ ਕਲਾ ਹਨ, ਜੈਸੇ ਕਿ ਨ੍ਰਿਤ ਕਲਾ, ਸੰਗੀਤ ਕਲਾ, ਕਾਵਿ-ਕਲਾ, ਚਿਤਰ ਕਲਾ, ਮੂਰਤੀ ਕਲਾ, ਨੀਤੀ ਅਤੇ ਸ਼ਾਸਤ੍ਰ ਗਿਆਤਾ ਹੋਣਾ ਇਤਿਆਦਿ। ਦ੍ਰਿਸ਼ਟ ਕਲਾ, ਸਰੋਤ ਕਲਾ, ਭਾਸ਼ਨ ਕਲਾ ਇਹ ਵੀ ਆਪਣੇ ਖ਼ਾਸ ਅਸਥਾਨ ਰੱਖਦੀਆਂ ਹਨ।

ਜਿਸ ਤੋਂ ਮਨੁੱਖ ਪ੍ਰਭਾਵਤ ਹੋ ਜਾਏ ਔਰ ਬੰਨ੍ਹਿਆ ਜਾਏ, ਉਹ ਇਕ ਸ਼ਕਤੀ ਹੈ ਔਰ ਸ਼ਕਤੀ ਹੀ ਕਲਾ ਹੈ, ਕਿਉਂਕਿ ਪ੍ਰਮਾਤਮਾ ਵੀ ਇਕ ਪਰਮ ਸ਼ਕਤੀ ਹੈ ; ਇਸ ਲਈ ਉਹ ਪਰਮ ਕਲਾਕਾਰ ਹੈ।

ਇਨ੍ਹਾਂ ਅਨੰਤ ਕਲਾ ਦੀ ਵਿਆਖਿਆ ਬੋਧ ਪੂਰਵਕ ਢੰਗ ਨਾਲ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ ਪ੍ਰਵਾਨਾ ਨੇ ਇਸ 'ਧਰਮ ਕਲਾ' ਨਾਮਕ ਪੁਸਤਕ ਵਿਚ ਕੀਤੀ ਹੈ।

ਮੇਰਾ ਇਹ ਵਿਸ਼ਵਾਸ ਹੈ ਕਿ ਪੜ੍ਹਨ ਵਾਲੇ ਜ਼ਰੂਰ ਕਲਾ ਦੇ ਬੋਧਕ ਹੋ ਕੇ ਕਲਾਕਾਰ ਬਣਨਗੇ।

ਪਾਠਕਾਂ ਲਈ ਇਹ ਲਿਖਤੀ ਦੁਨੀਆਂ ਦੀ ਅਦੁੱਤੀ ਸੁਗਾਤ ਹੈ।

ਸ਼ੁਭਚਿੰਤਕ :

ਮਿਤੀ : 6-12-88 ਗਿ. ਸੰਤ ਸਿੰਘ ਮਸਕੀਨ

ਅਲਵਰ (ਰਾਜਸਥਾਨ)

# ਕਾਮਨਾ

ਜਦ ਕਦੇ ਮੈਂ ਸਿੰਘ ਸਾਹਿਬ ਗਿ. ਜਸਵੰਤ ਸਿੰਘ ਜੀ ਪ੍ਰਵਾਨਾ ਦੇ ਗੁਰਮਤਿ ਅਤੇ ਅਨ-ਮਤਾਂ ਬਾਰੇ ਵਾਕਫ਼ੀ ਭਰਪੂਰ ਭਾਸ਼ਨ ਸਰਵਣ ਕਰਦਾ ਹਾਂ ਤਾਂ ਮੈਥੋਂ ਬੇਸਾਖ਼ਤਾ ਮਿਰਜ਼ਾ ਗ਼ਾਲਿਬ ਦਾ ਇਹ ਸ਼ੇਅਰ ਇਨ੍ਹਾਂ ਉੱਪਰ ਸਾਦਕ ਹੋ ਜਾਂਦਾ ਹੈ—

ਹੈਂ ਅਉਰ ਭੀ ਦੁਨੀਆ ਮੇਂ ਸੁਖ਼ਨਵਰ ਬਹੁਤ ਅੱਛੇ।
ਕਹਿਤੇ ਹੈਂ ਕਿ ਗ਼ਾਲਿਬ ਕਾ ਹੈ ਅੰਦਾਜ਼ੇ ਬਿਆਂ ਅਉਰ।

ਜਿਸ ਰੌਸ਼ਨ ਜ਼ਮੀਰੀ, ਸਪੱਸ਼ਟਤਾ ਤੇ ਮਿਠਾਸ ਨਾਲ ਇਹ ਛੋਹੇ ਵਿਸ਼ੇ ਨੂੰ ਨਿਭਾਉਂਦੇ ਅਤੇ ਹਾਜ਼ਰੀਨ (ਸੰਗਤਾਂ) ਨੂੰ ਬਮੋਹਤ ਅਤੇ ਰੱਸ ਗੜੂੰਦ ਕਰਦੇ ਹਨ, ਇਹ ਗੁਰ-ਪ੍ਰਸਾਦਿ ਦੁਆਰਾ ਇਨ੍ਹਾਂ ਦੇ ਹਿੱਸੇ ਹੀ ਆਈ ਹੈ। ਇਕ ਸਫਲ ਤੇ ਸੰਪੰਨ ਵਕਤਾ ਹੋਣ ਦੇ ਨਾਲ-ਨਾਲ ਉਹਨਾਂ ਦਾ ਸ਼ੀਰੀਂ ਜ਼ਬਾਨ ਅਤੇ ਸੁਹਿਰਦ ਮਿੱਤਰ ਹੋਣਾ, ਸੰਸਾਰਕ ਵਡਿਆਈਆਂ ਤੋਂ ਕਿਤੇ ਉਤਾਂਹ ਪ੍ਰਵਾਜ਼ ਕਰਨਾ ਹੈ।

ਮੈਨੂੰ ਹਾਰਦਿਕ ਪ੍ਰਸੰਨਤਾ ਹੋਈ ਹੈ ਕਿ ਇਕ ਸਫਲ ਵਕਤਾ ਹੋਣ ਦੇ ਨਾਲ-ਨਾਲ ਉਹਨਾਂ ਨੇ ਆਪਣੇ ਸੰਤੁਲਿਤ ਤੇ ਅਮਲੀ ਵਿਚਾਰਾਂ ਨੂੰ ਸਥਾਈ ਬਣਾਉਣ ਦਾ ਉਪਰਾਲਾ ਵੀ ਕੀਤਾ ਹੈ। ਪਹਿਲਾਂ ਆਪ ਦੀ ਪੁਸਤਕ 'ਧਰਮ ਦੀ ਚਾਦਰ' ਜ਼ਹੂਰ ਵਿਚ ਆਈ, ਫੇਰ 'ਧਰਮ ਦੀ ਯਾਤਰਾ' ਅਤੇ ਹੁਣ ਤੁਰੰਤ ਪਿਛੋਂ 'ਧਰਮ ਕਲਾ'।

ਸੰਬੰਧਤ ਪੁਸਤਕਾਂ ਦੇ ਨਾਵਾਂ ਤੋਂ ਹੀ ਇਹ ਸਪੱਸ਼ਟ ਹੁੰਦਾ ਹੈ ਕਿ ਪ੍ਰਵਾਨਾ ਜੀ "ਏਕੋ ਧਰਮ, ਦ੍ਰਿੜੈ ਸਚੁ ਕੋਈ" ਦੇ ਗੁਰਵਾਕ ਦੇ ਸੱਚ ਨੂੰ ਸਾਖ਼ਸ਼ਾਤ ਕਰਨ ਦੇ ਵਿਚ ਜੁੱਟੇ ਹੋਏ ਹਨ। ਭਲਾ ਏਦੂੰ ਵਧ ਸੁਕ੍ਰਿਤ, ਮਾਇਆ ਤੇ ਅੰਧਕਾਰੀ ਜੁੱਗ ਹੋਰ ਕੀ ਹੋ ਸਕਦੀ ਹੈ ?

ਮੇਰੀ ਹਾਰਦਿਕ ਕਾਮਨਾ ਹੈ ਕਿ ਆਪ ਜੀ ਲੰਮੇ ਸਮੇਂ ਤੱਕ ਇਸ ਪਵਿੱਤਰ ਕਲਮੀ ਸੇਵਾ ਦੇ ਪਰਮ ਪਾਵਨ ਰਾਹ ਉੱਤੇ ਇਸ ਧੁਨ ਦੇ ਧਾਰਨੀ ਹੁੰਦੇ ਹੋਏ ਗਾਮਜ਼ਨ ਰਹਿਣ—

ਸੂਰਜ ਨ ਬਨ ਸਕੇ ਤੋ ਸ਼ਮਾ ਰਾਹ ਗੁਜ਼ਰ ਸਹੀ,
ਜੀਨੇ ਕਾ ਇਸ ਜਹਾਂ ਮੇਂ, ਕੋਈ ਮੁਦੱਆ ਤੋ ਹੋ।

ਹਰਿਭਜਨ ਸਿੰਘ (ਭਾਈ ਸਾਹਿਬ)
1186/18-ਸੀ, ਚੰਡੀਗੜ੍ਹ।
(ਸਾਬਕਾ ਪ੍ਰਿੰਸੀਪਲ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ)

# ਚੌਥੀ ਐਡੀਸ਼ਨ ਬਾਰੇ

ਪੁਸਤਕ ਧਰਮ ਕਲਾ ਦੀ ਚੌਥੀ ਐਡੀਸ਼ਨ ਛਪਣ 'ਤੇ ਮੈਨੂੰ ਅਤਿਅੰਤ ਖੁਸ਼ੀ ਹੋ ਰਹੀ ਹੈ। ਪਾਠਕਾਂ ਨੇ ਜੋ ਸਹਿਯੋਗ ਦਿਤਾ ਹੈ, ਤੇ ਮੇਰੀ ਹੌਸਲਾ ਅਫਜ਼ਾਈ ਕੀਤੀ ਹੈ। ਮੈਂ ਜਿਨਾ ਵੀ ਧੰਨਵਾਦ ਕਰਾਂ ਥੋੜ੍ਹਾ ਹੈ, ਧਰਮ ਦੀ ਕਲਾ ਧਰਮ ਦੀ ਸ਼ਕਤੀ ਹੈ। ਇਹ ਸ਼ਕਤੀ ਹੈ, ਜਿਸਦੇ ਆਸਰੇ ਸਾਰਾ ਬ੍ਰਹਿਮੰਡ ਸਿਰਜਿਆ ਗਿਆ ਹੈ ਅਤੇ ਜਿਸਦੇ ਆਸਰੇ ਇਹ ਬ੍ਰਹਿਮੰਡ ਟਿਕਿਆ ਹੈ। ਜੇ ਧਰਮ ਸਭ ਦਾ ਅਧਾਰ ਹੈ, ਤਾਂ ਇਸ ਧਰਮ ਦੇ ਆਸਰੇ ਬਿਨਾਂ ਮਨੁਖ ਸੁਖੀ ਜੀਵਨ ਕਿਵੇਂ ਜੀ ਸਕਦਾ ਹੈ ? ਧਰਮ ਕਲਾ ਪੁਸਤਕ ਜੇ ਧਰਮੀ ਬਣਨ ਦੀ ਪ੍ਰੇਰਣਾ ਦੇ ਜਾਵੇ ਤਾਂ ਮੈਂ ਧੰਨਭਾਗ ਸਮਝਾਂਗਾਂ। ਨਿਊ ਬੁੱਕ ਕੰਪਨੀ ਦਾ ਧੰਨਵਾਦੀ ਹਾਂ ਜੋ ਠੀਕ ਜ਼ਿੰਮੇਵਾਰੀ ਨਿਭਾ ਰਹੇ ਹਨ।

—ਗਿ : ਜਸਵੰਤ ਸਿੰਘ ਪ੍ਵਾਨਾ

# ਸ੍ਰੀ ਦਰਬਾਰ ਸਾਹਿਬ ਤੋਂ ਵਿਦਾ ਹੋਣ ਸਮੇਂ

ਨੰਬਰ 2988/ਮਿਤੀ 11-8-87

ਸਤਿਕਾਰ ਯੋਗ ਸਿੰਘ ਸਾਹਿਬ ਗਿ. ਜਸਵੰਤ ਸਿੰਘ ਜੀ ਪ੍ਵਾਨਾ
ਗ੍ੰਥੀ ਸ੍ਰੀ ਹਰਿਮੰਦਰ ਸਾਹਿਬ,

ਪਰਮ ਕ੍ਰਿਪਾਲੂ ਜੀ !

ਆਪ ਜੀ ਨੇ ਬੜੇ ਪਿਆਰ, ਸ਼ਰਧਾ ਤੇ ਜ਼ਿੰਮੇਵਾਰੀ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਮਹਾਨ ਉੱਚ ਪਦਵੀ ਗ੍ੰਥੀ ਦੀ ਸੇਵਾ ਮਿਤੀ 5.7.85 ਤੋਂ ਮਿਤੀ 11.8.87 ਤੱਕ ਨਿਭਾਈ ਹੈ, ਆਪ ਬੜੇ ਧੀਰਜ, ਮਿੱਠੇ ਸੁਭਾਅ ਵਾਲੇ, ਵਿਦਵਾਨ ਅਤੇ ਚੰਗੇ ਸੁਲਝੇ ਕਥਾ-ਵਾਚਕ ਹੋ। ਦੀਵਾਨ ਹਾਲ ਗੁਰਦੁਆਰਾ ਮੰਜੀ ਸਾਹਿਬ, ਸ੍ਰੀ ਅੰਮ੍ਰਿਤਸਰ ਅਤੇ ਸ਼ਹਿਰ ਦੇ ਹੋਰ ਗੁਰਦੁਆਰਿਆਂ ਵਿਖੇ ਗੁਰਪੁਰਬਾਂ ਦੇ ਸਮੇਂ ਅਤੇ ਹੋਰ ਧਾਰਮਿਕ ਪ੍ਰੋਗਰਾਮਾਂ ਸਮੇਂ ਆਪ ਆਪਣੇ ਵਿਦਵਤਾ ਭਰਪੂਰ ਵਿਚਾਰਾਂ ਅਤੇ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਰਹੇ ਹੋ, ਸੰਗਤਾਂ ਆਪ ਦੀ ਕਥਾ ਦਾ ਬਹੁਤ ਪ੍ਭਾਵ ਕਬੂਲਦੀਆਂ ਰਹੀਆਂ ਹਨ।

ਆਪ ਜਿਹੇ ਵਿਦਵਾਨ ਅਤੇ ਪ੍ਭਾਵਸ਼ਾਲੀ ਕਥਾ ਕਰਨ ਵਾਲੀ ਸ਼ਖ਼ਸੀਅਤ ਨੂੰ ਕਮੇਟੀ ਕਦਾਚਿਤ ਛੱਡਣਾ ਨਹੀਂ ਸੀ ਚਾਹੁੰਦੀ ਪਰ ਆਪ ਜੀ ਨੇ ਕੁਝ ਘਰੇਗੀ ਮਜਬੂਰੀਆਂ, ਜੋ ਆਪ ਨੇ ਦੱਸੀਆਂ ਹਨ, ਦੇ ਕਾਰਨ ਕਮੇਟੀ ਨੇ ਆਪ ਦਾ ਅਸਤੀਫਾ ਪ੍ਵਾਨ ਕੀਤਾ ਹੈ।

ਸ਼ੁਭਚਿੰਤਕ :
**ਰਣਜੀਤ ਸਿੰਘ**
ਮੈਨੇਜਰ, ਸ੍ਰੀ ਦਰਬਾਰ ਸਾਹਿਬ,
ਸ੍ਰੀ ਅੰਮ੍ਰਿਤਸਰ।

੧

# ਧਰਮ ਕਲਾ

ਆਦਿ ਕਾਲ ਤੋਂ ਹੀ ਮਨੁੱਖ ਦੀ ਇਕ ਲਾਲਸਾ ਰਹੀ ਹੈ ਕਿ ਮੇਰੇ ਕੋਲ ਸਾਰੀਆਂ ਸ਼ਕਤੀਆਂ ਹੋਣ, ਜੇ ਸਾਰੀਆਂ ਸ਼ਕਤੀਆਂ ਨਾ ਹੋਣ ਤਾਂ ਵੀ ਇਕ ਅੱਧੀ ਸ਼ਕਤੀ ਤਾਂ ਮੇਰੇ ਪਾਸ ਜ਼ਰੂਰ ਹੀ ਹੋਣੀ ਚਾਹੀਦੀ ਹੈ, ਇਕ ਸ਼ਕਤੀ ਨਾਲ ਦੂਸਰੀ ਸ਼ਕਤੀ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ, ਜਿਵੇਂ ਕਿ ਇਕ ਮਨੁੱਖ ਦੇ ਪਾਸ ਸਰੀਰਕ ਸ਼ਕਤੀ ਤਾਂ ਹੈ ਪਰ ਪੈਸਾ ਪਾਸ ਨਹੀਂ। ਪੈਸੇ ਬਿਨਾਂ ਸਰੀਰਕ ਲੋੜਾਂ ਦਾ ਪੂਰਾ ਹੋਣਾ ਔਖਾ ਹੈ। ਫਿਰ ਮਨੁੱਖ ਸੋਚਦਾ ਹੈ ਕਿ ਮੈਂ ਸਰੀਰ ਨਾਲ ਮਿਹਨਤ ਕਰਾਂਗਾ ਅਤੇ ਧਨ ਦੀ ਸ਼ਕਤੀ ਪ੍ਰਾਪਤ ਕਰ ਲਵਾਂਗਾ। ਕੋਈ ਧਨ ਦੀ ਸ਼ਕਤੀ ਨੂੰ ਵਰਤ ਕੇ ਵਿੱਦਿਆ ਦੀ ਸ਼ਕਤੀ ਪ੍ਰਾਪਤ ਕਰਦਾ ਹੈ, ਕੋਈ ਵਿੱਦਿਆ ਦੇ ਆਸਰੇ ਧਨ ਪ੍ਰਾਪਤ ਕਰ ਰਿਹਾ ਹੈ, ਵਿੱਦਿਆ ਦੀ ਸ਼ਕਤੀ ਦਿਮਾਗ਼ੀ ਸ਼ਕਤੀ ਹੈ।

ਮੂਲ ਸ਼ਕਤੀਆਂ ਹਨ ਧਨ ਦੀ, ਤਨ ਦੀ, ਮਨ ਦੀ। ਤਨ ਦੀਆਂ ਤੇ ਮਨ ਦੀਆਂ ਸ਼ਕਤੀਆਂ ਜੁੜੀਆਂ ਹਨ। ਤਨ ਤੇ ਮਨ ਨੂੰ ਅਸੀਂ ਵੱਖ-ਵੱਖ ਨਹੀਂ ਕਰ ਸਕਦੇ, ਤਨ ਦੀ ਸ਼ਕਤੀ ਤੇ ਮਨ ਦੀ ਸ਼ਕਤੀ ਮਨੁੱਖ ਦੇ ਅੰਦਰ ਹੈ, ਧਨ ਦੀ ਸ਼ਕਤੀ ਬਾਹਰ ਹੈ।

ਮਨ ਦੀ ਸ਼ਕਤੀ ਬਾਰੇ ਅੱਜ ਤਕ ਬਹੁਤ ਕੁਝ ਲਿਖਿਆ ਗਿਆ ਹੈ, ਬਹੁਤ ਕੁਝ ਕਿਹਾ ਗਿਆ ਹੈ। ਅਨੇਕਾਂ ਕਰਾਮਾਤੀ ਸਾਧੂਆਂ ਦੀਆਂ ਕਹਾਣੀਆਂ ਪ੍ਰਚਲਤ ਹਨ ਕਿ ਜਿਨ੍ਹਾਂ ਨੇ ਅਣਹੋਣੀਆਂ ਗੱਲਾਂ ਕਰਕੇ ਸੰਸਾਰ ਨੂੰ ਹੈਰਾਨ ਕਰ ਦਿੱਤਾ। ਜੈਸਾ ਕਿ ਬਿਨਾਂ ਕਿਸੇ ਵਿਗਿਆਨਕ ਯੰਤਰ ਦੇ ਆਸਰੇ ਤੋਂ ਸੈਂਕੜੇ ਕੋਹਾਂ ਤੋਂ ਹੋ ਰਹੀ ਗੱਲ ਸੁਣ ਲੈਣੀ, ਪਾਣੀ ਤੇ ਤੁਰ ਲੈਣਾ, ਬਿਨਾਂ ਪੜ੍ਹਿਆਂ ਹੀ ਸਿੱਧੀ ਦੇ ਆਸਰੇ ਮਹਾਂਭਾਰਤ ਵਰਗੇ ਇਤਿਹਾਸ ਸੁਣਾ ਦੇਣੇ, ਭਾਵਨਾ ਨਾਲ ਹੀ ਹੀਰਿਆਂ ਜੜੇ ਮਹੱਲ ਵੇਖ ਲੈਣੇ, ਸਾਰੇ ਲੋਕਾਂ ਨੂੰ ਆਪਣੀ ਰੁਚੀ ਅਨੁਸਾਰ ਪ੍ਰੇਰ ਕੇ ਚਲਾ ਲੈਣਾ। ਫੰਡਿਆਂ ਤੇ ਰੂੰ ਵਾਂਗ ਹੌਲੇ ਹੋ ਕੇ ਲੇਟ ਜਾਣਾ, ਇਕ ਖਿਣ ਵਿਚ ਸੂਰਜ ਮੰਡਲ ਵਿਚ ਉਡ ਜਾਣਾ। ਅਚਲ ਵਟਾਲੇ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਕਰਾਮਾਤ ਵਿਖਾਉਣ ਲਈ ਕਿਹਾ ਸੀ, ਸਾਹਿਬਾਂ ਨੇ ਕਹਿ ਦਿੱਤਾ ਸੀ–

*ਸਿਧ ਤੰਤ੍ਰ ਮੰਤ੍ਰ ਕਰ ਝੜ ਪਏ ਸ਼ਬਦ ਗੁਰੂ ਕੇ ਕਲਾ ਛਪਾਈ॥*

ਧਰਮ ਕਲਾ ਦਾ ਇਹੀ ਰਾਜ਼ ਸਮਝਣ ਵਾਲਾ ਹੈ ਕਿ 'ਸ਼ਬਦ ਗੁਰੂ ਕੇ ਕਲਾ

ਛਪਾਈ' ਗੁਰੂ ਦੇ ਸ਼ਬਦ ਵਿਚ ਕਲਾ ਸ਼ਕਤੀ ਛਿਪੀ ਹੈ।

ਅਣਹੋਣੀਆਂ ਗੱਲਾਂ ਕਰਕੇ ਇਹ ਸਿੱਧ ਲੋਕ ਕੀ ਕਰਨਾ ਚਾਹੁੰਦੇ ਸਨ। ਇਨ੍ਹਾਂ ਦਾ ਮਕਸਦ ਕੀ ਸੀ? ਇਨ੍ਹਾਂ ਦਾ ਸਿਰਫ਼ ਇਕ ਹੀ ਨਿਸ਼ਾਨਾ ਸੀ ਕਿ ਜਗਤ ਨੂੰ ਕਿਵੇਂ ਪ੍ਰਭਾਵਤ ਕੀਤਾ ਜਾਏ। ਮੈਂ ਜੋ ਕਹਾਂ ਭਾਵੇਂ ਉਹ ਝੂਠ ਹੋਵੇ, ਭਾਵੇਂ ਉਹ ਸੱਚ ਹੋਵੇ, ਭਾਵੇਂ ਉਹ ਭਲਾ ਹੋਵੇ, ਭਾਵੇਂ ਉਹ ਬੁਰਾ ਹੋਵੇ, ਜਗਤ ਉਸ ਨੂੰ ਸੱਚ ਕਰਕੇ ਮੰਨੀ ਜਾਵੇ, ਕੋਈ ਮੇਰੀ ਗੱਲ ਤੇ ਕਿੰਤੂ ਨਾ ਕਰੇ।

ਸ਼ਕਤੀ ਦਾ ਮੰਤਵ ਕੀ ਹੈ?

*ਸਭ ਲੋਕਨ ਕੋ ਰੁਚ ਪ੍ਰੇਰ ਚਲਾਏ।*

ਪੰਡਤ ਗੁਲਾਬ ਸਿੰਘ ਜੀ ਲਿਖਦੇ ਹਨ, ਅੱਠ ਸਿੱਧੀਆਂ ਇਹ ਹਨ–

*ਸਤ ਜੋਜਨ ਤੇ ਸਭ ਬਾਤ ਸੁਨੇ, ਪੁਨ ਨੀਰਨ ਪੈ ਬਿਨ ਨਾਂਵ ਚਲਾਏ।*
*ਬਿਨ ਪੈਨ ਕੀਏ ਸਭ ਬੇਦ ਪੁਰਾਨ, ਸੁ ਭਾਰਤ ਲੌ ਇਤਿਹਾਸ ਸੁਣਾਏ।*
*ਬਿਨ ਛੰਦ ਪੜੇ ਸਭ ਛੰਦਨ ਕੇ ਭਵ ਮੰਡਲ ਮੇ ਕਵ ਕਾਵ ਬਣਾਏ।*
*ਸੁ ਜਰਾਉ ਜਰੇ ਸ਼ੁਭ ਥਾਨ ਪਿਖੇ ਸਭ ਲੋਕਨ ਕੋ ਰੁਚ ਪ੍ਰੇਰ ਚਲਾਏ।*
*ਤਨ ਕੰਟਕ ਮੇ ਸਮ ਤੂਲ ਰਹੇ ਖਿਨ ਮਹਿ ਰਵਮੰਡਲ ਮਾਹਿ ਸੁਜਾਏ।*

ਮੂਲ ਗੱਲ ਹੈ, ਸਭ ਲੋਕਨ ਕੋ ਰੁਚ ਪ੍ਰੇਰ ਚਲਾਏ।

ਮਨੁੱਖ ਨੇ ਇਹ ਨਾ ਸਮਝਿਆ ਕਿ ਮੈਂ ਮਾਲਕ ਬਣ ਵੀ ਜਾਵਾਂ, ਲੋਕ ਮੇਰੀ ਰੁਚੀ ਅਨੁਸਾਰ ਚੱਲ ਵੀ ਪੈਣ ਤਾਂ ਇਹ ਸਿਕਦਾਰੀ ਕਿੰਨਾ ਕੁ ਚਿਰ ਚਲੇਗੀ, ਇਹ ਧਿਆਨ ਕਦੀ ਨਹੀਂ ਆਇਆ। ਇਕ ਧਨਵਾਨ ਵੀ ਇਹੋ ਚਾਹੁੰਦਾ ਹੈ ਕਿ ਲੋਕ ਮੇਰੀ ਮੰਨਣ, ਮੇਰੇ ਮਗਰ ਤੁਰਨ। ਇਕ ਪਹਿਲਵਾਨ ਵੀ ਇਹੋ ਚਾਹੁੰਦਾ ਹੈ ਕਿ ਲੋਕ ਮੇਰੀ ਮੰਨਣ, ਮੇਰੇ ਮਗਰ ਤੁਰਨ। ਇਕ ਮਹਾਨ ਯੋਧਾ ਵੀ ਇਹੋ ਚਾਹੁੰਦਾ ਹੈ ਕਿ ਲੋਕ ਮੇਰੀ ਮੰਨਣ, ਮੇਰੀ ਤਲਵਾਰ ਤੋਂ ਡਰਦੇ ਮੇਰੇ ਮਗਰ ਤੁਰਨ। ਇਕ ਸਾਧੂ ਕਰਾਮਾਤਾਂ ਦੇ ਆਸਰੇ ਇਹੀ ਚਾਹੁੰਦਾ ਹੋਵੇ ਕਿ ਲੋਕ ਮੇਰੀ ਮੰਨਣ, ਮੇਰੇ ਮਗਰ ਤੁਰਨ, ਫੇਰ ਸਾਧੂ ਵਿਚ ਅਤੇ ਦੁਨੀਆਦਾਰ ਵਿਚ ਕੀ ਫ਼ਰਕ ਰਹਿ ਗਿਆ। ਸਾਰਿਆਂ ਦਾ ਨਿਸ਼ਾਨਾ ਇਕ ਹੈ ਕਿ ਜਗਤ ਨੂੰ ਵਸ ਵਿਚ ਕਿਵੇਂ ਕਰਨਾ ਹੈ, ਸ਼ਕਤੀ ਪਾ ਕੇ ਨਿਸ਼ਾਨਾ ਕੀ ਹੈ? ਜਗਤ ਜਿੱਤਾਂ! ਪਰ ਗੁਰਮਤਿ ਅਨੁਸਾਰ ਇਹ ਨਿਸ਼ਾਨਾ ਹੀ ਗ਼ਲਤ ਹੈ। ਜਗਤ ਵੀ ਮਿਥਿਆ ਹੈ, ਇਸ ਨੇ ਸਦਾ ਨਹੀਂ ਰਹਿਣਾ, ਜਿੱਤਣ ਵਾਲਾ ਵੀ ਅੰਤ ਦੋਵੇਂ ਹੱਥ ਝਾੜ ਕੇ ਚਲਾ ਜਾਵੇਗਾ। ਧਰਮ ਦਾ ਨਿਸ਼ਾਨਾ ਸਿਰਫ਼ ਜਗਤ ਦੀ ਖੇਡ ਹੀ ਰਹਿ ਜਾਏ ਤਾਂ ਕਿੰਨਾ ਮੰਦਭਾਗਾ ਹੈ ਉਹ ਧਰਮੀ, ਜਿਹੜਾ ਧਰਮ ਕੌਡੀਆਂ ਦੇ ਭਾਅ ਗਵਾ ਕੇ ਤੁਰ ਗਿਆ।

ਇਕੱਲੀ ਕਲਾ ਦਾ ਨਿਸ਼ਾਨਾ ਤਾਂ ਜਗਤ ਨੂੰ ਪ੍ਰਭਾਵਤ ਕਰਨਾ ਹੀ ਹੈ ਪਰ ਧਰਮ ਕਲਾ ਦਾ ਨਿਸ਼ਾਨਾ ਹੋਰ ਹੈ ਕਿ ਹੇ ਮਨੁੱਖ! ਤੂੰ ਤਾਂ ਅਣਹੋਣੀਆਂ ਗੱਲਾਂ ਕਰ ਕੇ ਰੱਬ

ਬਣਨਾ ਚਾਹੁੰਦਾ ਹੈਂ, ਤੂੰ ਧਰਮ ਕਲਾ ਦੇ ਆਸਰੇ ਸਿਰਫ਼ ਇਨਸਾਨ ਹੀ ਬਣ ਜਾਵੇਂ ਤਾਂ ਤੂੰ ਬਹੁਤ ਕੁਝ ਪ੍ਰਾਪਤ ਕਰ ਲਿਆ ਸਮਝ।

ਸ਼ਕਤੀ ਨਾਲ ਲੋਕਾਂ ਦੀ ਤਸੱਲੀ ਕਰਵਾ ਕੇ ਕੀ ਕਰੇਂਗਾ, ਇਸ ਨਾਲ ਰੱਬ ਦੀ ਤਸੱਲੀ ਤਾਂ ਨਹੀਂ ਹੋਵੇਗੀ। ਵੈਸੇ ਤਾਂ ਅੱਜ ਤਕ ਕੋਈ ਉਡਦਾ ਸਾਧੂ ਕਿਸੇ ਵੇਖਿਆ ਨਹੀਂ ਪਰ ਜੇ ਤੂੰ ਉਡ ਵੀ ਜਾਏਂ ਤਾਂ ਇਸ ਵਿਚ ਕੀ ਮਹਾਨਤਾ ਹੈ। ਉਸ ਮਾਲਕ ਦੀ ਦੁਨੀਆ ਵਿਚ ਅਨੇਕਾਂ ਪੰਖੀ ਅਕਾਸ਼ ਵਿਚ ਉਡ ਰਹੇ ਹਨ ਐਸੀਆਂ ਗੱਲਾਂ ਨਾਲ ਰੱਬ ਨਹੀਂ ਰੀਝਦਾ।

*ਲੋਕ ਪਤੀਣੇ ਕਛੂ ਨਾ ਹੋਵੈ ਨਾਹੀ ਰਾਮੁ ਇਆਨਾ।*

—ਆਸਾ ਕਬੀਰ ਜੀ, ਪੰਨਾ ੪੮੪

ਐਸੇ ਕਰਾਮਾਤੀਆਂ ਨੇ ਸੰਸਾਰ ਨੂੰ ਬਹੁਤ ਵਾਰ ਧੋਖਾ ਦਿੱਤਾ ਹੈ ਪਰ ਪਤਾ ਨਹੀਂ ਬੰਦਾ ਫਿਰ ਵਾਰ-ਵਾਰ ਕਿਉਂ ਭਰੋਸਾ ਕਰ ਲੈਂਦਾ ਹੈ।

ਗੁਰੂ ਨਾਨਕ ਦੇਵ ਜੀ ਲਿਖਦੇ ਹਨ–

*ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ।*
*ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ।*
*ਕੋਈ ਮੁਗਲੁ ਨਾ ਹੋਆ ਅੰਧਾ ਕਿਨੈ ਨ ਪਰਚਾ ਲਾਇਆ॥*

—ਆਸਾ ਮ: ੧, ਪੰਨਾ ੪੨੭

ਜਦੋਂ ਬਾਬਰ ਆਇਆ ਸੁਣਿਆ ਤਾਂ ਸੈਦਪੁਰ ਦੇ ਪਠਾਣਾਂ ਨੇ ਕਈ ਪੀਰ ਇਕੱਠੇ ਕੀਤੇ, ਰੋਕ ਕੇ ਰੱਖੇ ਮੁਗ਼ਲਾਂ ਨੇ ਪਠਾਣਾਂ ਦੇ ਟੁਕੜੇ ਟੁਕੜੇ ਕਰ ਕੇ ਰੋਲ ਦਿੱਤੇ। ਕਿਸੇ ਪੀਰ ਨੇ ਕੋਈ ਕਰਾਮਾਤ ਨਾ ਵਿਖਾਈ, ਕੋਈ ਵੀ ਮੁਗ਼ਲ ਅੰਨ੍ਹਾ ਨਾ ਹੋਇਆ। ਜਦੋਂ ਧਨ ਦੀ ਸ਼ਕਤੀ ਵਾਂਗੂੰ, ਬਲ ਦੀ ਸ਼ਕਤੀ ਵਾਂਗੂੰ ਧਰਮ ਦੀ ਸ਼ਕਤੀ ਨੂੰ ਵੀ ਸੰਸਾਰ ਵਿਚ ਆਪਣੀ ਚੌਧਰ ਜਮਾਉਣ ਲਈ ਹੀ ਵਰਤਿਆ ਗਿਆ ਤਾਂ ਧਰਮ ਵਰਗੀ ਪਵਿੱਤਰ ਤੇ ਰੱਬੀ ਦਾਤ ਇਕ ਮਜ਼ਾਕ ਦਾ ਕਾਰਨ ਬਣ ਕੇ ਰਹਿ ਗਈ। ਧਰਮ ਦੀ ਸ਼ਕਤੀ ਮਨੁੱਖ ਨੂੰ ਸਮਝਾਉਂਦੀ ਹੈ ਕਿ ਆਪ ਸਚਿਆਰ ਹੋ ਤੇ ਦੂਸਰਿਆਂ ਨੂੰ ਸਚਿਆਰ ਬਣਾ। ਆਪ ਭਲਾ ਹੋ ਤੇ ਸਰਬੱਤ ਦਾ ਭਲਾ ਮੰਗ।

ਇਕ ਬੜੀ ਸੁੰਦਰ ਕਥਾ ਹੈ ਕਿ ਪੁਰਾਣੇ ਸਮੇਂ ਵਿਚ ਇਕ ਆਸ਼ਰਮ ਵਿਚ ਕੁਝ ਬੱਚੇ ਪੜ੍ਹਦੇ ਸਨ। ਜਦੋਂ ਉਹ ਬੱਚੇ ਪ੍ਰੀਖਿਆ ਵਿਚੋਂ ਪਾਸ ਹੋ ਕੇ ਘਰਾਂ ਨੂੰ ਵਾਪਸ ਆ ਰਹੇ ਸਨ ਤਾਂ ਰਸਤੇ ਵਿਚ ਕਹਿਣ ਲੱਗੇ ਸਾਡੇ ਉਸਤਾਦ ਨੇ ਬਾਕੀ ਤਾਂ ਸਭ ਕੁਝ ਪੁੱਛਿਆ ਹੈ ਪਰ ਧਰਮ ਬਾਰੇ ਕੁਝ ਨਹੀਂ ਪੁੱਛਿਆ। ਗੱਲਾਂ ਕਰਦੇ ਤੁਰੇ ਜਾ ਰਹੇ ਸਨ। ਅਚਾਨਕ ਹੀ ਅੱਗੇ ਵੇਖਿਆ ਕਿ ਰਸਤੇ ਵਿਚ ਬਹੁਤ ਸਾਰੇ ਕੰਡੇ ਖਿਲਰੇ ਪਏ ਹਨ। ਬੱਚਿਆਂ ਨੇ ਰਸਤੇ ਤੋਂ ਪਾਸੇ ਹੋ ਕੇ ਕੰਡਿਆਂ ਵਾਲੀ ਥਾਂ ਤੋਂ ਆਪਣੇ ਆਪ ਨੂੰ ਬਚਾ ਕੇ ਅੱਗੇ ਦਾ ਰਸਤਾ ਲਿਆ। ਇਕ ਬੱਚਾ ਅਟਕ ਗਿਆ। ਦੂਸਰੇ ਸਾਥੀਆਂ ਨੇ ਕਿਹਾ ਜਿਵੇਂ ਅਸੀਂ ਬਚ ਕੇ ਆ ਗਏ ਹਾਂ ਤੂੰ ਵੀ ਬਚ ਕੇ ਆ ਜਾ। ਉਹ ਬੱਚਾ

ਭਾਵੇਂ ਰਾਤ ਹੋਵੇ ਨਿਰਭੈ ਹੋ ਕੇ ਆਪਣਾ ਸਫ਼ਰ ਅਰੰਭ ਕਰ ਸਕੇ। ਪ੍ਰਮਾਤਮਾ ਕਰੇ ਇਕ ਦਿਨ ਐਸਾ ਆਵੇ, ਜਦੋਂ ਬੰਦਾ ਇਹ ਨਾ ਪੁੱਛੇ ਕਿ ਇਸ ਰਸਤੇ ਵਿਚ ਕੋਈ ਡਰ ਤਾਂ ਨਹੀਂ, ਇਸ ਮੁਹੱਲੇ ਵਿਚ ਕੋਈ ਡਰ ਤਾਂ ਨਹੀਂ, ਇਸ ਦੇਸ਼ ਵਿਚ ਕੋਈ ਡਰ ਤਾਂ ਨਹੀਂ। ਜਦੋਂ ਮਨੁੱਖ ਨਿਰਭੈ ਹੋ ਕੇ ਸੰਸਾਰ ਵਿਚ ਵਿਚਰ ਸਕੇਗਾ, ਉਸ ਦਿਨ ਸਮਝਾਂਗੇ ਮਨੁੱਖ ਨੂੰ ਧਰਮ ਕਲਾ ਆ ਗਈ ਹੈ। ਉਸ ਦਿਨ ਮਨੁੱਖ ਦੇ ਅੰਦਰ ਸਿਰਫ਼ ਪ੍ਰੇਮ ਹੋਵੇਗਾ।

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਧਰਮ ਕਲਾ ਲੋਕਾਂ ਨੂੰ ਡਰਾਉਣ ਲਈ ਨਹੀਂ ਸਗੋਂ ਦੁਨੀਆ ਦਾ ਡਰ ਮੁਕਾਉਣ ਵਾਸਤੇ ਹੈ। ਧਰਮ ਇਕ ਸ਼ਕਤੀ ਹੈ, ਇਹ ਸ਼ਕਤੀ ਐਸੀ ਹੈ ਜੋ ਸਭ ਸ਼ਕਤੀਆਂ ਤੋਂ ਪ੍ਰਬਲ ਹੈ। ਇਸ ਦੇ ਬਰਾਬਰ ਦੀ ਹੋਰ ਕੋਈ ਸ਼ਕਤੀ ਨਹੀਂ, ਧਰਮ ਕਲਾ ਪ੍ਰਮਾਤਮਾ ਦੀ ਸ਼ਕਤੀ ਹੈ। ਇਸ ਦੇ ਮਗਰ ਪ੍ਰਮਾਤਮਾ ਦਾ ਜ਼ੋਰ ਹੈ, ਬਾਕੀ ਸ਼ਕਤੀਆਂ ਇਸ ਦੇ ਅੱਗੇ ਹਾਰ ਜਾਂਦੀਆਂ ਹਨ। ਇਹ ਸ਼ਕਤੀ ਹਮੇਸ਼ਾ ਜੇਤੂ ਹੈ ਪਰ ਇਸ ਦੀ ਜਿੱਤ ਬੜੀ ਨਿਰਾਲੀ ਹੈ। ਕਿਸੇ ਤੇ ਪ੍ਰਭਾਵ ਪਾ ਕੇ ਉਸ ਨੂੰ ਬੰਦੀ ਬਣਾਉਣ ਵਿਚ ਧਰਮ ਕਲਾ ਦੀ ਰੁਚੀ ਨਹੀਂ ਸਗੋਂ ਕਿਸੇ ਨੂੰ ਸਵਾਰਨ ਵਿਚ ਇਸ ਨੂੰ ਅਨੰਦ ਹੈ। ਕਿਸੇ ਨੂੰ ਮੁਕਤ ਕਰਨ ਵਿਚ ਇਸ ਨੂੰ ਰਸ ਹੈ। ਧਨ ਤੇ ਬਲ ਦੀ ਸ਼ਕਤੀ ਨਾਲ ਅੱਖਾਂ ਵਿਚ ਹੰਕਾਰ ਹੁੰਦਾ ਹੈ ਪਰ ਧਰਮ ਕਲਾ ਨਾਲ ਅੱਖਾਂ ਵਿਚ ਪ੍ਰੇਮ ਹੁੰਦਾ ਹੈ। ਬਾਕੀ ਸ਼ਕਤੀ ਨਾਲ ਜ਼ਬਾਨ ਤੇ ਹੰਕਾਰ ਦੇ ਬੋਲ ਹੁੰਦੇ ਹਨ ਪਰ ਧਰਮ ਕਲਾ ਨਾਲ ਜ਼ਬਾਨ ਤੇ ਮਿੱਠੇ ਤੇ ਸੱਚੇ ਬਚਨ ਹੁੰਦੇ ਹਨ। ਬਾਕੀ ਸ਼ਕਤੀ ਨਾਲ ਕੰਨ ਦੂਸਰੇ ਦੀ ਨਿੰਦਾ ਤੇ ਆਪਣੀ ਸਿਫ਼ਤ ਸੁਣਨ ਦੇ ਆਦੀ ਹੋ ਜਾਂਦੇ ਹਨ ਪਰ ਧਰਮ ਕਲਾ ਨਾਲ ਸੱਚ ਸੁਣਦੇ ਹਨ। ਸਿਰਫ਼ ਸ਼ਕਤੀ ਦੇ ਆਸਰੇ ਮਨੁੱਖ ਚਾਰ ਦਿਨ ਆਪਣੀ ਨੌਬਤ ਵਜਾ ਕੇ ਚਲਾ ਜਾਂਦਾ ਹੈ, ਪ੍ਰਮਾਤਮਾ ਦੀ ਨਜ਼ਰ ਦਾ ਪਾਤਰ ਨਹੀਂ ਬਣਦਾ ; ਪਰ ਧਰਮ ਕਲਾ ਨਾਲ ਤਾਂ ਇਹ ਸਦਾ ਲਈ ਅਮਰ ਹੋ ਜਾਂਦਾ ਹੈ।

ਗੁਰਸਿੱਖ ਨੂੰ ਐਸੀ ਕੋਈ ਸ਼ਕਤੀ ਨਹੀਂ ਚਾਹੀਦੀ ਜੋ ਸੰਸਾਰ ਵਿਚ ਵਾਹ-ਵਾਹ ਕਰਵਾ ਦੇਵੇ ਪਰ ਮਨੁੱਖ ਪ੍ਰਮਾਤਮਾ ਦੇ ਚਰਨਾਂ ਤੋਂ ਦੂਰ ਹੀ ਰਹੇ।

ਗੁਰਸਿੱਖ ਤਾਂ ਐਸੀ ਧਰਮ ਦੀ ਸ਼ਕਤੀ ਚਾਹੁੰਦਾ ਹੈ ਜਿਸ ਨਾਲ ਇਹ ਸਰਬੱਤ ਦਾ ਭਲਾ ਕਰਦਾ, ਸਰਬੱਤ ਦਾ ਭਲਾ ਮੰਗਦਾ ਇਕ ਦਿਨ ਪ੍ਰਮਾਤਮਾ ਵਿਚ ਲੀਨ ਹੋ ਜਾਂਦਾ ਹੈ।

ਇਸ ਨੂੰ ਜੋ ਸੰਸਾਰ ਦੀ ਸੇਵਾ ਕਰਦਿਆਂ ਪ੍ਰਮਾਤਮਾ ਤਕ ਪਹੁੰਚਾ ਦੇਵੇ, ਉਹ ਹੈ ਧਰਮ ਕਲਾ।

✿ ✿ ✿

## ੨

# ਗ੍ਰਹਿਸਥੀ ਜੀਵਨ ਤੇ ਧਰਮ ਕਲਾ

ਗੁਰੂ ਅਰਜਨ ਦੇਵ ਜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ ੩੯੬ ਰਾਗ ਆਸਾ ਵਿਚ ਫ਼ੁਰਮਾਨ ਹੈ–

*ਵਧੀ ਵੇਲਿ ਬਹੁ ਪੀੜੀ ਚਾਲੀ॥ ਧਰਮ ਕਲਾ ਹਰਿ ਬੰਧਿ ਬਹਾਲੀ॥*

ਜਿਸ ਦਾ ਭਾਵ ਹੈ ਕਿ ਸਾਡੇ ਪਰਿਵਾਰ ਦਾ ਵਾਧਾ ਹੋਇਆ ਹੈ, ਖਾਨਦਾਨ ਦਾ ਸਿਲਸਿਲਾ ਚੰਗਾ ਤੁਰ ਪਿਆ ਹੈ, ਹਰੀ ਨੇ ਇਸ ਤਰ੍ਹਾਂ ਧਰਮ ਦੇ ਪ੍ਰਬੰਧ ਨੂੰ ਪੱਕਾ ਕੀਤਾ ਹੈ।

ਪੁੱਤਰ ਦੇ ਜਨਮ ਨਾਲ ਧਰਮ ਦੀ ਸ਼ਕਤੀ ਦੇ ਟਿਕਣ ਦਾ ਕੋਈ ਗਹਿਰਾ ਸੰਬੰਧ ਹੈ, ਜਿਸ ਦੀ ਵਿਆਖਿਆ ਗੁਰੂ ਅਰਜਨ ਦੇਵ ਜੀ ਨੇ ਕੀਤੀ ਹੈ। ਜਦੋਂ ਸੰਸਾਰ ਦੇ ਬੰਦਿਆਂ ਨੂੰ ਪਰਿਵਾਰ ਦੀਆਂ ਲੋੜਾਂ ਵਾਸਤੇ ਦੌੜ ਭੱਜ ਕਰਨੀ ਪਈ ਤੇ ਵਧੀਆਂ ਖ਼ਾਹਿਸ਼ਾਂ ਦੀ ਪੂਰਤੀ ਲਈ ਹਰ ਤਰ੍ਹਾਂ ਦਾ ਫ਼ਰੇਬ ਕਰਨਾ ਪਿਆ ਜਿਵੇਂ ਕਿ–

*ਬਹੁ ਪ੍ਰਪੰਚ ਕਰਿ ਪਰ ਧਨੁ ਲਿਆਵੈ॥*
*ਸੁਤ ਦਾਰਾ ਪਹਿ ਆਨਿ ਲੁਟਾਵੈ॥*

–ਸੋਰਠਿ, ਪੰਨਾ ੬੫੬

ਅਰਥਾਤ–*ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ ਲੁੋੜੇਨਿ ਸੁ ਖਾਧਾਤਾ॥*

–ਗਉੜੀ ਚੇਤੀ ਮ: ੧, ਪੰਨਾ ੧੫੫

ਜਦੋਂ ਮਨੁੱਖ ਆਪਣੇ ਕੀਤੇ ਅਪਰਾਧਾਂ ਦੇ ਬੋਝ ਥੱਲੇ ਦੱਬਿਆ ਗਿਆ ਤਾਂ ਇਸ ਨੇ ਕਹਿ ਦਿਤਾ ਇਹ ਪਾਪ ਸਾਰੇ ਹੀ ਪਰਿਵਾਰ ਦੇ ਕਾਰਨ ਹੋਏ ਹਨ। ਇਹ ਮੰਨਣ ਲਈ ਮਨੁੱਖ ਤਿਆਰ ਨਹੀਂ ਹੋਇਆ ਕਿ ਇਹ ਪਾਪ ਮੇਰੇ ਵਾਸ਼ਨਾ ਭਰੇ ਮਨ ਨੇ ਕਰਾਏ ਹਨ, ਅਗਰ ਮੇਰਾ ਮਨ ਪਾਪੀ ਨਾ ਹੁੰਦਾ ਤਾਂ ਧਰਮ ਦੀ ਕਿਰਤ ਨਾਲ ਪਰਿਵਾਰ ਪਾਲਿਆ ਜਾ ਸਕਦਾ ਸੀ। ਪਰ ਮਨੁੱਖ ਨੇ ਆਪਣੀ ਮਾਨਸਿਕ ਕਮਜ਼ੋਰੀ ਵੇਖਣ ਦੀ ਬਜਾਏ ਪਰਿਵਾਰ ਦੀਆਂ ਲੋੜਾਂ ਨੂੰ ਵੇਖਿਆ ਤੇ ਕਹਿ ਦਿੱਤਾ ਕਿ ਮੈਨੂੰ ਪਰਿਵਾਰ ਨੇ ਪਾਪਾਂ ਦਾ ਭਾਗੀ ਬਣਾਇਆ ਹੈ। ਜੇਕਰ ਮੈਂ ਕੋਈ ਨੇਕੀ ਦਾ ਕੰਮ ਕਰਨਾ ਹੈ ਤਾਂ ਸਭ ਤੋਂ ਪਹਿਲਾ ਕੰਮ ਇਹ ਹੈ ਕਿ ਮੈਂ ਪਰਿਵਾਰ ਦਾ ਤਿਆਗ ਕਰਾਂ। ਪਹਿਲਾਂ ਤਾਂ ਜੀਵਨ ਵਿਚ ਗ੍ਰਹਿਣ ਕਰਨ ਦੀ ਦੌੜ ਭੱਜ ਲੱਗੀ ਰਹੀ, ਫਿਰ ਤਿਆਗ ਦਾ ਦੌਰ ਐਸਾ

ਚਲਿਆ ਕਿ ਸਾਡੇ ਦੇਸ਼ ਦੇ ਰੁੱਖਾਂ ਥੱਲੇ ਜੰਗਲਾਂ, ਪਹਾੜਾਂ, ਉਜਾੜਾਂ ਵਿਚ ਬੈਠੇ ਤਿਆਗੀ ਸਾਧੂ ਨਜ਼ਰ ਆਉਂਦੇ ਸਨ।

ਇਕ ਕਮਾਲ ਗੱਲ ਹੈ ਕਿ ਸੰਸਾਰੀ ਬੰਦੇ ਪੁੱਤਰਾਂ ਦਾ ਵਰ ਲੈਣ ਵੀ ਉਨ੍ਹਾਂ ਬੰਦਿਆਂ ਦੇ ਪਾਸ ਜਾਂਦੇ ਸਨ ਜਿਹੜੇ ਪੁੱਤਰ ਨੂੰ ਪਾਪ ਆਖ ਕੇ ਛੱਡ ਗਏ ਸਨ। ਦੁਨੀਆਦਾਰ ਧਨ ਦੀਆਂ ਬਰਕਤਾਂ ਲੈਣ ਉਨ੍ਹਾਂ ਪਾਸ ਜਾਂਦੇ ਸਨ ਜਿਹੜੇ ਧਨ ਨੂੰ ਮਿਥਿਆ ਆਖ ਕੇ ਜੰਗਲ ਨੂੰ ਚਲੇ ਗਏ ਸਨ। ਫਿਰ ਇਹ ਕਹਾਣੀਆਂ ਐਸੀਆਂ ਸੁਣਾਉਂਦੇ ਸਨ ਕਿ ਗ੍ਰਹਿਸਤੀ ਬੰਦਾ ਵਿਚਾਰਾ ਸਮਝਦਾ ਸੀ ਮੈਂ ਤਾਂ ਪਰਿਵਾਰ ਨਹੀਂ ਸਿਰਫ਼ ਪਾਪ ਦੀ ਪੰਡ ਹੀ ਸਿਰ ਤੇ ਚੁੱਕੀ ਫਿਰਦਾ ਹਾਂ ; ਹਾਲਾਂਕਿ ਸਾਧੂਆਂ ਦੀਆਂ ਲੋੜਾਂ ਦੀ ਪੰਡ ਵੀ ਇਸ ਗ੍ਰਹਿਸਥੀ ਦੇ ਸਿਰ ਤੇ ਹੀ ਸੀ।

ਇਕ ਕਹਾਣੀ ਪ੍ਰਚਲਤ ਹੈ ਕਿ ਇਕ ਸਾਧੂ ਦਾ ਚੇਲਾ ਘਰ ਗਿਆ ਤੇ ਆ ਕੇ ਕਹਿਣ ਲੱਗਾ, ਮਹਾਰਾਜ ਮੇਰੀ ਕੁੜਮਾਈ ਹੋ ਗਈ ਹੈ। ਸੰਤ ਕਹਿਣ ਲੱਗੇ, ਤੂੰ ਸਾਡੇ ਕੰਮੋਂ ਗਿਆ। ਉਹ ਕੁਝ ਦਿਨਾਂ ਬਾਅਦ ਆਇਆ ਤੇ ਆ ਕੇ ਕਹਿਣ ਲੱਗਾ, ਮਹਾਰਾਜ ਮੇਰੀ ਸ਼ਾਦੀ ਹੋ ਗਈ ਹੈ। ਸੰਤਾਂ ਕਿਹਾ, ਤੂੰ ਮਾਂ-ਬਾਪ ਦੇ ਕੰਮੋਂ ਵੀ ਗਿਆ। ਅਗਲੇ ਸਾਲ ਉਸ ਨੇ ਕਿਹਾ, ਮੇਰੇ ਘਰ ਪੁੱਤਰ ਜੰਮਿਆ ਹੈ। ਸੰਤਾਂ ਕਿਹਾ, ਹੁਣ ਤੂੰ ਆਪਣੇ ਕੰਮੋਂ ਵੀ ਗਿਆ। ਇਸ ਦਾ ਭਾਵ ਹੈ, ਪੁੱਤਰ ਆਉਣ ਨਾਲ ਮਨੁੱਖ ਕਿਸੇ ਕੰਮ ਦਾ ਨਹੀਂ ਰਹਿ ਗਿਆ, ਬਿਲਕੁਲ ਨਿਕੰਮਾ ਹੋ ਜਾਂਦਾ ਹੈ।

ਸੂਫ਼ੀ ਸੰਤਾਂ ਵਿਚ ਵੀ ਐਸੀਆਂ ਕਹਾਣੀਆਂ ਪ੍ਰਚਲਤ ਹਨ। ਇਕ ਫ਼ਕੀਰ ਨੂੰ ਇਕ ਗ੍ਰਹਿਸਥੀ ਮਨੁੱਖ ਕਹਿੰਦਾ ਹੈ, ਤੂੰ ਮੇਰੇ ਲਈ ਦੁਆ ਕਰ, ਰੱਬ ਮੈਨੂੰ ਪੁੱਤਰ ਦੇਵੇ। ਉਹ ਦੁਆ ਕਰਦਾ ਹੈ, ਪੁੱਤਰ ਪੈਦਾ ਹੋ ਜਾਂਦਾ ਹੈ ਪਰ ਪੁੱਤਰ ਬੜਾ ਬਦ ਹੈ, ਬੁਰਾ ਹੈ, ਉਹ ਚੋਰੀ ਕਰਦਾ ਹੈ, ਕਿਸੇ ਨੂੰ ਮਾਰਦਾ ਹੈ, ਉਸ ਦੇ ਨਾਲ ਉਸ ਦੇ ਬਾਪ ਨੂੰ ਵੀ ਹਵਾਲਾਤ ਵਿਚ ਬੰਦ ਕੀਤਾ ਜਾਂਦਾ ਹੈ। ਫ਼ਕੀਰ ਮਿਲਣ ਜਾਂਦਾ ਹੈ ਤੇ ਪੁੱਛਦਾ ਹੈ, ਮਿੱਤਰਾ ਤੂੰ ਕਦੀ ਕੋਈ ਪਾਪ ਨਹੀਂ ਕੀਤਾ, ਤੂੰ ਇਥੇ ਕਿਵੇਂ ਪੁੱਜਾ। ਉਸ ਨੇ ਉੱਤਰ ਦਿੱਤਾ ਕਿ ਮੈਂ ਸਭ ਤੋਂ ਵੱਡਾ ਪਾਪ ਕੀਤਾ ਹੈ ਜਿਹੜਾ ਪੁੱਤਰ ਮੰਗਿਆ ਹੈ, ਤੂੰ ਸਭ ਤੋਂ ਵੱਡਾ ਪਾਪ ਕੀਤਾ ਹੈ ਜਿਹੜੀ ਦੁਆ ਕੀਤੀ ਹੈ। ਮੇਰੀ ਮੰਗ ਤੇ ਤੇਰੀ ਦੁਆ ਕਾਰਨ ਅੱਜ ਮੈਂ ਬੰਦੀ ਵਿਚ ਹਾਂ, ਪੁੱਤਰ ਹੀ ਪਾਪ ਹੈ।

ਜੋਗ ਮੱਤ ਤਾਂ ਪੁੱਤਰ ਦੀ ਬਹੁਤ ਹੀ ਵਿਰੋਧਤਾ ਕਰਦਾ ਸੀ। ਪ੍ਰਸਿੱਧ ਗਾਥਾ ਹੈ ਕਿ ਜੋਗ ਮੱਤ ਦੇ ਸੰਚਾਲਕ ਮੁਛੰਦਰ ਨਾਥ ਨੇ ਸੰਗਲਾਦੀਪ ਜਾ ਕੇ ਰਾਣੀ ਪਦਮਨੀ ਨਾਲ ਸ਼ਾਦੀ ਕਰ ਲਈ ਅਤੇ ਇਸ ਵਾਸ਼ਨਾ ਦੀ ਪੂਰਤੀ ਵਾਸਤੇ ਯੋਗ ਸਿੱਧੀਆਂ ਦਾ ਸਹਾਰਾ ਲਿਆ। ਸੰਗਲਾਦੀਪ ਦਾ ਰਾਜਾ ਮਰ ਗਿਆ ਸੀ, ਇਸ ਨੇ ਉਸ ਦੇ ਸਰੀਰ ਵਿਚ ਪ੍ਰਵੇਸ਼ ਕੀਤਾ ਅਤੇ ਦੋ ਬੇਟੇ ਵੀ ਜਨਮੇ। ਇਸ ਰਾਜ਼ ਨੂੰ ਇਸ ਦਾ ਚੇਲਾ ਗੋਰਖ ਜਾਣਦਾ ਸੀ ਪਰ ਰਾਜ਼ ਰਾਜ਼ ਨਾ ਰਹਿ ਸਕਿਆ, ਨਿਕਲ ਗਿਆ। ਜੋਗੀ ਜਲੰਧਰ ਨਾਥ ਦੇ ਚੇਲਿਆਂ ਨਾਲ ਗੋਰਖ ਨਾਥ ਦਾ ਵਿਵਾਦ ਹੋ ਗਿਆ। ਉਸ ਦਾ ਕਾਰਨ ਇਹ ਸੀ ਕਿ ਗੋਪੀ ਚੰਦ ਨੂੰ ਜਲੰਧਰ ਨਾਥ ਨੇ ਸਾਧੂ ਬਣਾ ਦਿੱਤਾ। ਜਦੋਂ ਆਪਣੇ ਹੀ ਘਰ

ਰਾਣੀਆਂ ਕੋਲ ਭਿਖਿਆ ਮੰਗਣ ਗਿਆ ਤਾਂ ਉਨ੍ਹਾਂ ਨੇ ਜਦੋਂ ਆਪਣੀ ਬਰਬਾਦੀ ਦਾ ਕਿੱਸਾ ਦੁਹਰਾਇਆ ਤਾਂ ਇਸ ਨੇ ਕਿਹਾ ਕਿ ਮੈਂ ਗੁਰੂ ਨੂੰ ਕਿਵੇਂ ਰਸਤੇ ਵਿਚੋਂ ਹਟਾਵਾਂ। ਇਕ ਰਾਣੀ ਨੇ ਕਹਿ ਦਿੱਤਾ ਕਿ ਗੁਰੂ ਨੂੰ ਖੂਹ ਵਿਚ ਸੁੱਟ ਕੇ ਲਿਦ ਨਾਲ ਭਰ ਦੇ। ਉਸ ਨੇ ਐਸਾ ਹੀ ਕੀਤਾ। ਜਲੰਧਰ ਨਾਥ ਦੇ ਚੇਲੇ ਬੜੇ ਦੁਖੀ ਹੋਏ, ਪਰ ਕੀ ਕਰਦੇ। ਆਖ਼ਰ ਏਨੇ ਚਿਰ ਨੂੰ ਗੋਰਖ ਆ ਗਏ। ਉਨ੍ਹਾਂ ਬੜੀ ਤਨਜ਼ ਨਾਲ ਕਿਹਾ, ਤੁਸੀਂ ਯੋਗ ਮੱਤ ਲਈ ਕਲੰਕ ਹੋ, ਤੁਹਾਡਾ ਗੁਰੂ ਵੀ ਕਲੰਕ ਹੈ। ਪਰ ਅਗੋਂ ਉਨ੍ਹਾਂ ਕਿਹਾ ਅਸੀਂ ਤਾਂ ਲਿਦ ਕੱਢ ਕੇ ਆਪਣਾ ਗੁਰੂ ਬਾਹਰ ਲੈ ਆਵਾਂਗੇ ਪਰ ਤੇਰਾ ਗੁਰੂ ਤਾਂ ਪਤਿਤ ਹੋ ਚੁੱਕਾ ਹੈ, ਉਸ ਨੇ ਸੰਗਲਾਦੀਪ ਵਿਚ ਸ਼ਾਦੀ ਕਰ ਲਈ ਹੈ, ਤੂੰ ਕੀ ਕਰੇਂਗਾ। ਯੋਗ ਮੱਤ ਨੂੰ ਕਲੰਕ ਤੇਰਾ ਗੁਰੂ ਹੈ ਸਾਡਾ ਨਹੀਂ। ਕਹਿੰਦੇ ਹਨ ਇਸ ਨੇ ਸਰਾਪ ਦਿੱਤਾ ਕਿ ਜਦੋਂ ਤਕ ਮੈਂ ਆਪਣਾ ਗੁਰੂ ਨਹੀਂ ਲਿਆਉਂਦਾ ਤੁਹਾਡਾ ਗੁਰੂ ਵੀ ਬਾਹਰ ਨਹੀਂ ਆ ਸਕੇਗਾ। ਇਹ ਸੰਗਲਾਦੀਪ ਪਹੁੰਚ ਗਿਆ, ਇਸ ਨੇ ਇਸ਼ਨਾਨ ਕਰਾਉਣ ਦੇ ਬਹਾਨੇ ਆਪਣੇ ਗੁਰੂ ਦੇ ਦੋਵੇਂ ਬੱਚੇ ਲਏ ਅਤੇ ਬਾਹਰ ਲਿਜਾ ਕੇ ਮਾਸੂਮ ਬੱਚਿਆਂ ਨੂੰ ਮਾਰ ਦਿੱਤਾ। ਜੀਵਨ ਕਿੰਨੀ ਵੱਡੀ ਪਹੇਲੀ ਹੈ, ਮੁਛੰਦਰ ਨਾਥ ਵਰਗੇ ਜੋਗੀ ਨੂੰ ਵੀ ਪੁੱਤਰਾਂ ਦੀ ਲੋੜ ਮਹਿਸੂਸ ਹੁੰਦੀ ਹੈ ਅਤੇ ਗੋਰਖ ਨਾਥ ਵਰਗਾ ਦੋ ਮਾਸੂਮ ਬੱਚਿਆਂ ਦਾ ਕਾਤਲ ਹੈ।

ਗੁਰਮਤਿ ਵਿਚ ਪੁੱਤਰ ਦੀ ਮਹਾਨਤਾ ਹੈ, ਪੁੱਤਰ ਨਾਲ ਸਿਰਫ਼ ਘਰ ਦੀ, ਕੁਲ ਦੀ ਹੀ ਪੀੜ੍ਹੀ ਨਹੀਂ ਚਲਦੀ ਸਗੋਂ ਧਰਮ ਦੀ ਪੀੜ੍ਹੀ ਵੀ ਚਲਦੀ ਹੈ। ਧਰਮ ਕਲਾ ਟਿਕਦੀ ਹੈ।

ਸਤਿਗੁਰੂ ਕਹਿੰਦੇ ਹਨ, ਪਤੀ ਪਤਨੀ ਦੀ ਅਣਬਣ ਹੋ ਜਾਵੇ ਤਾਂ ਪੁੱਤਰ ਟੁੱਟੀ ਗੰਢ ਦਿੰਦਾ ਹੈ–

*ਗੋਰੀ ਸੇਤੀ ਤੁਟੈ ਭਤਾਰ–ਪੁਤੀਂ ਗੰਢੁ ਪਵੈ ਸੰਸਾਰਿ॥*

–ਵਾਰ ਮਾਝ, ਪੰਨਾ ੧੪੩

ਪੁਰਾਤਨ ਗ੍ਰੰਥਾਂ ਵਿਚ ਪੁੱਤਰ ਨੂੰ ਪੁੰ ਨਰਕ ਤੋਂ ਤਾਰਨ ਵਾਲਾ ਕਿਹਾ ਹੈ। ਇਸ ਦੇ ਦੋ ਭਾਵ ਹਨ। ਇਕ ਤਾਂ ਪੁੰ ਨਰਕ ਮਰਨ ਤੋਂ ਬਾਅਦ ਆਵੇਗਾ, ਪੁੱਤਰ ਮਰਨ ਤੋਂ ਬਾਅਦ ਕ੍ਰਿਆ ਕਰਮ ਕਰਾਵੇਗਾ ਤਾਂ ਗਤੀ ਹੋਵੇਗੀ। ਦੂਸਰੇ ਬੁਢਾਪਾ ਵੀ ਪੁੰ ਨਰਕ ਹੈ।

*ਬਿਰਧਿ ਭਇਆ ਊਪਰਿ ਸਾਕ ਸੈਨ॥*
*ਮੁਖਿ ਅਪਿਆਉ ਬੈਠ ਕਉ ਦੈਨ॥*

–ਗਉੜੀ ਸੁਖਮਨੀ, ਪੰਨਾ ੨੬੬

ਉਸ ਪ੍ਰਮਾਤਮਾ ਦੀ ਕ੍ਰਿਪਾ ਨਾਲ ਸਾਕ ਸੈਨ ਮਿਲਦੇ ਹਨ, ਜਦੋਂ ਬੰਦਾ ਉਠਣ ਜੋਗਾ ਨਹੀਂ ਰਹਿੰਦਾ ਤਾਂ ਪੁੱਤਰ ਮੰਜੀ ਤੇ ਪਏ ਪਿਉ ਦੇ ਮੂੰਹ ਵਿਚ ਭੋਜਨ ਪਾ ਰਿਹਾ ਹੈ, ਇਹ ਪੁੰ ਨਰਕ ਤੋਂ ਨਿਸਤਾਰਾ ਹੀ ਹੈ।

ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ–

*ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹ॥*

—ਕਾਨੜਾ ਮ: ੫, ਪੰਨਾ ੧੩

ਹਰਿਗੋਬਿੰਦ ਸਾਹਿਬ ਦੇ ਜਨਮ ਤੇ ਸਤਿਗੁਰੂ ਕਿੰਨੇ ਪ੍ਰਸੰਨ ਹੋਏ ਸਨ। ਉਨ੍ਹਾਂ ਕਿ
ਪੁੱਤਰ ਦੇ ਆਉਣ ਨਾਲ ਭਗਤੀ ਵਿਚ ਵਾਧਾ ਹੋਇਆ ਹੈ, ਪੁੱਤਰ ਗੋਬਿੰਦ ਪ੍ਰਮਾਤ
ਦਾ ਭਗਤ ਹੈ। ਜਿਸ ਪੁੱਤਰ ਦੇ ਆਉਣ ਨਾਲ ਭਗਤੀ ਵਿਚ ਵਾਧਾ ਹੋਵੇ, ਸੂਰਮਤਾ
ਵਿਚ ਵਾਧਾ ਹੋਵੇ, ਉਹ ਪੁੱਤਰ ਤਾਂ ਸੰਸਾਰ ਲਈ ਉਪਕਾਰ ਹੈ, ਪੁੰਨ ਹੈ, ਧਰਮ
ਸਤਿਗੁਰਾਂ ਨੇ ਆਪ ਪ੍ਰੇਮੀ ਸੇਵਕਾਂ ਨੂੰ ਪੁੱਤਰਾਂ ਦੇ ਵਰ ਦਿੱਤੇ। ਜੈਸਾ ਕਿ ਬਾਬੇ ਆਦ
ਨੂੰ ਪੁੱਤਰ ਦਾ ਵਰ ਮਿਲਿਆ ਤੇ ਭਾਈ ਭਗਤੂ ਜੀ ਦਾ ਜਨਮ ਹੋਇਆ। ਮਾਤਾ ਸੁਲੱਖ
ਨੂੰ ਸੱਤਾਂ ਪੁੱਤਰਾਂ ਦਾ ਵਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦਿੱਤਾ। ਕਿੰਨਾ ਭਾ
ਵਾਲਾ ਸਮਾਂ ਹੋਵੇਗਾ ਜਦੋਂ ਉਹ ਮਾਤਾ ਕਹਿ ਰਹੀ ਹੋਵੇਗੀ ''ਸਾਹਿਬ ਜੀ! ਜੇ ਪਿ
ਲਿਖਣ ਤੋਂ ਰਹਿ ਗਿਆ ਹੈ ਤਾਂ ਆਹ ਲਵੋ ਕਲਮ ਦਵਾਤ ਹੁਣ ਲਿਖ ਦਿਓ।
ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਕਿਉਂ ਨਾ ਯਾਦ ਆਇਆ ਹੋਵੇਗਾ ਕਿ ਕਦੀ ਮੇ
ਮਾਤਾ ਨੇ ਵੀ ਮੇਰੇ ਵਾਸਤੇ ਇੰਜ ਤਰਲੇ ਲਏ ਸਨ। ਸਾਹਿਬ ਗੁਰੂ ਤੇਗ਼ ਬਹਾਦ
ਸਾਹਿਬ ਜੀ ਤੇ ਮਾਤਾ ਗੁਜਰੀ ਜੀ ਪ੍ਰਯਾਗ ਰਾਜ ਟਿਕੇ ਸਨ। ਪ੍ਰਮਾਤਮਾ ਨਾਲ ਜੁ
ਕੇ ਮੰਗਿਆ ਕੀ, ਗੁਰੂ ਗੋਬਿੰਦ ਸਿੰਘ ਵਰਗਾ ਪੁੱਤਰ।

ਉਹ ਆਪ ਲਿਖਦੇ ਹਨ–

*ਤਾਤ ਮਾਤ ਮੁਰ ਅਲਖ ਅਰਾਧਾ॥*
*ਬਹੁ ਬਿਧਿ ਜੋਗ ਸਾਧਨਾ ਸਾਧਾ॥*
*ਤਿਨ ਜੋ ਕਰੀ ਅਲਖ ਕੀ ਸੇਵਾ॥*
*ਤਾਂ ਤੇ ਭਏ ਪ੍ਰਸੰਨ ਗੁਰਦੇਵਾ॥*
*ਤਿਨ ਪ੍ਰਭ ਜਬ ਆਇਸ ਮੋਹਿ ਦੀਆ॥*
*ਤਬ ਹਮ ਜਨਮ ਕਲੂ ਮਹਿ ਲੀਆ॥*

—ਦਸਮ ਗ੍ਰੰ

ਸੋਚਣ ਵਾਲੀ ਗੱਲ ਇਹ ਹੈ ਕਿ ਹਰ ਪੁੱਤਰ ਨੇ ਹੀ ਅੱਗੋਂ ਸੰਤ ਬਣਨਾ ਹੈ
ਸੂਰਮਾ ਬਣਨਾ ਹੈ। ਇਹ ਗੱਲ ਵੱਖਰੀ ਹੈ ਕਿ ਪੁੱਤਰ ਚੋਰ ਬਣ ਜਾਏ, ਬਦਕਾ
ਬਣ ਜਾਏ। ਪਰ ਜੇ ਕੋਈ ਇਸ ਗੱਲੋਂ ਡਰੇ ਕਿ ਪੁੱਤਰ ਹੋਵੇ ਹੀ ਨਾ, ਫਿਰ ਸੰ
ਵੀ ਕਿੱਥੋਂ ਮਿਲੇਗਾ। ਅਸੀਂ ਇਹ ਮੰਨ ਲਈਏ ਕਿ ਜਿੰਨੇ ਸ੍ਰਿਸ਼ਟੀ ਦੇ ਬੰਦੇ ਹਨ ਸ
ਇਸਤਰੀ ਪੁਰਖ ਤਿਆਗੀ ਹੋ ਜਾਣ ਤਾਂ ਸ੍ਰਿਸ਼ਟੀ ਨਹੀਂ ਚੱਲ ਸਕੇਗੀ। ਵੈਸੇ ਐਸ
ਨਾ ਹੀ ਪਹਿਲਾਂ ਹੋਇਆ ਹੈ ਅਤੇ ਨਾ ਹੀ ਅੱਗੋਂ ਹੋਣ ਦੀ ਆਸ ਹੈ। ਜਿਹੜੇ ਪੁੱਤ
ਦੇ ਤਿਆਗ ਦਾ ਦਮਗਜਾ ਮਾਰ ਕੇ ਸੰਸਾਰ ਤੋਂ ਪਾਸੇ ਹੋਏ ਸਨ ਉਹ ਹੋਰ ਉਲਝ
ਵਿਚ ਫਸ ਗਏ, ਪੁੱਤਰਾਂ ਦੀ ਮਮਤਾ ਪੂਰੀ ਕਰਨ ਲਈ ਚੇਲੇ ਬਣਾਉਣੇ ਪਏ, ਉਲ

ਗਏ, ਰੱਬ ਨੂੰ ਮਿੱਤਰ ਨਾ ਬਣਾ ਸਕੇ।

ਕਬੀਰ ਸਾਹਿਬ ਜੀ ਫ਼ਰਮਾਉਂਦੇ ਹਨ–

*ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ॥*
*ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ॥*

–ਸਲੋਕ ਕਬੀਰ ਜੀ, ਪੰਨਾ ੧੩੬੯

ਚਿਤ ਚੇਲਿਆਂ ਵਿਚ ਹੀ ਅਟਕ ਗਿਆ। ਹਮਜ਼ਾ ਗੌਂਸ ਫ਼ਕੀਰ ਇਥੇ ਆ ਕੇ ਹੀ ਥਿੜਕ ਗਿਆ ਸੀ। ਕਿਸੇ ਮੰਨਤ ਮੰਨੀ ਸੀ ਕਿ ਪੁੱਤਰ ਭੇਟ ਕਰ ਦਿਆਂਗਾ, ਉਸ ਨੇ ਨਹੀਂ ਕੀਤਾ। ਇਸ ਨੇ ਗੁੱਸੇ ਵਿਚ ਆਪਣੇ ਮਠ ਵਿਚ ਬੰਦ ਹੋ ਕੇ ਚਾਲੀਸਾ ਸ਼ੁਰੂ ਕਰ ਦਿੱਤਾ ਤੇ ਚਾਲੀਸੇ ਦਾ ਮਕਸਦ ਇਹ ਸੀ ਕਿ ਜਦੋਂ ਮੈਂ ਬਾਹਰ ਆਵਾਂਗਾ, ਸਿਆਲਕੋਟ ਸ਼ਹਿਰ ਗਰਕ ਹੋ ਜਾਵੇਗਾ। ਗੁਰੂ ਨਾਨਕ ਦੇਵ ਜੀ ਨੇ ਸਮਝਾਇਆ ਸੀ ਕਿ ਹੇ ਫ਼ਕੀਰ! ਤਿਆਗ ਤੇਰਾ ਸੁਭਾਅ ਨਹੀਂ, ਤੂੰ ਤਿਆਗ ਦਾ ਪਾਖੰਡ ਕੀਤਾ ਹੈ, ਸੱਚ ਤਾਂ ਇਹ ਹੈ ਕਿ ਤੇਰਾ ਮਨ ਪੁੱਤਰ ਚਾਹੁੰਦਾ ਹੈ ਤਾਂ ਹੀ ਤੂੰ ਦੂਸਰਿਆਂ ਦੇ ਪੁੱਤਰ ਖੋਹਣਾ ਚਾਹੁੰਦਾ ਹੈਂ।

ਇਸ ਪਰੰਪਰਾ ਨੂੰ ਗੁਰੂ ਨਾਨਕ ਦੇਵ ਜੀ ਨੇ ਬੜੀ ਦਲੇਰੀ ਨਾਲ ਤੋੜਿਆ ਸੀ। ਜਦੋਂ ਗੁਰੂ ਨਾਨਕ ਦੇਵ ਜੀ ਅਚੱਲ ਵਟਾਲੇ ਆਏ ਤਾਂ ਇਕ ਪਤੀ-ਪਤਨੀ ਆਏ ਜਿਨ੍ਹਾਂ ਦੇ ਨਾਲ ਉਨ੍ਹਾਂ ਦਾ ਅੱਠ ਕੁ ਸਾਲ ਦਾ ਬੱਚਾ ਸੀ। ਉਨ੍ਹਾਂ ਕਿਹਾ, ਸਾਹਿਬ ਜੀ ਸਾਡੇ ਬੱਚੇ ਜੰਮਦੇ ਹੀ ਮਰ ਜਾਂਦੇ ਹਨ, ਅਸੀਂ ਮੰਨਤ ਮੰਨੀ ਸੀ ਕਿ ਇਹ ਬੱਚਾ ਅੱਠ ਕੁ ਸਾਲ ਤਕ ਜ਼ਿੰਦਾ ਰਹੇ ਤਾਂ ਅਸੀਂ ਇਹ ਆਪ ਜੀ ਦੀ ਭੇਟ ਕਰ ਦਿਆਂਗੇ, ਸਾਨੂੰ ਵਿਸ਼ਵਾਸ ਹੈ ਕਿ ਅਸੀਂ ਭੇਟਾ ਨਾ ਕੀਤਾ ਤਾਂ ਇਹ ਵੀ ਨਹੀਂ ਬਚਣਾ। ਸਾਹਿਬਾਂ ਨੇ ਭਾਈ ਅਜਿੱਤੇ ਨੂੰ ਕਿਹਾ, ਲੱਕੜੀਆਂ ਇਕੱਠੀਆਂ ਕਰੋ, ਚਿਖਾ ਬਣਾ ਦਿਓ। ਉਸ ਬੱਚੇ ਨੂੰ ਵਿਚ ਬਿਠਾ ਕੇ ਅੱਗ ਲਗਾ ਦਿੱਤੀ, ਵੇਖਣ ਵਾਲਿਆਂ ਨੂੰ ਜਾਪਿਆ ਕਿ ਬੱਚਾ ਜਲ ਗਿਆ। ਯੋਗੀ ਖ਼ੁਸ਼ ਸਨ ਕਿ ਹੁਣ ਸਤਿਗੁਰੂ ਨਾਨਕ ਦੇਵ ਜੀ ਨਾਲੋਂ ਸੰਗਤਾਂ ਟੁੱਟ ਜਾਣਗੀਆਂ। ਅਸੀਂ ਤਾਂ ਬੱਚੇ ਲੈ ਕੇ ਚੇਲੇ ਬਣਾਉਂਦੇ ਸਾਂ, ਪੁੱਤਰਾਂ ਵਾਂਗੂ ਰੱਖਦੇ ਸਾਂ ਪਰ ਇਨ੍ਹਾਂ ਤਾਂ ਬੱਚਾ ਸਾੜ ਹੀ ਦਿੱਤਾ ਹੈ। ਅਚਾਨਕ ਹੀ ਸਤਿਗੁਰਾਂ ਕਿਹਾ, ਅੱਗ ਵਿਚ ਖੋਟ ਹੀ ਸੜਦਾ ਹੈ ਸੋਨਾ ਨਹੀਂ, ਉਹ ਅੱਗੇ ਨਾਲੋਂ ਵੀ ਜ਼ਿਆਦਾ ਚਮਕਦਾ ਹੈ। ਇਸ ਅੱਗ ਵਿਚ ਇਹਦੇ ਮਾਤਾ-ਪਿਤਾ ਦਾ ਸ਼ੱਕ ਸੜ ਗਿਆ ਹੈ, ਉਨ੍ਹਾਂ ਦਾ ਭੈ ਸੜ ਗਿਆ ਹੈ। ਇਸ ਅੱਗ ਵਿਚ ਇਸ ਬੱਚੇ ਦੇ ਸਾਰੇ ਅਵਗੁਣ ਸੜ ਗਏ ਹਨ, ਇਸ ਵਿਚ ਹੁਣ ਸ਼ਰਧਾ ਦੀ ਚਮਕ ਆਵੇਗੀ।

ਭਾ: ਸੰਤੋਖ ਸਿੰਘ ਜੀ ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਲਿਖਦੇ ਹਨ–

*ਜਨਮ ਮਰਨ ਬੰਧਨ ਹਤੇ ਟੂਟ ਗਏ ਜਮਜਾਲ॥*
*ਆਵਹੁ ਨਿਕਸੋ ਬਾਹਰ ਕਉ ਅਬ ਤੇ ਭਏ ਨਿਹਾਲ॥*

ਸਤਿਗੁਰਾਂ ਨੇ ਬੱਚਾ ਮਾਤਾ-ਪਿਤਾ ਨਾਲ ਤੋਰ ਦਿੱਤਾ ਤੇ ਕਿਹਾ, ਹੁਣ ਤਾਂ ਤੁਹਾਨੂੰ

ਸ਼ੱਕ ਨਹੀਂ ਰਹਿਣਾ ਚਾਹੀਦਾ, ਹੁਣ ਤਾਂ ਇਸ ਨੂੰ ਅੱਗ ਨੇ ਵੀ ਨਹੀਂ ਸਾੜ
ਸਤਿਗੁਰਾਂ ਕਿਹਾ, ਮੈਨੂੰ ਉਹ ਚੇਲੇ ਨਹੀਂ ਚਾਹੀਦੇ ਜਿਹੜੇ ਘਰ ਬਾਰ ਛੱਡ ਕੇ
ਕੋਲ ਰਹਿਣ, ਮੈਨੂੰ ਤਾਂ ਉਹ ਸਿੱਖ ਚਾਹੀਦੇ ਹਨ ਜਿਨ੍ਹਾਂ ਦੇ ਹਿਰਦੇ ਘਰ ਵਿਚ
ਰਹਾਂ।

ਸਿੱਖ ਕਿੰਨਾ ਵਡਭਾਗਾ ਹੈ, ਇਸ ਨੇ ਧਰਮ ਦੀ ਅਸਲ ਮਰਯਾਦਾ ਨੂੰ ਸਮ
ਹੈ, ਜਿਸ ਦਾ ਪ੍ਰਮਾਤਮਾ ਸਭ ਦੇ ਵਿਚ ਹੈ ਤੇ ਸਭ ਤੋਂ ਨਿਰਾਲਾ ਵੀ। ਇਸ ਦਾ
ਸਭ ਦੇ ਵਿਚ ਤੇ ਸਭ ਤੋਂ ਨਿਰਾਲਾ ਹੈ। ਗੁਰੂ ਗ੍ਰਹਿਸਥੀ ਸਨ, ਉਨ੍ਹਾਂ ਦੇ ਬੱਚੇ
ਬੱਚੀਆਂ ਸਨ। ਚੌਹਾਂ ਸਾਹਿਬਜ਼ਾਦਿਆਂ ਦਾ ਨਾਂ ਜਦੋਂ ਅਸੀਂ ਅਰਦਾਸ ਵਿਚ
ਹਾਂ ਤਾਂ ਪੁੱਤਰਾਂ ਦੀ ਮਹਾਨਤਾ ਕਿੰਨੀ ਬਣ ਜਾਂਦੀ ਹੈ।

ਪੁੱਤਰ ਬਿਨਾਂ ਤਾਂ ਪ੍ਰਮਾਤਮਾ ਵੀ ਨਹੀਂ ਰਹਿ ਸਕਿਆ। ਈਸਾ ਦਾ ਕਥਨ ਸੀ
ਮੈਂ ਪ੍ਰਮਾਤਮਾ ਦਾ ਬੇਟਾ ਹਾਂ। ਕਬੀਰ ਸਾਹਿਬ ਕਹਿੰਦੇ ਹਨ–

*ਹਉ ਪੂਤੁ ਤੇਰਾ ਤੂੰ ਬਾਪੁ ਮੇਰਾ ॥ ਏਕੈ ਠਾਹਰ ਦੁਹਾ ਬਸੇਰਾ ॥*

–ਆਸਾ ਕਬੀਰ ਜੀ, ਪੰਨਾ

ਭਗਤ ਰੱਬ ਦੇ ਪੁੱਤਰ ਹਨ, ਫਿਰ ਭਗਤਾਂ ਨੂੰ ਪੁੱਤਰ ਕਿਉਂ ਨਹੀਂ ਚਾਹ

ਪ੍ਰਮਾਤਮਾ ਕ੍ਰਿਪਾ ਕਰੇ, ਹਰ ਘਰ ਵਿਚ ਪੁੱਤਰ ਐਸਾ ਆਵੇ ਕਿ ਖਾਨਦਾਨ
ਪੀੜ੍ਹੀ ਦੇ ਨਾਲ ਸਿੱਖੀ ਦੀ ਪੀੜ੍ਹੀ ਵਧਾਉਣ ਵਾਲਾ ਹੋਵੇ।

ਰਹੀਮ ਨੇ ਆਪਣੇ ਇਕ ਮਿੱਤਰ ਨੂੰ ਕਿਹਾ ਸੀ ਕਿ ਤੇਰਾ ਪੁੱਤਰ ੧੭ ਸਾਲ
ਹੋਵੇਗਾ ਤਾਂ ਮੈਂ ਮੁਬਾਰਕ ਦੇਣ ਆਵਾਂਗਾ, ਐਸਾ ਨਾ ਹੋਵੇ ਕਿ ਅੱਜ ਮੁਬਾਰਕ
ਕਲ੍ਹ ਉਲਾਂਭਾ ਦੇਣਾ ਪਵੇ। ਦੀਵੇ ਦੀ ਤੇ ਕਪੂਤ ਦੀ ਇਕੋ ਜਿਹੀ ਹਾਲਤ ਹੈ।
ਬਲਦਾ ਹੈ, ਪ੍ਰਕਾਸ਼ ਕਰਦਾ ਹੈ, ਵੱਡਾ ਹੋ ਜਾਂਦਾ ਹੈ ਭਾਵ ਬੁਝ ਜਾਂਦਾ ਹੈ ਤਾਂ
ਹੋ ਜਾਂਦਾ ਹੈ। ਇਸੇ ਤਰ੍ਹਾਂ ਬਾਰੋ ਦਾ ਅਰਥ ਹੈ ਬਾਲਕ, ਜਦੋਂ ਬੱਚਾ ਹੁੰਦਾ ਹੈ ਵਧਾ
ਮਿਲਦੀਆਂ ਹਨ, ਕਪੂਤ ਵੱਡਾ ਹੁੰਦਾ ਹੈ ਤਾਂ ਉਲ੍ਹਾਮੇ ਮਿਲਦੇ ਹਨ।

*ਕਹੁ ਰਹੀਮ ਗਤਿ ਦੀਪ ਕੀ ਕੁਲ ਕਪੂਤ ਕੀ ਸੋਇ ॥*
*ਬਾਰੋ ਉਜੀਆਰੋ, ਕਰੋ ਬਡੋ ਅੰਧੇਰਾ ਹੋਇ ॥* –

ਮੈਨੂੰ ਵਿਸ਼ਵਾਸ ਹੈ ਕਿ ਜਿਸ ਮਾਤਾ-ਪਿਤਾ ਵਿਚ ਧਰਮ ਕਲਾ ਹੋਵੇਗੀ ਉਨ੍ਹ
ਸੰਤਾਨ ਧਰਮ ਕਲਾ ਵਧਾਉਣ ਵਾਲੀ ਤੇ ਟਿਕਾਉਣ ਵਾਲੀ ਹੋਵੇਗੀ, ਪਰ ਜਿਸ ਮ
ਪਿਤਾ ਕੋਲ ਕਲਾ ਤੇ ਹੈ ਧਰਮ ਨਹੀਂ, ਸ਼ਕਤੀ ਤੇ ਹੈ ਭਗਤੀ ਨਹੀਂ, ਐਸੇ ਮ
ਪਿਤਾ ਔਲਾਦ ਤੋਂ ਦੁਖੀ ਹੋਣਗੇ, ਪਰ ਪ੍ਰਮਾਤਮਾ ਦੀ ਮਰਯਾਦਾ ਇਹ ਨਹੀਂ
ਸੰਸਾਰ ਪੁੱਤਰਾਂ ਤੋਂ ਹੀਣ ਰਹੇ।

ਉਸ ਨੇ ਵੀ ਪੁੱਤਰ ਵੀ ਦਿੱਤੇ ਹਨ ਤੇ ਨਾਲ ਗੁਰੂ ਵੀ ਭੇਜਿਆ ਹੈ ਜੋ
ਕਲਾ ਸਿਖਾਉਂਦਾ ਹੈ। ਫਿਰ ਪੁੱਤਰ ਆਉਂਦਿਆਂ ਜਿਥੇ ਪਰਿਵਾਰ ਦਾ ਇਕ ਮੈ
ਵਧ ਜਾਂਦਾ ਹੈ ਉਥੇ ਸਤਿਗੁਰੂ ਦੀ ਸੰਗਤ ਵਿਚ ਵੀ ਇਕ ਸਿੰਘ ਦਾ ਵਾਧਾ ਹੋ

ਹੈ, ਉਥੇ ਸੰਸਾਰ ਲਈ ਇਕ ਹੋਰ ਸੇਵਕ ਆ ਜਾਂਦਾ ਹੈ, ਉਥੇ ਦੁਖੀਆਂ ਲਈ ਇਕ ਹੋਰ ਪਰਉਪਕਾਰੀ ਆ ਜਾਂਦਾ ਹੈ। ਐਸਾ ਪੁੱਤਰ ਤਾਂ ਪਰਿਵਾਰ ਤੇ ਕਰਤਾਰ ਦੇ ਵਿਚਕਾਰ ਇਕ ਪੁਲ ਦਾ ਕੰਮ ਦਿੰਦਾ ਹੈ।

ਤਿਆਗੀਆਂ ਨੂੰ ਤਾਂ ਪੁੱਤਰ ਵੇਖ ਕੇ ਰੱਬ ਭੁਲਦਾ ਜਾਪਦਾ ਸੀ ਪਰ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, ਧਰਮ ਕਲਾ ਦੇ ਆਸਰੇ ਤਾਂ ਪੁੱਤਰ ਇਕੱਲਾ ਨਹੀਂ ਆਇਆ ਸਗੋਂ ਰੱਬ ਦੀ ਯਾਦ ਨਾਲ ਲੈ ਕੇ ਆਇਆ ਹੈ। ਤਿਆਗੀਆਂ ਨੇ ਕਿਹਾ ਸੀ, ਇਸਤਰੀ ਨਰਕਾਂ ਦਾ ਦੁਆਰ ਹੈ। ਤਿਆਗੀ ਸਾਧੂ ਗ੍ਰਹਿਸਥੀ ਨੂੰ ਸਾਧੂ ਮੰਨਣ ਵਾਸਤੇ ਹੀ ਤਿਆਰ ਨਹੀਂ। ਇਸਤਰੀ ਜੰਜਾਲ ਹੈ, ਇਸਤਰੀ ਮਾਇਆ ਹੈ, ਇਸ ਮਾਇਆ ਤੋਂ ਬਚ ਕੇ ਰਹਿਣਾ ਹੈ। ਇਹ ਆ ਗਈ ਤਾਂ ਪਰਿਵਾਰ ਦਾ ਜੰਜਾਲ ਆ ਜਾਏਗਾ। ਇਸਤਰੀ ਤੋਂ ਦੂਰ ਰਹੋ। ਭਗਤੀ ਦੀ ਸ਼ਰਤ ਹੀ ਇਹ ਹੈ ਕਿ ਭਗਤ ਕੋਲ ਇਸਤਰੀ ਨਾ ਹੋਵੇ, ਇਸਤਰੀ ਤੇ ਭਗਤੀ ਦੋਵੇਂ ਇਕੱਠੇ ਨਹੀਂ ਰਹਿ ਸਕਦੇ। ਪਰ ਭਗਤ ਧੰਨਾ ਜੀ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਹ ਕਹਿੰਦੇ ਹਨ ਕਿ ਹੇ ਪ੍ਰਮਾਤਮਾ! ਮੈਂ ਤਾਂ ਪਤਨੀ ਤੋਂ ਬਿਨਾਂ ਅਧੂਰਾ ਹਾਂ, ਉਹ ਮੰਗਦੇ ਹਨ ਕਿ ਮੈਨੂੰ ਚੰਗੀ ਪਤਨੀ ਦੇ। ਇਸ ਸ਼ਬਦ ਨੂੰ ਪਤਾ ਨਹੀਂ ਕਿਸੇ ਭੁਲੇਖੇ ਨਾਲ ਆਰਤੀ ਦੇ ਸ਼ਬਦਾਂ ਵਿਚ ਦਰਜ ਕਰ ਦਿੱਤਾ ਹੈ। ਆਰਤੀ ਦੇ ਸ਼ਬਦਾਂ ਵਿਚ ਥਾਲ, ਦੀਵੇ, ਧੂਪ, ਦੀਪ ਦਾ ਜ਼ਿਕਰ ਜ਼ਰੂਰੀ ਹੈ ਜੋ ਇਸ ਵਿਚ ਨਹੀਂ, ਆਰਤ ਸ਼ਬਦ ਦਾ ਅਰਥ ਹੈ ਲੋੜਵੰਦ ਜਿਵੇਂ ਕਿ–

*ਆਰਤ ਦੁਆਰਿ ਰਟਤ ਪਿੰਗੁਰੀਆ।*

–ਗਉੜੀ, ਪੰਨਾ ੨੦੩

ਭਗਤ ਜੀ ਪਤਨੀ ਦੀ ਭਗਤੀ ਵਿਚ ਪੂਰੀ ਲੋੜ ਮਹਿਸੂਸ ਕਰਦੇ ਹਨ। ਜਦੋਂ ਜੀਵਨ ਧਰਮ ਦੀ ਮਰਯਾਦਾ ਵਿਚ ਹੁੰਦਾ ਹੈ ਤਾਂ ਪਤਨੀ ਪਾਪ ਨਹੀਂ ਰਹਿ ਜਾਂਦੀ। ਗ੍ਰਹਿਸਥੀ ਜੀਵਨ ਭਗਤੀ ਵਾਸਤੇ ਸਹਾਰਾ ਬਣ ਜਾਂਦੀ ਹੈ।

*ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥*

–ਧਨਾਸਰੀ ਧੰਨਾ, ਪੰਨਾ ੬੯੫

ਸਿਰਫ਼ ਕਲਾ ਹੀ ਹੋਵੇ ਤਾਂ ਪਰਿਵਾਰ ਕਲੇਸ਼ ਹੈ, ਜੰਜਾਲ ਹੈ। ਧਰਮ ਕਲਾ ਹੋਵੇ ਤਾਂ ਪਰਿਵਾਰ ਸਤਸੰਗਿ ਹੈ, ਜਿਸ ਵਿਚ ਰਹਿ ਕੇ ਸੁਖੈਨ ਹੀ ਜੀਵਨ ਮੁਕਤਿ ਪਦਵੀ ਪ੍ਰਾਪਤ ਹੋ ਸਕਦੀ ਹੈ।

❀ ❀ ❀

## ੩

# ਰਾਜਨੀਤੀ ਤੇ ਧਰਮ ਕਲਾ

ਸੰਸਾਰ ਅਮਨ ਦਾ ਸੁਪਨਾ ਲੈਂਦਾ ਰਿਹਾ ਹੈ, ਅੱਜ ਵੀ ਲੈ ਰਿਹਾ ਹੈ ਪਰ ਅਮਨ ਕਦੀ ਹੋਇਆ ਨਹੀਂ। ਅਮਨ ਦੇ ਨਾਂ ਤੇ ਲੜਾਈਆਂ ਹੋਈਆਂ ਹਨ ਪਰ ਅਮਨ ਚੈਨ ਕਦੀ ਹੋਇਆ ਨਹੀਂ। ਸਿਆਣਿਆਂ ਦਾ ਮੱਤ ਹੈ ਕਿ ਜਿਸ ਸਮੇਂ ਨੂੰ ਅਸੀਂ ਅਮਨ ਚੈਨ ਦਾ ਸਮਾਂ ਕਹਿੰਦੇ ਹਾਂ, ਉਦੋਂ ਵੀ ਲੜਾਈ ਦੀ ਤਿਆਰੀ ਹੁੰਦੀ ਹੈ। ਫ਼ਰਕ ਇੰਨਾ ਹੈ ਕਿ ਕਦੀ ਜੰਗ ਬਾਹਰ ਹੋ ਰਹੀ ਹੈ, ਕਦੀ ਜੰਗ ਅੰਦਰ ਹੋ ਰਹੀ ਹੈ। ਪਰ ਜੇ ਕਦੀ ਐਸਾ ਸਮਾਂ ਆ ਜਾਵੇ ਕਿ ਪੂਰਾ ਅਮਨ ਹੋ ਜਾਵੇ ਤਾਂ ਅਸੀਂ ਕਦੀ ਸੋਚਿਆ ਹੈ ਕਿ ਸਭ ਤੋਂ ਜ਼ਿਆਦਾ ਤਕਲੀਫ਼ ਕਿਸ ਨੂੰ ਹੋਵੇਗੀ। ਸਭ ਤੋਂ ਜ਼ਿਆਦਾ ਆਗੂ ਲੋਕ, ਨੇਤਾ ਲੋਕ ਦੁਖੀ ਹੋਣਗੇ। ਰਾਜਸੀ ਆਗੂ ਦਿਨ ਰਾਤ ਗੱਲਾਂ ਅਮਨ ਦੀਆਂ ਕਰਦੇ ਹਨ ਪਰ ਨੇਤਾ ਕਦੀ ਨਹੀਂ ਚਾਹੁੰਦਾ ਕਿ ਅਮਨ ਕਾਇਮ ਹੋ ਜਾਵੇ। ਕਿਸੇ ਵੈਦ ਦੇ ਮੂੰਹ ਅਤੇ ਹਿਰਦੇ ਤੋਂ ਇਹ ਪ੍ਰਾਰਥਨਾ ਕਿਵੇਂ ਨਿਕਲ ਸਕਦੀ ਹੈ ਕਿ ਹੇ ਪ੍ਰਮਾਤਮਾ! ਸਾਰਾ ਸੰਸਾਰ ਹੀ ਅਰੋਗ ਹੋ ਜਾਵੇ। ਸੰਸਾਰ ਹੀ ਅਰੋਗ ਹੋ ਜਾਵੇ ਤਾਂ ਵੈਦ ਨੂੰ ਆਪਣਾ ਧੰਦਾ ਛੱਡਣਾ ਪਵੇਗਾ।

ਮੈਂ ਸੁਣ ਕੇ ਹੈਰਾਨ ਹੋ ਜਾਂਦਾ ਹਾਂ ਕਿ ਕਿਸੇ ਬੱਚੇ ਨੂੰ ਮੈਡੀਕਲ ਕਾਲਜ ਵਿਚ ਜਾਣ ਵਾਸਤੇ ਲੱਖਾਂ ਰੁਪਏ ਰਿਸ਼ਵਤ ਦੇਣੀ ਪਈ ਹੈ। ਆਖ਼ਰ ਇਨ੍ਹਾਂ ਰਿਸ਼ਵਤ ਦੇਣ ਤੇ ਲੈਣ ਵਾਲਿਆਂ ਦਾ ਸਾਰਾ ਧੰਦਾ ਕਿਵੇਂ ਚਲਦਾ ਹੈ? ਉਸ ਬੱਚੇ ਦੀ ਇੰਨੀ ਪੜ੍ਹਾਈ ਇਸ ਲਈ ਨਹੀਂ ਕਿ ਸਾਰਾ ਜਗਤ ਅਰੋਗ ਹੋ ਜਾਵੇ, ਮਨ ਵਿਚ ਭਾਵਨਾ ਇਹੀ ਹੈ ਕਿ ਬਿਮਾਰੀ ਵਧੇ, ਨਾ ਵਧੇ ਤਾਂ ਧੰਦਾ ਖ਼ਤਮ। ਲੀਡਰ ਤਾਂ ਅਮਨ ਦੀਆਂ ਗੱਲਾਂ ਕਰਦੇ ਹਨ ਪਰ ਅਮਨ ਹੋ ਜਾਏ ਤਾਂ ਨੇਤਾਗਿਰੀ ਦੋ ਕੌਡੀਆਂ ਦੀ ਨਹੀਂ ਰਹਿ ਜਾਂਦੀ। ਦੋ ਬੰਦੇ ਲੜਦੇ ਹੋਣ ਤਾਂ ਨੇਤਾ ਛੁਡਵਾਉਣ ਦੇ ਬਹਾਨੇ ਆਏਗਾ। ਪਰ ਦੋ ਬੰਦੇ ਪ੍ਰੇਮ ਨਾਲ ਬੈਠੇ ਹਨ ਤਾਂ ਉਥੇ ਨੇਤਾ ਦੀ ਕੀ ਲੋੜ ਹੈ, ਉਹ ਤਾਂ ਨੇਤਾ ਦਾ ਪ੍ਰਛਾਵਾਂ ਵੀ ਨਹੀਂ ਚਾਹੁੰਦੇ। ਆਗੂ ਦੀ ਖ਼ਾਹਿਸ਼ ਹੈ ਕਿ ਅਮਨ ਨਾ ਹੋਵੇ, ਅਮਨ ਤਾਂ ਉਸ ਦੀ ਮੌਤ ਹੈ। ਆਗੂ ਬੰਦੇ ਤਾਂ ਇਹੀ ਸੋਚਦੇ ਹਨ ਕਿ ਉਹ ਕਿਹੜੇ-ਕਿਹੜੇ ਕਾਰਨ ਹਨ ਜਿਨ੍ਹਾਂ ਨੂੰ ਪੈਦਾ ਕਰਕੇ ਲੋਕਾਂ ਨੂੰ ਲੜਾਇਆ ਜਾ ਸਕੇ।

ਇਕ ਅਦੀਬ ਬੜਾ ਸੁੰਦਰ ਲਿਖਦੇ ਹਨ–

*ਸਾਹਮਣੇ ਮਸਜਦ ਕੇ ਗਾਨੇ ਪਰ ਭੀ ਝਗੜਾ ਚਾਹੀਏ।*
*ਕਭੀ ਕੌਮੀ ਤਰਾਨੇ ਪਰ ਭੀ ਝਗੜਾ ਚਾਹੀਏ।*
*ਕਭੀ ਕੌਂਸਲ ਜਾਨੇ ਪਰ ਭੀ ਝਗੜਾ ਚਾਹੀਏ।*
*ਕਭੀ ਜ਼ਿਬ੍ਹਾ ਖਾਨੇ ਪਰ ਭੀ ਝਗੜਾ ਚਾਹੀਏ।*
*ਲੀਡਰ ਬਣ ਕੇ ਸੋ ਰਹੇ ਤੋ ਲੀਡਰੀ ਕਿਸ ਕਾਮ ਕੀ।*
*ਅਮਨ ਕਾਇਮ ਹੋ ਗਿਆ ਤੋ ਲੀਡਰੀ ਬਸ ਨਾਮ ਕੀ।*

ਆਗੂ ਜ਼ਰੂਰ ਚਾਹੀਦਾ ਹੈ ਪਰ ਨਾ ਹੀ ਬੇਇਮਾਨ ਹੋਵੇ ਅਤੇ ਨਾ ਹੀ ਅੰਧਾ ਹੋਵੇ। ਪਰ ਮੰਦਭਾਗ ਹਨ ਸੰਸਾਰ ਦੇ, ਆਗੂ ਉਹ ਮਿਲੇ ਜੋ ਜਾਂ ਤਾਂ ਸੁਆਰਥੀ ਸਨ ਜਾਂ ਅੰਧੇ ਸਨ। ਸਤਿਗੁਰਾਂ ਨੇ ਬਾਣੀ ਵਿਚ ਫ਼ਰਮਾਇਆ ਹੈ—

*ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥*

—ਸੂਹੀ ਮ: ੧, ਪੰਨਾ ੭੬੭

ਸੰਸਾਰ ਤੇ ਐਸੇ ਆਗੂ ਆਮ ਮਿਲਦੇ ਹਨ ਜੋ ਯਤੀਮਾਂ ਦੇ ਨਾਂ ਤੇ, ਵਿਧਵਾਵਾਂ ਦੇ ਨਾਂ ਤੇ, ਸ਼ਰਨਾਰਥੀਆਂ ਦੇ ਨਾਂ ਤੇ, ਸ਼ਹੀਦਾਂ ਦੇ ਨਾਂ ਤੇ ਪੈਸੇ ਇਕੱਠੇ ਕਰਕੇ ਖਾ ਜਾਣਗੇ। ਐਸੇ ਆਗੂ ਸਵਾਰਥੀ ਹਨ, ਇਨ੍ਹਾਂ ਕੋਲੋਂ ਕਿਸੇ ਦਾ ਭਲਾ ਹੋਣ ਦੀ ਆਸ ਨਹੀਂ। ਇਹ ਐਸੇ ਕਾਰਨ ਪੈਦਾ ਕਰਨਗੇ ਜਿਨ੍ਹਾਂ ਕਰਕੇ ਇਨ੍ਹਾਂ ਨੂੰ ਲੋਕਾਂ ਪਾਸੋਂ ਪੈਸਾ ਮਿਲੇ। ਐਸੇ ਬੰਦੇ ਕਿਵੇਂ ਚਾਹੁਣਗੇ ਕਿ ਅਮਨ ਕਾਇਮ ਹੋ ਜਾਵੇ। ਹਾਂ, ਇਨ੍ਹਾਂ ਦੀਆਂ ਗੱਲਾਂ ਸੁਣੋ ਤਾਂ ਇੰਜ ਹੀ ਜਾਪਦਾ ਹੈ ਜਿਵੇਂ ਸੰਸਾਰ ਇਨ੍ਹਾਂ ਨੇ ਹੀ ਥੰਮ੍ਹਿਆ ਹੈ, ਸੰਸਾਰ ਦੇ ਰਿਜ਼ਕ ਦਾਤੇ ਇਹੀ ਹਨ। ਪਰ ਸੱਚ ਇਹ ਹੈ ਕਿ ਐਸੇ ਬੰਦੇ ਮਨੁੱਖਤਾ ਲਈ ਬਹੁਤ ਵੱਡਾ ਕਲੰਕ ਹਨ, ਬਿਮਾਰੀ ਹਨ, ਬਹੁਤ ਵੱਡਾ ਖਤਰਾ ਹਨ, ਇਹ ਮਨੁੱਖਤਾ ਦੇ ਦੁਸ਼ਮਣ ਹਨ। ਦੂਜੇ ਆਗੂ ਉਹ ਹਨ ਜਿਨ੍ਹਾਂ ਨੂੰ ਇਹ ਲਾਲਚ ਤੇ ਨਹੀਂ ਕਿ ਸਾਨੂੰ ਦੂਸਰਿਆਂ ਦਾ ਧਨ ਮਿਲੇ ਪਰ ਇਕ ਲਾਲਸਾ ਹੈ ਕਿ ਸਾਰੇ ਲੋਕ ਸਾਡੇ ਕੋਲੋਂ ਪੁਛ ਕੇ ਚਲਣ। ਐਸੇ ਬੰਦੇ ਇਹ ਮੰਨਣ ਲਈ ਤਿਆਰ ਨਹੀਂ ਕਿ ਸਾਡੇ ਤੋਂ ਸਿਆਣਾ ਕੋਈ ਹੋਰ ਵੀ ਹੈ।

ਇਸ ਪ੍ਰਥਾਏ ਇਕ ਬੜੀ ਸੁੰਦਰ ਗਾਥਾ ਹੈ। ਇਕ ਨਗਰ ਵਿਚ ਇਕ ਬਜ਼ੁਰਗ ਰਹਿੰਦਾ ਸੀ, ਨਗਰ ਦੇ ਲੋਕ ਇਸ ਦੇ ਪਾਸ ਆਏ। ਲੋਕਾਂ ਪੁੱਛਿਆ, ਬਾਬਾ ਜੀ ਅਸੀਂ ਇਕ ਬੂਟੀ ਲੈ ਕੇ ਆਏ ਹਾਂ, ਸਾਡੇ ਪਾਸੋਂ ਪਛਾਣੀ ਨਹੀਂ ਗਈ, ਤੁਸੀਂ ਪਛਾਣ ਦਿਓ। ਬਾਬਾ ਜੀ ਬੜੇ ਹੱਸੇ, ਕਹਿਣ ਲੱਗੇ, ''ਮੂਰਖੋ! ਕਲ੍ਹ ਮੈਂ ਮਰ ਗਿਆ ਤਾਂ ਤੁਹਾਡਾ ਕੀ ਬਣੇਗਾ, ਤੁਹਾਨੂੰ ਇੰਨੀ ਵੀ ਅਕਲ ਨਹੀਂ।'' ਲੋਕਾਂ ਪੁੱਛਿਆ, ''ਬਾਬਾ ਜੀ ਤੁਸੀਂ ਦੱਸੋ।'' ਬਾਬਾ ਜੀ ਦੀਆਂ ਅੱਖਾਂ ਵਿਚੋਂ ਅੱਥਰੂ ਆ ਗਏ। ਕਹਿਣ ਲੱਗੇ, ਪਛਾਣੀ ਮੇਰੇ ਕੋਲੋਂ ਵੀ ਨਹੀਂ ਗਈ, ਫਿਰ ਵੀ ਮੈਂ ਤੁਹਾਡੇ ਵਰਗਾ ਮੂਰਖ ਨਹੀਂ, ਮੈਨੂੰ ਆਪਣੇ ਵਰਗਾ ਨਾ ਸਮਝਣਾ। ਇਹ ਬੂਟੀ ਬ੍ਰਹਮ ਲੋਕ ਤੋਂ ਆਈ ਹੈ, ਬੂਟੀ ਤਾਂ ਦੇਵਤਿਆਂ ਭੇਜ ਦਿੱਤੀ ਹੈ ਪਰ ਅਜੇ ਤਕ ਨਾਂ ਨਹੀਂ ਆਇਆ, ਜਦੋਂ ਨਾਂ ਆਇਆ ਮੈਂ ਤੁਹਾਨੂੰ ਦੱਸ ਦਿਆਂਗਾ, ਨਾਂ ਸਭ ਤੋਂ ਪਹਿਲੇ ਮੇਰੇ ਕੋਲ ਹੀ ਆਵੇਗਾ। ਦੱਸੋ ਮੈਂ ਕਲ੍ਹ ਨਾ

ਹੋਇਆ ਤਾਂ ਤੁਸੀਂ ਕੀ ਕਰੋਗੇ, ਤੁਹਾਡੇ ਵਿਚੋਂ ਕੋਈ ਅਕਲਮੰਦ ਨਹੀਂ। ਨਗਰ ਵਾਲੇ ਹੱਥ ਜੋੜ ਕੇ ਨਿਮਰਤਾ ਨਾਲ ਖੜ੍ਹੇ ਸਨ। ਸਾਰੇ ਕਹਿ ਰਹੇ ਸਨ ਕਿ ਬਾਬਾ ਜੀ ਨੂੰ ਤ੍ਰਿਲੋਕੀ ਦਾ ਗਿਆਨ ਹੈ। ਐਸਾ ਹੈ ਰਾਜਨੀਤਕ ਬੰਦਾ।

ਐਸੇ ਬੰਦੇ ਧਰਮ ਦੀ ਦੁਨੀਆ ਵਿਚ ਵੀ ਆ ਪਹੁੰਚਦੇ ਹਨ, ਗੱਲਾਂ ਆਲ ਪਤਾਲ ਦੀਆਂ ਕਰਦੇ ਹਨ। ਪਰ ਆਪਣੇ ਅੱਗੇ ਹੀ ਅੰਧੇਰਾ ਹੁੰਦਾ ਹੈ, ਨਜ਼ਰ ਕੁਝ ਆਪ ਨੂੰ ਵੀ ਨਹੀਂ ਆਉਂਦਾ। ਐਸੇ ਬੰਦਿਆਂ ਦੇ ਮਗਰ ਜਿਹੜੀਆਂ ਕੌਮਾਂ ਲਗਦੀਆਂ ਹਨ ਉਹ ਵੀ ਖੂਹ ਵਿਚ ਜਾ ਪੈਂਦੀਆਂ ਹਨ।

ਭਾਈ ਗੁਰਦਾਸ ਜੀ ਨੇ ਇਕ ਐਸੇ ਆਗੂ ਦੀ ਕਥਾ ਲਿਖੀ ਹੈ। ਇਕ ਮਨੁੱਖ ਨੂੰ ਵੈਦਗੀ ਦਾ ਸ਼ੌਕ ਸੀ, ਜਿਥੋਂ ਕੋਈ ਨੁਸਖਾ ਮਿਲੇ ਫਟ ਨੋਟ ਕਰ ਲੈਣਾ। ਐਸੇ ਬੰਦਿਆਂ ਤੋਂ ਖ਼ਬਰਦਾਰ ਰਹਿਣਾ ਚਾਹੀਦਾ ਹੈ। ਇਕ ਊਠਾਂ ਵਾਲੇ ਦੇ ਊਠ ਨੇ ਖਰਬੂਜ਼ਾ ਖਾ ਲਿਆ, ਉਹ ਉਸ ਦੇ ਗਲ ਵਿਚ ਫਸ ਗਿਆ। ਇਸ ਨੇ ਊਠ ਲਿਟਾ ਕੇ ਇਕ ਪੱਥਰ ਥੱਲੇ ਰੱਖਿਆ, ਇਕ ਉਪਰੋਂ ਮਾਰਿਆ ਤੇ ਊਠ ਦੇ ਗਲ ਵਿਚੋਂ ਕਚਰਾ ਫਿਸ ਗਿਆ, ਊਠ ਰਾਜ਼ੀ ਹੋ ਗਿਆ। ਵੇਖਣ ਵਾਲੇ ਨੇ ਨੁਸਖਾ ਨੋਟ ਕੀਤਾ। ਇਕ ਘਰ ਵਿਚ ਮਾਈ ਬਿਮਾਰ ਸੀ, ਗਲੇ ਵਿਚ ਬਿਮਾਰੀ ਸੀ ਇਸ ਨੇ ਵੀ ਮਾਈ ਨੂੰ ਊਠ ਦੀ ਤਰ੍ਹਾਂ ਪੱਥਰ ਮਾਰਿਆ। ਮਾਤਾ ਜੀ ਚਲ ਵਸੇ। ਮਾਈ ਦੇ ਪੁੱਤਰਾਂ ਨੂੰ ਸ਼ੱਕ ਪਿਆ, ਉਨ੍ਹਾਂ ਪਕੜ ਕੇ ਪੁੱਛਿਆ ਤਾਂ ਉਸ ਨੇ ਕਿਹਾ, ਮੈਂ ਕੀ ਕਰਾਂ? ਤੁਹਾਡੀ ਮਾਤਾ ਦੀ ਲਿਖੀ ਹੀ ਮੇਰੇ ਹੱਥੋਂ ਸੀ, ਨਹੀਂ ਤਾਂ ਇਸ ਇਲਾਜ ਨਾਲ ਊਠ ਰਾਜ਼ੀ ਹੋ ਗਿਆ ਸੀ ਤੁਹਾਡੀ ਮਾਤਾ ਰਾਜ਼ੀ ਨਾ ਹੁੰਦੀ।

*ਵੈਦ ਚੰਗੇਰੀ ਊਠ ਨੀਲੈ ਸਿਲਵਟਾ ਕਚਰਾ ਭੰਨਾ।*
*ਸੇਵਕ ਸਿਖੀ ਵੈਦਗੀ ਮਾਰੀ ਬੁਢੀ ਰੋਵਨ ਰੰਨਾ।*
*ਪਕੜ ਚਲਾਇਆ ਰਾਵਲੇ ਪਉਦੀ ਉਘੜ ਗਏ ਸੁ ਕੰਨਾ।*
*ਪੁਛੇ ਆਖ ਵਖਾਨਿਅਨ ਓਘੜ ਗਇਆ ਪਾਜ ਪਰਛੰਨਾ।*
*ਪਾਰਖੂਆ ਚੁਨਿ ਕਢਿਆ ਜਿਉ ਕਚਕੜਾ ਨਾ ਰਲੈ ਰਤੰਨਾ।*
*ਮੂਰਖ ਅਕਲੀ ਬਾਹਰਾ ਵਾਸਹੁ ਮੂਲ ਨਾ ਹੋਵੀ ਗੰਨਾ।*
*ਮਾਣਸ ਦੇਹੀ ਪਛੂ ਉਪੰਨਾ।* —ਭਾਈ ਗੁਰਦਾਸ, ਵਾਰ ੩੨

ਮੌਲਾਨਾ ਰੂਮ ਨੇ ਇਕ ਬੜੀ ਸੁੰਦਰ ਘਟਨਾ ਲਿਖੀ ਹੈ ਕਿ ਇਕ ਵਾਰ ਇਕ ਸਪੇਰਾ ਇਕ ਬਹੁਤ ਵੱਡੇ ਸੱਪ ਨੂੰ ਮਰਿਆ ਜਾਣ ਕੇ ਚੁਕ ਲਿਆਇਆ। ਬਗਦਾਦ ਸ਼ਹਿਰ ਦੇ ਬਾਹਰ ਉਸ ਨੇ ਇਹ ਸੱਪ ਰਸਤੇ ਵਿਚ ਰੱਖ ਦਿੱਤਾ ਅਤੇ ਉਸ ਸੱਪ ਦੇ ਆਸਰੇ ਲੋਕਾਂ ਕੋਲੋਂ ਪੈਸੇ ਉਗਰਾਹੁਣ ਲੱਗਾ। ਪਰ ਉਹ ਸੱਪ ਮਰਿਆ ਨਹੀਂ ਸੀ। ਉਹ ਅਜ਼ਦਹਾ ਸੀ। ਜਦੋਂ ਧੁੱਪ ਨਿਕਲੀ, ਸੂਰਜ ਦੀਆਂ ਕਿਰਨਾਂ ਨੇ ਉਸ ਨੂੰ ਗਰਮ ਕਰ ਦਿੱਤਾ ਤਾਂ ਉਹ ਹਿਲਣ ਲੱਗ ਪਿਆ। ਸਪੇਰਾ ਡਰ ਗਿਆ ਕਿਉਂਕਿ ਇਹ ਇੱਡਾ ਵੱਡਾ ਮਾਂਦਰੀ ਨਹੀਂ ਸੀ।

ਅਜ਼ਦਹਾ ਜਾਗਿਆ, ਉਸ ਦਾ ਇੱਡਾ ਵੱਡਾ ਆਕਾਰ ਹੋ ਗਿਆ ਕਿ ਸਭ ਤੋਂ ਪਹਿਲਾਂ ਉਹ ਉਸ ਸਪੇਰੇ ਨੂੰ ਹੀ ਖਾ ਗਿਆ। ਫਿਰ ਉਸ ਨੇ ਸ਼ਹਿਰ ਵੱਲ ਮੂੰਹ ਕੀਤਾ, ਅਨੇਕਾਂ ਬੰਦਿਆਂ ਦੀ ਮੌਤ ਉਸ ਅਜ਼ਦਹੇ ਦੇ ਹੱਥੋਂ ਹੋਈ। ਸਤਿਗੁਰੂ ਬਾਣੀ ਵਿਚ ਫ਼ਰਮਾਉਂਦੇ ਹਨ ਕਿ–

*ਮੰਤ੍ਰੀ ਹੋਇ ਅਠੂਹਿਆਂ ਨਾਗੀਂ ਲਗੈ ਜਾਇ॥*
*ਆਪਣ ਹਥੀ ਆਪਣੈ ਦੇ ਕੂਚਾ ਆਪੇ ਲਾਇ॥*

–ਸਲੋਕ ਮ: ੨, ਪੰਨਾ ੧੪੮

ਅੰਨ੍ਹੇ ਰਾਜਨੀਤਕ ਆਗੂ ਆਪ ਤਾਂ ਮਰਦੇ ਹਨ ਕਈ ਵਾਰ ਸੰਸਾਰ ਨੂੰ ਵੀ ਨਾਲ ਹੀ ਲੈ ਡੁਬਦੇ ਹਨ।

ਇਹ ਆਗੂ ਐਸਾ ਕਿਉਂ ਕਰਦੇ ਹਨ, ਇਨ੍ਹਾਂ ਦਾ ਇਸ ਵਿਚ ਕੀ ਸਵਾਰਥ ਹੈ। ਜਦੋਂ ਅਨੇਕਾਂ ਬੰਦੇ ਇਨ੍ਹਾਂ ਦੇ ਹੱਥ ਵਿਚ ਆ ਜਾਣ, ਇਕ ਬਹੁਤ ਵੱਡੀ ਤਾਕਤ ਹੱਥਾਂ ਵਿਚ ਆ ਜਾਂਦੀ ਹੈ। ਫਿਰ ਤਾਕਤ ਦਾ ਆਪਣਾ ਹੀ ਨਸ਼ਾ ਹੈ, ਆਪਣੀ ਹੀ ਮਸਤੀ ਹੈ, ਇਕ ਵੱਖਰਾ ਹੀ ਰਸ ਹੈ। ਫਿਰ ਤਾਂ ਵੇਖਿਆ ਹੈ, ਰਾਜਨੀਤਕ ਬੰਦੇ ਉਨ੍ਹਾਂ ਬੰਦਿਆਂ ਨੂੰ ਵੀ ਭੁੱਲ ਜਾਂਦੇ ਹਨ ਜਿਨ੍ਹਾਂ ਦੇ ਆਸਰੇ ਗੱਦੀ ਤਕ ਪਹੁੰਚੇ ਹੁੰਦੇ ਹਨ।

ਕਿਸੇ ਤਰ੍ਹਾਂ ਵੀ ਸ਼ਕਤੀ ਹੱਥ ਵਿਚ ਆ ਜਾਏ ਐਸੇ ਬੰਦੇ ਹਰ ਤਰ੍ਹਾਂ ਦਾ ਹੱਥ ਕੰਡਾ ਵਰਤ ਲੈਂਦੇ ਹਨ। ਇਹ ਹਕੀਕਤ ਹੈ ਕਿ ਜਿਵੇਂ ਮਨੁੱਖ ਦਾ ਸਰੀਰ ਤੇ ਆਤਮਾ ਵੱਖ-ਵੱਖ ਨਹੀਂ ਹੋ ਸਕਦੇ, ਇਸੇ ਤਰ੍ਹਾਂ ਧਰਮ ਤੇ ਰਾਜਨੀਤੀ ਵੱਖ-ਵੱਖ ਨਹੀਂ ਹੋ ਸਕਦੇ। ਵੱਖ-ਵੱਖ ਕਰੋ ਤਾਂ ਵੀ ਦੋਵਾਂ ਥਾਵਾਂ ਤੇ ਮਨੁੱਖ ਇਕ ਹੀ ਹੋਵੇਗਾ, ਉਸ ਦੇ ਅੰਦਰ ਧਰਮ ਤੇ ਰਾਜਨੀਤੀ ਦੀ ਸਾਂਝ ਬਣੀ ਰਹੇਗੀ। ਪਰ ਇਹ ਵੀ ਸੱਚ ਹੈ ਕਿ ਅਜੋਕਾ ਮਨੁੱਖ ਜਦੋਂ ਕਹਿੰਦਾ ਹੈ, ਧਰਮ ਤੇ ਸਿਆਸਤ ਇਕੱਠੀ ਹੈ ਤਾਂ ਧਰਮ ਪੱਲੇ ਹੁੰਦਾ ਨਹੀਂ ਸਿਰਫ਼ ਸੱਤਾ ਹਤਿਆਉਣ ਵਾਸਤੇ ਧਰਮ ਦੀ ਟੇਕ ਲੈ ਲੈਂਦਾ ਹੈ। ਧਰਮ ਤੇ ਰਾਜਨੀਤੀ ਇਕੱਠੇ ਹੀ ਇਕ ਮਨੁੱਖ ਵਿਚ ਹੋਣ ਜੈਸਾ ਕਿ ਹੋਣਾ ਚਾਹੀਦਾ ਹੈ। ਇਸ ਤੋਂ ਬਿਨਾਂ ਮਨੁੱਖ ਅਧੂਰਾ ਹੀ ਰਹੇਗਾ, ਜੇ ਹੋਣ ਤਾਂ ਸੰਸਾਰ ਦਾ ਰੰਗ ਢੰਗ ਹੀ ਕੁਝ ਹੋਰ ਹੋਵੇ। ਇਹ ਗੱਲਾਂ ਬਹੁਤ ਹੀ ਵਿਚਾਰਨ ਵਾਲੀਆਂ ਹਨ। ਜਦੋਂ ਤਕ ਮਨੁੱਖ ਦੀ ਦ੍ਰਿਸ਼ਟੀ ਸਿਰਫ਼ ਕਲਾ, ਸ਼ਕਤੀ ਤੇ ਹੀ ਰਹੇਗੀ, ਆਗੂ ਮਨੁੱਖ ਸਵਾਰਥੀ ਤੇ ਅਗਿਆਨੀ ਹੋਣਗੇ ਉਦੋਂ ਤੱਕ ਮਨੁੱਖਤਾ ਅੰਧੇਰੇ ਵਿਚ ਹੀ ਭਟਕੇਗੀ।

ਜਦੋਂ ਆਗੂ ਦੇ ਜੀਵਨ ਵਿਚ ਕਲਾ ਹੀ ਨਹੀਂ, ਧਰਮ ਕਲਾ ਆ ਜਾਏਗੀ ਫਿਰ ਉਸ ਦੀ ਅਗਵਾਈ ਰੋਸ਼ਨੀ ਦੇਵੇਗੀ। ਇਕ ਦੀਵਾ ਸਾਡੇ ਘਰ ਆਪ ਨਹੀਂ ਆਉਂਦਾ ਕਿ ਵੋਟਾਂ ਮੈਨੂੰ ਪਾਓ, ਮੈਂ ਤੁਹਾਡੀ ਅਗਵਾਈ ਕਰਾਂਗਾ ਬਲਕਿ ਦੀਵਾ ਲਿਆਉਣ ਲਈ ਅਸੀਂ ਆਪ ਜਾਂਦੇ ਹਾਂ, ਜਗਾਉਂਦੇ ਹਾਂ ਫਿਰ ਉਸ ਦਾ ਧਿਆਨ ਰੱਖਦੇ ਹਾਂ ਕਿ ਕਿਤੇ ਬੁੱਝ ਨਾ ਜਾਵੇ, ਸਾਨੂੰ ਰਾਹ ਕਿਵੇਂ ਨਜ਼ਰ ਆਵੇਗਾ। ਜਿਸ ਮਨੁੱਖ ਦੇ ਜੀਵਨ ਵਿਚ ਧਰਮ ਦੀ ਸ਼ਕਤੀ ਹੋਵੇਗੀ ਉਸ ਨੂੰ ਤਾਂ ਆਪ ਖੋਜਣਾ ਪਵੇਗਾ, ਉਸ ਨੂੰ ਤਾਂ

ਹੱਥਾਂ ਵਿਚ ਚੁੱਕ ਕੇ ਅੱਗੇ ਰੱਖ ਕੇ ਚੱਲਣਾ ਪਵੇਗਾ, ਉਸ ਦਾ ਤਾਂ ਧਿਆਨ ਰੱਖਣਾ ਪਵੇਗਾ ਕਿ ਕੋਈ ਬੁਰਿਆਈ ਦਾ ਬੁੱਲਾ ਇਸ ਨੂੰ ਬੁਝਾ ਨਾ ਜਾਏ। ਜਿਨ੍ਹਾਂ ਆਗੂਆਂ ਵਿਚ ਧਰਮ ਕਲਾ ਹੈ ਉਹ ਕੁਝ ਲੈਣ ਨਹੀਂ ਆਉਂਦੇ, ਕੁਝ ਦੇਣ ਆਉਂਦੇ ਹਨ।

ਰਾਜਨੀਤੀ ਜਦੋਂ ਸਵਾਰਥ ਤੇ ਹੰਕਾਰ ਤੇ ਖੜ੍ਹੀ ਹੁੰਦੀ ਹੈ ਫਿਰ ਰਾਜਸੀ ਆਗੂ ਮਹਾਨ ਜ਼ਾਲਮ ਹੋ ਜਾਂਦਾ ਹੈ। ਇਕਬਾਲ ਨੇ ਬੜਾ ਸੁੰਦਰ ਕਿਹਾ ਹੈ–

*ਜਲਾਲੇ ਬਾਦਸ਼ਾਹੀ ਹੋ ਯਾ ਜਮਹੂਰੀ ਤਮਾਸ਼ਾ ਹੋ,*
*ਜੁਦਾ ਹੋਦੀਂ ਸਿਆਸਤ ਸੇ ਤੋ ਰਹਿ ਜਾਤੀ ਹੈ ਚੰਗੇਜ਼ੀ।*

ਭਾਵੇਂ ਲੋਕਤੰਤਰ ਹੋਵੇ, ਭਾਵੇਂ ਇਕ-ਪੁਰਖੀ ਰਾਜ ਹੋਵੇ, ਜਦੋਂ ਸਿਆਸਤ ਵਿਚੋਂ ਧਰਮ ਪਾਸੇ ਹੋ ਜਾਂਦਾ ਹੈ ਤਾਂ ਮਗਰ ਚੰਗੇਜ਼ ਖਾਂ ਵਾਲਾ ਜ਼ੁਲਮ ਹੀ ਰਹਿ ਜਾਂਦਾ ਹੈ। ਚੰਗੇਜ਼ ਖਾਂ ਐਸਾ ਜ਼ਾਲਮ ਬਾਦਸ਼ਾਹ ਹੋਇਆ ਹੈ ਕਿ ਇਸ ਦੇ ਦਰਬਾਰ ਵਿਚ ਹਜ਼ਾਰਾਂ ਬੰਦਿਆਂ ਦੇ ਸਿਰ ਨੇਜ਼ਿਆਂ ਤੇ ਟੰਗ ਕੇ ਸਿਪਾਹੀ ਖੜ੍ਹੇ ਰਹਿੰਦੇ ਸਨ।

ਪਰ ਜਦੋਂ ਧਰਮ ਕਲਾ ਆ ਜਾਏ ਫਿਰ ਬਾਦਸ਼ਾਹ ਜ਼ਾਲਮ ਨਹੀਂ ਹੁੰਦਾ, ਸੇਵਾਦਾਰ ਹੁੰਦਾ ਹੈ। ਧਰਮ ਦੀ ਸ਼ਕਤੀ ਸ਼ਕਤੀਸ਼ਾਲੀ ਜ਼ਾਲਮ ਬੰਦੇ ਨੂੰ ਜਨਤਾ ਦਾ ਸੇਵਾਦਾਰ ਬਣਾ ਦਿੰਦੀ ਹੈ।

ਐਸਾ ਰਹਿਨੁਮਾ ਕੌਣ ਹੈ ਜਿਸ ਵਿਚ ਜਿਥੋਂ ਧਰਮ ਕਲਾ ਦਾ ਪ੍ਰਕਾਸ਼ ਹੋਵੇ। ਭਾਈ ਨੰਦ ਲਾਲ ਜੀ ਲਿਖਦੇ ਹਨ–

*ਹੱਕ ਹੱਕ ਅੰਦੇਸ਼ ਗੁਰ ਗੋਬਿੰਦ ਸਿੰਘ॥*
*ਬਾਦਸ਼ਾਹ ਦਰਵੇਸ਼ ਗੁਰ ਗੋਬਿੰਦ ਸਿੰਘ॥*

ਉਨ੍ਹਾਂ ਦਾ ਧਰਮ ਇਹ ਹੈ ਕਿ ਸਵਾਸ ਸਵਾਸ ਪ੍ਰਭੂ ਚੇਤੇ ਆਵੇ। ਉਸ ਦੀ ਯਾਦ ਦਾ ਇਕ ਛਿਨ ਵੀ ਇੰਨਾ ਅਮੁਲ ਹੈ ਕਿ–

*ਏਕ ਚਿਤ ਜਿਹ ਇਕ ਛਿਨ ਧਿਆਇਓ॥*
*ਕਾਲ ਫਾਸ ਕੇ ਬੀਚ ਨਾ ਆਇਓ॥*

ਪਰ ਪ੍ਰਬੰਧ ਇੰਨਾ ਚੰਗਾ ਹੈ ਕਿ ਲੰਗਰ ਵਿਚ ਵੀ ਕਿਸੇ ਨਾਲ ਬੇ-ਇਨਸਾਫੀ ਨਾ ਹੋਵੇ, ਭੇਸ ਬਦਲ ਕੇ ਲੰਗਰਾਂ ਦੀ ਪੜਤਾਲ ਆਪ ਕਰਦੇ ਸਨ। ਭਾਈ ਨੰਦ ਲਾਲ ਦੇ ਲੰਗਰ ਦਾ ਅੱਛਾ ਪ੍ਰਬੰਧ ਵੇਖ ਕੇ ਉਸਨੂੰ ਬਖ਼ਸ਼ਿਸ਼ਾਂ ਕੀਤੀਆਂ। ਜਦੋਂ ਧਰਮ ਸ਼ਕਤੀ ਪ੍ਰਬਲ ਹੁੰਦੀ ਹੈ ਫਿਰ ਇਹ ਭਾਵਨਾ ਬਣਦੀ ਹੈ ਕਿ–

*ਸਾਧ ਸਮੂਹ ਪ੍ਰਸੰਨ ਫਿਰੈ ਜਗ ਸਤ੍ਰ ਸਭੈ ਅਵਲੋਕ ਚਪੈਂਗੇ॥*

ਧਰਮ ਕਲਾ ਤੇ ਰਾਜਨੀਤੀ ਦੇ ਸੰਬੰਧ ਨਾਲ ਵਾੜ ਮਜ਼ਬੂਤ ਹੁੰਦੀ ਹੈ ਤੇ ਅੰਦਰ ਖੇਤੀ ਪ੍ਰਫੁਲਤ ਹੁੰਦੀ ਹੈ ਪਰ ਨਿਰੀ ਕਲਾ ਸ਼ਕਤੀ ਨਾਲ ਖੇਤੀ ਤਾਂ ਬਚਦੀ ਹੀ ਨਹੀਂ ਅੰਤ ਵਾੜ ਵੀ ਟੁੱਟ ਜਾਂਦੀ ਹੈ। ਤਾਕਤ ਵਾਲਾ ਬੰਦਾ ਬੁਰਾ ਹੋ ਜਾਏ ਤਾਂ ਸੰਸਾਰ ਉਜੜ ਜਾਂਦਾ ਹੈ, ਤਾਕਤ ਵਾਲਾ ਬੰਦਾ ਧਰਮੀ ਬਣ ਜਾਏ ਤਾਂ ਸੰਸਾਰ ਦੀਆਂ ਰੌਣਕਾਂ ਕਾਇਮ

ਰਹਿੰਦੀਆਂ ਹਨ। ਧਰਮ ਕਲਾ ਨਾਲ ਹੀ ਇਹ ਰੌਣਕਾਂ ਕਾਇਮ ਰਹਿ ਸਕਦੀਆਂ ਹ

ਡਾ: ਇਕਬਾਲ ਨੇ ਕਿਹਾ ਹੈ ਕਿ ਆ ਮੈਂ ਤੈਨੂੰ ਦੱਸਾਂ ਕਿ ਕੌਮਾਂ ਦੀ ਤਕਦ ਕਿਵੇਂ ਬਣਦੀ ਹੈ, ਨੇਜ਼ੇ ਅਤੇ ਤਲਵਾਰਾਂ ਨਾਲ ਕੌਮ ਦੀ ਤਕਦੀਰ ਘੜੀ ਜਾਂਦੀ ਤਾਊਸ ਅਤੇ ਰਬਾਬ ਤੇ ਭਾਵ ਗਾਣੇ ਵਜਾਣੇ ਤੇ ਆ ਕੇ ਕੌਮਾਂ ਦੀ ਤਕਦੀਰ ਦੀ ਅਖ ਹੋ ਜਾਂਦੀ ਹੈ, ਕੌਮਾਂ ਖ਼ਤਮ ਹੋ ਜਾਂਦੀਆਂ ਹਨ। ਉਹ ਲਿਖਦੇ ਹਨ–

*ਆਂ ਸ਼ੇਖ ਤੁਝੇ ਬਤਾਊਂ ਕਿ ਤਕਦੀਰੇ ਉਮਮ ਕਿਆ ਹੈ।*
*ਤੇਗੋ ਸਨਾਨ ਅੱਵਲ ਤਾਊਸੋ ਰਬਾਬ ਆਖ਼ਿਰ।*

ਪਰ ਸਿੱਖ ਧਰਮ ਤਾਂ ਕਹਿੰਦਾ ਹੈ ਰਬਾਬ ਨਾਲ ਕੌਮ ਦੀ ਤਕਦੀਰ ਘੜੀ ਜਾਂ ਹੈ। ਗੁਰੂ ਨਾਨਕ ਦੇਵ ਜੀ ਨੇ ਕੀਰਤਨ ਨਾਲ ਸਿੱਖ ਕੌਮ ਦੀ ਤਕਦੀਰ ਨੂੰ ਘੜਿ ਸੀ। ਤਲਵਾਰ ਨਾਲ ਕੌਮ ਦੀ ਤਕਦੀਰ ਦੀ ਰੱਖਿਆ ਕੀਤੀ ਜਾਂਦੀ ਹੈ। ਗੁਰੂ ਗੋਬਿ ਸਿੰਘ ਜੀ ਨੇ ਐਸਾ ਕੀਤਾ ਸੀ। ਨਿਰੀ ਸ਼ਕਤੀ ਹੋਵੇ ਫਿਰ ਤਲਵਾਰਾਂ, ਨੇਜ਼ਿਆਂ ਨ ਦੂਸਰਿਆਂ ਦਾ ਖ਼ੂਨ ਵਹਾ ਕੇ ਜਰਵਾਣੇ ਆਪਣੀ ਤਕਦੀਰ ਘੜਦੇ ਹਨ, ਆਖਰ ਆਪ ਵਿਚ ਲੜ ਕੇ ਮਰ ਜਾਂਦੇ ਹਨ।

ਗੁਰਵਾਕ ਹੈ–

*ਰਾਜੇ ਓਇ ਨਾ ਆਖੀਅਹਿ ਭਿੜਿ ਮਰਹਿ ਫਿਰਿ ਜੂਨੀ ਪਾਹਿ॥*

–ਵਡਹੰਸ ਵਾਰ, ਪੰਨਾ ਪ

ਧਰਮ ਕਲਾ ਆ ਜਾਏ ਤਾਂ ਫਿਰ ਪ੍ਰਭੂ ਭਗਤੀ ਤੇ ਰਬਾਬ ਫੜ ਕੇ ਉਸ ਕੀਰਤਨ ਕਰ ਕੇ ਜਗਤ ਦੇ ਦਿਲਾਂ ਨੂੰ ਜਿੱਤਿਆ ਜਾਂਦਾ ਹੈ ਤੇ ਸ਼ਕਤੀ ਇਕੱਤ੍ਰ ਕ ਕੇ ਪਰਉਪਕਾਰ ਵੱਲ ਲਾਈ ਜਾਂਦੀ ਹੈ।

ਮੀਰੀ ਪੀਰੀ ਦੇ ਮਾਲਕ ਭਾਰੀ ਪੀਰ ਬੰਦੀ-ਛੋੜ ਸਤਿਗੁਰੂ, ਗੁਰੂ ਹਰਿਗੋਬਿ ਸਾਹਿਬ ਜੀ ਧਰਮ ਕਲਾ ਦੇ ਭੰਡਾਰ ਸਨ। ਉਨ੍ਹਾਂ ਪਾਸ ਮੁੱਖ ਸ਼ਕਤੀ ਧਰਮ ਕ ਸੀ, ਬਾਕੀ ਸ਼ਕਤੀਆਂ ਧਰਮ ਕਲਾ ਦੀ ਤਾਬਿਆ ਸਨ।

ਢਾਡੀ ਅਬਦੁਲਾ ਤੇ ਨੱਥਾ ਲਿਖਦੇ ਹਨ–

*ਦੋ ਤਲਵਾਰੀਂ ਬਧੀਆਂ ਇਕ ਮੀਰੀ ਦੀ ਇਕ ਪੀਰ ਦੀ।*
*ਇਕ ਅਜ਼ਮਤ ਦੀ ਇਕ ਰਾਜ ਦੀ ਇਕ ਰਾਖੀ ਕਰੇ ਵਜ਼ੀਰ ਦੀ।*
*ਹਿੰਮਤ ਬਾਹਾਂ ਕੋਟ ਗੜ ਦਰਵਾਜ਼ਾ ਬਲਖ ਬਖੀਰ ਜੀ।*
*ਨਾਲ ਸਿਪਾਹੀ ਨੀਲ ਨਲ ਮਾਰ ਦੁਸ਼ਟਾਂ ਕਰੇ ਤਗੀਰ ਜੀ।*
*ਪੱਗ ਤੇਰੀ, ਕੀ ਜਹਾਂਗੀਰ ਦੀ।*

ਜੋ ਜਗਤ ਦੀ ਸ਼ਕਤੀ ਪ੍ਰੇਮ ਭਗਤੀ ਦੇ ਆਸਰੇ ਇਕੱਠੀ ਕਰੇ ਅਤੇ ਪਰਉਪਕ ਵਲ ਲਾਵੇ, ਉਸ ਆਗੂ ਵਿਚ ਧਰਮ ਕਲਾ ਹੈ।

❀ ❀ ❀

# ੪

# ਪ੍ਰੇਮ ਰਸ ਤੇ ਧਰਮ ਕਲਾ

ਰਸ ਸੁਆਦ ਵੀ ਹੈ, ਰਸ ਜੀਵਨ ਵੀ ਹੈ। ਗੁਰਮਤਿ ਵਿਚ ਉਹੀ ਰਸ ਪ੍ਰਵਾ
ਹੈ ਜੋ ਜੀਵਨ ਰਸ ਹੋਵੇ, ਭਾਵ ਜੀਵਨ ਆਧਾਰ ਵੀ ਹੋਵੇ ਅਤੇ ਜਿਸ ਦਾ ਸੁਆ
ਵੀ ਹੋਵੇ।

ਰੁੱਖਾਂ ਵਿਚ ਰਸ ਪਾਣੀ ਕਰਕੇ ਹੈ, ਪੰਜਾਂ ਤੱਤਾਂ ਦੇ ਜੋ ਪੰਜ ਵਿਸ਼ੇ ਹਨ, ਸ਼ਬ
ਅਕਾਸ਼ ਦਾ, ਸਪਰਸ਼ ਹਵਾ ਦਾ, ਰੂਪ ਅਗਨੀ ਦਾ, ਰਸ ਪਾਣੀ ਦਾ, ਗੰਧ ਧਰਤ
ਦਾ। ਰਸ ਵਿਸ਼ਾ ਪਾਣੀ ਦਾ ਹੈ, ਰੁੱਖਾਂ ਵਿਚ ਸਮੁੱਚੀ ਬਨਾਸਪਤੀ ਵਿਚ ਜੋ ਰਸ
ਇਹ ਪਾਣੀ ਕਰਕੇ ਹੈ। ਅਗਰ ਪਾਣੀ ਨਾ ਮਿਲੇ ਤਾਂ ਬਨਾਸਪਤੀ ਹਰੀ ਭਰੀ ਨਹੀ
ਰਹਿ ਸਕਦੀ। ਬਨਾਸਪਤੀ ਲਈ ਰਸ ਜੀਵਨ ਆਧਾਰ ਹੈ। ਰੁੱਖਾਂ ਨੂੰ ਇਹ ਤਾਂ ਅਸੀ
ਪੁੱਛ ਨਹੀਂ ਸਕੇ ਕਿ ਤੁਹਾਡਾ ਰਸ ਤੁਹਾਡਾ ਜੀਵਨ ਆਧਾਰ ਹੀ ਹੈ ਜਾਂ ਇਸ ਦ
ਕੋਈ ਸੁਆਦ ਵੀ ਹੈ, ਪਰ ਇੰਨਾ ਸਾਡਾ ਅਨੁਭਵ ਜ਼ਰੂਰ ਹੈ ਕਿ ਬਨਾਸਪਤੀ ਲਈ
ਰਸ ਜੀਵਨ ਆਧਾਰ ਹੈ।

ਗੁਰੂ ਨਾਨਕ ਦੇਵ ਜੀ ਵਾਰਾਂ ਤੇ ਵਧੀਕ ਸਲੋਕਾਂ ਵਿਚ ਇਕ ਸੁੱਕੇ ਸਰੋਵਰ ਦ
ਦਸ਼ਾ ਵਰਨਣ ਕਰਦੇ ਕਹਿੰਦੇ ਹਨ ਕਿ ਸਰੋਵਰ ਕਹਿੰਦਾ ਹੈ ਮੇਰੀ ਰੌਣਕ ਕਿਉਂ ਮੁੱ
ਗਈ ਹੈ, ਇਹ ਮੈਂ ਚੰਗੀ ਤਰ੍ਹਾਂ ਸਮਝਦਾ ਹਾਂ–

*ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗ।*

–ਵਾਰਾਂ ਤੇ ਵਧੀਕ, ਪੰਨਾ ੧੪੧

ਕਦੀ ਮਨੁੱਖ ਇਸ ਗੱਲ ਨੂੰ ਸਮਝ ਜਾਏ ਕਿ ਮੈਂ ਉਹੀ ਰਸ ਲਵਾਂਗਾ ਜੋ ਮੇ
ਜੀਵਨ ਆਧਾਰ ਹੋਵੇ। ਐਸਾ ਰਸ ਮੈਨੂੰ ਪ੍ਰਵਾਨ ਨਹੀਂ ਜੋ ਜੀਵਨ ਨਾਸ਼ਕ ਹੋਵੇ, ਐ
ਰਸ ਸੰਸਾਰ ਵਿਚ ਬਹੁਤ ਹਨ ਜੋ ਜੀਵਨ ਦੇ ਵਿਨਾਸ਼ ਦਾ ਕਾਰਨ ਬਣਦੇ ਹਨ। ਸਿਆ
ਤਾਂ ਐਸਾ ਕਹਿੰਦੇ ਹਨ, ਕੋਈ ਵਸਤੂ ਜ਼ਬਾਨ ਤੇ ਰੱਖਿਆਂ ਸੁਆਦੀ ਨਾ ਵੀ ਲੱ
ਪਰ ਸਰੀਰ ਵਾਸਤੇ ਚੰਗੀ ਸਾਬਤ ਹੋਵੇ ਤਾਂ ਉਹ ਖਾ ਲੈਣੀ ਚਾਹੀਦੀ ਹੈ। ਪਰ ਕੋ
ਵਸਤੂ ਰਸਨਾ ਤੇ ਰੱਖਿਆਂ ਬੜੀ ਸੁਆਦੀ ਲੱਗੇ ਪਰ ਸਿਹਤ ਲਈ ਹਾਨੀਕਾਰਕ ਹੋਵੇ
ਉਹ ਨਹੀਂ ਖਾਣੀ ਚਾਹੀਦੀ। ਆਮ ਕਰਕੇ ਰਸਨਾ ਦੇ ਰਸਾਂ ਵਿਚ ਜੋ ਰਸ ਹਨ, ਮਿੱਠ

ਕੌੜਾ, ਕੁਸੈਲਾ, ਚਰਪਰਾ, ਸਲੂਣਾ ਤੇ ਖੱਟਾ, ਇਨ੍ਹਾਂ ਛੇ ਰਸਾਂ ਵਿਚੋਂ ਮਨੁੱਖ ਨੇ ਮਿੱਠੇ ਨੂੰ ਬਹੁਤ ਮਹਾਨਤਾ ਦਿੱਤੀ ਹੈ। ਕੋਈ ਫਲ ਖਾਣ ਲੱਗੇ ਤਾਂ ਪੁੱਛਦਾ ਹੈ, ਮਿੱਠਾ ਹੈ। ਅੰਬ ਉਹ ਚੰਗੇ ਜੋ ਬਹੁਤ ਮਿੱਠੇ ਹੋਣ, ਸੇਬ ਉਹ ਚੰਗੇ ਜੋ ਮਿੱਠੇ ਹੋਣ, ਖਰਬੂਜ਼ਾ ਉਹ ਚੰਗਾ ਜੋ ਬਹੁਤ ਮਿੱਠਾ ਹੋਵੇ। ਮਨੁੱਖ ਨੂੰ ਪੁੱਛੋ! ਬਾਕੀ ਫਲ ਤਾਂ ਮਿੱਠੇ ਚੰਗੇ ਹਨ ਪਰ ਮਿੱਠਾ ਕਿੰਨਾ ਕੁ ਚੰਗਾ ਹੈ। ਕਿਸੇ ਸ਼ੂਗਰ ਦੇ ਮਰੀਜ਼ ਨੂੰ ਪੁੱਛੀਏ ਮਿੱਠਾ ਕਿੰਨਾ ਕੁ ਚੰਗਾ ਹੈ। ਉਹ ਰਸ ਕੀ ਹੋਏ ਜੋ ਸਿਹਤ ਖ਼ਰਾਬ ਕਰ ਦੇਣ, ਅਸਲ ਤਾਂ ਮਿੱਠਾ ਹੈ ਹੀ ਇਹ ਕਿ–

*ਮਿਠਾ ਸੋ ਜੋ ਭਾਵਦਾ ਸਜਣੁ ਸੋ ਜਿ ਰਾਸ।*

–ਗੁਜਰੀ ਵਾਰ, ਪੰਨਾ ੫੧੭

ਮਿੱਠਾ ਉਹੀ ਹੈ ਜੋ ਸੁਖਾ ਜਾਏ।

ਰਸਨਾ ਵਾਂਗੂ ਹਰ ਇੰਦ੍ਰੇ ਦਾ ਆਪਣਾ ਰਸ ਹੈ। ਪੇਟ ਦਾ ਆਪਣਾ ਰਸ ਹੈ, ਕੋਈ ਰਸ ਵੀ ਨਾ ਹੋਵੇ ਪੇਟ ਭਰਨਾ ਚਾਹੀਦਾ ਹੈ–

*ਰੁਪੈ ਕਾਮੈ ਦੋਸਤੀ ਭੁਖੈ ਸਾਦੈ ਗੰਢ॥*

–ਮਲਾਰ ਵਾਰ, ਪੰਨਾ ੧੨੮੮

ਪੇਟ ਦਾ ਰਸ ਜੀਵਨ ਆਧਾਰ ਹੈ, ਸਵਾਦ ਨਹੀਂ।

ਇਸੇ ਤਰ੍ਹਾਂ ਅੱਖਾਂ ਦਾ ਨਿਰਾ ਰਸ ਤਾਂ ਸੰਸਾਰ ਦੇ ਤਮਾਸ਼ੇ ਹਨ ਪਰ ਜੀਵਨ ਰਸ ਤਾਂ ਕੁਦਰਤ ਦੇ ਦਰਸ਼ਨ ਹਨ–

*ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨਾ ਜਾਈ ਲਖਿਆ॥*

–ਵਾਰ ਆਸਾ, ਪੰਨਾ ੪੬੯

ਅੱਖਾਂ ਲਈ ਜੀਵਨ ਰਸ ਤਾਂ ਰੱਬ ਦੇ ਸਵਾਰਿਆਂ ਸਤਸੰਗੀਆਂ ਦੇ ਦਰਸ਼ਨ ਹਨ। ਦੁਨੀਆ ਦੇ ਰੰਗ ਤਮਾਸ਼ੇ ਤਾਂ ਅੱਖਾਂ ਬਰਬਾਦ ਕਰਨ ਲਈ ਹਨ, ਇਨ੍ਹਾਂ ਨੂੰ ਵੇਖ ਕੇ ਅੱਖਾਂ ਸਕਾਰਥ ਨਹੀਂ ਹੁੰਦੀਆਂ। ਕੁਦਰਤਿ ਵਿਚੋਂ ਕਾਦਰ ਨਜ਼ਰ ਆ ਜਾਵੇ ਤਾਂ ਫਿਰ ਨੇਤ੍ਰ ਸਫਲ ਹੋ ਗਏ, ਨਹੀਂ ਤਾਂ ਨੇਤ੍ਰ ਨਿਸਫਲ ਹੋ ਜਾਂਦੇ ਹਨ–

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*

–ਅਨੰਦੁ, ਪੰਨਾ ੯੨੨

ਸੱਚ ਸੁਣਨਾ, ਸੱਚ ਦੀ ਬਾਣੀ ਸੁਣਨੀ, ਸੱਚੇ ਦਾ ਕੀਰਤਨ ਸੁਣਨਾ, ਇਨ੍ਹਾਂ ਕੰਨਾਂ ਦਾ ਜੀਵਨ ਰਸ ਹੈ। ਨਿੰਦਾ-ਉਸਤਤ ਸੁਣਨੀ, ਗੰਦੇ ਮਜ਼ਾਕ ਸੁਣਨੇ ਇਹ ਕੰਨ ਰਸ ਕੰਨਾਂ ਦੀ ਬਰਬਾਦੀ ਦਾ ਕਾਰਨ ਹੈ। ਜਿਵੇਂ ਰਸਨਾ ਦਾ ਗ਼ਲਤ ਰਸ ਪੇਟ ਨੂੰ, ਸਿਹਤ ਨੂੰ ਬਰਬਾਦ ਕਰ ਦਿੰਦਾ ਹੈ ਇਸੇ ਤਰ੍ਹਾਂ ਅੱਖਾਂ, ਕੰਨਾਂ ਦਾ ਗ਼ਲਤ ਰਸ ਮਨ ਨੂੰ ਬਰਬਾਦ ਕਰ ਦਿੰਦਾ ਹੈ। ਕੰਨਾਂ ਨੂੰ ਕਦੀ ਬਾਣੀ ਦਾ ਰਸ ਆ ਜਾਵੇ ਤਾਂ ਮਨ ਨੂੰ ਸਹੀ ਖੁਰਾਕ

ਮਿਲ ਜਾਏ, ਅੱਖਾਂ ਨੂੰ ਕੁਦਰਤ ਵਿਚੋਂ ਕਾਦਰ ਦਿਸ ਪਵੇ ਤਾਂ ਮਨ ਨੂੰ ਸਹੀ ਖੁਰਾਕ ਮਿਲ ਜਾਵੇ।

ਜਿਥੇ ਇੰਦ੍ਰੇ ਰਸਾਂ ਦੇ ਭੁੱਖੇ ਹਨ ਉਥੇ ਮਨ ਦੀ ਵੀ ਭੁੱਖ ਹੈ। ਮਨ ਦੀ ਭੁੱਖ ਭੋਜਨ ਦੀ ਨਹੀਂ ਰਸ ਦੀ ਹੈ ਅਤੇ ਮਨ ਨੂੰ ਰਸਾਂ ਦੀ ਇੰਨੀ ਭੁੱਖ ਹੈ ਕਿ ਜਿਵੇਂ ਕੋਈ ਭੁੱਖਾ ਆਪ ਤੇ ਘਰ ਘਰ ਮੰਗਦਾ ਫਿਰੇ ਤੇ ਆਖ਼ਰ ਆਪਣੇ ਸਾਥੀ ਭ਼ਿਖਾਰੀਆਂ ਤੋਂ ਵੀ ਮੰਗ ਲਵੇ, ਆਖੇ ਮੇਰੀ ਭੁੱਖ ਨਹੀਂ ਮੁੱਕੀ ਤੁਸੀਂ ਵੀ ਜੋ-ਜੋ ਮੰਗਿਆ ਹੈ ਸਾਰਾ ਮੈਨੂੰ ਦੇ ਦਿਓ ਤਾਂ ਕਿ ਮੈਂ ਰੱਜ ਜਾਵਾਂ। ਅੱਖਾਂ ਨੇ ਜੋ ਮੰਗਿਆ ਹੈ ਉਹ ਸਾਰਾ ਮਨ ਲੈ ਲੈਂਦਾ ਹੈ, ਕੰਨਾਂ ਨੇ ਜੋ ਮੰਗਿਆ ਹੈ ਉਹ ਵੀ ਸਾਰਾ ਮਨ ਲੈ ਲੈਂਦਾ ਹੈ, ਹਰ ਇਕ ਇੰਦ੍ਰੇ ਰਾਹੀਂ ਇਕੱਠਾ ਕੀਤਾ ਰਸ ਇਹ ਲੈ ਲੈਂਦਾ ਹੈ ਪਰ ਫਿਰ ਵੀ ਇਹ ਭੁੱਖਾ ਹੀ ਰਹਿੰਦਾ ਹੈ।

ਇੰਦ੍ਰੇ ਵੀ ਅਕਸਰ ਮੋਹ ਦਾ ਰਸ ਇਕੱਠਾ ਕਰਦੇ ਹਨ। ਮਨ ਵੀ ਮੋਹ ਦੇ ਰਸ ਵਿਚ ਫਸਿਆ ਹੈ। ਮਨ ਨੂੰ ਮੋਹ ਦੀ ਇੰਨੀ ਪਕੜ ਹੈ ਕਿ ਬਿਰਥਾ ਚੀਜ਼ਾਂ ਵੀ ਛੱਡਣ ਵਾਸਤੇ ਤਿਆਰ ਨਹੀਂ ਹੁੰਦਾ। ਕਬੀਰ ਸਾਹਿਬ ਜੀ ਬਸੰਤ ਰਾਗ ਵਿਚ ਫ਼ਰਮਾਉਂਦੇ ਹਨ ਕਿ ਚੱਕੀ ਚਟ ਲਈ, ਆਟਾ ਖਾ ਲਿਆ, ਪਰ ਹੇ ਮਨ! ਕੁੱਤੇ, ਇਹ ਚੱਕੀ ਸਾਫ਼ ਕਰਨ ਵਾਲਾ ਕੱਪੜਾ ਕਿਉਂ ਖਿੱਚੀ ਫਿਰਦਾ ਹੈਂ–

*ਚਾਕੀ ਚਾਟਹਿ ਚੂਨੁ ਖਾਹਿ॥ ਚਾਕੀ ਕਾ ਚੀਥਰਾ ਕਹਾਂ ਲੈ ਜਾਹਿ॥*

–ਬਸੰਤ ਕਬੀਰ ਜੀ, ਪੰਨਾ ੧੧੯੬

ਜਦੋਂ ਤਕ ਮਨ ਮੋਹ ਨਹੀਂ ਛੱਡਦਾ, ਕੁਝ ਮੰਗਣ ਵਿਚ ਰਸ ਹੈ, ਕੁਝ ਬਾਹਰੋਂ ਲੈਣ ਵਿਚ ਰਸ ਹੈ, ਇਹ ਭੁੱਖਾ ਰਹਿੰਦਾ ਹੈ। ਇਸ ਜੋਤਿ ਸਰੂਪ ਨੂੰ ਇਹ ਧਿਆਨ ਹੀ ਨਹੀਂ ਰਹਿੰਦਾ ਕਿ ਮੈਂ ਤਾਂ ਆਪ ਇੰਨਾ ਸੁੰਦਰ ਹਾਂ, ਅਤਿ ਸੁੰਦਰ ਮੇਰੇ ਵਿਚ ਵੱਸਦਾ ਹੈ। ਆਪਣਾ ਆਪ ਭੁੱਲਣ ਕਰਕੇ ਹੀ ਮੈਂ ਭੁੱਖਾ ਹਾਂ, ਮੈਂ ਮੰਗਤਾ ਨਹੀਂ, ਮੈਂ ਤਾਂ ਦਾਤਾ ਹਾਂ।

ਇਕ ਕਥਾ ਹੈ, ਇਕ ਰਾਜਕੁਮਾਰ ਆਪਣੀ ਚੇਤਾ-ਸ਼ਕਤੀ ਗਵਾ ਬੈਠਾ, ਆਪਣੇ ਰਾਜ ਤੋਂ ਦੂਰ ਚਲਾ ਗਿਆ। ਇਕ ਭਿਖਾਰੀਆਂ ਦੇ ਟੋਲੇ ਨੇ ਇਸ ਨੂੰ ਨਾਲ ਰਲਾ ਲਿਆ, ਉਹ ਭਿਖਿਆ ਲਿਆ ਕੇ ਇਸ ਨੂੰ ਵੀ ਖੁਆ ਦਿੰਦੇ। ਜਦੋਂ ਭਿਖਾਰੀਆਂ ਦੇ ਆਉਣ ਦਾ ਸਮਾਂ ਹੁੰਦਾ ਇਹ ਦੌੜ-ਦੌੜ ਕੇ ਇਕ ਇਕ ਕੋਲੋਂ ਕੁਝ ਲੈ ਕੇ ਖਾ ਜਾਂਦਾ ਪਰ ਅਚਾਨਕ ਹੀ ਚੇਤਾ-ਸ਼ਕਤੀ ਵਾਪਸ ਆ ਗਈ। ਇਸ ਨੂੰ ਯਾਦ ਆ ਗਿਆ ਮੈਂ ਤਾਂ ਰਾਜੇ ਦਾ ਪੁੱਤਰ ਹਾਂ, ਇਹ ਆਪਣੇ ਰਾਜ ਵਿਚ ਵਾਪਸ ਆ ਗਿਆ। ਭਿਖਾਰੀਆਂ ਦਾ ਸਾਥ ਨਾ ਰਿਹਾ, ਹੁਣ ਤਾਂ ਉਹ ਭਿਖਾਰੀਆਂ ਨੂੰ ਕਹਿ ਰਿਹਾ ਸੀ, 'ਤੁਸੀਂ ਵੀ ਧਿਆਨ ਨਾਲ ਵੇਖੋ ਕਿਤੇ ਤੁਸੀਂ ਸਾਰੇ ਹੀ ਕਿਸੇ ਰਾਜੇ ਦੇ ਪੁੱਤਰ ਤਾਂ ਨਹੀਂ, ਕਿਤੇ ਤੁਸੀਂ ਵੀ ਮੇਰੇ ਵਾਂਗੂੰ ਆਪਣੀ ਚੇਤਾ-ਸ਼ਕਤੀ ਨਾ ਗਵਾ ਬੈਠੇ ਹੋਵੋ।'

ਚੰਗੇ ਭਾਗਾਂ ਨਾਲ ਕਦੀ ਗੁਰੂ ਦੀ ਆਵਾਜ਼ ਕੰਨਾਂ ਵਿਚ ਪੈ ਜਾਂਦੀ ਹੈ ਕਿ–

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*

—ਆਸਾ ਮ: ੩, ਪੰਨਾ ੪੪੧

ਮਨ ਨੂੰ ਯਾਦ ਆ ਜਾਂਦਾ ਹੈ ਕਿ ਮੈਂ ਤਾਂ ਪ੍ਰਮਾਤਮਾ ਦਾ ਪੁੱਤਰ ਹਾਂ, ਮੇਰਾ ਕੰਮ ਕੁਝ ਵੰਡਣਾ ਹੈ ਮੰਗਣਾ ਨਹੀਂ, ਰਾਜ ਕੁਮਾਰ ਕੁਝ ਵੰਡਦੇ ਹਨ ਮੰਗਦੇ ਨਹੀਂ। ਮੋਹ ਤੇ ਪ੍ਰੇਮ ਇਕ ਸ਼ਕਤੀ ਦੇ ਦੋ ਨਾਂ ਹਨ। ਮੋਹ ਕੀ ਹੈ? ਕੁਝ ਲੈਣ ਦਾ ਰਸ ਤੇ ਪ੍ਰੇਮ ਕੀ ਹੈ? ਕੁਝ ਦੇਣ ਦਾ ਰਸ। ਪ੍ਰੇਮੀ ਕੌਣ ਹੈ? ਜੋ ਵੰਡ ਰਿਹਾ ਹੈ। ਬਿਦਰ ਨੂੰ ਪ੍ਰੇਮੀ ਕਹਿੰਦੇ ਹਨ ਉਸਨੇ ਬੇਸ਼ੱਕ ਕ੍ਰਿਸ਼ਨ ਜੀ ਅੱਗੇ ਅਲੂਣਾ ਸਾਗ ਹੀ ਰੱਖਿਆ ਹੈ ਪਰ ਕੁਝ ਦਿੱਤਾ ਹੀ ਹੈ ਮੰਗਿਆ ਕੁਝ ਨਹੀਂ। ਸੁਦਾਮੇ ਨੇ ਭਾਵੇਂ ਮੁਠ ਚਾਵਲਾਂ ਦੀ ਹੀ ਅੱਗੇ ਰੱਖੀ ਪਰ ਕੁਝ ਮੰਗਿਆ ਨਹੀਂ। ਮੋਹ ਵਿਚ ਫਸੇ ਬੰਦੇ ਦੇ ਬੇਸ਼ੱਕ ਦੌਲਤ ਨਾਲ ਭੰਡਾਰ ਭਰੇ ਹੋਣ, ਉਸ ਨੂੰ ਕਿਤੇ ਰੱਬ ਮਿਲ ਜਾਏ ਤਾਂ ਉਹ ਕੁਝ ਮੰਗੇਗਾ ਹੀ ਪਰ ਪ੍ਰੇਮੀ ਭਾਵੇਂ ਚਾਰ ਬੇਰ ਹੀ ਅੱਗੇ ਰੱਖੇ, ਕੁਝ ਅੱਗੇ ਰੱਖੇਗਾ ਪਰ ਮੰਗੇਗਾ ਨਹੀਂ।

ਪ੍ਰੇਮ ਦਾ ਅਰਥ ਕੀ ਹੈ? ਕਿਸੇ ਦਾ ਹੋ ਜਾਣਾ। ਕਿਸੇ ਨੂੰ ਆਪਣੇ ਕਬਜ਼ੇ ਵਿਚ ਕਰਨਾ ਅਤੇ ਪਕੜ ਕੇ ਰੱਖਣਾ, ਇਹ ਮੋਹ ਦਾ ਸੰਘਰਸ਼ ਹੈ। ਪਰ ਕਿਸੇ ਦਾ ਹੋ ਜਾਣਾ, ਆਪਣਾ ਆਪਾ ਕਿਸੇ ਦੀ ਭੇਟ ਕਰ ਦੇਣਾ ਇਹ ਪ੍ਰੇਮ ਹੈ। ਜਿਨ੍ਹਾਂ ਨੂੰ ਆਪਣਾ ਆਪਾ ਗੁਰੂ ਅੱਗੇ ਰੱਖਣ ਦਾ ਰਸ ਆ ਗਿਆ ਉਹ ਪ੍ਰੇਮੀ ਗੁਰਸਿੱਖ ਬਣ ਗਏ। ਉਨ੍ਹਾਂ ਕਿਹਾ—

*ਸੁਨਹੁ ਲੋਕਾ ਮੈਂ ਪ੍ਰੇਮ ਰਸੁ ਪਾਇਆ॥*
*ਦੁਰਜਨ ਮਾਰੇ ਵੈਰੀ ਸੰਘਾਰੇ*
*ਸਤਿਗੁਰਿ ਮੋਕਉ ਹਰਿ ਨਾਮੁ ਦਿਵਾਇਆ॥*

—ਆਸਾ ਮ: ੫, ਪੰਨਾ ੩੭੦

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ, ਇਹ ਹੀ ਗੁਰ ਹੈ ਪ੍ਰਮਾਤਮਾ ਨੂੰ ਪਾਉਣ ਦਾ। ਪ੍ਰਮਾਤਮਾ ਵੀ ਸਿਰਫ਼ ਵੰਡਦਾ ਹੈ, ਦੇਂਦਾ ਹੈ, ਮੰਗਦਾ ਕੁਝ ਨਹੀਂ। ਇਸੇ ਤਰ੍ਹਾਂ ਜਿਹੜਾ ਸਿਰਫ਼ ਕੁਝ ਵੰਡਦਾ ਹੈ, ਰੱਬ ਦਾ ਪ੍ਰੇਮੀ ਹੈ, ਐਸਾ ਭਗਤ ਵੀ ਪ੍ਰੇਮੀ ਹੈ, ਦੋਵਾਂ ਪ੍ਰੇਮੀਆਂ ਦਾ ਮੇਲ ਹੋ ਹੀ ਜਾਂਦਾ ਹੈ—

*ਸਾਚ ਕਹਉ ਸੁਣ ਲੇਹੁ ਸਭੈ*
*ਜਿਨ ਪ੍ਰੇਮ ਕੀਯੋ ਤਿਨ ਹੀ ਪ੍ਰਭ ਪਾਯੋ॥*

ਜਿਹੜਾ ਫਾਸਲਾ ਜੋਗ, ਜਪ, ਤਪ, ਦਾਨ, ਗਿਆਨ, ਧਿਆਨ, ਸੰਜਮ ਨਾਲ ਕਈ ਜਨਮਾਂ ਤਕ ਤੈਅ ਨਹੀਂ ਹੁੰਦਾ ਪ੍ਰੇਮ ਉਹ ਫਾਸਲਾ ਇਕ ਛਿਨ ਵਿਚ ਤੈਅ ਕਰ ਲੈਂਦਾ ਹੈ।

ਸੁਖਮਨੀ ਸਾਹਿਬ ਵਿਚ ਸਾਹਿਬ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ ਕਿ—

*ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ॥*
*ਹਰਿ ਦਰਗਹ ਕਹੁ ਕੈਸੇ ਗਵੈ॥*

—ਪੰਨਾ ੨੭੮

ਪ੍ਰਭੂ ਨੂੰ ਮਿਲਣ ਲਈ ਇਕ ਸ਼ਰਤ ਬੜੀ ਜ਼ਰੂਰੀ ਹੈ ਕਿ ਮਨ ਦ੍ਰਵ ਜਾਵੇ, ਮਨ ਵਹਿ ਤੁਰੇ, ਮਨ ਦੀ ਕਠੋਰਤਾ ਮੁੱਕ ਜਾਏ, ਮਨ ਬਰਫ਼ ਵਾਂਗੂੰ ਨਾ ਹੋਵੇ, ਮਨ ਪਾਣੀ ਵਾਂਗੂੰ ਹੋਵੇ। ਪ੍ਰੇਮ ਤੋਂ ਬਿਨਾਂ ਬਾਕੀ ਸਾਧਨਾਂ ਨਾਲ ਮਨ ਕਠੋਰ ਹੋ ਜਾਂਦਾ ਹੈ ਪਰ ਪ੍ਰੇਮ ਵਿਚ ਤਾਂ ਮਨ ਵਹਿ ਜਾਂਦਾ ਹੈ।

ਸਿੱਖ ਇਤਿਹਾਸ ਵਿਚੋਂ ਕੁਝ ਸਾਖੀਆਂ ਵੱਲ ਧਿਆਨ ਦੇਈਏ। ਇਕ ਗਰੀਬ ਘਾਹੀ ਘਾਹ ਖੋਤਦਾ ਹੈ, ਹਰੇ ਹਰੇ ਘਾਹ ਦੀ ਗੱਠੜੀ ਸਿਰ ਤੇ ਹੈ, ਇਕ ਟਕਾ ਉਸ ਦੇ ਪਾਸ ਹੈ। ਆਗਰੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਲੱਭਦਾ-ਲੱਭਦਾ ਜਹਾਂਗੀਰ ਬਾਦਸ਼ਾਹ ਦੇ ਡੇਰੇ ਪਾਸ ਪਹੁੰਚ ਗਿਆ। ਦਰਬਾਨ ਨੂੰ ਪੁੱਛਿਆ ਕਿ ਸੱਚੇ ਪਾਤਸ਼ਾਹ ਕਿੱਥੇ ਹਨ, ਮੈਂ ਦਰਸ਼ਨ ਕਰਨੇ ਹਨ। ਅਚਾਨਕ ਜਹਾਂਗੀਰ ਨੇ ਵੀ ਵੇਖ ਲਿਆ, ਬੁਲਾ ਲਿਆ। ਇਸ ਨੇ ਜਾ ਕੇ ਝੁਕ ਕੇ ਮੱਥਾ ਟੇਕਿਆ ਤੇ ਕਿਹਾ, ਲੈ ਸੱਚੇ ਪਾਤਸ਼ਾਹ ਜੀਵਨ ਦੀ ਸਾਰੀ ਪੂੰਜੀ ਤੇਰੇ ਚਰਨਾਂ ਵਿਚ ਰੱਖ ਦਿੱਤੀ ਹੈ, ਜੀਵਨ ਦੀ ਸਾਰੀ ਪੂੰਜੀ ਇਕ ਟਕਾ, ਹੋਰ ਧਨ ਕੋਈ ਨਹੀਂ। ਇਹ ਘਾਹ ਤੁਹਾਡੇ ਘੋੜੇ ਲਈ। ਇਹ ਮੇਰਾ ਤਨ ਸਭ ਕੁਝ ਤੇਰੇ ਚਰਨਾਂ ਵਿਚ, ਬਾਕੀ ਮੇਰੇ ਕੋਲ ਕੁਝ ਨਹੀਂ ਆਪਣਾ ਬਣਾ ਲਓ, ਮੈਨੂੰ ਪ੍ਰਵਾਨ ਕਰ ਲਓ, ਤੁਹਾਡੀ ਪ੍ਰਵਾਨਗੀ ਹੀ ਮੇਰੀ ਮੁਕਤੀ ਹੈ।

ਜਹਾਂਗੀਰ ਹੈਰਾਨ ਸੀ ਕਹਿਣ ਲੱਗਾ, ਬਾਬਾ ਮੈਨੂੰ ਇੰਜ ਜਾਪਦਾ ਹੈ ਕਿ ਤੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਪਾਸ ਜਾਣਾ ਚਾਹੁੰਦਾ ਹੈਂ। ਬਾਬੇ ਨੇ ਪੁੱਛਿਆ ਕਿ ਤੂੰ ਸਤਿਗੁਰੂ ਨਹੀਂ। ਜਹਾਂਗੀਰ ਨੇ ਕਿਹਾ, ਨਹੀਂ ਮੈਂ ਬਾਦਸ਼ਾਹ ਹਾਂ। ਸਿੱਖ ਨੇ ਆਪਣਾ ਟਕਾ ਅਤੇ ਘਾਹ ਚੁੱਕ ਲਿਆ। ਜਹਾਂਗੀਰ ਨੇ ਕਿਹਾ, ਐ ਬਜ਼ੁਰਗ! ਤੈਨੂੰ ਪਤਾ ਹੈ ਬਾਦਸ਼ਾਹਾਂ ਦੇ ਅੱਗੇ ਕੁਝ ਰੱਖ ਕੇ ਇਸ ਤਰ੍ਹਾਂ ਚੁਕਣ ਦਾ ਕੀ ਨਤੀਜਾ ਹੋ ਸਕਦਾ ਹੈ। ਬਜ਼ੁਰਗ ਨੇ ਕਿਹਾ, ਵੱਧ ਤੋਂ ਵੱਧ ਮੌਤ, ਉਸ ਲਈ ਮੈਂ ਤਿਆਰ ਹਾਂ, ਇਹ ਪ੍ਰੇਮ ਭੇਟਾ ਹੈ ਇਹ ਗੁਰੂ ਅੱਗੇ ਹੀ ਰੱਖੀ ਜਾ ਸਕਦੀ ਹੈ, ਬਾਦਸ਼ਾਹ ਦੇ ਅੱਗੇ ਨਹੀਂ। ਬਾਦਸ਼ਾਹਾਂ ਨੂੰ ਸਿਰਫ਼ ਕਰ ਦਿੱਤਾ ਜਾ ਸਕਦਾ ਹੈ ਪਰ ਮੇਰੇ ਕੋਲ ਕੁਝ ਵੀ ਐਸਾ ਨਹੀਂ ਜਿਸ ਨੂੰ ਕਰ (ਟੈਕਸ) ਲੱਗ ਸਕੇ। ਇਹ ਭੇਟਾ ਗੁਰੂ ਦੀ ਹੈ, ਗੁਰੂ ਦੇ ਪਾਸ ਹੀ ਪੁੱਜੇਗੀ।

ਇਹ ਬਜ਼ੁਰਗ ਭੇਟਾ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਦੀ ਹਜ਼ੂਰੀ ਵਿਚ ਪੁੱਜਾ। ਡੰਡਉਤ ਬੰਦਨਾ ਕੀਤੀ, ਟਕਾ ਭੇਟ ਰੱਖਿਆ, ਘਾਹ ਸਤਿਗੁਰੂ ਦੇ ਘੋੜੇ ਨੂੰ ਪਾ ਦਿੱਤਾ। ਸਿੱਖ ਇਕ ਰਾਜੇ ਦੀਆਂ ਬਖ਼ਸ਼ਿਸ਼ਾਂ ਨੂੰ ਲੱਤ ਮਾਰ ਕੇ ਬੇਪ੍ਰਵਾਹੀ ਨਾਲ ਜਹਾਂਗੀਰ ਨੂੰ ਛੱਡ ਕੇ ਆ ਗਿਆ ਹੈ। ਸਤਿਗੁਰਾਂ ਦੀ ਖ਼ੁਸ਼ੀ ਲੈ ਕੇ ਕਿਤਨਾ ਅਨੰਦਤ ਹੈ। ਜਹਾਂਗੀਰ ਦੀ ਦੁਨੀਆ ਇਕ ਹੰਕਾਰ ਦੀ ਦੁਨੀਆ ਹੈ, ਸਤਿਗੁਰਾਂ ਦੀ ਦੁਨੀਆ ਇਕ ਪ੍ਰੇਮ ਦੀ ਦੁਨੀਆ ਹੈ। ਜਹਾਂਗੀਰ ਕਹਿ ਰਿਹਾ ਸੀ, ਬਾਬਾ ਮੈਂ ਤੈਨੂੰ ਨਿਆਸਰਾ ਤੇ ਲੋੜਵੰਦ ਸਮਝ ਕੇ ਜੋ ਕਹੋਂ ਗੁਜ਼ਾਰੇ ਲਈ ਦੇ ਦਿੰਦਾ ਹਾਂ ਪਰ ਸਤਿਗੁਰੂ ਕਹਿ ਰਹੇ ਹਨ ਤੂੰ ਮੇਰਾ ਆਪਣਾ ਹੈਂ, ਮੇਰਾ ਘਰ ਤੇਰਾ ਘਰ ਹੈ, ਤੂੰ ਮੇਰੇ ਪਾਸ ਹੀ ਰਹਿ ਜਾ, ਸਿੱਖ ਮੇਰੀ ਜਿੰਦ ਜਾਨ ਹਨ। ਪ੍ਰੇਮ ਵਿਚ ਅਪਣਤ ਹੈ, ਹੰਕਾਰ ਵਿਚ ਲੇਖਾ ਹੈ। ਪ੍ਰੇਮ ਇਸੇ

ਤਰ੍ਹਾਂ ਰੱਬ ਨੂੰ ਆਪਣਾ ਬਣਾ ਲੈਂਦਾ ਹੈ।

ਇਕ ਸਾਖੀ ਹੋਰ ਬੜੀ ਸੁੰਦਰ ਹੈ। ਗੁਰੂ ਗੋਬਿੰਦ ਸਿੰਘ ਜੀ ਇਕ ਦਿਨ ਸਰਸਾ ਨਦੀ ਪਾਰ ਕਰਨ ਲਈ ਇਕ ਮਲਾਹ ਦੀ ਬੇੜੀ ਵਿਚ ਬੈਠ ਗਏ। ਇਹ ਮਲਾਹ ਮੁਸਲਮਾਨ ਸੀ; ਇਸ ਦਾ ਨਾਂ ਸੀ ਸੈਦਾ। ਇਸ ਨੇ ਸਤਿਗੁਰਾਂ ਨੂੰ ਬੇੜੀ ਵਿਚ ਬਿਠਾ ਕੇ ਨਦੀ ਵਿਚ ਸੈਰ ਕਰਾਈ। ਜਦੋਂ ਪਾਰ ਲੱਗੇ ਤਾਂ ਸਤਿਗੁਰੂ ਉਸ ਨੂੰ ਪੈਸੇ ਦੇਣ ਲੱਗੇ ਤਾਂ ਉਸ ਨੇ ਇਨਕਾਰ ਕਰ ਦਿੱਤਾ ਅਤੇ ਇੰਨੇ ਪ੍ਰੇਮ ਨਾਲ ਭਰ ਗਿਆ ਕਿ ਗੱਦ-ਗੱਦ ਹੋ ਗਿਆ ਤੇ ਕਹਿਣ ਲੱਗਾ, ਪਾਤਸ਼ਾਹ ਜਦੋਂ ਮੈਂ ਤੁਹਾਡੇ ਘਾਟ ਤੇ ਆਵਾਂ ਮੈਨੂੰ ਪਾਰ ਕਰ ਦੇਣਾ, ਮੇਰਾ ਲੇਖਾ ਨਾ ਕਰਨਾ। ਇਸ ਪ੍ਰੇਮ ਨੇ ਕਿੰਨਾ ਲੰਮਾ ਫਾਸਲਾ ਮੁਕਾ ਦਿੱਤਾ। ਗੁਰੂ ਕਲਗੀਧਰ ਕਹਿਣ ਲੱਗੇ, ਸੈਦਿਆ! ਤੇਰੀਆਂ ਇਕੀ ਕੁਲਾਂ ਹੀ ਤੇਰੇ ਪ੍ਰੇਮ ਨੇ ਤਾਰ ਦਿੱਤੀਆਂ ਹਨ।

ਸੰਸਾਰ ਦੇ ਬਾਕੀ ਜਿੰਨੇ ਰਸ ਹਨ, ਇਹ ਮਨੁੱਖ ਨੂੰ ਸੰਸਾਰ ਤੋਂ ਅੱਗੇ ਨਹੀਂ ਲੈ ਜਾ ਸਕਦੇ ਸਿਰਫ ਪ੍ਰੇਮ ਰਸ ਹੀ ਐਸਾ ਰਸ ਹੈ ਕਿ ਜੋ ਐਸੀ ਖਿੱਚ ਪਾਉਂਦਾ ਹੈ ਕਿ ਇਸ ਦਾ ਖਿੱਚਿਆ ਮਨੁੱਖ ਪ੍ਰਮਾਤਮਾ ਤਕ ਪੁੱਜ ਜਾਂਦਾ ਹੈ। ਜਿਵੇਂ ਜ਼ਬਾਨ ਦੇ ਰਸ ਦਾ ਖਿੱਚਿਆ ਮਨੁੱਖ ਕਿਸੇ ਚੰਗੀ ਰਸੋਈ ਤਕ ਪੁੱਜ ਜਾਂਦਾ ਹੈ, ਜਿਵੇਂ ਅੱਖਾਂ ਦੇ ਰਸ ਦਾ ਖਿੱਚਿਆ ਮਨੁੱਖ ਕਿਸੇ ਥੀਏਟਰ ਵਿਚ ਜਾ ਪੁੱਜਦਾ ਹੈ, ਜਿਵੇਂ ਕੰਨ ਰਸ ਦਾ ਖਿੱਚਿਆ ਮਨੁੱਖ ਕਿਸੇ ਗਾਣੇ ਦੀ ਮਹਿਫ਼ਲ ਤਕ ਜਾ ਪੁੱਜਦਾ ਹੈ, ਜਿਵੇਂ ਕਾਮ ਰਸ ਦਾ ਖਿੱਚਿਆ ਮਨੁੱਖ ਇਜ਼ਤ ਬੇ-ਇਜ਼ਤੀ ਦਾ ਧਿਆਨ ਨਾ ਕਰਦਾ ਹੋਇਆ ਕਿਸੇ ਵੇਸ਼ਆਲੇ ਤਕ ਜਾ ਪੁੱਜਦਾ ਹੈ, ਇਸੇ ਤਰ੍ਹਾਂ ਪ੍ਰੇਮ ਰਸ ਦਾ ਖਿੱਚਿਆ ਹੋਇਆ ਸਿੱਖ ਜਗਤ ਦੀ ਪ੍ਰਵਾਹ ਨਾ ਕਰਦਾ ਹੋਇਆ ਪ੍ਰਮਾਤਮਾ ਤਕ ਪੁੱਜ ਜਾਂਦਾ ਹੈ। ਇਕੱਲੀ ਸ਼ਕਤੀ ਨਾਲ ਤਾਂ ਸੰਸਾਰਕ ਰਸ ਪ੍ਰਾਪਤ ਹੁੰਦੇ ਹਨ ਪਰ ਧਰਮ ਕਲਾ ਨਾਲ ਪ੍ਰੇਮ ਰਸ ਮਿਲਦਾ ਹੈ।

ਆਮ ਕਰਕੇ ਸਾਨੂੰ ਆਪ ਖਾਣ ਨਾਲ ਰਸ ਆਉਂਦਾ ਹੈ ਪਰ ਪ੍ਰੇਮ ਵਿਚ ਕਿਸੇ ਦੂਸਰੇ ਨੂੰ ਛਕਾਉਣ ਵਿਚ ਰਸ ਹੈ। ਸਾਨੂੰ ਆਪ ਚੰਗੇ ਬਸਤਰ ਪਹਿਨਣ ਵਿਚ ਰਸ ਹੈ ਪਰ ਪ੍ਰੇਮ ਵਿਚ ਕਿਸੇ ਦੂਸਰੇ ਦਾ ਪੜਦਾ ਕੱਜਣ ਵਿਚ ਰਸ ਹੁੰਦਾ ਹੈ। ਪ੍ਰੇਮ ਰਸ ਤੋਂ ਵਿਹੂਣਾ ਮਨੁੱਖ ਇਕ ਕਬਰ ਵਾਂਗੂੰ ਬੰਦ ਹੁੰਦਾ ਹੈ ਪਰ ਪ੍ਰੇਮ ਰਸ ਵਾਲਾ ਗੁਰਮੁਖ ਤਾਂ ਉਸ ਬਿਰਖ ਵਰਗਾ ਹੈ ਜੋ ਪਾਸ ਆਏ ਨੂੰ ਮਿੱਠੇ ਫਲ, ਸੁਗੰਧਤ ਫਲ ਅਤੇ ਠੰਢੀ ਛਾਂ ਦੇਵੇ। ਪ੍ਰੇਮ ਰਸ ਮਿਲਦਾ ਹੈ ਧਰਮ ਕਲਾ ਨਾਲ। ਹਰ ਮਨੁੱਖ ਪ੍ਰੇਮੀ ਹੋ ਸਕਦਾ ਹੈ ਪਰ ਜੇ ਟੇਕ ਹੋਵੇ ਧਰਮ ਕਲਾ।

❀ ❀ ❀

## ੫

# ਇਕੱਠ ਤੇ ਧਰਮ ਕਲਾ

ਪਾਪ ਕਰਨਾ ਹੋਵੇ ਤਾਂ ਵੀ ਮਨੁੱਖ ਦੇ ਪਾਸ ਸ਼ਕਤੀ ਚਾਹੀਦੀ ਹੈ। ਪੁੰਨ ਕਰਨਾ ਹੋਵੇ ਤਾਂ ਵੀ ਮਨੁੱਖ ਦੇ ਪਾਸ ਸ਼ਕਤੀ ਚਾਹੀਦੀ ਹੈ। ਸ਼ਕਤੀ ਬਿਨਾਂ ਕੁਝ ਵੀ ਨਹੀਂ ਹੋ ਸਕਦਾ ਨਾ ਸੇਵਾ, ਨਾ ਹੀ ਸਿਮਰਨ, ਨਾ ਜਪ ਨਾ ਤਪ, ਨਾ ਪੁੰਨ ਨਾ ਦਾਨ, ਨਾ ਚੋਰੀ ਨਾ ਵਿਭਚਾਰ। ਹਰ ਗੁਨਾਹ ਕਰਨ ਵਾਸਤੇ, ਹਰ ਪੁੰਨ ਕਰਨ ਵਾਸਤੇ ਸ਼ਕਤੀ ਚਾਹੀਦੀ ਹੈ। ਤਨ ਦੀ ਸ਼ਕਤੀ ਚਾਹੀਦੀ ਹੈ, ਮਾਇਆ ਦੀ ਸ਼ਕਤੀ ਚਾਹੀਦੀ ਹੈ, ਦਿਮਾਗ਼ੀ ਸ਼ਕਤੀ ਚਾਹੀਦੀ ਹੈ।

ਜਿਨ੍ਹਾਂ ਬੰਦਿਆਂ ਦੇ ਪਾਸ ਸ਼ਕਤੀ ਸੀ ਪਰ ਧਰਮ ਦੀ ਸ਼ਕਤੀ ਨਹੀਂ ਸੀ, ਭਾਵ ਸ਼ਕਤੀ ਵਿਚ ਧਰਮ ਨਹੀਂ ਸੀ; ਧਰਮ ਬਿਨਾਂ ਸ਼ਕਤੀ ਅੰਨ੍ਹੀ ਹੈ ਅਤੇ ਹਨੇਰੇ ਵਿਚ ਵਿਚਰਨ ਵਾਲੀ ਸ਼ਕਤੀ ਨੇ ਸੰਸਾਰ ਦਾ ਨੁਕਸਾਨ ਹੀ ਕੀਤਾ ਹੈ। ਧਰਮ ਸ਼ਕਤੀ ਨੂੰ ਅੱਖਾਂ ਪ੍ਰਦਾਨ ਕਰਦਾ ਹੈ। ਇਕ ਬੰਦੇ ਦੀ ਸ਼ਕਤੀ ਛੋਟੀ ਹੈ, ਦੋਹਾਂ ਬੰਦਿਆਂ ਦੀ ਜਦੋਂ ਸ਼ਕਤੀ ਰਲ ਗਈ ਤਾਂ ਫਿਰ ਸ਼ਕਤੀ ਵੱਡੀ ਹੋ ਗਈ, ਜਦੋਂ ਹਜ਼ਾਰਾਂ ਰਲ ਗਏ ਤਾਂ ਹੋਰ ਵੱਡੀ ਸ਼ਕਤੀ ਹੋ ਗਈ। ਇਸੇ ਲਈ ਜਿਨ੍ਹਾਂ ਬੰਦਿਆਂ ਦੇ ਪਿੱਛੇ ਬਹੁਤ ਲੋਕ ਚੱਲ ਪਏ ਜੇਕਰ ਆਗੂ ਪਾਸ ਧਰਮ ਸੀ ਤਾਂ ਉਸ ਇਕੱਠ ਨੇ ਬੜੇ ਸ਼ੁਭ ਕੰਮ ਕਰ ਲਏ। ਪਰ ਜੇਕਰ ਇਕੱਠ ਦੇ ਆਗੂ ਪਾਸ ਧਰਮ ਨਹੀਂ ਸੀ ਤਾਂ ਐਸੇ ਇਕੱਠਾਂ ਨੇ ਬਹੁਤ ਬੁਰੇ ਬੁਰੇ ਕੰਮ ਕੀਤੇ ਹਨ। ਇਕੱਲਾ ਬੰਦਾ ਉੱਨਾ ਕੰਮ ਨਹੀਂ ਕਰ ਸਕਦਾ, ਜਿੰਨਾ ਇਹ ਇਕੱਠ ਵਿਚ ਕਰ ਜਾਂਦਾ ਹੈ। ਜਦੋਂ ਬੁਰੇ ਬੰਦਿਆਂ ਦਾ ਇਕੱਠ ਹੋ ਗਿਆ, ਸ਼ਕਤੀ ਵੱਡੀ ਹੋ ਗਈ ਫਿਰ ਤਾਂ ਸੰਸਾਰ ਵਿਚ ਤਬਾਹੀ ਮੱਚ ਗਈ।

ਚੰਗੇਜ਼ ਖ਼ਾਂ ਦੇ ਜ਼ੁਲਮ ਯਾਦ ਕਰ ਕੇ ਅੱਜ ਵੀ ਮਨੁੱਖ ਦਾ ਦਿਲ ਕੰਬ ਜਾਂਦਾ ਹੈ। ਕਾਨੂੰਨੇ ਯਾਸਾ ਏਸੇ ਦੀ ਈਜਾਦ ਸੀ ਕਿ ਵਿਰੋਧੀਆਂ ਨੂੰ ਕਿਵੇਂ ਨਵੇਂ ਨਵੇਂ ਤਰੀਕਿਆਂ ਨਾਲ ਤਸੀਹੇ ਦੇ ਕੇ ਮਾਰਨਾ ਹੈ। ਇਸ ਦਾ ਖ਼ਿਆਲ ਸੀ ਰਾਜਿਆਂ ਦੀਆਂ ਫ਼ੌਜਾਂ ਨੂੰ ਅੱਗੇ ਨਿਸ਼ਾਨ ਲੈ ਕੇ ਚਲਣ ਦੀ ਬਜਾਏ ਨੇਜ਼ਿਆਂ ਤੇ ਵਿਰੋਧੀਆਂ ਦੇ ਸਿਰ ਟੰਗ ਕੇ ਚਲਣਾ ਚਾਹੀਦਾ ਹੈ। ਇਸ ਦੇ ਨੇਜ਼ੇਬਾਜ਼ਾਂ ਦੇ ਨੇਜ਼ੇ ਕਦੀ ਖਾਲੀ ਨਹੀਂ ਸਨ ਰਹੇ, ਉਨ੍ਹਾਂ ਉੱਤੇ ਮਨੁੱਖਾਂ ਦੇ ਸਿਰ ਟੰਗੇ ਹੀ ਰਹਿੰਦੇ ਸਨ ਅਤੇ ਇਸ ਗੱਲ ਨੂੰ ਇਹ ਆਪਣੀ ਬਾਦਸ਼ਾਹੀ ਦੀ ਸ਼ਾਨ ਸਮਝਦਾ ਸੀ। ਮੰਗੋਲਵੰਸ਼ੀ ਯੇਸੂਕੀ ਖਾਨ ਦਾ ਇਹ ਪੁੱਤਰ ਸੀ,

ਇਸ ਦਾ ਜਨਮ ਸੰਨ ੧੧੫੪ ਵਿਚ ਅਤੇ ਦਿਹਾਂਤ ੧੨੨੭ ਵਿਚ ਹੋਇਆ ਸੀ। ਇਹ ਤਾਤਾਰ ਦਾ ਬਾਦਸ਼ਾਹ ਸੀ, ਇਸ ਦੀ ਰਾਜਧਾਨੀ ਕਰਾਕੁਰਮ ਸੀ।

ਤੈਮੂਰ ਨਾਲ ਬਹੁਤ ਵੱਡਾ ਇਕੱਠ ਤੁਰ ਪਿਆ। ਤੈਮੂਰ ਮੁਗਲ ਵੰਸ਼, ਸਮਰਕੰਦ ਦਾ ਬਾਦਸ਼ਾਹ ਹੋਇਆ ਹੈ। ਇਸ ਦਾ ਜਨਮ ਸੰਨ ੧੩੩੬ ਨੂੰ ਹੋਇਆ ਸੀ। ਇਸ ਨੇ ਦਸੰਬਰ ਸੰਨ ੧੩੯੮ ਵਿਚ ਦਿੱਲੀ ਜਿੱਤੀ, ਇਕ ਲੱਖ ਉਹ ਨਿਹੱਥੇ ਬੰਦੇ ਕਤਲ ਕਰ ਦਿੱਤੇ ਜੋ ਭੇਡਾਂ ਬਕਰੀਆਂ ਵਾਂਗ ਸਿਰ ਝੁਕਾ ਕੇ ਖੜ੍ਹੇ ਸਨ।

ਸਿਕੰਦਰ ਕਈ ਹੋਏ ਹਨ ਪਰ ਇਕ ਯੂਨਾਨ ਦਾ ਸਿਕੰਦਰ ਬਾਦਸ਼ਾਹ ਅਤੇ ਇਕ ਲੋਧੀ ਖਾਨਦਾਨ ਵਿਚੋਂ ਹੋਇਆ। ਪਹਿਲੇ ਸਿਕੰਦਰ ਬਾਦਸ਼ਾਹ ਨੇ ਵੀ ਦੁਨੀਆ ਜਿੱਤਣ ਦੇ ਸ਼ੌਕ ਵਿਚ ਅਨੇਕਾਂ ਬੰਦਿਆਂ ਦਾ ਖੂਨ ਵਹਾਇਆ। ਦੂਸਰਾ ਸਿਕੰਦਰ ਲੋਧੀ ਸੀ, ਉਸ ਦੇ ਇਕੱਠ ਨੇ ਵੀ ਜੋ ਜ਼ੁਲਮ ਕੀਤੇ ਉਹ ਅਕਹਿ ਅਤੇ ਅਸਹਿ ਸਨ।

ਬਾਬਰ ਬਾਦਸ਼ਾਹ ਦੇ ਜ਼ੁਲਮਾਂ ਦਾ ਜ਼ਿਕਰ ਗੁਰੂ ਨਾਨਕ ਦੇਵ ਜੀ ਨੇ ਬਾਬਰ ਬਾਣੀ ਦੇ ਸ਼ਬਦਾਂ ਵਿਚ ਕੀਤਾ ਹੈ। ਜ਼ਹੀਰੁੱਦੀਨ ਮੁਹੰਮਦ ਬਾਬਰ ਜਿਸ ਦਾ ਦਾਦਕਾ ਪਰਿਵਾਰ ਤੈਮੂਰ ਨਾਲ ਸੰਬੰਧ ਰੱਖਦਾ ਸੀ ਅਤੇ ਨਾਨਕਾ ਪਰਿਵਾਰ ਚੰਗੇਜ਼ ਖਾਂ ਨਾਲ, ਇਸ ਦਾ ਇਕੱਠ ਵੀ ਏਨਾ ਜ਼ਾਲਮ ਸੀ ਕਿ ਉਨ੍ਹਾਂ ਜ਼ਾਲਮਾਂ ਨੂੰ ਅੱਜ ਵੀ ਯਾਦ ਕਰੀਏ ਤਾਂ ਮਨੁੱਖੀ ਹਿਰਦਾ ਕੰਬ ਜਾਂਦਾ ਹੈ। ਬਾਬਰ ਦਾ ਜਨਮ ੧੫ ਫਰਵਰੀ ਸੰਨ ੧੪੮੩ ਨੂੰ ਹੋਇਆ ਸੀ ਅਤੇ ਦਿਹਾਂਤ ੨੬ ਦਸੰਬਰ ਸੰਨ ੧੫੩੦ ਨੂੰ ਆਗਰੇ ਵਿਚ ਹੋਇਆ ਸੀ। ਇਸ ਦਾ ਮੇਲ ਗੁਰੂ ਨਾਨਕ ਦੇਵ ਜੀ ਨਾਲ ਸੰਮਤ ੧੫੭੮ ਵਿਚ ਸੈਦਪੁਰ ਵਿਚ ਹੋਇਆ ਸੀ। ਬਾਬਰ ਨੂੰ ਸ਼ਰਾਬ ਪੀਣ ਦੀ ਆਦਤ ਸੀ ਤੇ ਦੁਨੀਆ ਦੀ ਐਸ਼ੋ ਇਸ਼ਰਤ ਨੂੰ ਹੀ ਇਹ ਸਭ ਕੁਝ ਸਮਝਦਾ ਸੀ। ਇਸਲਾਮ ਦੇ ਸਿਧਾਂਤ ਤਾਂ ਇਹ ਸਨ ਕਿ ਪੁਨਰ ਜਨਮ ਨਹੀਂ ਇਕੋ ਹੀ ਜਨਮ ਹੈ, ਇਸ ਲਈ ਜਿੰਨਾ ਵੀ ਹੋ ਸਕੇ ਬੰਦਾ ਰਸੂਲ ਦੇ ਮੱਤ ਅਨੁਸਾਰ ਇਮਾਨਦਾਰ ਹੋਵੇ, ਖ਼ੁਦਾ-ਰਸੀਦਾ ਹੋਵੇ, ਪਰ ਬਾਬਰ ਵਰਗੇ ਬੰਦੇ ਇਨ੍ਹਾਂ ਧਾਰਮਕ ਬਚਨਾਂ ਦੇ ਅਰਥ ਆਪਣੀ ਮਰਜ਼ੀ ਅਨੁਸਾਰ ਹੀ ਕਰਦੇ ਹਨ। ਉਸ ਨੇ ਕਿਹਾ ਕਿ ਫਿਰ ਦੁਨੀਆ ਤੇ ਨਹੀਂ ਆਉਣਾ ਇਸ ਲਈ–

*ਬਾਬਰ ਬਾ ਐਸ਼ ਕੋਸ਼ ਕਿ ਆਲਮ ਦੁਬਾਰਾ ਨੇਸਤ*

ਜਿਸ ਦਾ ਭਾਵ ਸੀ ਕਿ ਹੇ ਬਾਬਰ! ਐਸ਼ ਕਰ ਸੰਸਾਰ ਵਿਚ ਦੁਬਾਰਾ ਨਹੀਂ ਆਉਣਾ।

ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਬਾਬਰ ਜੇਕਰ ਤੇਰਾ ਤੇਰੇ ਇਮਾਨ ਅਨੁਸਾਰ ਇਹ ਵਿਸ਼ਵਾਸ ਹੈ ਕਿ 'ਆਲਮ ਦੁਬਾਰਾ ਨੇਸਤ' ਫਿਰ ਮੈਂ ਚਾਹੁੰਦਾ ਹਾਂ ਤੇਰੇ ਜੀਵਨ ਦਾ ਇਹ ਢੰਗ ਨਾ ਹੋਵੇ ਕਿ 'ਬਾਬਰ ਬਾ ਐਸ਼ ਕੋਸ਼' ਇਸ ਦੀ ਬਜਾਏ ਬਾਬਰ ਬਾ ਹੋਸ਼ ਬਾਸ਼ ਕਿ ਆਲਮ ਦੁਬਾਰਾ ਨੇਸਤ।

ਜਦੋਂ ਸੰਸਾਰ ਵਿਚ ਇਕ ਹੀ ਜਨਮ ਹੈ ਤਾਂ ਫਿਰ ਸ਼ਰਾਬ ਦੀ ਮਦਹੋਸ਼ੀ ਵਿਚ ਨਹੀਂ ਤੂੰ ਹੋਸ਼ ਹਵਾਸ ਨਾਲ ਜੀ। ਇੰਨੀ ਸ਼ਕਤੀ ਇਕੱਠੀ ਹੋਈ ਹੋਵੇ ਤੇ ਸ਼ਕਤੀ ਦਾ ਮਾਲਕ ਸ਼ਰਾਬ ਨਾਲ ਹੋਸ਼ ਹੀ ਗਵਾ ਬੈਠੇ, ਫਿਰ ਸੰਸਾਰ ਨੂੰ ਇਨਸਾਫ਼ ਕਿਵੇਂ ਮਿਲੇਗਾ।

ਸ਼ਕਤੀ ਦਾ ਮਾਲਕ ਸੁੱਤਾ ਹੈ ਤਾਂ ਉਸ ਦੇ ਆਲੇ-ਦੁਆਲੇ ਰਹਿਣ ਵਾਲੇ ਇਕੱਠ ਕੋਲੋਂ ਭਲੇ ਦੀ ਆਸ ਨਹੀਂ ਹੋ ਸਕਦੀ। ਸ਼ਕਤੀ ਪਾ ਕੇ ਬੇਹੋਸ਼ ਹੋ ਜਾਣਾ, ਇਸ ਤੋਂ ਵੱਡਾ ਹੋਰ ਪਾਪ ਕੋਈ ਨਹੀਂ।

ਬਾਬਰ ਸ਼ਰਾਬੀ ਸੀ, ਉਸ ਨੇ ਗੁਰੂ ਨਾਨਕ ਦੇਵ ਜੀ ਅੱਗੇ ਵੀ ਸ਼ਰਾਬ ਦਾ ਪਿਆਲਾ ਰੱਖ ਦਿੱਤਾ। ਸਤਿਗੁਰਾਂ ਨੇ ਜੋ ਉੱਤਰ ਦਿੱਤਾ ਇਕ ਉਰਦੂ ਦੇ ਅਦੀਬ ਬੜਾ ਸੁੰਦਰ ਲਿਖਦੇ ਹਨ–

*ਥਾ ਯਹੀ ਆਲਮ ਕਿ ਨਾਨਕ ਦੇਵ ਨੇ ਯੇ ਕਹਿ ਦੀਆ।*
*ਇਸ ਕਾ ਪੀਨਾ ਭੀ ਖਤਾ ਇਸ ਕਾ ਪਿਲਾਨਾ ਭੀ ਖਤਾ।*
*ਯੇ ਪਰੀ ਸ਼ੀਸ਼ੇ ਮੇ ਜ਼ਹਿਰੀ ਨਾਗ ਸੇ ਕੁਛ ਕਮ ਨਹੀਂ।*
*ਸ਼ਕਲ ਪਾਣੀ ਕੀ ਹੈ ਲੇਕਿਨ ਆਗ ਸੇ ਕੁਛ ਕਮ ਨਹੀਂ।*
*ਤੂ ਜੋ ਪੀ ਲੇਤਾ ਹੈ ਇਸ ਸੇ ਪਿਆਸ ਮਰ ਸਕਤੀ ਨਹੀਂ।*
*ਮੈਨੇ ਜੋ ਪੀ ਹੈ ਕਿਆਮਤ ਤਕ ਉਤਰ ਸਕਤੀ ਨਹੀਂ।*
*ਪਾਰਸਾ ਬਨ ਜਾ ਯਹੀ ਤਲਕੀਨ ਦਰਵੇਸ਼ੀ ਕੀ ਹੈ।*
*ਜਾਮੇ ਮੈ ਕੀ ਪੇਸ਼ਕਸ਼, ਤੌਹੀਨ ਦਰਵੇਸ਼ੀ ਕੀ ਹੈ।*

ਇਕ ਹੋਰ ਅਦੀਬ ਕਹਿੰਦੇ ਹਨ :

*ਜਿਸ ਕੋ ਸ਼ਰਾਬ ਭਾਈ ਉਸ ਕੀ ਕਜ਼ਾ ਹੈ ਆਈ,*
*ਮੂੰਹ ਕੀ ਖਾਤੇ ਹੈਂ ਇਸ ਕੋ ਮੂੰਹ ਲਗਾਨੇ ਵਾਲੇ।*

ਗੁਰਵਾਕ ਹੈ :

*ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥*
*ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥*
*ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥*
*ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥*
*ਝੂਠਾ ਮਦੁ ਮੂਲਿ ਨ ਪੀਚਈ ਜੇਕਾ ਪਾਰਿ ਵਸਾਇ॥*

—ਬਿਹਾਗੜਾ ਵਾਰ, ਪੰਨਾ ੫੫੪

ਬਾਬਰ ਵਰਗਾ ਬੰਦਾ ਜਿਸ ਦੇ ਪਾਸ ਇੰਨੀ ਸ਼ਕਤੀ ਇਕੱਠੀ ਹੋ ਗਈ ਹੈ, ਕਿਤੇ ਸ਼ੁੱਭ ਕਰਮਾਂ ਵੱਲ ਚੰਗੇ ਪਾਸੇ ਲੱਗ ਜਾਏ। ਐਸੇ ਬੰਦਿਆਂ ਦੇ ਮਨ ਵਿਚ ਇਹ ਲਾਲਸਾ ਹੈ ਕਿ ਮੈਂ ਜਗਤ ਨੂੰ ਜਿੱਤ ਲਵਾਂ, ਕਿਤੇ ਜਗਤ ਜਿੱਤਣ ਦੀ ਬਜਾਏ ਇਨ੍ਹਾਂ ਦੇ ਮਨ ਵਿਚ ਇਹ ਖ਼ਿਆਲ ਉਤਪੰਨ ਹੋ ਜਾਵੇ ਕਿ ਮੈਂ ਜਗਤ ਨੂੰ ਸੰਵਾਰ ਦੇਵਾਂ ਤਾਂ ਸੰਸਾਰ ਦਾ ਬਹੁਤ ਕੁਝ ਸੰਵਰ ਜਾਵੇ। ਜੀਵਨ ਵਿਚ ਧਰਮ ਦੀ ਮਸਤੀ ਹੋਵੇ ਤਾਂ ਐਸਾ ਇਕੱਠ ਬੜੇ ਚੰਗੇ ਭਾਗਾਂ ਵਾਲਾ ਹੈ। ਐਸੇ ਇਕੱਠ ਵਿਚ ਰੱਬ ਯਾਦ ਆਉਂਦਾ ਹੈ। ਐਸੇ ਇਕੱਠ ਵਿਚ ਬੈਠਿਆਂ ਬੰਦਗੀ ਹੋ ਜਾਂਦੀ ਹੈ।

ਜਿਸ ਇਕੱਠ ਦਾ ਕੇਂਦਰ ਨਾਮ ਦੀ ਮਸਤੀ ਹੈ, ਐਸੇ ਇਕੱਠ ਵਿਚ ਬੰਦਾ ਰੱਬ ਦਾ ਰੂਪ ਹੋ ਜਾਂਦਾ ਹੈ, ਪਰ ਜਿਥੇ ਇਕੱਠ ਦਾ ਕੇਂਦਰ ਸ਼ਰਾਬ ਦੀ ਮਸਤੀ ਹੈ ਐਸੇ ਇਕੱਠ ਵਿਚ ਜਾਣ ਵਾਲਾ, ਬੰਦੇ ਤੋਂ ਸ਼ੈਤਾਨ ਬਣ ਜਾਂਦਾ ਹੈ।

ਭਾਈ ਨੰਦ ਲਾਲ ਜੋ ਗੁਰੂ ਕਲਗੀਧਰ ਦੇ ਸ਼੍ਰੋਮਣੀ ਕਵੀ ਸਨ ਉਹ ਲਿਖਦੇ ਹਨ–

*ਆ ਹਜ਼ੂਮੇ ਖੁਸ਼ ਕਿ ਬਹਰਿ ਜ਼ਿੰਦਗੀਸਤ॥*
*ਆ ਹਜ਼ੂਮੇ ਖੁਸ਼ ਕਿ ਬਹਰਿ ਬੰਦਗੀਸਤ॥*

ਉਹ ਇਕੱਠ ਚੰਗਾ ਹੈ ਜਿਸ ਤੋਂ ਚੰਗਾ ਜੀਵਨ ਮਿਲਦਾ ਹੈ। ਉਹ ਇਕੱਠ ਬਿਹਤਰ ਹੈ ਜੋ ਬੰਦਗੀ ਵਾਸਤੇ ਹੈ।

ਭਾਈ ਸਾਹਿਬ ਜੀ ਕਹਿੰਦੇ ਹਨ ਜੇਕਰ ਤੈਨੂੰ ਐਸੇ ਨੇਕ ਬੰਦਿਆਂ ਦੀ ਸੁਹਬਤ ਪ੍ਰਾਪਤ ਹੋ ਜਾਵੇ ਤਾਂ ਤੈਨੂੰ ਅਬਿਨਾਸੀ ਨਾਮ ਧਨ ਦੀ ਪ੍ਰਾਪਤੀ ਹੋ ਜਾਵੇ, ਸਤਸੰਗਤ ਦੀ ਛੋਹ ਪ੍ਰਾਪਤ ਕਰਨ ਵਾਲਿਆਂ ਨੂੰ ਮੈਂ ਧੂੜ ਦੇ ਕਿਣਕੇ ਤੋਂ ਸੂਰਜ ਵਾਂਗ ਚਮਕਦਿਆਂ ਵੇਖਿਆ ਹੈ।

*ਸੁਹਬਤੇ ਨੇਕਾਂ ਅਗਰ ਬਾਸ਼ਦ ਨਸੀਬ॥*
*ਦੌਲਤੇ ਜਾਵੇਦ ਯਾਬੀ ਹੈ ਹਬੀਬ॥*
*ਜ਼ਰਰਾ-ਰਾ-ਦੀਦਮ ਕਿ ਖੁਰਸ਼ੀਦੇ ਜਹਾਂ॥*
*ਸ਼ੁਦ ਜ਼ਿ ਫੈਜ਼ੇ ਸੁਹਬਤੇ ਸਾਹਿਬ ਦਿਲਾਂ॥*

ਸਾਹਿਬ ਦਿਲ ਉਹ ਹਨ ਜੋ ਦਿਲ ਦੇ ਮਾਲਕ ਹਨ, ਦਿਲ ਦੇ ਗ਼ੁਲਾਮ ਨਹੀਂ। ਧਰਮ ਕਲਾ ਤੋਂ ਵਿਹੂਣਾ ਮਨੁੱਖ ਮਨ ਦਾ ਗ਼ੁਲਾਮ ਹੋਵੇਗਾ, ਮਨ ਦੇ ਗ਼ੁਲਾਮ ਬੰਦੇ ਪਾਸੋਂ ਸੰਸਾਰ ਦੇ ਭਲੇ ਦੀ ਆਸ ਨਹੀਂ ਹੋ ਸਕਦੀ। ਜਿਥੇ ਬੁਰੀਆਂ ਆਦਤਾਂ ਵਾਲੇ ਮਨ ਦੇ ਗ਼ੁਲਾਮ ਬੰਦਿਆਂ ਦਾ ਇਕੱਠ ਹੋਵੇਗਾ, ਉਥੇ ਤਾਂ ਚੰਗਾ ਬੰਦਾ ਵੀ ਚਲਾ ਜਾਏ ਤਾਂ ਉਹ ਵਿਗੜ ਜਾਂਦਾ ਹੈ।

ਸਿੱਖ ਇਤਿਹਾਸ ਵਿਚ ਇਕ ਪ੍ਰਸਿੱਧ ਵਿਅਕਤੀ ਹੋਏ ਹਨ, ਭਾਈ ਬਿਧੀ ਚੰਦ ਜੀ। ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਇਨ੍ਹਾਂ ਨੂੰ ਸਿੱਖੀ ਪ੍ਰਾਪਤ ਹੋਈ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਿਕਟਵਰਤੀ ਸੇਵਕਾਂ ਵਿਚੋਂ ਇਹ ਇਕ ਸਨ ਜਿਹੜੇ ਕਿ ਹਰ ਵੇਲੇ ਸਤਿਗੁਰਾਂ ਵਾਸਤੇ ਸਿਰ ਤਲੀ ਤੇ ਰੱਖੀ ਫਿਰਦੇ ਸਨ। ਭਾਈ ਬਿਧੀ ਚੰਦ ਜੀ ਬਚਪਨ ਵਿਚ ਬੜੇ ਹੀ ਨੇਕ ਸੁਭਾਅ ਦੇ ਗੁਰਮੁਖ ਸਨ। ਬਾਣੀ ਦਾ ਪਾਠ ਕਰਨਾ ਇਨ੍ਹਾਂ ਦਾ ਨਿਤ ਕਰਮ ਸੀ, ਗੁਰਦਵਾਰੇ ਜਾਣਾ ਸੰਗਤਾਂ ਦੀ ਸੇਵਾ ਕਰਨੀ। ਨੇਕ ਗੁਰਮੁਖਾਂ ਦਾ ਖ਼ਿਆਲ ਸੀ ਕਿ ਕਿੰਨੇ ਚੰਗੇ ਭਾਗਾਂ ਵਾਲਾ ਹੈ ਇਹ ਬੱਚਾ ਜਿਸ ਨੂੰ ਬਚਪਨ ਵਿਚ ਹੀ ਇੰਨੀ ਚੰਗੀ ਸਿੱਖੀ ਦੀ ਲਗਨ ਹੈ। ਸਭ ਨੂੰ ਉਮੀਦ ਸੀ ਕਿ ਇਹ ਗੁਰਮਤਿ ਦਾ ਸੁੰਦਰ ਬੂਟਾ ਪਤਾ ਨਹੀਂ ਸਿੱਖੀ ਦੇ ਆਪਣੇ ਵਰਗੇ ਕਿੰਨੇ ਕੁ ਫਲ ਸੰਸਾਰ ਨੂੰ ਦੇਵੇਗਾ, ਪਰ ਅਚਾਨਕ ਹੀ ਜੀਵਨ ਵਿਚ ਪਲਟਾ ਆ ਗਿਆ। ਆਪਣੇ ਪਿੰਡ ਸੁਰ ਸਿੰਘ ਤੋਂ ਸਿਰਹਾਲੀ ਆ ਗਏ, ਇਹ ਨਾਨਕਾ ਪਿੰਡ ਸੀ। ਇਥੇ ਕੁਸੰਗ

ਮਿਲ ਗਿਆ, ਕੁਸੰਗ ਦਾ ਇੰਨੀ ਛੇਤੀ ਅਸਰ ਹੋਇਆ ਕਿ ਬਹੁਤ ਵੱਡੇ ਚੋਰ ਬਣ ਗਏ।

ਪਹਿਲਾਂ ਬਿਧੀ ਚੰਦ ਗੁਰਮੁਖ ਸੀ ਫਿਰ ਚੋਰ ਬਣ ਗਏ। ਜੀਵਨ ਦੀ ਇਕ ਖ਼ਾਸ ਗੱਲ ਹੈ ਜੋ ਹਰ ਮਨੁੱਖ ਨੂੰ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਜਿਵੇਂ ਪੱਥਰ-ਘਾੜਾ ਇਕ ਪੱਥਰ ਨੂੰ ਘੜ ਕੇ ਭਾਵੇਂ ਰਾਮ ਬਣਾ ਦੇਵੇ ਭਾਵੇਂ ਰਾਵਣ, ਭਾਵੇਂ ਕੰਸ ਬਣਾ ਦੇਵੇ, ਭਾਵੇਂ ਕ੍ਰਿਸ਼ਨ ਪਰ ਜਦੋਂ ਪੱਥਰ ਇਕ ਵਾਰ ਘੜਿਆ ਗਿਆ ਫਿਰ ਉਸ ਦੀ ਤਬਦੀਲੀ ਨਹੀਂ ਹੋ ਸਕਦੀ। ਪਰ ਮਨੁੱਖਾ ਜੀਵਨ ਤਾਂ ਐਸੀ ਬੁਝਾਰਤ ਹੈ ਕਿ ਜ਼ਿੰਦਗੀ ਵਿਚ ਕਈ ਵਾਰੀ ਰਾਮ ਬਣਿਆ ਹੈ ਕਈ ਵਾਰੀ ਰਾਵਣ। ਪਹਿਲਾਂ ਬਿਧੀ ਚੰਦ ਭਲਾ, ਫਿਰ ਚੋਰ, ਫਿਰ ਸੰਤ। ਕਈ ਵਾਰ ਇਹ ਆਖਰੀ ਜ਼ੀਨੇ ਤੇ ਚੜ੍ਹ ਕੇ ਫਿਰ ਡਿੱਗ ਪੈਂਦਾ ਹੈ।

ਇਕ ਬੜੀ ਸੁੰਦਰ ਗਾਥਾ ਹੈ ਕਿ ਇਕ ਸ਼ਰਾਬੀ ਨੂੰ ਇਕ ਸੰਤ ਨੇ ਕਹਿ ਦਿੱਤਾ ਕਿ ਹੇ ਸ਼ਰਾਬੀ! ਜ਼ਰਾ ਸੰਭਲ ਕੇ ਚੱਲ, ਤੂੰ ਡਿੱਗ ਨਾ ਪਵੇਂ। ਸ਼ਰਾਬੀ ਨੇ ਉੱਤਰ ਦਿੱਤਾ, ਤੂੰ ਵੀ ਸੰਭਲ ਕੇ ਚੱਲ, ਤੇਰੇ ਡਿੱਗਣ ਦਾ ਵੀ ਖਤਰਾ ਹੈ। ਮੇਰੇ ਡਿੱਗਣ ਦਾ ਕਾਰਨ ਸ਼ਰਾਬ ਹੋ ਸਕਦੀ ਹੈ ਪਰ ਤੇਰੇ ਡਿੱਗਣ ਦਾ ਕਾਰਨ ਤੇਰੇ ਕੀਤੇ ਜਪ ਤਪ ਦਾ ਹੰਕਾਰ ਹੋ ਸਕਦਾ ਹੈ। ਮੈਂ ਤਾਂ ਰੋਜ਼ ਡਿੱਗਦਾ ਹਾਂ, ਮੈਂ ਡਿੱਗ ਪਿਆ ਤਾਂ ਮੇਰਾ ਵਿਗੜਨਾ ਕੁਝ ਨਹੀਂ ਪਰ ਸੰਤ ਜੀ ਤੁਸੀਂ ਡਿੱਗ ਪਏ ਤਾਂ ਤੁਹਾਡਾ ਰਹਿਣਾ ਕੁਝ ਨਹੀਂ। ਇਸ ਦਾ ਭਾਵ ਹੈ ਕਿ ਇਸ ਸੰਸਾਰ ਵਿਚ ਸ਼ਰਾਬੀ ਹੀ ਨਹੀਂ ਡਿੱਗਦੇ, ਸੰਤ ਵੀ ਡਿੱਗਦੇ ਹਨ।

ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਇਹ ਬਚਨ ਬੜਾ ਮਹੱਤਵਪੂਰਨ ਹੈ–

*ਸਾਧੋ ਮਨ ਕਾ ਮਾਨੁ ਤਿਆਗਉ॥*

–ਗਉੜੀ ਮ: ੯, ਪੰਨਾ ੨੧੯

ਸਵਰਿਆ ਹੋਇਆ ਇਕੱਠ ਬੰਦੇ ਨੂੰ ਥੰਮ੍ਹ ਲੈਂਦਾ ਹੈ, ਡਿੱਗਦੇ ਡੋਲਦੇ ਨੂੰ ਸਹਾਰਾ ਦਿੰਦਾ ਹੈ ਪਰ ਵਿਗੜਿਆ ਹੋਇਆ ਇਕੱਠ ਤਾਂ ਟਿਕੇ ਹੋਏ ਬੰਦਿਆਂ ਦਾ ਵੀ ਆਸਣ ਹਿਲਾ ਕੇ ਰੱਖ ਦਿੰਦਾ ਹੈ। ਤੂੰ ਐਸੇ ਇਕੱਠ ਵਿਚ ਜਾ ਜਿਥੇ ਜਾ ਕੇ ਮਨ ਸ਼ਾਂਤ ਹੋ ਜਾਵੇ ਅਤੇ ਤੇਰੀ ਈਰਖਾ ਵੈਰ ਭਾਵ ਮੁਕ ਜਾਣ, ਤੇਰੇ ਮਨ ਵਿਚ ਐਸੇ ਖ਼ਿਆਲ ਆਉਣ ਲੱਗ ਪੈਣ ਕਿ ਜਿਨ੍ਹਾਂ ਨਾਲ ਮੈਂ ਵੈਰ ਪਾਇਆ ਹੈ, ਉਨ੍ਹਾਂ ਨੂੰ ਬਾਹੋਂ ਫੜ ਕੇ ਆਪਣੇ ਬਣਾ ਲਵਾਂ, ਜਿਨ੍ਹਾਂ ਨਾਲ ਵਧੀਕੀ ਕੀਤੀ ਹੈ ਉਨ੍ਹਾਂ ਪਾਸੋਂ ਖਿਮਾ ਮੰਗ ਲਵਾਂ। ਜਿਨ੍ਹਾਂ ਦਾ ਕਰਜ਼ਾ ਦੇਣਾ ਹੈ ਵਾਪਸ ਮੋੜ ਦੇਵਾਂ। ਆਪਣੇ ਅਵਗੁਣ ਧੋਣ ਦਾ ਖ਼ਿਆਲ ਆ ਜਾਵੇ। ਸਮਝ ਲੈ ਇਹ ਇਕੱਠ ਸਰੋਵਰ ਹੈ ਜਿਥੇ ਆ ਕੇ ਤੇਰੇ ਸਾਰੇ ਹੀ ਪਾਪ ਧੋਤੇ ਜਾਣਗੇ। ਪਰ ਜਿਸ ਇਕੱਠ ਵਿਚ ਜਾ ਕੇ ਤੇਰੀ ਸਹਿਣਸ਼ੀਲਤਾ, ਤੇਰਾ ਸਬਰ, ਸੰਤੋਖ, ਤੇਰਾ ਧਰਮ, ਤੇਰਾ ਸ਼ੁਭ ਸੁਭਾਅ, ਚੰਗਾ ਆਚਰਣ ਤੈਨੂੰ ਜੁਆਬ ਦੇ ਜਾਣ ਤੇ ਤੇਰੇ ਮਨ ਵਿਚ ਸ਼ਰਾਰਤਾਂ ਆਉਣ ਲੱਗ ਪੈਣ, ਐਸੇ ਇਕੱਠ ਵਿਚੋਂ ਫੌਰਨ ਹੀ ਉਠ ਕੇ

ਚਲਾ ਜਾ। ਐਸੇ ਇਕੱਠ ਵਿਚ ਨਾ ਬੈਠ ਨਹੀਂ ਤਾਂ ਅੰਤ ਸਮੇਂ ਤੈਨੂੰ ਐਸੀ ਪ੍ਰੇਸ਼ਾਨੀ ਆਵੇਗੀ ਕਿ ਬਰਦਾਸ਼ਤ ਕਰਨਾ ਮੁਸ਼ਕਿਲ ਹੋ ਜਾਵੇਗਾ।

*ਆ ਹਜੂਮੇ ਬਦ ਕਿ ਸ਼ੈਤਾਨੀ ਬਵਦ॥*
*ਆਕਬਤ ਅਜ਼ ਵੈ ਪਸ਼ੇਮਾਨੀ ਬਵਦ॥*

ਭਾਈ ਨੰਦ ਲਾਲ ਜੀ ਕਹਿੰਦੇ ਹਨ ਕਿ ਬਦਾਂ ਦੇ ਇਕੱਠ ਵਿਚ ਸ਼ੈਤਾਨੀ ਹੀ ਹੁੰਦੀ ਹੈ, ਐਸੇ ਇਕੱਠ ਤੋਂ ਅੰਤ ਖੁਆਰੀ ਹੀ ਪੱਲੇ ਪੈਂਦੀ ਹੈ। ਫਿਰ ਮਨੁੱਖਤਾ ਵਾਸਤੇ ਇਕ ਹੋਰ ਮੁਸੀਬਤ ਹੈ ਕਿ ਚੰਗੇ ਕੰਮ ਲਈ ਬੰਦੇ ਵਿਚ ਉਤਨੀ ਲਗਨ ਨਹੀਂ ਜਿੰਨੀ ਕਿ ਬੁਰੇ ਕੰਮ ਵਾਸਤੇ ਹੈ। ਮਨ ਦਾ ਸੁਭਾਅ ਹੀ ਐਸਾ ਹੈ–

*ਮਨ ਲੋਚੈ ਬੁਰਆਈਆਂ॥*

ਬੁਰਿਆਈਆਂ ਚਿਤਵਣੀਆਂ ਇਸ ਦਾ ਸੁਭਾਅ ਬਣ ਗਿਆ ਹੈ। ਜਿੰਨੀ ਫੁਰਤੀ ਨਾਲ, ਲਗਨ ਨਾਲ, ਮਿਹਨਤ ਨਾਲ, ਬੁਰਾ ਇਕੱਠ ਦੌੜ ਭੱਜ ਕਰਦਾ ਹੈ ਭਲਾ ਨਹੀਂ। ਇਤਿਹਾਸ ਪੜ੍ਹਿਆਂ ਪਤਾ ਲੱਗਦਾ ਹੈ ਕਿ ਜਿੰਨੀ ਫੁਰਤੀ ਨਾਲ ਹਜੂਮ ਨੇ ਧਾਰਮਕ ਅਸਥਾਨ ਢਾਹੇ ਹਨ ਉੱਨੀ ਫੁਰਤੀ ਨਾਲ ਬਣਾਏ ਨਹੀਂ।

*ਚੰਗਿਆਈਂ ਆਲਕ ਕਰੇ ਬੁਰਿਆਈਂ ਹੋਇ ਸੇਰ॥*

ਭਾਈ ਗੁਰਦਾਸ ਜੀ ਇਕ ਕਬਿਤ ਵਿਚ ਲਿਖਦੇ ਹਨ ਕਿ ਇਕ ਚੋਰ ਨੂੰ ਬੜੀ ਮਾਰ ਪੈਂਦੀ ਹੈ, ਪਰ ਮਾਰ ਨੂੰ ਵੇਖ ਕੇ ਉਹ ਚੋਰੀ ਨਹੀਂ ਛੱਡਦਾ। ਡਾਕੂ ਰਾਹ ਮਾਰਨਾ ਨਹੀਂ ਛੱਡਦਾ। ਵੇਸ਼ਵਾਗਾਮੀ ਵੇਸ਼ਵਾ ਘਰ ਜਾਣਾ ਨਹੀਂ ਛੱਡਦਾ, ਬੇਸ਼ੱਕ ਸਰੀਰ ਨੂੰ ਰੋਗ ਲੱਗ ਗਏ ਹਨ। ਜੁਆਰੀ ਜੂਆ ਨਹੀਂ ਛੱਡਦਾ, ਬੇਸ਼ੱਕ ਘਰ ਹੀ ਉਜੜ ਗਿਆ ਹੈ, ਸਭ ਕੁਝ ਹੀ ਹਾਰ ਬੈਠਾ ਹੈ। ਅਮਲੀ ਨੂੰ ਬੇਸ਼ੱਕ ਦਿਨ-ਰਾਤ ਫਿਟਕਾਰਾਂ ਪੈਂਦੀਆਂ ਹਨ ਪਰ ਉਹ ਅਮਲ ਖਾਣਾ ਨਹੀਂ ਛੱਡਦਾ। ਬੜੇ ਦੁੱਖ ਅਤੇ ਗੁਨਾਹ ਪਾਪਾਂ ਦਾ ਕੋਈ ਅਸਰ ਨਹੀਂ। ਨੀਚ ਬੰਦੇ ਆਪਣਾ ਸੰਗ ਨਹੀਂ ਛੱਡਦੇ ਪਰ ਗੁਰਸਿੱਖ ਸਾਧ ਸੰਗਤ ਛੱਡ ਦਿੰਦਾ ਹੈ, ਇਹ ਸੰਗਤ ਨਹੀਂ ਛਡਣੀ ਚਾਹੀਦੀ। ਕੀ ਭਲੇ ਬੰਦੇ ਅੰਦਰ ਬੁਰੇ ਬੰਦੇ ਜਿੰਨੀ ਵੀ ਸਤਸੰਗਤ ਵਾਸਤੇ ਲਗਨ ਨਹੀਂ। ਭਾਈ ਸਾਹਿਬ ਲਿਖਦੇ ਹਨ–

*ਮਾਰਬੇ ਕੋ ਤ੍ਰਾਸ ਦੇਖ ਚੋਰ ਨਾ ਤਜਤ ਚੋਰੀ,*
*ਬਟਵਾਰਾ ਬਾਟਮਾਰੀ ਸੰਗ ਹ੍ਵੈ ਤਕਤ ਹੈ॥*
*ਬੇਸ਼ਵਾ ਰਾਤ ਬਿਰਥਾ ਭਏ ਮਨ ਮੈ ਨਾ ਸ਼ੰਕਾ ਮਾਨੈ,*
*ਜੂਆਰੀ ਨਾ ਸਰਵਸ ਹਾਰੈ ਸੈ ਥਕਤ ਹੈ॥*
*ਅਮਲੀ ਨਾ ਅਮਲ ਤਜਤ ਜਯੋ ਧ੍ਰਿਕਾਰ ਕੀਏ,*
*ਦੁਖ ਦੋਖ ਲੋਗ ਬੇਦ ਸੁਨਤ ਛਕਤ ਹੈ॥*
*ਅਧਮ ਅਸਾਧ ਸੰਗ ਛਾਡਤ ਨਾ ਅੰਗੀਕਾਰੀ॥*
*ਗੁਰਸਿਖ ਸਾਧ ਸੰਗ ਛਾਡ ਕਿਉਂ ਸਕਤ ਹੈ॥*

ਅਸਲ ਵਿਚ ਧਰਮ ਦੀ ਬਹੁਤ ਵੱਡੀ ਸ਼ਕਤੀ ਬੰਦੇ ਦਾ ਮਨ ਨਿਰਮਲ ਕਰਨ ਵਿਚ ਲੱਗ ਜਾਂਦੀ ਹੈ, ਕਾਫੀ ਤਰਤੀਬ ਦੇਣੀ ਪੈਂਦੀ ਹੈ। ਵਿਗਾੜ ਵਿਚ ਕਿਸੇ ਤਰਤੀਬ ਦੀ ਲੋੜ ਨਹੀਂ। ਬੇਸ਼ੱਕ ਬੁਰਾ ਬੰਦਾ ਕਿੰਨਾ ਵੀ ਤੇਜ਼ ਦੌੜਦਾ ਜਾਪੇ, ਬੁਰੇ ਇਕੱਠ ਦੀ ਰਫ਼ਤਾਰ ਕਿੰਨੀ ਵੀ ਤੇਜ਼ ਹੋਵੇ, ਇਸ ਇਕੱਠ ਨੇ ਜਾਣਾ ਤਾਂ ਪ੍ਰਮਾਤਮਾ ਤੋਂ ਦੂਰ ਹੀ ਹੈ, ਮੂੰਹ ਤਾਂ ਇਸ ਇਕੱਠ ਦਾ ਨਰਕਾਂ ਵੱਲ ਹੀ ਹੈ। ਭਲਾ ਇਕੱਠ ਭਾਵੇਂ ਸਹਿਜੇ ਸਹਿਜੇ ਹੀ ਤੁਰੇ ਪਹੁੰਚਣਾ ਇਸ ਨੇ ਪ੍ਰਮਾਤਮਾ ਤੱਕ ਹੈ।

ਵਿਗਾੜ ਵਿਚ ਰਫ਼ਤਾਰ ਤੇਜ਼ ਹੋ ਸਕਦੀ ਹੈ। ਇਕ ਮਕਾਨ ਨੂੰ ਇਕ ਮਜ਼ਦੂਰ ਜਿੰਨੀ ਤੇਜ਼ੀ ਨਾਲ ਤੋੜ ਸਕਦਾ ਹੈ, ਇਕ ਸਿਆਣਾ ਰਾਜ ਉੱਨੀ ਰਫ਼ਤਾਰ ਨਾਲ ਬਣਾ ਨਹੀਂ ਸਕਦਾ। ਜਿੰਨੀ ਤੇਜ਼ੀ ਨਾਲ ਗਾਲੀ ਦੇਣ ਵਾਲੇ ਮਨੁੱਖ ਦੀ ਜ਼ਬਾਨ ਚਲਦੀ ਹੈ, ਇਕ ਸੁਘੜ ਸੁਜਾਨ ਵਕਤਾ ਏਨੀ ਛੇਤੀ ਜ਼ਬਾਨ ਨਹੀਂ ਚਲਾ ਸਕਦਾ। ਬੁਰਿਆਈ ਨੂੰ ਕਿਸੇ ਤਰਤੀਬ ਦੀ ਲੋੜ ਨਹੀਂ, ਕੁਝ ਵਿਗਾੜਨਾ ਹੀ ਹੈ ਤਾਂ ਫਿਰ ਤਰਤੀਬ ਕੀ ਕਰਨੀ ਹੈ। ਸਗੋਂ ਤਰਤੀਬ ਨੂੰ ਵਿਗਾੜਨਾ ਹੀ ਤਾਂ ਵਿਗਾੜ ਹੈ। ਵਿਗੜੇ ਬੰਦੇ, ਬੁਰੇ ਬੰਦੇ ਕਿੰਨੇ ਵੀ ਦੌੜਨ, ਇਸ ਰਫਤਾਰ ਦਾ ਕੀ ਫਾਇਦਾ ਹੈ। ਬੰਦਾ ਥੋੜ੍ਹਾ ਬੋਲੇ ਪਰ ਸੁਭ ਬੋਲੇ, ਬੰਦਾ ਥੋੜ੍ਹਾ ਕਰੇ ਪਰ ਭਲਾ ਕਰੇ।

ਪ੍ਰਮਾਤਮਾ ਦੇ ਚਰਨਾਂ ਵਿਚ ਅਰਦਾਸ ਹੈ, ਹੇ ਪ੍ਰਮਾਤਮਾ! ਤੂੰ ਬੁਰੇ ਬੰਦੇ ਨੂੰ ਕੋਈ ਸ਼ਕਤੀ ਨਾ ਦੇਹ ਤੇ ਬੁਰੇ ਬੰਦੇ ਤਾਂ ਦੋ ਵੀ ਇਕੱਠੇ ਨਾ ਹੋਣ, ਇਨ੍ਹਾਂ ਦਾ ਇਕੱਠ ਨਾ ਹੋਵੇ। ਤਾਕਤ ਦੇਹ ਭਲੇ ਬੰਦਿਆਂ ਨੂੰ ਫਿਰ ਧਰਮ ਕਲਾ ਬਣ ਜਾਏਗੀ। ਐਸੇ ਇਕੱਠ ਵਿਚ ਬਿਧੀ ਚੰਦ ਚੋਰ ਵੀ ਆਵੇ ਤੇ ਬਿਧੀ ਚੰਦ ਸੰਤ ਬਣ ਜਾਵੇ। ਐਸੇ ਇਕੱਠ ਤੋਂ ਰੱਬ ਦੀ ਯਾਦ ਆਵੇਗੀ, ਸੰਸਾਰ ਦੀ ਸੇਵਾ ਹੋਵੇਗੀ। ਬੰਦਿਆਂ ਦਾ ਇਕੱਠ ਹੋਵੇ ਪਰ ਜਿਸ ਇਕੱਠ ਵਿਚ ਧਰਮ ਕਲਾ ਹੋਵੇ।

✿ ✿ ✿

# ੬

# ਦੌਲਤ ਤੇ ਧਰਮ ਕਲਾ

ਕਮਜ਼ੋਰ ਬੰਦੇ ਵਾਸਤੇ ਸ਼ਕਤੀ ਵੀ ਦੁਖਦਾਈ ਹੈ। ਸ਼ਕਤੀ ਨੂੰ ਪਾਸ ਰੱਖਣ ਵਾਸਤੇ ਵੀ ਕੋਈ ਸ਼ਕਤੀ ਚਾਹੀਦੀ ਹੈ। ਜਿਵੇਂ ਕਿ ਖੁਰਾਕ ਸ਼ਕਤੀ ਹੈ, ਪਰ ਇਕ ਕਮਜ਼ੋਰ ਬੰਦਾ ਜਿਸ ਵਿਚ ਪਾਚਨ ਸ਼ਕਤੀ ਨਹੀਂ ਉਸ ਨੂੰ ਜ਼ਿਆਦਾ ਦੁੱਧ ਘਿਉ ਹੀ ਦੇ ਦਿੱਤਾ ਜਾਏ ਤਾਂ ਉਹ ਬਿਮਾਰ ਹੋ ਜਾਵੇਗਾ। ਜਿਸ ਮਨੁੱਖ ਵਿਚ ਸਰੀਰਕ ਬਲ ਨਹੀਂ, ਇਸ ਬੰਦੇ ਨੂੰ ਬਹੁਤ ਚੰਗਾ ਘੋੜਾ ਮਿਲ ਜਾਏ ਜਿਸ ਦੀ ਕੀਮਤ ਲੱਖਾਂ ਰੁਪਏ ਹੋਵੇ ਤਾਂ ਐਸਾ ਬੰਦਾ ਘੋੜੇ ਤੋਂ ਡਿੱਗ ਕੇ ਜਾਂ ਤਾਂ ਮਰ ਜਾਏਗਾ ਜਾਂ ਹੱਡੀਆਂ ਪਸਲੀਆਂ ਤੁੜਵਾ ਬੈਠੇਗਾ।

ਰਾਜ ਇਕ ਮਹਾਨ ਸ਼ਕਤੀ ਹੈ ਪਰ ਕਮਜ਼ੋਰਾਂ ਪਾਸ ਕੌਣ ਰਾਜ ਰਹਿਣ ਦਿੰਦਾ ਹੈ। ਰਾਜ ਵਾਸਤੇ ਵੀ ਬਹੁਤ ਵੱਡੀ ਸ਼ਕਤੀ ਚਾਹੀਦੀ ਹੈ। ਪਹਿਲੀ ਗੱਲ ਕਿ ਸ਼ਕਤੀ ਰੱਖਣ ਵਾਸਤੇ ਸ਼ਕਤੀ ਦਾ ਹੋਣਾ ਬਹੁਤ ਜ਼ਰੂਰੀ ਹੈ। ਦੂਸਰੀ ਗੱਲ ਇਹ ਹੈ ਕਿ ਸ਼ਕਤੀ ਨੂੰ ਵਰਤਣ ਵਾਸਤੇ ਬਲ ਵੀ ਚਾਹੀਦਾ ਹੈ, ਬੁੱਧ ਵੀ ਚਾਹੀਦੀ ਹੈ। ਜਿਥੇ ਬਲ ਇਕ ਮਹਾਨ ਸ਼ਕਤੀ ਹੈ ਉਥੇ ਬੁੱਧ ਵੀ ਇਕ ਮਹਾਨ ਸ਼ਕਤੀ ਹੈ। ਬੁਧ-ਹੀਣ ਹੋਣ ਕਰਕੇ ਹਾਥੀ ਮਨੁੱਖ ਦੇ ਥੱਲੇ ਅਸਵਾਰੀ ਦਾ ਕੰਮ ਦੇ ਰਹੇ ਹਨ, ਬੁਧ-ਹੀਣ ਹੋਣ ਕਰਕੇ ਸ਼ੇਰ ਪਿੰਜਰੇ ਵਿਚ ਪਏ ਹੋਏ ਹਨ। ਹਾਥੀ ਵਿਚ ਤੇ ਸ਼ੇਰ ਵਿਚ ਬਲ ਤਾਂ ਬਹੁਤ ਹੈ ਪਰ ਬੁਧ ਕੋਈ ਨਹੀਂ।

ਜਿਸ ਮਨੁੱਖ ਦੇ ਪਾਸ ਬੁਧ ਨਹੀਂ ਉਸ ਦੇ ਪਾਸ ਬਲ ਕਿੰਨਾ ਵੀ ਹੋਵੇ, ਸ਼ਕਤੀ ਕਿੰਨੀ ਵੀ ਹੋਵੇ, ਐਸੇ ਮਨੁੱਖ ਸਾਰੀ ਉਮਰ ਦੁੱਖਾਂ ਵਿਚ ਹੀ ਬਿਤਾਉਂਦੇ ਹਨ। ਜਿਵੇਂ ਪਿੰਜਰੇ ਵਿਚ ਪਏ ਸ਼ੇਰ ਦੇ ਕੰਮ ਉਸ ਦਾ ਬਲ ਨਹੀਂ ਆਉਂਦਾ, ਅੰਕੁਸ ਦੀ ਮਾਰ ਖਾ ਰਹੇ ਹਾਥੀ ਦੇ ਕੰਮ ਉਸ ਦਾ ਬਲ ਨਹੀਂ ਆਉਂਦਾ, ਬੁਧੀਹੀਣ ਮਨੁੱਖ ਦੇ ਕੰਮ ਵੀ ਉਸ ਦੀ ਸ਼ਕਤੀ ਨਹੀਂ ਆਉਂਦੀ। ਦੌਲਤ ਦੀ ਸ਼ਕਤੀ ਬਹੁਤ ਵੱਡੀ ਸ਼ਕਤੀ ਹੈ ਮਾਮੂਲੀ ਨਹੀਂ ਬੜੀ ਵੱਡੀ ਸ਼ਕਤੀ ਹੈ। ਇਹ ਬਹੁਤ ਕੁਝ ਹੈ ਪਰ ਸਭ ਕੁਝ ਨਹੀਂ। ਜਿਹੜਾ ਮਨੁੱਖ ਧਨ ਨੂੰ ਸਭ ਕੁਝ ਸਮਝ ਲਵੇ ਐਸਾ ਬੰਦਾ ਧਨ ਦੇ ਸੁਖ ਤੋਂ ਸੱਖਣਾ ਰਹਿ ਜਾਂਦਾ ਹੈ। ਧਨ ਨੂੰ ਸਭ ਕੁਝ ਸਮਝਣਾ ਐਸੀ ਗ਼ਲਤੀ ਹੈ ਜਿਵੇਂ ਕੋਈ ਕੰਨਾਂ ਨਾਲ ਵੇਖਣਾ ਚਾਹੇ ਜਾਂ ਅੱਖਾਂ ਨਾਲ ਸੁਣਨਾ ਚਾਹੇ। ਧਨ ਦੀ ਜਿਥੇ ਵਰਤੋਂ ਹੈ ਜੇ

ਉਥੇ ਕਰਾਂਗੇ ਇਹ ਜੀਵਨ ਤਾਂ ਹੀ ਚੱਲ ਸਕੇਗਾ, ਧਨ ਨੂੰ ਜਿਨ੍ਹਾਂ ਨੇ ਗੁਜ਼ਾਰਾ ਕਿਹਾ ਸੀ ਬਹੁਤ ਹੀ ਸਮਝ ਸੋਚ ਕੇ ਕਿਹਾ ਸੀ। ਗੁਜ਼ਰ ਜਾਣ ਵਾਲਾ ਇਹ ਜੀਵਨ ਹੈ, ਗੁਜ਼ਰ ਜਾਣ ਵਾਲੇ ਜੀਵਨ ਵਿਚ ਦੌਲਤ ਗੁਜ਼ਰਾਨ ਬਣ ਜਾਏ ਤਾਂ ਜੀਵਨ ਵਿਚ ਦੌਲਤ ਦਾ ਸਹੀ ਉਪਯੋਗ ਹੋ ਗਿਆ। ਦੌਲਤ ਨੂੰ ਗੁਜ਼ਰਾਨ ਤੋਂ ਵੱਧ ਸਭ ਕੁਝ ਹੀ ਸਮਝ ਲਿਆ ਤਾਂ ਦੌਲਤ ਦਾ ਦੁਰ-ਉਪਯੋਗ ਹੋ ਗਿਆ। ਯੋਗੀ ਤੇ ਭੋਗੀ ਦੋਵਾਂ ਨੇ ਹੀ ਦੌਲਤ ਦਾ ਦੁਰ-ਉਪਯੋਗ ਕੀਤਾ ਹੈ। ਸਾਡੇ ਦੇਸ਼ ਦਾ ਤਿਆਗੀ ਤਾਂ ਦੌਲਤ ਦੀ ਦਿਨ ਰਾਤ ਨਿੰਦਾ ਹੀ ਕਰਦਾ ਸੀ ਤੇ ਕਹਿ ਦਿੰਦਾ ਸੀ ਕਿ ਦੌਲਤ ਨੂੰ ਹੱਥ ਲਾਉਣ ਵਾਲਾ ਸਾਧੂ ਹੋ ਹੀ ਨਹੀਂ ਸਕਦਾ। ਭੋਗੀ ਨੇ ਦੌਲਤ ਨੂੰ ਬਿਰਥਾ ਹੀ ਗਵਾਇਆ ਤੇ ਮਾਇਆ ਆਉਣ ਵਾਸਤੇ ਦੀਵਾਲੀ ਵਾਲੀ ਰਾਤ ਪੂਜਾ ਵੀ ਕੀਤੀ। ਜਿਹੜਾ ਬੰਦਾ ਦੌਲਤ ਬਿਰਥਾ ਗਵਾ ਰਿਹਾ ਹੈ ਉਹ ਵੀ ਦੌਲਤ ਦੀ ਸਹੀ ਵਰਤੋਂ ਨਹੀਂ ਕਰ ਰਿਹਾ, ਪਰ ਜਿਹੜਾ ਬੰਦਾ ਮਾਇਆ ਦੀ ਪੂਜਾ ਕਰ ਰਿਹਾ ਹੈ ਅਤੇ ਬੇਸ਼ਕ ਚਮੜੀ ਉਤਰ ਜਾਏ ਦਮੜੀ ਛੱਡਣ ਲਈ ਤਿਆਰ ਨਹੀਂ, ਐਸਾ ਬੰਦਾ ਵੀ ਮਾਇਆ ਦੀ ਸਹੀ ਵਰਤੋਂ ਨਹੀਂ ਕਰ ਰਿਹਾ।

ਸਾਡੇ ਦੇਸ਼ ਦੇ ਇਹ ਤਿੰਨ ਬੰਦੇ ਐਸੇ ਸਨ, ਇਕ ਤਾਂ ਉਹ ਜਿਹੜੇ ਕਹਿੰਦੇ ਸਨ ਤੇਰੇ ਨਾਲ ਸਾਡਾ ਵਾਹ ਹੀ ਕੋਈ ਨਹੀਂ। ਦੂਸਰੇ ਉਹ ਜਿਹੜੇ ਜਿੰਨੀ ਕੁ ਦੌਲਤ ਪਾਸ ਆਈ ਸ਼ਰਾਬ ਪੀ ਲਈ, ਜੂਆ ਖੇਡ ਲਿਆ। ਤੀਸਰੇ ਉਹ ਜਿਹੜੇ ਮਾਇਆ ਦੀ ਪੂਜਾ ਕਰਦੇ ਸਨ ਹੱਥੋਂ ਖਰਚਣ ਲਈ ਤਿਆਰ ਨਹੀਂ ਸਨ। ਇਕ ਬੰਦੇ ਨੂੰ ਇਕ ਬੰਦਾ ਕਹੇ ਮੇਰਾ ਤੇਰਾ ਵਾਹ ਹੀ ਕੋਈ ਨਹੀਂ। ਦੂਸਰਾ ਕਹੇ ਤੈਨੂੰ ਦੋ ਪੈਸੇ ਦਾ ਵੇਚ ਕੇ ਕੁਝ ਖਾ ਲਵਾਂ। ਤੀਸਰੇ ਉਹ ਹਨ ਜਿਹੜੇ ਬੰਦੇ ਨੂੰ ਕਹਿਣ, ਆ ਤੈਨੂੰ ਧਰਤੀ ਵਿਚ ਦੱਬ ਦੇਈਏ, ਉਥੇ ਤੂੰ ਚੰਗੀ ਤਰ੍ਹਾਂ ਸਾਂਭਿਆ ਰਹੇਂਗਾ। ਇਹ ਤਿੰਨੇ ਹੀ ਮਾਇਆ ਦਾ ਦੁਰਉਪਯੋਗ ਕਰ ਰਹੇ ਹਨ। ਇਨ੍ਹਾਂ ਤਿੰਨਾਂ ਤੇ ਹੀ ਮਾਇਆ ਦਾ ਪ੍ਰਭਾਵ ਹੈ। ਤਿਆਗੀ ਬੰਦਾ ਮਾਇਆ ਦੇ ਅੱਗੇ ਅੱਗੇ ਦੌੜ ਰਿਹਾ ਹੈ, ਕ੍ਰਿਪਣ ਬੰਦਾ ਮਾਇਆ ਦੇ ਪਿੱਛੇ-ਪਿੱਛੇ ਦੌੜ ਰਿਹਾ ਹੈ। ਵਿਕਾਰੀ ਬੰਦਾ ਮਾਇਆ ਚੁਕ ਕੇ ਬੁਰੇ ਪਾਸੇ ਖ਼ਰਚ ਕਰਨ ਲਈ ਦੌੜ ਰਿਹਾ ਹੈ। ਜਿਥੇ ਦੌੜ ਦਾ ਸਵਾਲ ਹੈ ਸਾਰੇ ਹੀ ਦੌੜ ਰਹੇ ਹਨ, ਕੋਈ ਅੱਗੇ ਦੌੜ ਰਿਹਾ ਹੈ ਕੋਈ ਪਿੱਛੇ ਦੌੜ ਰਿਹਾ ਹੈ। ਮਾਇਆ ਦਾ ਪ੍ਰਭਾਵ ਸਾਰਿਆਂ ਦੇ ਮਨ ਤੇ ਹੈ, ਕੋਈ ਕਹਿ ਰਿਹਾ ਹੈ ਮਾਇਆਂ ਤੋਂ ਬਚ ਗਏ ਤਾਂ ਤਰ ਗਏ, ਕੋਈ ਕਹਿ ਰਿਹਾ ਹੈ ਮਾਇਆ ਮਿਲ ਗਈ ਤਾਂ ਤਰ ਗਏ ਪਰ ਮਨ ਵਿਚ ਗੱਲ ਮਾਇਆ ਦੀ ਹੀ ਚੱਲ ਰਹੀ ਹੈ। ਸਾਧੂ ਵੀ ਵੱਡਾ ਉਹ ਹੈ ਜੋ ਮਾਇਆ ਦਾ ਤਿਆਗੀ ਹੈ। ਜਿੰਨੀ ਵੱਡੀ ਰਕਮ ਦਾ ਤਿਆਗੀ ਹੈ ਉੱਨਾ ਹੀ ਵੱਡਾ ਸਾਧੂ ਹੈ, ਦੁਨੀਆਦਾਰ ਜਿੰਨੀ ਵੱਡੀ ਰਕਮ ਦਾ ਮਾਲਕ ਹੈ ਉੱਨਾ ਹੀ ਵੱਡਾ ਧਨਵਾਨ ਹੈ। ਮਨ ਵਿਚ ਕੇਂਦਰੀ ਖ਼ਿਆਲ ਦੋਵਾਂ ਦਾ ਮਾਇਆ ਹੈ।

ਮਾਇਆ ਦਾ ਪ੍ਰਭਾਵ ਮਨੁੱਖ ਦੇ ਮਨ ਤੇ ਇੰਨਾ ਹੈ ਕਿ ਮਾਇਆ ਬੇਸ਼ਕ ਕਿਸੇ ਨੀਚ ਦੇ ਘਰ ਵਿਚ ਹੀ ਹੋਵੇ, ਮਾਇਆ ਬੇਸ਼ਕ ਜੜਮਤਿ ਦੇ ਘਰ ਵਿਚ ਹੀ ਹੋਵੇ, ਧਨ ਵੇਖ ਕੇ ਸੁੰਦਰ ਮਨੁੱਖ ਤੇ ਸਿਆਣੇ ਮਨੁੱਖ ਦੋਵੇਂ ਹੀ ਝੁਕਦੇ ਹਨ। ਉਸ ਮੂਰਖ

ਨੂੰ ਵੀ ਸਿਆਣਾ ਆਖਿਆ ਜਾਂਦਾ ਹੈ ਜਿਸ ਦੇ ਪਾਸ ਧਨ ਹੋਵੇ।

ਰਾਮਕਲੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ–

*ਆਥਿ ਸੈਲ ਨੀਚ ਘਰਿ ਹੋਇ॥ ਆਥਿ ਦੇਖਿ ਨਿਵੈ ਜਿਸ ਦੋਇ॥*
*ਆਥਿ ਹੋਇ ਤਾਂ ਮੁਗਧ ਸਿਆਨਾ॥ ਭਗਤਿ ਬਿਹੂਨਾ ਜਗ ਬਉਰਾਨਾ॥*

–ਰਾਮਕਲੀ ਦਖਣੀ ਉਅੰਕਾਰ, ਪੰਨਾ ੯੩੧

ਇਕ ਉਰਦੂ ਦੇ ਅਦੀਬ ਕਹਿੰਦੇ ਹਨ–

*ਤਕਦੀਰ ਜਬ ਆਬੇ ਜ਼ਰ ਸੇ ਮੂਹ ਧੋਤੀ ਹੈ।*
*ਆਲੂਦਾ ਵੋਹ ਗਰਦੇ ਗਮ ਸੇ ਕਬ ਹੋਤੀ ਹੈ।*
*ਜ਼ਰਦਾਰ ਕੇ ਘਰ ਰੰਜੋਗਮ ਹੰਸਤੇ ਹੈਂ,*
*ਨਾਦਾਰ ਕੀ ਦੁਨੀਆ ਮੇਂ ਖ਼ੁਸ਼ੀ ਰੋਤੀ ਹੈ।*

ਧਨਵਾਨ ਬੰਦਾ ਨਿਰਧਨ ਦੇ ਪਾਸ ਜਾਏ ਤਾਂ ਉਸ ਨੂੰ ਬੜਾ ਆਦਰ ਮਿਲਦਾ ਹੈ, ਪਰ ਜਦੋਂ ਨਿਰਧਨ ਬੰਦਾ ਧਨਵਾਨ ਦੇ ਘਰ ਜਾਂਦਾ ਹੈ ਤਾਂ ਉਹ ਅੱਗੇ ਪਿੱਠ ਕਰ ਕੇ ਬੈਠ ਜਾਂਦਾ ਹੈ।

ਭੈਰਉ ਰਾਗ ਵਿਚ ਕਬੀਰ ਸਾਹਿਬ ਜੀ ਨੇ ਸ਼ਬਦ ਲਿਖਿਆ ਹੈ :

*ਨਿਰਧਨ ਆਦਰੁ ਕੋਈ ਨਾ ਦੇਇ॥*
*ਲਾਖ ਜਤਨ ਕਰੇ ਉਹੁ ਚਿਤਿ ਨ ਧਰੇਇ॥*
*ਜਉ ਨਿਰਧਨੁ ਸਰਧਨ ਕੈ ਜਾਇ॥*
*ਆਗੇ ਬੈਠਾ ਪੀਠਿ ਫਿਰਾਇ॥*
*ਜਉ ਸਰਧਨੁ ਨਿਰਧਨ ਕੈ ਜਾਇ॥*
*ਦੀਆ ਆਦਰੁ ਲੀਆ ਬੁਲਾਇ॥*

–ਭੈਰਉ ਕਬੀਰ ਜੀ, ਪੰਨਾ ੧੧੫੯

ਮਾਇਆ ਦਾ ਇਤਨਾ ਵੱਡਾ ਪ੍ਰਭਾਵ ਹੈ ਕਿ ਜਦੋਂ ਮਾਇਆ ਦਾ ਨਸ਼ਾ ਚੜ੍ਹਿਆ ਹੋਵੇ ਤਾਂ ਬੰਦੇ ਨੂੰ ਬੰਦੇ ਵਿਚੋਂ ਰੱਬ ਦੀ ਜੋਤ ਦਿੱਸਣੀ ਬੰਦ ਹੋ ਜਾਂਦੀ ਹੈ, ਜਦੋਂ ਮਨੁੱਖ ਨਾਮ ਦੀ ਟੇਕ ਛੱਡ ਕੇ ਮਾਇਆ ਦੀ ਟੇਕ ਲੈ ਲੈਂਦਾ ਹੈ ਭਾਵ ਮਾਇਆਧਾਰੀ ਹੋ ਜਾਂਦਾ ਹੈ, ਇਸ ਦੀ ਐਸੀ ਹਾਲਤ ਹੋ ਜਾਂਦੀ ਹੈ ਕਿ ਜਿਵੇਂ ਬੋਲੇ ਬੰਦੇ ਨੂੰ ਕਿਸੇ ਦੀ ਆਵਾਜ਼ ਸੁਣਾਈ ਨਹੀਂ ਦਿੰਦੀ ਅਤੇ ਅੰਨ੍ਹੇ ਮਨੁੱਖ ਨੂੰ ਕੋਈ ਨਜ਼ਰ ਨਹੀਂ ਆਉਂਦਾ। ਵੱਡੇ-ਵੱਡੇ ਧਨਵਾਨਾਂ ਦੀ ਦੁਨੀਆ ਨੂੰ ਵੇਖਿਆ ਹੈ, ਉਹ ਸਿਰਫ਼ ਮਾਇਆ ਹੀ ਵੇਖਦੇ ਹਨ ਅਤੇ ਮਾਇਆ ਹੀ ਸੁਣਦੇ ਹਨ। ਏਥੋਂ ਤਕ ਅੰਨ੍ਹੇ ਬੋਲੇ ਹੋ ਗਏ ਹਨ ਕਿ ਨਾ ਹੀ ਗੁਰੂ ਦੀ ਗੱਲ ਸੁਣਦੇ ਹਨ ਅਤੇ ਨਾ ਹੀ ਗੁਰੂ ਨੂੰ ਵੇਖ ਸਕਦੇ ਹਨ।

ਜਿਹੜੇ ਬੰਦੇ ਗੁਰੂ ਨੂੰ ਵੀ ਵੇਖਣ ਤੇ ਸੁਣਨ ਲਈ ਤਿਆਰ ਨਹੀਂ, ਐਸੇ ਬੰਦੇ ਆਮ ਬੰਦਿਆਂ ਨੂੰ ਕਿਵੇਂ ਵੇਖਣਗੇ, ਆਮ ਬੰਦਿਆਂ ਦੀ ਗੱਲ ਕਿਵੇਂ ਸੁਣਨਗੇ।

ਸਤਿਗੁਰੂ ਬਾਣੀ ਵਿਚ ਫ਼ਰਮਾਉਂਦੇ ਹਨ :

*ਮਾਇਆ ਧਾਰੀ ਅਤਿ ਅੰਨਾ ਬੋਲਾ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ॥*

—ਪੰਨਾ ੩੧੩

ਭਾਵ ਕਿ ਮਾਇਆਧਾਰੀ ਦੇ ਅੰਨ੍ਹੇ ਬੋਲੇ ਹੋਣ ਦੀ ਆਖਰੀ ਹੱਦ ਹੈ, ਇਹ ਅੱਤ ਹੈ ਇਸ ਤੋਂ ਅੱਗੇ ਨਾ ਹੀ ਕੋਈ ਅੰਨ੍ਹਾ ਹੈ ਅਤੇ ਨਾ ਹੀ ਕੋਈ ਬੋਲਾ ਹੈ। ਇਹ ਅੱਖਾਂ ਹੁੰਦਿਆਂ ਹੀ ਅੰਨ੍ਹਾ ਹੈ, ਕੰਨ ਹੁੰਦਿਆਂ ਹੀ ਬੋਲਾ ਹੈ। ਇਹ ਹਰ ਚੀਜ਼ ਨੂੰ ਮਾਇਆ ਨਾਲ ਹੀ ਤੋਲਦਾ ਹੈ, ਇਹ ਹਰ ਬੰਦੇ ਨੂੰ ਮਾਇਆ ਨਾਲ ਤੋਲਦਾ ਹੈ। ਇਹ ਹਰ ਹੁਨਰ ਬਾਰੇ ਪੁਛਦਾ ਹੈ ਕਿ ਇਹ ਕਿੰਨੇ ਦਾ ਹੈ। ਉਸ ਨੂੰ ਜੀਵਨ ਦਾ ਰਸ ਕਿਵੇਂ ਆਵੇ ਜਿਸਨੇ ਅਖ਼ੀਰ ਵਿਚ ਇਹ ਵੀ ਪੁੱਛਣਾ ਹੈ ਕਿ ਪਾਠ ਪੂਜਾ ਕਿੰਨੇ ਦਾ ਹੈ, ਨਾਮ ਕਿੰਨੇ ਕੁ ਦਾ ਹੈ, ਪ੍ਰਮਾਤਮਾ ਕਿੰਨੇ ਦਾ ਹੈ। ਧਨ ਬਹੁਤ ਕੁਝ ਹੈ ਪਰ ਸਭ ਕੁਝ ਨਹੀਂ।

ਵਿਦਵਾਨਾਂ ਦਾ ਮਤ ਹੈ ਕਿ :

ਧਨ ਨਾਲ ਚੰਗਾ ਬਿਸਤਰਾ ਮਿਲ ਸਕਦਾ ਹੈ ਨੀਂਦ ਨਹੀਂ।

ਧਨ ਨਾਲ ਚੰਗੀਆਂ ਐਨਕਾਂ ਮਿਲ ਸਕਦੀਆਂ ਹਨ ਨਜ਼ਰ ਨਹੀਂ।

ਧਨ ਨਾਲ ਦਵਾਈਆਂ ਮਿਲਦੀਆਂ ਹਨ, ਅਰੋਗਤਾ ਨਹੀਂ।

ਧਨ ਨਾਲ ਕਿਤਾਬਾਂ ਮਿਲਦੀਆਂ ਹਨ, ਵਿੱਦਿਆ ਨਹੀਂ।

ਧਨ ਨਾਲ ਖੁਸ਼ਾਮਦੀ ਬੰਦੇ ਮਿਲਦੇ ਹਨ, ਦਿਲੀ ਮਿੱਤਰ ਨਹੀਂ।

ਧਨ ਨਾਲ ਮੰਦਰ ਤੇ ਮਸੀਤਾਂ ਦੀਆਂ ਇਮਾਰਤਾਂ ਮਿਲਦੀਆਂ ਹਨ, ਧਰਮ ਨਹੀਂ।

ਧਨ ਨਾਲ ਸਹੂਲਤਾਂ ਮਿਲਦੀਆਂ ਹਨ ਸੁਖ ਨਹੀਂ।

ਨੀਂਦ, ਨਜ਼ਰ, ਅਰੋਗਤਾ, ਵਿੱਦਿਆ, ਦਿਲੀ ਮਿੱਤਰ, ਧਰਮ, ਸੁਖ, ਇਹ ਧਨ ਨਾਲ ਨਹੀਂ ਮਿਲਦੇ, ਇਹ ਤਾਂ ਪ੍ਰਮਾਤਮਾ ਦੀ ਕ੍ਰਿਪਾ ਨਾਲ ਮਿਲਦੇ ਹਨ। ਅਸੀਂ ਸਹੂਲਤਾਂ ਧਨ ਨਾਲ ਇਕੱਠੀਆਂ ਕਰਦੇ ਹਾਂ ਪਰ ਜਿਉਂ-ਜਿਉਂ ਸਹੂਲਤਾਂ ਵਧਦੀਆਂ ਗਈਆਂ, ਨਾਲ ਦੁੱਖ ਵਧਦੇ ਗਏ। ਗਰੀਬ ਬੰਦਾ ਇਸ ਗੱਲੋਂ ਦੁਖੀ ਹੈ ਕਿ ਮੇਰੇ ਪਾਸ ਸਹੂਲਤਾਂ ਨਹੀਂ, ਅਮੀਰ ਬੰਦਾ ਇਸ ਗੱਲੋਂ ਦੁਖੀ ਹੈ ਕਿ ਕੋਲ ਹੁੰਦਿਆਂ ਵੀ ਸਹੂਲਤਾਂ ਕਿਸੇ ਕੰਮ ਨਹੀਂ ਆ ਰਹੀਆਂ। ਧਨ ਦੇ ਨਾਲ ਧਰਮ ਕਲਾ ਜੀਵਨ ਵਿਚ ਹੋਵੇ ਤਾਂ ਬੰਦੇ ਪਾਸ ਧਨ ਬੇਸ਼ਕ ਥੋੜ੍ਹਾ ਹੋਵੇ ਸੁਖ ਬਹੁਤ ਹੋਵੇਗਾ। ਜਿਨ੍ਹਾਂ ਬੰਦਿਆਂ ਦੇ ਪਾਸ ਧਨ ਬਹੁਤ ਹੈ ਪਰ ਧਰਮ ਕਲਾ ਨਹੀਂ, ਉਨ੍ਹਾਂ ਦੇ ਨੇੜੇ ਹੋ ਕੇ ਵੇਖੋ, ਕੋਈ ਕੱਪੜਾ ਉਨ੍ਹਾਂ ਦੇ ਪਸੰਦ ਨਹੀਂ, ਕੀਮਤੀ ਬਸਤਰ ਪਾ ਕੇ ਵੀ ਉਹ ਕਿਸੇ ਮਹਿਫਲ ਵਿਚ ਜਾਂਦੇ ਹਨ ਤਾਂ ਉਦਾਸ ਹਨ, ਉਨ੍ਹਾਂ ਨੂੰ ਜਾਪਦਾ ਹੈ ਕਿ ਜਿਹੜਾ ਰੰਗ ਮੈਂ ਪਹਿਨਿਆ ਹੈ, ਇਹ ਤਾਂ ਹੋਰਨਾਂ ਪਾਸ ਵੀ ਹੈ। ਜਿਨ੍ਹਾਂ ਬੰਦਿਆਂ ਪਾਸ ਧਨ ਤੇ ਹੈ, ਧਰਮ ਨਹੀਂ ਉਨ੍ਹਾਂ ਨੂੰ ਛੱਤੀ ਪਦਾਰਥਾਂ ਵਿਚੋਂ ਵੀ ਕੋਈ ਰਸ ਨਹੀਂ ਮਿਲਦਾ। ਉਨ੍ਹਾਂ ਕੋਲ ਸਮਾਂ

ਹੀ ਨਹੀਂ ਕਿ ਪਰਿਵਾਰ ਵਿਚ ਬੈਠ ਕੇ ਪਰਸ਼ਾਦ ਛਕ ਸਕਣ। ਮਾਇਆ ਦੀ ਦੌੜ ਨੇ ਜੀਵਨ ਵਿਚ ਕੋਈ ਰਸ ਨਹੀਂ ਰਹਿਣ ਦਿੱਤਾ, ਨਾ ਖਾਣ ਵਿਚ ਰਸ ਨਾ ਪਹਿਨਣ ਵਿਚ ਕੋਈ ਰਸ ਹੈ। ਐਸੇ ਬੰਦਿਆਂ ਨੂੰ ਧਨ ਆਉਂਦਾ ਨਜ਼ਰ ਆਵੇ ਤਾਂ ਭੋਜਨ ਵਿੱਚੇ ਛੱਡ ਕੇ ਦੌੜ ਸਕਦੇ ਹਨ, ਨੰਗੇ ਪੈਰੀਂ ਦੌੜ ਸਕਦੇ ਹਨ। ਇੱਥੇ ਤਕ ਕਿ ਬਾਲ ਬੱਚੇ ਬਿਮਾਰ ਹੋਣ, ਕੁਰਲਾ ਰਹੇ ਹੋਣ ਉਹ ਇਕ ਗੱਲ ਕਹਿ ਕੇ ਦੌੜ ਜਾਣਗੇ ਕਿ ਮੈਂ ਹੁਣੇ ਆਇਆ। ਐਸੇ ਜੀਵਨ ਵਿਚ ਮਾਇਆ ਇਕ ਸਰਾਪ ਬਣ ਕੇ ਆਈ ਹੈ, ਵਰਦਾਨ ਬਣ ਕੇ ਨਹੀਂ। ਵਰਦਾਨ ਤਾਂ ਉਨ੍ਹਾਂ ਵਾਸਤੇ ਹੈ ਜਿਨ੍ਹਾਂ ਦੇ ਜੀਵਨ ਵਿਚ ਧਰਮ ਹੈ।

ਜਿਨ੍ਹਾਂ ਬੰਦਿਆਂ ਦੇ ਜੀਵਨ ਵਿਚ ਧਰਮ ਹੈ ਉਨ੍ਹਾਂ ਨੂੰ ਭੋਜਨ ਛਕਦਿਆਂ ਲਾਲਚ ਦੇ ਕੇ ਉਠਾਉਣਾ ਬੜਾ ਹੀ ਮੁਸ਼ਕਿਲ ਹੈ। ਇਕ ਸਿਪਾਹੀ ਨੇ ਆ ਕੇ ਕਹਿ ਦਿੱਤਾ, ਕਿ ਗੁਰੂ ਨਾਨਕ ਜੀ, ਏਥੇ ਭਾਈ ਲਾਲੋ ਦੇ ਘਰ ਕੀ ਕੋਧਰਾ ਛਕ ਰਹੇ ਹੋ, ਆਓ ਇਸਨੂੰ ਏਥੇ ਹੀ ਛੱਡ ਦਿਓ, ਮਲਕ ਭਾਗੋ ਦੇ ਘਰ ਮਾਲ੍ਹ ਪੂੜੇ ਮਿਲਣਗੇ ਅਤੇ ਨਾਲ ਦਮੜੇ ਵੀ ਮਿਲਣਗੇ। ਸਤਿਗੁਰਾਂ ਕਿਹਾ, ਮੇਰੇ ਲਈ ਛੱਤੀ ਅੰਮ੍ਰਿਤ ਇਕ ਪ੍ਰੇਮ ਹੀ ਹੈ, ਉਸ ਦੀ ਕ੍ਰਿਪਾ ਹੀ ਹੈ।

*ਛਤੀਹ ਅੰਮ੍ਰਿਤ ਭਾਉ ਏਕੁ ਜਾਕਉ ਨਦਰ ਕਰੇ॥*
*ਬਾਬਾ ਹੋਰੁ ਖਾਣਾ ਖੁਸੀ ਖੁਆਰੁ॥*

—ਸਿਰੀ ਰਾਗ ਮ: ੧, ਪੰਨਾ ੧੬

ਭੀਲਨੀ ਦੇ ਬੇਰਾਂ ਵਿਚ, ਬਿਦਰ ਦੇ ਸਾਗ ਵਿਚ, ਭਾਈ ਲਾਲੋ ਦੇ ਕੋਧਰੇ ਵਿਚ ਇੰਨਾ ਅਨੰਦ ਕਿਉਂ ਹੈ। ਇਸ ਅਨੰਦ ਦਾ ਕਾਰਨ ਅਚਿੰਤ ਅਵਸਥਾ ਹੈ, ਜਿੱਥੇ ਚਿੰਤਾ ਕੋਈ ਨਹੀਂ। ਇਕ ਬੰਦੇ ਅੱਗੇ ਛਕਣ ਲਈ ਸੁੰਦਰ ਭੋਜਨ ਹੈ ਅਤੇ ਮਨ ਵਿਚ ਕਰੋੜਾਂ ਰੁਪਿਆਂ ਦੀ ਚਿੰਤਾ ਹੈ, ਇਸ ਚਿੰਤਾ ਦੇ ਹਉਕੇ ਤਾਂ ਸੁੰਦਰ ਭੋਜਨ ਨੂੰ ਜ਼ਹਿਰ ਬਣਾ ਦੇਣਗੇ ਅਤੇ ਰੇਸ਼ਮੀ ਬਸਤਰਾਂ ਨੂੰ ਕਫਨ ਤੋਂ ਬਦਤਰ ਕਰ ਦੇਣਗੇ। ਧਰਮ ਦੀ ਸ਼ਕਤੀ ਜਦੋਂ ਮਨੁੱਖ ਦੇ ਅੰਦਰ ਹੋਵੇ ਤਾਂ ਜਦੋਂ ਉਸਦਾ ਮਾਇਆ ਨਾਲ ਵਾਹ ਪੈਂਦਾ ਹੈ ਤਾਂ ਮਾਇਆ ਵੀ ਉਨ੍ਹਾਂ ਨੂੰ ਚੁੜੇਲ ਡਾਇਨ ਨਹੀਂ ਲਗਦੀ। ਭਾਈ ਨੰਦ ਲਾਲ ਜੀ ਕਹਿੰਦੇ ਹਨ, ਪਵਿੱਤਰ ਹਿਰਦੇ ਵਾਲੇ ਗਿਆਨਵਾਨ ਬੰਦਿਆਂ ਨੂੰ ਮਾਇਆ ਆਪਣਾ ਭਿਆਨਕ ਰੂਪ ਨਹੀਂ ਵਿਖਾਉਂਦੀ, ਸੁੰਦਰ ਚਿਹਰਾ ਵਿਖਾਉਂਦੀ ਹੈ।

*ਆਰਫਾਂ ਰਾ ਦੌਲਤੇ ਖੁਸ਼ ਰੂ ਨੁਮਾਸਤ।*

ਮਾਇਆ ਦਾ ਸੁੰਦਰ ਮੁਖੜਾ ਕੀ ਹੈ ਤੇ ਭਿਆਨਕ ਚਿਹਰਾ ਕੀ ਹੈ। ਇਕ ਬੰਦੇ ਨੂੰ ਦੋ ਲੱਖ ਰੁਪਏ ਨੇ ਮੂੰਹ ਵਿਖਾਇਆ। ਉਸ ਬੰਦੇ ਨੇ ਪੁੱਤਰ ਦਾ ਜਨਮ ਦਿਨ ਮਨਾਇਆ। ਚੰਡਾਲ ਚੌਕੜੀ ਇਕੱਠੀ ਹੋ ਗਈ। ਸ਼ਰਾਬ ਦੇ ਦੌਰ ਚੱਲੇ, ਕਿਸੇ ਗੱਲੋਂ ਬੋਲ ਬੁਲਾਰਾ ਹੋ ਗਿਆ, ਕੁਝ ਬੰਦੇ ਮਰ ਗਏ, ਕੁਝ ਫੱਟੜ ਹੋ ਗਏ। ਪੁੱਤਰ ਦਾ ਜਨਮ ਦਿਨ ਮਨਾਉਣ ਵਾਲੇ ਨੂੰ ਬਿਪਤਾ ਪੈ ਗਈ। ਕਹਿ ਰਿਹਾ ਹੈ, ਦੋ ਲੱਖ ਲੱਗ ਕੇ ਖਲਾਸੀ ਹੋਈ ਹੈ। ਇਸ ਨੂੰ ਦੌਲਤ ਨੇ ਭਿਆਨਕ ਰੂਪ ਵਿਖਾਇਆ ਹੈ।

ਇਕ ਮਨੁੱਖ ਨੂੰ ਧਰਮ ਦੀ ਕਿਰਤ ਨਾਲ ਸ਼ਾਮ ਨੂੰ ਦਸ ਰੁਪਏ ਮਿਲੇ ਹਨ, ਰੁੱਖਾ ਮਿੱਸਾ ਪ੍ਰਸ਼ਾਦ ਪਾਣੀ ਛਕ ਰਿਹਾ ਹੈ। ਅਚਾਨਕ ਹੀ ਕੋਈ ਰੱਬ ਦਾ ਪਿਆਰਾ ਆ ਗਿਆ। ਦੋ ਫੁਲਕੇ ਆਪ ਛਕ ਲਏ ਦੋ ਉਸ ਨੂੰ ਛਕਾ ਦਿੱਤੇ। ਜੇ ਉਸ ਦਾਤੇ ਦੀ ਬਖ਼ਸ਼ਿਸ਼ ਦਸ ਲੱਖ ਹੋ ਗਈ ਤਾਂ ਸਮਝਦਾ ਹੈ ਦਸ ਰੁਪਏ ਵੀ ਉਸੇ ਦੀ ਦਾਤ ਸੀ ਦਸ ਲੱਖ ਵੀ। ਹੁਣ ਇਕ ਨਹੀਂ ਅਨੇਕਾਂ ਨੂੰ ਲੰਗਰ ਛਕਾ ਰਿਹਾ ਹੈ, ਅਨੇਕਾਂ ਗਰੀਬਾਂ ਦੇ ਪਰਦੇ ਕੱਜ ਰਿਹਾ ਹੈ। ਦੌਲਤ ਐਸੇ ਸਿੱਖਾਂ ਨੂੰ ਹੀ ਸੁੰਦਰ ਮੂੰਹ ਵਿਖਾਉਂਦੀ ਹੈ, ਜਿਨ੍ਹਾਂ ਪਾਸੋਂ ਮਾਇਆ ਗ਼ਲਤ ਕੰਮ ਨਹੀਂ ਕਰਾ ਸਕਦੀ।

ਇਕ ਬੜੀ ਸੁੰਦਰ ਗਾਥਾ ਹੈ, ਇਕ ਘਰ ਦੇ ਦਰਵਾਜ਼ੇ ਅੱਗੇ ਇਕ ਲੋੜਵੰਦ ਗਿਆ, ਆਪਣੀ ਲੋੜ ਦੱਸੀ। ਘਰ ਦੇ ਮਾਲਕ ਨੇ ਆਪਣੇ ਨੌਕਰ ਨੂੰ ਕਿਹਾ, ਇਸ ਨੂੰ ਧੱਕੇ ਦੇ ਕੇ ਘਰੋਂ ਬਾਹਰ ਕੱਢ ਦੇ, ਨੌਕਰ ਨੇ ਹੁਕਮ ਪੂਰਾ ਕਰ ਦਿੱਤਾ। ਸਮੇਂ ਦੇ ਚੱਕਰ ਨਾਲ ਉਹ ਮਨੁੱਖ ਕੰਗਾਲ ਹੋ ਗਿਆ, ਨੌਕਰ ਵੀ ਨੌਕਰੀ ਦੀ ਤਲਾਸ਼ ਵਿਚ ਹੋਰ ਥਾਂ ਗਿਆ। ਇਕ ਨੇਕ ਪੁਰਸ਼ ਨੇ ਇਸ ਨੂੰ ਨੌਕਰ ਰੱਖ ਲਿਆ। ਇਸ ਘਰ ਵਿਚ ਵੀ ਇਕ ਲੋੜਵੰਦ ਆ ਗਿਆ। ਇਸ ਮਾਲਕ ਨੇ ਕਿਹਾ, ਇਸ ਲੋੜਵੰਦ ਨੂੰ ਅੰਦਰ ਲੈ ਆ, ਇਸ਼ਨਾਨ ਕਰਵਾ, ਨਵੇਂ ਬਸਤਰ ਦੇਹ, ਭੋਜਨ ਛਕਾ ਅਤੇ ਜਿੰਨੀ ਲੋੜ ਹੈ ਪੈਸੇ ਦੇ ਦਿਓ। ਨੌਕਰ ਨੇ ਐਸਾ ਹੀ ਕੀਤਾ। ਜਦੋਂ ਲੋੜਵੰਦ ਤੁਰਨ ਲੱਗਾ ਤਾਂ ਨੌਕਰ ਜ਼ਾਰ-ਜ਼ਾਰ ਰੋਣ ਲੱਗ ਪਿਆ। ਮਾਲਕ ਨੇ ਪੁੱਛਿਆ ਆਪਾਂ ਸ਼ੁੱਭ ਕੰਮ ਕੀਤਾ ਹੈ, ਤੂੰ ਰੋ ਰਿਹਾ ਹੈਂ। ਨੌਕਰ ਨੇ ਕਿਹਾ, ਰੋ ਰਿਹਾ ਹਾਂ, ਕਰਮ ਗਤੀ ਤੇ। ਕਲ੍ਹ ਮੈਂ ਉਸ ਦਾ ਨੌਕਰ ਸਾਂ ਜਿਸਨੇ ਮੇਰੇ ਕੋਲੋਂ ਤੈਨੂੰ ਧੱਕੇ ਦਿਵਾਏ ਸਨ। ਪਰ ਅੱਜ ਮੈਂ ਉਸਦਾ ਨੌਕਰ ਹਾਂ ਜਿਸ ਨੂੰ ਇਹ ਵੀ ਯਾਦ ਨਹੀਂ ਕਿ ਇਸ ਦੇ ਘਰ ਕਦੀ ਮੈਂ ਗਿਆ ਸਾਂ ਤੇ ਮੈਨੂੰ ਧੱਕੇ ਪਏ ਸਨ। ਸ਼ੁਕਰ ਹੈ, ਮੈਂ ਅੱਜ ਉਸ ਦਾ ਨੌਕਰ ਹਾਂ ਜਿਹੜਾ ਆਏ ਦੀ ਸੇਵਾ ਕਰਦਾ ਹੈ, ਤੇਰੀ ਮਾਇਆ ਸਫਲ ਹੈ। ਇਸ ਕੋਲ ਵੀ ਮਾਇਆ ਸੀ, ਇਸ ਨੇ ਮਾਇਆ ਦੇ ਕੇ ਕਿਹਾ, ਤੂੰ ਮੇਰਾ ਨੌਕਰ ਹੈਂ, ਇਸ ਨੂੰ ਧੱਕੇ ਮਾਰ। ਤੂੰ ਮਾਇਆ ਦੇ ਕੇ ਕਿਹਾ, ਆਏ ਦੀ ਸੇਵਾ ਕਰ। ਜਦੋਂ ਮਾਇਆ ਨਾਲ ਧਰਮ ਕਲਾ ਜੁੜ ਜਾਏ ਤਾਂ ਬੰਦੇ ਦੀ ਮਾਇਆ, ਜਗਤ ਦੀ ਸੇਵਾਦਾਰ ਹੋਵੇਗੀ। ਜਦੋਂ ਮਾਇਆ ਦੀ ਸ਼ਕਤੀ ਨਾਲ ਧਰਮ ਕਲਾ ਨਾ ਜੁੜੇ ਫਿਰ ਮਾਇਆ ਨਾਲ ਬੰਦਾ ਬੰਦਿਆਂ ਨੂੰ ਧੱਕੇ ਹੀ ਮਾਰੇਗਾ। ਅੰਤ ਰੱਬ ਦੇ ਦਰੋਂ ਆਪ ਵੀ ਧੱਕੇ ਹੀ ਖਾਏਗਾ। ਜੀਵਨ ਵਿਚ ਧਰਮ ਕਲਾ ਹੈ ਤਾਂ ਮਾਇਆ ਨਾਲ ਗੁਜ਼ਰਾਨ ਚਲੇਗੀ। ਧਰਮ ਤੋਂ ਬਿਨਾਂ ਦੌਲਤ ਨਾਲ ਸਿਰਫ਼ ਚਿੰਤਾ, ਦੁੱਖ, ਵੈਰ, ਈਰਖਾ ਤੇ ਪਛਤਾਵਾ ਹੀ ਪੱਲੇ ਪੈਂਦੇ ਹਨ। ਪ੍ਰਮਾਤਮਾ ਸਭ ਨੂੰ ਧਨ ਦੇਵੇ ਪਰ ਨਾਲ ਧਰਮ ਕਲਾ ਵੀ ਦੇਵੇ।

✿ ✿ ✿

## ੭

# ਹਾਸਾ ਤੇ ਧਰਮ ਕਲਾ

ਹੱਸਣਾ, ਪ੍ਰਮਾਤਮਾ ਵਲੋਂ ਮਨੁੱਖ ਨੂੰ ਇਕ ਅਮੁੱਲ ਦਾਤ ਮਿਲੀ ਹੈ। ਜਿਸ ਮਨੁੱਖ ਨੂੰ ਕਦੀ ਹਾਸਾ ਨਾ ਆਇਆ ਹੋਵੇ ਉਹ ਮਨੁੱਖ ਕਿਤਨਾ ਕਠੋਰ ਤੇ ਕਰੂਪ ਜਾਪਦਾ ਹੈ। ਮਨੁੱਖ ਹਸਦਾ ਹੋਇਆ ਬੜਾ ਸੁੰਦਰ ਸੁਹਣਾ ਲੱਗਦਾ ਹੈ। ਉਹੋ ਮਨੁੱਖ ਬਹੁਤ ਗੰਭੀਰ ਹੋ ਜਾਵੇ ਤਾਂ ਚਿਹਰੇ ਦੀ ਉਹ ਰੌਣਕ ਨਹੀਂ ਰਹਿ ਜਾਂਦੀ। ਜਦੋਂ ਮਨੁੱਖ ਕਿਸੇ ਦੂਸਰੇ ਮਨੁੱਖ ਨੂੰ ਮਿਲਦਾ ਹੈ। ਬੇਸ਼ੱਕ ਅੰਦਰੋਂ ਉਦਾਸ ਹੀ ਹੋਵੇ, ਬੜਾ ਮੁਸਕਰਾ ਕੇ ਹੱਸ ਕੇ ਮਿਲਦਾ ਹੈ। ਜੇ ਕੋਈ ਬੰਦਾ ਬੰਦੇ ਨੂੰ ਹੱਸ ਕੇ ਨਹੀਂ ਮਿਲਿਆ ਤਾਂ ਸਮਝ ਲੈਣਾ ਚਾਹੀਦਾ ਹੈ ਜਾਂ ਤਾਂ ਦੋ ਅਜਨਬੀ ਬੰਦੇ ਮਿਲੇ ਹਨ ਜਾਂ ਦੋ ਦੁਸ਼ਮਣ ਮਿਲੇ ਹਨ। ਜਿੱਥੇ ਕੋਈ ਸੰਬੰਧ ਨਹੀਂ, ਮਨੁੱਖ ਦਾ ਹਾਸਾ ਖੁਲ੍ਹ ਕੇ ਨਹੀਂ ਨਿਕਲਦਾ। ਦੁਸ਼ਮਣ ਦੇ ਮਿਲਣ ਤੇ ਤਾਂ ਹੱਸਣਾ ਬਹੁਤ ਮੁਸ਼ਕਲ ਹੈ, ਦੁਸ਼ਮਣ ਨੂੰ ਵੇਖ ਕੇ ਮਨੁੱਖ ਗੰਭੀਰ ਹੋ ਜਾਂਦਾ ਹੈ।

ਕਿਸੇ ਵੇਲੇ ਮਨੁੱਖ ਦੀਆਂ ਉਲਝਣਾਂ ਘੱਟ ਸਨ, ਸੁਭਾਵਕ ਹੀ ਮਨੁੱਖ ਅਨੰਦਤ ਸੀ। ਇਕੱਲਾ ਬੈਠਾ ਵੀ ਇਹ ਮੁਸਕਰਾਉਂਦਾ ਸੀ, ਹੱਸਦਾ ਸੀ ਪਰ ਉਲਝਣਾਂ ਵਧ ਗਈਆਂ ਅੰਦਰ ਦੀ ਪ੍ਰੇਸ਼ਾਨੀ ਵਧ ਗਈ। ਅੱਜ ਤਾਂ ਇਕੱਲਾ ਮਨੁੱਖ ਹਸਦਾ ਮਿਲ ਜਾਏ ਤਾਂ ਦੂਸਰਾ ਸਮਝਦਾ ਹੈ ਇਹ ਪਾਗਲ ਹੋਵੇਗਾ। ਸਿਆਣਾ ਮਨੁੱਖ ਹਾਸੇ ਦਾ ਕਾਰਨ ਚਾਹੁੰਦਾ ਹੈ। ਉਹ ਪੁੱਛਦਾ ਹੈ ਕਿ ਕਿਉਂ ਹੱਸੇ ਹੋ, ਹਾਸੇ ਦਾ ਕਾਰਨ ਕੀ ਹੈ? ਜਦੋਂ ਅਸੀਂ ਕਿਸੇ ਦੇ ਮਿਲਣ ਤੇ ਹੱਸੇ ਹਾਂ ਤਾਂ ਉਹ ਹਾਸਾ ਸਾਡਾ ਆਪਣਾ ਨਹੀਂ ਉਹ ਤਾਂ ਦੂਸਰੇ ਦਾ ਹੈ। ਸਾਡਾ ਹਾਸਾ ਤਾਂ ਉਹ ਹੈ ਜੋ ਆਪਣੇਂ ਹੀ ਕਾਰਨ ਹੋਵੇ ਤੇ ਕਾਰਨ ਹੋਵੇ ਪ੍ਰਸੰਨਤਾ, ਕਾਰਨ ਹੋਵੇ ਅਨੰਦ।

ਕਦੀ ਮਨੁੱਖ ਆਪਣੇ ਅਨੰਦ ਕਾਰਨ ਹੱਸਦਾ ਸੀ, ਅੱਜ ਮਨੁੱਖ ਨੂੰ ਹਸਾਉਣ ਲਈ ਉਚੇਚੇ ਪ੍ਰਬੰਧ ਕਰਨੇ ਪਏ ਹਨ, ਜਿਵੇਂ ਕਿ ਕਿਸੇ ਮਨੁੱਖ ਦੀ ਸਰੀਰਕ ਕ੍ਰਿਆ ਸੁਭਾਵਕ ਹੀ ਠੀਕ ਨਾ ਚੱਲੇ ਤਾਂ ਫਿਰ ਵੈਦ ਉਸ ਨੂੰ ਚਲਾਉਂਦਾ ਹੈ ਕਿ ਸਰੀਰਕ ਕ੍ਰਿਆ ਫਿਰ ਸੁਭਾਵਕ ਹੋ ਜਾਏ। ਇਸੇ ਤਰ੍ਹਾਂ ਜਦੋਂ ਸੁਭਾਵਕ ਮਨੁੱਖ ਦਾ ਹਾਸਾ ਨਾ ਨਿਕਲੇ ਤਾਂ ਕੋਈ ਪ੍ਰਬੰਧ ਕਰਨਾ ਪੈਂਦਾ ਹੈ।

ਛੋਟੇ ਬੱਚੇ ਨੂੰ ਮਾਂ ਐਸੇ ਇਸ਼ਾਰੇ ਕਰਦੀ ਹੈ ਕਿ ਬੱਚਾ ਹੱਸੇ। ਹੱਸਦਾ ਬੱਚਾ ਉਸ ਨੂੰ ਸੁਹਣਾ ਲੱਗਦਾ ਹੈ। ਮਾਸੂਮ ਬੱਚਾ ਹੱਸ ਪਵੇ ਤਾਂ ਸਾਰਾ ਪਰਿਵਾਰ ਹੀ ਹੱਸਣ ਲੱਗ ਪੈਂਦਾ

ਹੈ, ਜੇਕਰ ਬੱਚੇ ਨੂੰ ਖਿੜਖਿੜਾ ਕੇ ਹਸਾਉਣਾ ਹੋਵੇ, ਤਾਂ ਮਾਂ ਬੱਚੇ ਦੀਆਂ ਵੱਖੀਆਂ ਵਿਚ ਕੁਤ-ਕੁਤਾਰੀਆਂ ਕੱਢਦੀ ਹੈ, ਫਿਰ ਬੱਚਾ ਹੱਸਦਾ ਹੈ। ਐਸਾ ਕਿਉਂ ਕਰਦੇ ਹਾਂ? ਇਸ ਲਈ ਕਿ ਹੱਸਦਾ ਬੱਚਾ ਸੁਹਣਾ ਲੱਗਦਾ ਹੈ, ਪਿਆਰਾ ਲੱਗਦਾ ਹੈ। ਹੱਸਦੇ ਬੱਚੇ ਨੂੰ ਤਾਂ ਹਰ ਇਕ ਚੁੱਕਣ ਲਈ ਤਿਆਰ ਹੈ, ਰੋਂਦੇ ਬੱਚੇ ਨੂੰ ਕੌਣ ਚੁੱਕੇਗਾ। ਬੱਚਾ ਰੋ ਪਏ ਤਾਂ ਜਿਸ ਸੱਜਣ ਨੇ ਚੁੱਕਿਆ ਹੋਵੇ ਉਹ ਵੀ ਬੱਚੇ ਦੀ ਮਾਂ ਨੂੰ ਵਾਪਸ ਪਕੜਾ ਦਿੰਦਾ ਹੈ ਕਿ ਇਹ ਰੋਣ ਲੱਗ ਪਿਆ ਹੈ।

ਜਿਵੇਂ ਸਾਨੂੰ ਹੱਸਦੇ ਬੱਚੇ ਹੀ ਚੰਗੇ ਲਗਦੇ ਹਨ ਇਸੇ ਤਰ੍ਹਾਂ ਪ੍ਰਮਾਤਮਾ ਨੂੰ ਵੀ ਹੱਸਦੇ ਭਗਤ ਬੜੇ ਪਿਆਰੇ ਲੱਗਦੇ ਹਨ। ਗਿਲਿਆਂ ਨਾਲ ਭਰੇ ਰੋਂਦੇ ਬੰਦੇ ਉਸ ਨੂੰ ਵੀ ਚੰਗੇ ਨਹੀਂ ਲੱਗਦੇ। ਇਸੇ ਲਈ ਕੁਝ ਸਿਆਣਿਆਂ ਨੇ ਇਹ ਉਚੇਚਾ ਪ੍ਰਬੰਧ ਕੀਤਾ ਹੈ ਕਿ ਬੰਦੇ ਨੂੰ ਐਸੀਆਂ ਗੱਲਾਂ ਸੁਣਾਓ ਜਿਨ੍ਹਾਂ ਨੂੰ ਸੁਣ ਕੇ ਇਹ ਹੱਸ ਪਵੇ, ਐਸੀਆਂ ਗੱਲਾਂ ਲਿਖੋ ਜਿਨ੍ਹਾਂ ਨੂੰ ਪੜ੍ਹ ਕੇ ਇਹ ਹੱਸ ਪਵੇ, ਭਾਵ ਕਿਸੇ ਤਰ੍ਹਾਂ ਕੁਝ ਵਿਖਾ ਕੇ ਕੁਝ ਸੁਣਾ ਕੇ ਇਸ ਦੇ ਦਿਲ ਦਿਮਾਗ਼ ਵਿਚ ਬੱਚੇ ਵਾਂਗੂੰ ਕੁਤ-ਕੁਤਾਰੀਆਂ ਕੱਢੋ, ਇਸ ਦਾ ਹੱਸਣਾ ਬੜਾ ਜ਼ਰੂਰੀ ਹੈ। ਜੇਕਰ ਬੰਦੇ ਨੂੰ ਹਸਾਇਆ ਨਾ ਗਿਆ ਤਾਂ ਇਹ ਬੰਦਾ ਬੜਾ ਜ਼ਾਲਮ ਹੋਵੇਗਾ। ਹੱਸਦੇ ਬੰਦੇ ਲਈ ਨਿਰਦਈ ਹੋਣਾ ਬੜਾ ਮੁਸ਼ਕਿਲ ਹੋ ਜਾਂਦਾ ਹੈ। ਜਿਹੜੇ ਬੰਦੇ ਬੜੀ ਵੱਡੀ ਤਾਕਤ ਵਾਲੇ ਹਨ ਅਨੇਕਾਂ ਨੌਕਰ ਜਿਨ੍ਹਾਂ ਦੇ ਪਾਸ ਕੰਮ ਕਰਦੇ ਹਨ ਉਨ੍ਹਾਂ ਬੰਦਿਆਂ ਨੂੰ ਵੇਖੋ, ਨੌਕਰਾਂ ਦੇ ਸਾਹਮਣੇ ਬੜੇ ਗੰਭੀਰ ਬਣੇ ਰਹਿੰਦੇ ਹਨ। ਕਾਰਨ ਇਕ ਹੀ ਹੈ ਕਿ ਨੌਕਰ ਨਾਲ ਹੱਸ ਪਏ ਤਾਂ ਕੁਝ ਰਿਆਇਤ ਦੇਣੀ ਪਵੇਗੀ, ਕੁਝ ਰਹਿਮ ਕਰਨਾ ਹੀ ਪਵੇਗਾ। ਇਸ ਲਈ ਐਸੇ ਬੰਦਿਆਂ ਨੇ ਹਾਸਾ ਰੋਕ ਲਿਆ ਹੈ। ਅੱਜ ਹਾਸੇ ਦੀ ਗੱਲ ਹੀ ਹੋਰ ਹੋ ਗਈ ਹੈ। ਅਜੋਕਾ ਮਨੁੱਖ ਹੱਸਦਾ ਹੈ ਪਰ ਕਿਸੇ ਤੇ ਹੱਸਦਾ ਹੈ। ਉਹ ਹਾਸਾ ਹੱਸਦਾ ਹੈ ਕਿ ਜਿਹੜਾ ਦੂਸਰੇ ਦਾ ਦਿਲ ਤੋੜ ਜਾਏ। ਇਹ ਦੂਸਰੇ ਦੀ ਗਰੀਬੀ ਤੇ ਹੱਸਦਾ ਹੈ, ਇਹ ਦੂਸਰੇ ਦੀ ਕਰੂਪਤਾ ਤੇ ਹੱਸਦਾ ਹੈ, ਇਹ ਦੂਸਰੇ ਦੀ ਮਜਬੂਰੀ ਤੇ ਹੱਸਦਾ ਹੈ। ਇਸ ਹਾਸੇ ਨਾਲੋਂ ਤਾਂ ਬੰਦਾ ਰੋ ਲੈਂਦਾ ਤਾਂ ਰੱਬ ਦੇ ਘਰ ਪ੍ਰਵਾਨ ਹੋ ਜਾਂਦਾ। ਹੇ ਬੰਦੇ! ਤੇਰੇ ਹਾਸੇ ਤੇ ਕੋਈ ਰੋਣ ਲੱਗ ਪਵੇ ਤਾਂ ਤੇਰੇ ਹਾਸੇ ਤੇ ਲਾਅਨਤ ਹੈ।

ਇਕ ਗ਼ਰੀਬ ਬੱਚੀ ਮਾਮੂਲੀ ਕੱਪੜੇ ਜੋ ਫਟਣ ਦੇ ਕਰੀਬ ਹਨ, ਪਾ ਕੇ ਸਕੂਲ ਆ ਗਈ । ਧਨਵਾਨਾਂ ਦੀਆਂ ਬੱਚੀਆਂ ਹੱਸੀਆਂ, ਮਜ਼ਾਕ ਉਡਾਇਆ। ਇਸ ਬੱਚੀ ਨੇ ਘਰ ਆ ਕੇ ਅੱਜ ਖਾਣਾ ਨਹੀਂ ਖਾਧਾ, ਆਪਣੀ ਗ਼ਰੀਬੀ ਤੇ ਰੋ ਰਹੀ ਹੈ। ਮਾਂ-ਬਾਪ ਨੂੰ ਡਰਦੀ ਕੁਝ ਨਹੀਂ ਕਹਿੰਦੀ, ਘਰ ਦੀ ਹਾਲਤ ਦਾ ਉਸ ਨੂੰ ਪਤਾ ਹੈ। ਇਸ ਬੱਚੀ ਦੀ ਹਾਲਤ ਤੇ ਹੱਸਣ ਵਾਲੀਆਂ ਬੱਚੀਆਂ ਦਾ ਹਾਸਾ ਪਾਪ ਹੈ। ਮਨੁੱਖ ਨੂੰ ਹੱਸਣਾ ਜ਼ਰੂਰ ਚਾਹੀਦਾ ਹੈ। ਸਿਆਣਿਆਂ ਦਾ ਮਤ ਹੈ ਕਿ ਬੰਦੇ ਤੂੰ ਕਿਸੇ ਨੂੰ ਹਸਾ ਕੇ ਹੱਸ, ਰੁਆ ਕੇ ਨਾ ਹੱਸ। ਤੇਰੇ ਹੱਸਣ ਨਾਲ ਕਿਸੇ ਨੂੰ ਰੋਣਾ ਪਵੇ, ਤੇਰੇ ਹੱਸਣ ਨਾਲ ਕਿਸੇ ਦਾ ਮਨ ਉਦਾਸ ਹੋ ਜਾਵੇ, ਸਿਰਫ਼ ਆਪਣੇ ਹਾਸੇ ਵਾਸਤੇ ਹੀ ਤੂੰ ਕਿਸੇ ਦਾ ਦਿਲ ਤੋੜ ਦੇਵੇਂ, ਇਹ ਯੋਗ ਨਹੀਂ। ਜਿਨ੍ਹਾਂ ਕੋਲ ਰੱਬੀ ਦਾਤ ਧਰਮ ਕਲਾ ਨਹੀਂ, ਉਨ੍ਹਾਂ ਦਾ ਹਾਸਾ ਕਿਸੇ ਦਾ ਦਿਲ

ਤੋੜਨ ਲਈ ਹੀ ਹੈ।

ਪਰ ਜਿਨ੍ਹਾਂ ਬੰਦਿਆਂ ਦੇ ਪਾਸ ਧਰਮ ਕਲਾ ਹੈ ਉਨ੍ਹਾਂ ਦਾ ਹਾਸਾ ਭੁੱਲੇ ਹੋਇਆਂ ਨੂੰ ਰਾਹੇ ਪਾ ਜਾਂਦਾ ਹੈ। ਉਨ੍ਹਾਂ ਦਾ ਹਾਸਾ ਟੁੱਟਿਆਂ ਨੂੰ ਰੱਬ ਨਾਲ ਜੋੜ ਜਾਂਦਾ ਹੈ, ਉਨ੍ਹਾਂ ਦਾ ਹਾਸਾ ਜੀਵਨ ਦੀਆਂ ਮਹਾਨ ਭੁੱਲਾਂ ਦੀ ਸੁਧਾਈ ਕਰ ਦਿੰਦਾ ਹੈ। ਜਨਕ ਦੇ ਦਰਬਾਰ ਵਿਚ ਬੈਠੇ ਸਾਰੇ ਵਿਦਵਾਨ ਹੱਸ ਪਏ, ਇਸ ਹਾਸੇ ਦਾ ਕਾਰਨ ਅਸ਼ਟਾਵਕਰ ਸੀ। ਅਸ਼ਟਾਵਕਰ ਰਿਸ਼ੀ, ਮਹਾਨ ਵਿਦਵਾਨ ਸੀ ਤੇ ਸਰੀਰ ਨੂੰ ਅੱਠ ਵਲ ਪੈਂਦੇ ਸਨ। ਜਦੋਂ ਸੰਦੇਸ਼ਾ ਮਿਲਿਆ ਕਿ ਜਨਕ ਦਾ ਗੁਰੂ ਆ ਗਿਆ ਹੈ ਤਾਂ ਸਾਰੇ ਬ੍ਰਾਹਮਣ ਹੱਸ ਪਏ। ਅਸ਼ਟਾਵਕਰ ਨੇ ਕਿਹਾ ਸੀ, ਤੁਹਾਨੂੰ ਤਾਂ ਰੋਣਾ ਚਾਹੀਦਾ ਸੀ, ਤੁਸੀਂ ਕਿਸ ਖ਼ੁਸ਼ੀ ਵਿਚ ਹੱਸ ਰਹੇ ਹੋ। ਹੱਸਣਾ ਤਾਂ ਮੈਨੂੰ ਚਾਹੀਦਾ ਹੈ ਤੁਹਾਡੀ ਅਗਿਆਨਤਾ ਤੇ, ਤੁਸੀਂ ਰਾਜੇ ਜਨਕ ਦੇ ਸ਼ੰਕੇ ਨਾ ਕੱਢ ਸਕੇ, ਮੈਂ ਸ਼ੰਕਿਆਂ ਦਾ ਉੱਤਰ ਦਿੱਤਾ ਹੈ। ਚਮੜੀ ਤੇ ਸਰੀਰ ਤੇ ਹੱਸਣ ਵਾਲਿਓ, ਆਪਣੀ ਅਗਿਆਨਤਾ ਤੇ ਹੰਝੂ ਕੇਰੋ।

ਸਿੱਖ ਇਤਿਹਾਸ ਵਿਚ ਇਕ ਬੜੇ ਖੁਸ਼-ਮਿਜ਼ਾਜ ਮਹਾਂ ਪੁਰਖਾਂ ਦਾ ਜ਼ਿਕਰ ਹੈ। ਇਨ੍ਹਾਂ ਦਾ ਨਾਂ ਸੀ, ਸੁਥਰੇ ਸ਼ਾਹ। ਹਾਸਾ ਤੇ ਧਰਮ ਕਲਾ ਦਾ ਸੁਮੇਲ ਵੇਖਣਾ ਹੋਵੇ ਤਾਂ ਇਨ੍ਹਾਂ ਦੀਆਂ ਹੱਡ-ਬੀਤੀਆਂ ਵਿਚਾਰਨੀਆਂ ਬਹੁਤ ਜ਼ਰੂਰੀ ਹਨ। ਇਕ ਦਿਨ ਸਤਿਗੁਰੂ ਹਰਿਗੋਬਿੰਦ ਸਾਹਿਬ ਦਰਬਾਰ ਵਿਚ ਬੈਠੇ ਸਨ, ਸੁਥਰੇ ਸ਼ਾਹ ਜੀ ਆ ਗਏ। ਹੱਥ ਵਿਚ ਇਕ ਚਿੜੀ ਫੜੀ ਸੀ। ਆ ਕੇ ਕਹਿਣ ਲੱਗੇ, ਸਾਹਿਬ ਜੀ ਦੱਸੋ ਇਹ ਚਿੜੀ ਜਿਊਂਦੀ ਹੈ ਜਾਂ ਮਰੀ ਹੈ। ਸਾਹਿਬ ਹੱਸ ਪਏ, ਸਾਰੀ ਸੰਗਤ ਹੱਸਣ ਲੱਗ ਪਈ। ਸੁਥਰੇ ਸ਼ਾਹ ਜੀ ਖਿੜਖਿੜਾ ਕੇ ਹੱਸ ਰਹੇ ਸਨ, ਚਿੜੀ ਜਿਊਂਦੀ ਸੀ। ਪਰ ਇਸਨੇ ਸੋਚਿਆ ਕਿ ਜੇ ਸਤਿਗੁਰੂ ਕਹਿਣਗੇ, ਜਿਊਂਦੀ ਹੈ ਤਾਂ ਮੈਂ ਦਬ ਕੇ ਮਾਰ ਦਿਆਂਗਾ ; ਜੇ ਇਹ ਕਹਿਣਗੇ ਮਰੀ ਹੈ ਤਾਂ ਮੈਂ ਛੱਡ ਦਿਆਂਗਾ, ਇਹ ਉਡ ਜਾਏਗੀ। ਸਾਹਿਬ ਜਾਣਦੇ ਸਨ, ਕਹਿਣ ਲੱਗੇ, ਬਸ ਇਸ ਬਾਰੇ ਸੁਥਰੇ ਸ਼ਾਹ ਹੀ ਜਾਣਦੇ ਹਨ, ਇਹ ਜਿਊਂਦੀ ਹੈ ਕਿ ਮਰੀ। ਤੇਰੇ ਹੱਥ ਵਿਚ ਦੋਵੇਂ ਗੱਲਾਂ ਹੀ ਸੱਚ ਹਨ। ਸੁਥਰੇ ਨੇ ਚਿੜੀ ਛੱਡ ਦਿੱਤੀ, ਉਹ ਉਡ ਗਈ। ਸੁਥਰਾ ਕਹਿਣ ਲੱਗਾ, ਸਾਹਿਬ ਜੀ! ਮੈਂ ਅੱਜ ਇਹ ਬੇਨਤੀ ਕਰਨ ਆਇਆ ਹਾਂ ਕਿ ਜਿਨ੍ਹਾਂ ਨੂੰ ਰੱਬ ਨੇ ਤਾਕਤ ਬਖ਼ਸ਼ੀ ਹੈ ਐਸੇ ਬੰਦੇ ਅਨੇਕਾਂ ਬੰਦਿਆਂ ਦੀ ਜਾਨ ਹੱਥ ਵਿਚ ਲੈ ਕੇ ਬੈਠੇ ਹਨ, ਅਤੇ ਪੁੱਛਦੇ ਹਨ ਕਿ ਦੱਸੋ ਜਿਊਣਾ ਚਾਹੁੰਦੇ ਹੋ ਕਿ ਮਰਨਾ। ਪਾਤਸ਼ਾਹ ਤਾਕਤਵਰਾਂ ਨੂੰ ਇਹ ਮੱਤ ਦੇਵੋ ਕਿ ਰੱਬ ਦੇ ਬੰਦਿਆਂ ਨੂੰ ਚਿੜੀਆਂ ਨਾ ਸਮਝਣ, ਬੰਦਿਆਂ ਨੂੰ ਬੰਦੇ ਹੀ ਸਮਝਣ। ਕਿੰਨਾ ਸੁੰਦਰ ਸੀ ਸੁਥਰੇ ਸ਼ਾਹ ਦਾ ਹਾਸਾ।

ਇਕ ਵਾਰ ਇਕ ਸਿੱਖ ਪਾਠ ਕਰ ਰਿਹਾ ਸੀ।

*ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥*

—ਸੋਦਰ, ਪੰਨਾ ੮

ਸੁਥਰੇ ਸ਼ਾਹ ਉਸ ਸਿੱਖ ਦੇ ਕੰਨ ਕੋਲ ਆ ਕੇ ਕਹਿਣ ਲੱਗੇ, ਤੈਨੂੰ ਕੀ? ਉਸ ਸਿੱਖ ਨੇ ਸਤਿਗੁਰਾਂ ਦੇ ਪਾਸ ਸ਼ਿਕਾਇਤ ਕੀਤੀ, ਹੇ ਪਾਤਸ਼ਾਹ! ਮੈਂ ਸੋਦਰ ਦਾ ਪਾਠ ਕਰ ਰਿਹਾ ਸਾਂ, ਸੁਥਰੇ ਸ਼ਾਹ ਨੇ ਕਿਹਾ, ਤੈਨੂੰ ਕੀ? ਸੁਥਰੇ ਸ਼ਾਹ ਨੂੰ ਸਤਿਗੁਰਾਂ ਬੁਲਾ ਲਿਆ।

ਸਤਿਗੁਰਾਂ ਪੁੱਛਿਆ, ਕਿਉਂ ਸੁਥਰੇ ਸ਼ਾਹ ਜੀ ਤੁਸਾਂ ਪਾਠ ਕਰਦੇ ਸਿੱਖ ਨੂੰ ਮਜ਼ਾਕ ਕੀਤਾ ਜਿਸ ਨਾਲ ਸਾਰੇ ਸੁਣਨ ਵਾਲੇ ਹੱਸ ਪਏ ਤੇ ਸਿੱਖ ਦਾ ਮਨ ਦੁਖੀ ਹੋਇਆ ਹੈ, ਤੁਸੀਂ ਬਾਣੀ ਦਾ ਮਜ਼ਾਕ ਉਡਾਇਆ ਹੈ। ਸੁਥਰੇ ਸ਼ਾਹ ਨੇ ਸਤਿਗੁਰਾਂ ਦੇ ਚਰਨ ਚੁੰਮੇ, ਮੱਥਾ ਟੇਕਿਆ ਅਤੇ ਹਜ਼ੂਰੀ ਵਿਚ ਹੱਥ ਜੋੜ ਕੇ ਖੜ੍ਹਾ ਹੋ ਗਿਆ ਤੇ ਕਹਿਣ ਲੱਗਾ ਪਾਤਸ਼ਾਹ, ਜੀ, ਇਹ ਇਮਾਨਦਾਰੀ ਨਾਲ ਦੱਸੇ ਕਿ ਕਦੀ ਇਸ ਨੇ ਮਨੋਂ ਰੱਬ ਨੂੰ ਗਾਵਿਆ ਹੈ। ਪਾਠ ਕਰਦਾ ਇਹ ਵਿਚ ਗੱਲਾਂ ਵੀ ਕਰ ਲੈਂਦਾ ਹੈ, ਇਹ ਤਾਂ ਸੰਗਤ ਵਿਚ ਆਉਂਦਿਆਂ ਜਾਂਦਿਆਂ ਦੀ ਹੀ ਗਿਣਤੀ ਕਰਦਾ ਰਹਿੰਦਾ ਹੈ, ਕਿਹੜਾ ਕਿਹੜੇ ਰੰਗ ਦੇ ਕੱਪੜੇ ਪਾ ਕੇ ਆਇਆ ਹੈ। ਇਸ ਨੂੰ ਪੁੱਛ ਲਵੇ ਮੈਂ ਤਾਂ ਇਸ ਨੂੰ ਸਿਰਫ਼ ਇਤਨਾ ਹੀ ਕਿਹਾ ਹੈ ਕਿ ਪਵਨ ਪਾਣੀ ਗਾ ਰਹੇ ਹਨ, ਗਾਉਣ ਦੇ, ਤੈਨੂੰ ਕੀ ਤੂੰ ਤਾਂ ਕਦੀ ਗਾਇਆ ਨਹੀਂ। ਸਤਿਗੁਰਾਂ ਸਿੱਖ ਨੂੰ ਕਿਹਾ, ਕਿਉਂ ਭਾਈ, ਸੁਥਰਾ ਜੀ ਸੱਚ ਕਹਿੰਦੇ ਹਨ। ਸਿੱਖ ਨੇ ਸਤਿਗੁਰਾਂ ਦੇ ਚਰਨ ਫੜ ਲਏ ਤੇ ਕਿਹਾ, ਪਾਤਸ਼ਾਹੋ ਵਾਕਿਆ ਹੀ ਮਨ ਨਹੀਂ ਸੀ ਟਿਕਦਾ, ਅੱਗੋਂ ਲਈ ਟਿਕਾਅ ਬਖ਼ਸ਼ੋ, ਮਨ ਕਰਕੇ ਮੈਂ ਵੀ ਗਾਵਾਂ। ਸੁਥਰਾ ਜੀ ਮੁਆਫ਼ ਕਰਨਾ ਗ਼ਲਤੀ ਮੇਰੀ ਹੀ ਹੈ।

ਇਕ ਵਾਰ ਕਥਾ ਹੋ ਰਹੀ ਸੀ, ਕੁਝ ਸੱਜਣ ਕਥਾ ਵਿਚ ਗੱਲਾਂ ਕਰ ਰਹੇ ਸਨ। ਸੁਥਰਾ ਜੀ ਨੇ ਉਨ੍ਹਾਂ ਨੂੰ ਗਾਲੀਆਂ ਦਿੱਤੀਆਂ ਫਿਰ ਹੱਸੇ ਫਿਰ ਦੌੜ ਗਏ। ਇਸ ਤਰ੍ਹਾਂ ਇਨ੍ਹਾਂ ਨੂੰ ਦੌੜਦਿਆਂ ਵੇਖ ਕੇ ਸਾਰੀ ਸੰਗਤ ਹੀ ਹੱਸ ਪਈ। ਸਤਿਗੁਰਾਂ ਨੂੰ ਪਤਾ ਲੱਗਾ ਕਿ ਸੁਥਰਾ ਜੀ ਪਿੱਛੇ ਬੈਠੇ ਸਿੱਖਾਂ ਨੂੰ ਵੇਖ ਕੇ ਗਾਲੀਂ ਦੇ ਕੇ ਭੱਜ ਗਏ ਹਨ। ਸਿੱਖਾਂ ਨੂੰ ਹੁਕਮ ਕੀਤਾ ਕਿ ਸੁਥਰਾ ਜੀ ਨੂੰ ਹਾਜ਼ਰ ਕਰੋ। ਸੁਥਰਾ ਜੀ ਹੁਕਮ ਸੁਣ ਕੇ ਆ ਗਏ। ਸਤਿਗੁਰਾਂ ਪੁੱਛਿਆ ਕਿ ਤੁਸੀਂ ਕਥਾ ਵਿਚ ਗਾਲੀਆਂ ਦਿੱਤੀਆਂ ਹਨ। ਸੁਥਰਾ ਜੀ ਨੇ ਪੁੱਛਿਆ ਕਿ ਕਿਸ ਦਿਨ? ਸਿੱਖਾਂ ਦਿਨ ਦੱਸਿਆ, ਫਿਰ ਸੁਥਰਾ ਜੀ ਨੇ ਕਿਹਾ ਅੱਛਾ ਦੱਸੋ ਜਦੋਂ ਮੈਂ ਗਾਲੀਂ ਦਿੱਤੀਆਂ ਕਿਹੜੇ ਸ਼ਬਦ ਦੀ ਵਿਚਾਰ ਹੋ ਰਹੀ ਸੀ, ਸਾਰੇ ਖ਼ਾਮੋਸ਼ ਹੋ ਗਏ। ਸੁਥਰਾ ਜੀ ਨੇ ਕਿਹਾ ਤੁਹਾਡੇ ਗੁਰੂ ਹਰਿਗੋਬਿੰਦ ਸਾਹਿਬ ਨਹੀਂ ਤੁਹਾਡਾ ਗੁਰੂ ਮੈਂ ਹਾਂ। ਗੁਰੂ ਦੀ ਕਥਾ ਤੁਹਾਨੂੰ ਭੁੱਲ ਗਈ ਹੈ ਮੇਰੀ ਕਥਾ ਯਾਦ ਹੈ। ਗੁਰੂ ਦਾ ਮੰਤ੍ਰ ਤੁਹਾਨੂੰ ਯਾਦ ਨਹੀਂ, ਮੇਰਾ ਮੰਤ੍ਰ ਯਾਦ ਹੈ। ਪਾਤਸ਼ਾਹ ਇਨ੍ਹਾਂ ਦਾ ਧਿਆਨ ਸ਼ਬਦ ਵਿਚਾਰ ਵਿਚ ਨਹੀਂ ਸੀ, ਪਾਤਸ਼ਾਹ ਮੈਂ ਤਾਂ ਇਨ੍ਹਾਂ ਦੀ ਚੇਤਾ ਸ਼ਕਤੀ ਦੀ ਪਰਖ ਕੀਤੀ ਹੈ ਕਿ ਇਨ੍ਹਾਂ ਨੂੰ ਗੁਰੂ ਯਾਦ ਰਹਿੰਦਾ ਹੈ ਕਿ ਗਾਲਾਂ। ਸਤਿਗੁਰਾਂ ਕਿਹਾ, ਸੁਥਰਾ ਜੀ ਤੁਸੀਂ ਧੰਨ ਹੋ, ਤੁਹਾਡਾ ਹਾਸਾ ਵੀ ਧੰਨ ਹੈ।

ਇਕ ਦਿਨ ਸਤਿਗੁਰਾਂ ਦੇ ਦਰਬਾਰ ਵਿਚ ਇਕ ਨਾਂਗਾ ਸਾਧੂ ਆ ਗਿਆ। ਉਸਨੇ ਸਰੀਰ ਤੇ ਬਿਭੂਤੀ ਸਵਾਹ ਮਲੀ ਹੋਈ ਸੀ ਤੇ ਕਹਿ ਰਿਹਾ ਸੀ, ਇਸ ਤਨ ਨੇ ਅੰਤ ਸਵਾਹ ਹੀ ਹੋ ਜਾਣਾ ਹੈ, ਆਪਾਂ ਪਹਿਲਾਂ ਹੀ ਸਵਾਹ ਮਲ ਲਈ ਹੈ ਤਾਂਕਿ ਨਿਤ ਹੀ ਪ੍ਰੇਰਨਾ ਮਿਲਦੀ ਰਹੇ, ਮੌਤ ਯਾਦ ਰਹੇ। ਤਰਕ ਤਾਂ ਬੜਾ ਅੱਛਾ ਸੀ ਪਰ ਸੁਥਰਾ ਜੀ ਨੂੰ ਨਾਂਗੇ ਸਾਧੂ ਤੇ ਕੁਝ ਸ਼ੱਕ ਪੈ ਗਿਆ। ਇਨ੍ਹਾਂ ਨੂੰ ਸੁਥਰਾ ਜੀ ਆ ਕੇ ਪੁੱਛਣ ਲੱਗੇ, ਮਹਾਰਾਜ ਇਹ ਸੁਆਹ ਜੋ ਤੁਸੀਂ ਮਲੀ ਹੈ ਇਹ ਕਾਹਦੀ ਹੈ, ਲੱਕੜਾਂ ਦੀ ਜਾਂ ਗੋਹਿਆਂ

ਦੀ। ਸਾਧੂ ਨੇ ਕਿਹਾ ਗੋਹਿਆਂ ਦੀ। ਸੁਥਰਾ ਜੀ ਥੋੜ੍ਹੀ ਸਵਾਹ ਚੁਟਕੀ ਵਿਚ ਲੈ ਕੇ ਵੇਖਣ ਲੱਗ ਪਏ, ਫਿਰ ਕਹਿਣ ਲੱਗੇ, ਗੋਹੇ ਗਾਂ ਦੇ ਸਨ ਕਿ ਮੱਝ ਦੇ। ਸਾਧੂ ਨੂੰ ਗੁੱਸਾ ਆ ਗਿਆ ਪਰ ਉਹਨੇ ਕਿਹਾ, ਗਾਂ ਦੇ। ਸੁਥਰਾ ਜੀ ਕਹਿਣ ਲੱਗੇ, ਗਾਂ ਕਾਲੀ ਸੀ, ਗੋਰੀ ਸੀ, ਸਾਵੀ ਸੀ, ਗਦਰੀ ਸੀ, ਸਫੇਦ ਸੀ, ਗੋਹੇ ਏਰਨੇ ਸਨ ਜਾਂ ਥਪੇ ਹੋਏ। ਨਾਲ ਹੀ ਇਕ-ਇਕ ਚੁਟਕੀ ਸਵਾਹ ਦੀ ਉਸ ਦੇ ਸਰੀਰ ਤੋਂ ਹੋਰ ਲਾਹ ਲਈ, ਨੱਕ ਨਾਲ ਲਾਉਣ ਲੱਗੇ ਜਿਵੇਂ ਕਿਸੇ ਚੀਜ਼ ਨੂੰ ਸੁੰਘੀਦਾ ਹੈ। ਇਸ ਵਿਚ ਸੁਗੰਧੀ ਹੈ ਜਾਂ ਦੁਰਗੰਧੀ। ਸਾਧੂ ਦੇ ਕ੍ਰੋਧ ਦੀ ਹੱਦ ਆ ਗਈ, ਉਸਨੇ ਮੁਤਹਿਰ ਸੋਟਾ ਚੁੱਕ ਲਿਆ। ਸੁਥਰਾ ਜੀ ਹੱਥ ਜੋੜ ਕੇ ਖੜ੍ਹੇ ਹੋ ਗਏ ਤੇ ਕਹਿਣ ਲੱਗੇ, ਸੰਤ ਜੀ ਨਾ ਮਾਰਿਓ, ਜੇ ਤੁਸੀਂ ਮੈਨੂੰ ਮਾਰਿਆ ਤਾਂ ਮੇਰਾ ਜਾਣਾ ਕੱਖ ਨਹੀਂ, ਤੁਹਾਡਾ ਰਹਿਣਾ ਕੱਖ ਨਹੀਂ। ਮੈਂ ਦੌੜ ਜਾਣਾ ਹੈ, ਮੈਂ ਤੁਹਾਡੇ ਕਾਬੂ ਨਹੀਂ ਆਉਣਾ। ਤੁਸੀਂ ਮੇਰੇ ਮਗਰ ਦੌੜਦੇ ਚੰਗੇ ਨਹੀਂ ਲਗਣਾ, ਪਰ ਮੈਂ ਤੁਹਾਨੂੰ ਇਹ ਦੱਸ ਦਿਆਂ ਕਿ ਤੁਹਾਡੇ ਸਰੀਰ ਤੇ ਨਿਰੀ ਸਵਾਹ ਹੀ ਨਹੀਂ, ਤੁਹਾਡੇ ਅੰਦਰ ਏਨੀ ਅੱਗ ਹੈ ਇੱਥੇ ਸਾਰੇ ਗੁਣ ਸੜ ਕੇ ਸੁਆਹ ਹੋ ਜਾਣਗੇ, ਤੁਹਾਨੂੰ ਸੁਆਹ ਵੇਖ ਕੇ ਰੱਬ ਯਾਦ ਕੋਈ ਨਹੀਂ ਆਉਣਾ। ਤੁਹਾਡੀ ਸਵਾਹ ਬੜੀ ਗਰਮ ਹੈ, ਇਹ ਮਲਣੀ ਛੱਡ ਦਿਓ, ਨਹੀਂ ਤਾਂ ਸੜ ਜਾਉਗੇ। ਸਾਧੂ ਨੂੰ ਆਪਣੇ ਕ੍ਰੋਧ ਤੇ ਹੰਕਾਰ ਦੇ ਦਰਸ਼ਨ ਹੋ ਗਏ, ਉਸ ਨੇ ਖ਼ਿਮਾ ਮੰਗ ਲਈ।

ਇਕ ਦਿਨ ਸੁਥਰਾ ਜੀ ਨੇ ਆਪਣਾ ਮੂੰਹ ਕਾਲਾ ਕਰ ਲਿਆ ਅਤੇ ਗੁਰੂ ਕਲਗੀਧਰ ਦੇ ਦਰਬਾਰ ਵਿਚ ਆਨੰਦਪੁਰ ਸਾਹਿਬ ਆ ਗਏ। ਸਾਹਿਬਾਂ ਕਿਹਾ, ਸੁਥਰਾ ਜੀ ਤੁਹਾਡਾ ਮੂੰਹ ਕਿਸ ਨੇ ਕਾਲਾ ਕੀਤਾ ਹੈ। ਕਹਿਣ ਲੱਗਾ, ਪਾਤਸ਼ਾਹ ਤੁਹਾਡਾ ਇੰਨਾ ਤੇਜ ਪ੍ਰਤਾਪ ਹੈ ਕਿ–ਦੇਵਤਿਆਂ ਤੋਂ ਲੈ ਕੇ ਰਾਕਸ਼ਾਂ ਤਕ ਸਾਰੇ ਤੁਹਾਡਾ ਨਾਂ ਸੁਣ ਕੇ ਹੀ ਕੰਬ ਜਾਂਦੇ ਹਨ, ਐਸਾ ਕੌਣ ਹੈ ਜੋ ਤੁਹਾਡੇ ਸਿੱਖ ਦਾ ਮੂੰਹ ਕਾਲਾ ਕਰ ਸਕੇ। ਪਾਤਸ਼ਾਹ ਤੁਹਾਡੇ ਸੇਵਕਾਂ ਦਾ ਲੋਕ ਪ੍ਰਲੋਕ ਮੂੰਹ ਉਜਲਾ ਹੈ। ਸਤਿਗੁਰਾਂ ਕਿਹਾ ਕਿ ਸਾਰੀ ਸੰਗਤ ਹੱਸ ਰਹੀ ਹੈ, ਆਖਰ ਇਹ ਤੁਹਾਡਾ ਮੂੰਹ ਕਾਲਾ ਕਿਸ ਨੇ ਕੀਤਾ ਹੈ, ਫਿਰ ਮੂੰਹ ਕਾਲਾ ਹੈ ਤੁਸੀਂ ਅੱਗੇ ਨਾਲੋਂ ਵੀ ਜ਼ਿਆਦਾ ਪ੍ਰਸੰਨ ਚਿਤ ਨਜ਼ਰ ਆ ਰਹੇ ਹੋ। ਤੁਸੀਂ ਹੱਸ ਰਹੇ ਹੋ ਅਤੇ ਤੁਹਾਨੂੰ ਵੇਖ ਕੇ ਸਾਰੀ ਸੰਗਤ ਵੀ ਹੱਸ ਰਹੀ ਹੈ। ਸੁਥਰੇ ਸ਼ਾਹ ਕਹਿਣ ਲੱਗੇ, ਪਾਤਸ਼ਾਹ ਸੱਚ ਦੱਸਾਂ। ਮੈਂ ਸਾਰੇ ਰਾਜੇ ਮਹਾਰਾਜਿਆਂ ਦੇ ਦਰਬਾਰ ਵੇਖ ਆਇਆ ਹਾਂ ਪਰ ਜੋ ਤੁਹਾਡੇ ਦਰਬਾਰ ਦੀ ਸ਼ਾਨ ਹੈ ਇਹ ਮੈਂ ਕਿਤੇ ਨਹੀਂ ਵੇਖੀ। ਮਹਿਮਾ ਪ੍ਰਕਾਸ਼ ਵਿਚ ਬੜਾ ਸੁੰਦਰ ਲਿਖਿਆ ਹੈ।

ਭਾਈ ਨੰਦ ਲਾਲ ਜੀ ਹੋਲੇ ਮਹੱਲੇ ਦੇ ਸਬੰਧ ਵਿਚ ਲਿਖਦੇ ਹਨ ਕਿ ਸਤਿਗੁਰੂ ਦਾ ਦਰਬਾਰ ਕਿਵੇਂ ਖੁਸ਼ੀਆਂ ਨਾਲ ਲਾਲੋ ਲਾਲ ਸੀ।

*ਗੁਲਾਲ ਅਫਸ਼ਾਨੀ-ਏ ਅਜ਼ ਦਸਤੇ ਮੁਬਾਰਕ*
*ਜ਼ਮੀਨੋ ਆਸਮਾਂ ਰਾ ਸੁਰਖਰੂ ਕਰਦ।*

ਇੰਨੇ ਚਿਰ ਨੂੰ ਸੁਥਰਾ ਜੀ ਆ ਗਏ।

*ਸੁਥਰੇ ਆਇ ਦਿਖਾਇਆ ਢੰਗ।*
*ਕਜਲੀ ਸੋ ਕਾਲੇ ਕੀਏ ਅੰਗ।*
*ਨਖ ਸਿਖ ਲੌ ਕਾਲਾ ਤਨ ਕਰਾ।*
*ਸਭ ਸੰਗਤ ਕੇ ਗਿਰਦੇ ਫਿਰਾ।*
*ਦੇਖ ਪ੍ਰਭੂ ਹਸੇ ਤਿਹ ਕਾਲ। ਲੀਆ ਬੁਲਾਇ ਨਿਕਟ ਭਇ ਦਿਆਲ।*
*ਤੈ ਕਾਹੇ ਕੀਨਾ ਯਹ ਢੰਗ। ਕਾਲਾ ਕੀਆ ਅਪਨਾ ਰੰਗ।*
*ਕਰ ਜੋਰ ਸੁਥਰੇ ਕੀਨੀ ਅਰਦਾਸ।*
*ਸੰਗਤ ਲਾਲ ਸੋਹਤ ਤੁਮ ਪਾਸ।*
*ਪ੍ਰਥਤ ਲੋਕੋ ਕੀ ਨਜ਼ਰ ਹੈ ਬੁਰੀ।*
*ਮਤ ਸੰਗਤ ਕੋ ਲਾਗੈ ਨਜ਼ਰ ਕੀ ਛੁਰੀ।*
*ਨਵਾ ਧਾਰ ਕੋਉ ਕਰੇ ਤਿਯਾਰ।*
*ਕਾਲੀ ਹਾਂਡੀ ਧਰੇ ਦੁਆਰ।*
*ਮੈਂ ਹਾਂਡੀ ਸੰਗਤ ਕੀ ਭਇਆ।*
*ਨਜ਼ਰ ਬੁਰੀ ਅਪਨੇ ਪਰ ਲਇਆ।* —ਮਹਿਮਾ ਪ੍ਰਕਾਸ਼

ਸਤਿਗੁਰੂ ਜੀ ਕੋਈ ਬੰਦਾ ਸੁੰਦਰ ਮਕਾਨ ਹੀ ਬਣਾ ਲਵੇ ਤਾਂ ਉੱਤੇ ਕਾਲੀ ਕੁੰਨੀ ਟੰਗ ਦਿੰਦਾ ਹੈ, ਉਸਦਾ ਕਾਰਨ ਹੁੰਦਾ ਹੈ ਕਿ ਕਿਸੇ ਦੀ ਬਦ ਨਜ਼ਰ ਨਾ ਲੱਗੇ। ਸੰਗਤ ਹੱਸਦੀ ਹੈ ਤਾਂ ਹੱਸੇ, ਤੁਸੀਂ ਵੀ ਹੱਸੋ, ਮੈਂ ਖੁਦ ਹੱਸ ਰਿਹਾ ਹਾਂ, ਮੈਂ ਕਾਲੀ ਕੁੰਨੀ ਵਰਗਾ ਮੂੰਹ ਤਾਂ ਕਰਕੇ ਆ ਗਿਆ ਹਾਂ ਕਿ ਮੇਰੇ ਸਤਿਗੁਰੂ ਦੇ ਦਰਬਾਰ ਨੂੰ ਕਿਸੇ ਦੀ ਨਜ਼ਰ ਨਾ ਲੱਗੇ। ਸਤਿਗੁਰਾਂ ਕਿਹਾ, ਸ਼ਾਬਾਸ਼ ਸੁਥਰਾ ਜੀ ਗੁਰਮਤਿ ਵਿਚ ਨਜ਼ਰ ਬਦਨਜ਼ਰ ਦਾ ਤਾਂ ਕੋਈ ਭਰਮ ਨਹੀਂ ਪਰ ਗੁਰੂ ਦਰਬਾਰ ਦੀ ਸਦੀਵੀ ਸ਼ਾਨ ਦੇ ਚਾਹਵਾਨ ਸੁਥਰਾ ਜੀ ਤੁਸੀਂ ਧੰਨ ਹੋ, ਧੰਨ ਹੈ ਤੁਹਾਡਾ ਇਹ ਹਾਸੇ ਦਾ ਸੁਭਾਅ!

ਇਕ ਦਿਨ ਸੁਥਰਾ ਜੀ ਨੇ ਸਿਰ ਤੇ ਇਕ ਪੰਡ ਚੁੱਕੀ ਸੀ, ਬੜੀ ਭੀੜ ਸੀ ਪਰ ਪੰਡ ਵੇਖ ਕੇ ਸਭ ਨੇ ਰਾਹ ਦੇ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਪੁੱਜ ਕੇ ਇਨ੍ਹਾਂ ਉਹ ਪੰਡ ਸੁੱਟ ਦਿੱਤੀ ਅਤੇ ਸਤਿਗੁਰਾਂ ਦੀ ਬਜਾਏ ਉਸ ਪੰਡ ਨੂੰ ਮੱਥਾ ਟੇਕਣਾ ਸ਼ੁਰੂ ਕਰ ਦਿੱਤਾ। ਸਤਿਗੁਰਾਂ ਪੁੱਛਿਆ ਕਿ ਸੁਥਰਾ ਜੀ ਇਸ ਪੰਡ ਵਿਚ ਕੀ ਹੈ? ਕਹਿਣ ਲੱਗੇ, ਪਾਤਸ਼ਾਹ ਇਸ ਪੰਡ ਵਿਚ ਰੇਤਾ ਹੈ। ਫਿਰ ਰੇਤ ਨੂੰ ਕਿਉਂ ਮੱਥਾ ਟੇਕ ਰਹੇ ਹੋ? ਸੁਥਰਾ ਜੀ ਕਹਿਣ ਲੱਗੇ, ਪਾਤਸ਼ਾਹ ਇਸੇ ਪੰਡ ਦੀ ਕ੍ਰਿਪਾ ਨਾਲ ਤਾਂ ਮੈਂ ਤੁਹਾਡੇ ਦਰਸ਼ਨ ਕਰ ਸਕਿਆ ਹਾਂ, ਨਹੀਂ ਤਾਂ ਏਨੀ ਭੀੜ ਵਿਚੋਂ ਲੰਘਣ ਕੌਣ ਦਿੰਦਾ ਸੀ। ਸਾਰੀ ਸੰਗਤ ਬਹੁਤ ਹੱਸੀ। ਸਤਿਗੁਰਾਂ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ ਸਮਝ ਗਏ ਹੋਵੋਗੇ, ਸੁਥਰਾ ਜੀ ਕੀ ਕਹਿ ਰਹੇ ਹਨ ਕਿ ਗੁਰੂ ਘਰ ਵਿਚ ਵੀ ਜ਼ਿਆਦਾ ਭੇਟਾਂ ਵਾਲਿਆਂ ਦਾ ਸਨਮਾਨ ਹੈ, ਪਹਿਲ ਹੈ, ਪਰ ਇਸ ਦਰਬਾਰ ਵਿਚ ਐਸਾ ਨਹੀਂ ਹੋਵੇਗਾ। ਇਥੇ ਦਿੱਤਾ ਰੱਬ ਦਾ ਲੈ ਕੇ ਆਉਣਾ ਹੈ, ਥੋੜ੍ਹੇ ਬਹੁਤ ਦੀ ਗੱਲ ਨਹੀਂ ਭਾਵਨਾ ਦੀ ਗੱਲ ਹੈ—

*ਭਾਵਨੀ ਭਗਤ ਭਾਇ ਕਉਡੀ ਅਗ੍ਰ ਭਾਗ ਰਾਖੈ॥*
*'ਤਾਹਿ ਗੁਰ' ਸਰਬ ਨਿਧਾਨ ਦਾਨ ਦੇਤ ਹੈ।*

ਸੁਥਰੇ ਸ਼ਾਹ ਨੂੰ ਸਤਿਗੁਰਾਂ ਕਿਹਾ, ਇਹ ਰੇਤ ਦੀ ਪੰਡ ਲੰਗਰ ਵਿਚ ਲੈ ਚਲੋ। ਜਿਹੜਾ ਅੱਜ ਇਸ ਰੇਤ ਨਾਲ ਲੰਗਰ ਦੇ ਭਾਂਡੇ ਮਾਂਜੇਗਾ, ਉਸਦਾ ਵੀ ਨਿਸਤਾਰਾ ਹੋਵੇਗਾ। ਸੁਥਰੇ ਸ਼ਾਹ ਦਾ ਜਨਮ ਸੰਮਤ ੧੬੭੨ ਵਿਚ ਬਾਰਾਂ ਮੂਲ੍ਹੇ ਦੇ ਪਾਸ ਪਿੰਡ ਬਰਾਮਪੁਰ ਨਿਵਾਸੀ ਨੰਦੇ ਖਤ੍ਰੀ ਦੇ ਘਰ ਹੋਇਆ ਸੀ। ਇਹ ਦੰਦਾਂ ਸਮੇਤ ਜਨਮਿਆ, ਜਯੋਤਸ਼ੀਆਂ ਇਸ ਨੂੰ ਕੁਲ-ਘਾਤਕ ਦੱਸਿਆ, ਇਸ ਨੂੰ ਬਾਹਰ ਸੁੱਟ ਦਿੱਤਾ ਗਿਆ। ਕਸ਼ਮੀਰ ਤੋਂ ਗੁਰੂ ਹਰਗੋਬਿੰਦ ਸਾਹਿਬ ਆ ਰਹੇ ਸਨ ਉਨ੍ਹਾਂ ਚੁਕਵਾ ਲਿਆ। ਸਿੱਖਾਂ ਕਿਹਾ ਮਹਾਰਾਜ ਇਹ ਬੱਚਾ ਬੜਾ ਕੋਝਰਾ ਹੈ। ਸਤਿਗੁਰਾਂ ਕਿਹਾ ਇਹ ਸੁਥਰਾ ਹੋਵੇਗਾ।

ਜਦੋਂ ਗੁਰੂ ਹਰਿ ਰਾਏ ਸਾਹਿਬ ਜੀ ਨੇ ਛੇ ਬਖ਼ਸ਼ਿਸ਼ਾਂ ਕੀਤੀਆਂ ਤਾਂ ਤੀਸਰੀ ਬਖ਼ਸ਼ਿਸ਼ ਸੁਥਰੇ ਸ਼ਾਹ ਨੂੰ ਹੋਈ। ਕਿੰਨਾ ਪਵਿੱਤਰ ਸੀ ਇਨ੍ਹਾਂ ਦਾ ਹਾਸਾ। ਇਕ ਦਿਨ ਗੁਰੂ ਦਰਬਾਰ ਵਿਚ ਬੈਠਿਆਂ ਮੂੰਹ ਫੇਰ ਲਿਆ, ਪਿੱਠ ਕਰ ਲਈ, ਫਿਰ ਦੌੜ ਗਏ। ਸਤਿਗੁਰਾਂ ਪੁੱਛਿਆ, ਸੁਥਰਾ ਜੀ ਐਸਾ ਕਿਉਂ ਕੀਤਾ ਹੈ? ਕਹਿਣ ਲੱਗੇ ਪਾਤਸ਼ਾਹ ਜਿੰਨੀਆਂ ਮੂੰਹ ਤੇ ਖਾਧੀਆਂ ਗਈਆਂ, ਖਾਧੀਆਂ ਫਿਰ ਪਿੱਠ ਕਰ ਲਈ ਫਿਰ ਦੌੜ ਗਿਆ ਹਾਂ। ਸਤਿਗੁਰਾਂ ਨੇ ਕਿਹਾ, ਸੁਥਰਾ ਜੀ ਦਾ ਭਾਵ ਹੈ ਕਿ ਸਤਿਗੁਰਾਂ ਦੇ ਬਚਨ ਦਾ ਸਿੱਖ ਤੇ ਅਸਰ ਹੋਣਾ ਚਾਹੀਦਾ ਹੈ, ਸਿੱਖ ਗਾਫਲ ਨਾ ਰਹੇ।

ਜਦੋਂ ਬੱਚੇ ਬਹੁਤ ਹੱਸਦੇ ਹਨ ਤਾਂ ਕੁਝ ਬਜ਼ੁਰਗ ਮਾਤਾਵਾਂ ਕਹਿੰਦੀਆਂ ਹਨ, ਬਹੁਤਾ ਨਾ ਹੱਸ ਫਿਰ ਰੋਵੇਂਗਾ। ਜਿਸ ਹਾਸੇ ਦੇ ਮਗਰ ਰੋਣਾ ਹੈ, ਭਾਵੇਂ ਬੰਦਾ ਆਪ ਰੋਵੇ ਜਾਂ ਕੋਈ ਰੋਵੇ, ਐਸਾ ਹਾਸਾ ਪਾਪ ਹੈ। ਹਾਸਾ ਤਾਂ ਐਸਾ ਸਫਲ ਹੈ ਕਿ ਹੱਸਿਆ ਵੀ ਜਾਵੇ ਅਤੇ ਹਾਸੇ ਰਾਹੀਂ ਕੁਝ ਸੱਚ ਵੀ ਹਿਰਦੇ ਤਕ ਪੁੱਜ ਜਾਵੇ। ਪੁਰਾਣੇ ਰਾਜਿਆਂ ਨੇ ਮਸਖਰੇ ਰੱਖੇ ਹੁੰਦੇ ਸਨ, ਉਨ੍ਹਾਂ ਨੂੰ ਤਨਖਾਹਾਂ ਦਿੰਦੇ ਸਨ ਕਿ ਉਹ ਐਸੀਆਂ ਗੱਲਾਂ ਕਰਨ ਕਿ ਰਾਜਾ ਹੱਸ ਪਵੇ ਅਤੇ ਇਸ ਦੀ ਪ੍ਰੇਸ਼ਾਨੀ ਦੂਰ ਹੋ ਜਾਵੇ। ਇਹ ਚਿੰਤਾ-ਰਹਿਤ ਹੋ ਜਾਵੇ, ਪ੍ਰਸੰਨ ਹੋ ਜਾਵੇ।

ਉਲ-ਜਲੂਲ ਗੱਲਾਂ ਦਾ ਹਾਸਾ ਖਿੰਨ ਭੰਗਰ ਲਈ ਹੈ, ਪਰ ਸੁਥਰੇ ਸ਼ਾਹ ਦਾ ਹਾਸਾ ਤਾਂ ਜੀਵਨ ਦੇ ਰੋਣੇ ਧੋਣੇ ਮੁਕਾਉਣ ਲਈ ਹੈ। ਹਾਸਾ ਐਸਾ ਹੀ ਚਾਹੀਦਾ ਹੈ, ਜਿਸ ਮਿੱਠੇ ਹਾਸੇ ਨਾਲ ਕੜਵਾ ਸੱਚ ਵੀ ਬੰਦਾ ਕਬੂਲ ਕਰ ਲਵੇ, ਹਾਸਾ ਰੱਬ ਦੀ ਦਾਤ ਹੈ।

ਪਵਿੱਤਰ ਹਾਸਾ ਹੱਸਣ ਵਾਲਾ ਲੋਕ ਪ੍ਰਲੋਕ ਵਿਚ ਸੁਰਖਰੂ ਹੈ ਕਿਉਂਕਿ ਉਹ ਕਿਸੇ ਨੂੰ ਹਸਾ ਕੇ ਹੱਸਦਾ ਹੈ, ਰੁਆ ਕੇ ਨਹੀਂ। ਸ਼ਕਤੀਵਾਨ, ਸੱਤਾਧਾਰੀ ਮਨੁੱਖ ਕਿਸੇ ਨੂੰ ਦੁਖੀ ਵੇਖ ਕੇ ਹੱਸਦਾ ਹੈ, ਕਿਸੇ ਨੂੰ ਫਸਾ ਕੇ ਹੱਸਦਾ ਹੈ ਪਰ ਜਦੋਂ ਜੀਵਨ ਵਿਚ ਧਰਮ ਕਲਾ ਆ ਜਾਵੇ ਫਿਰ ਬੰਦਾ ਕਿਸੇ ਨੂੰ ਸੁਖੀ ਕਰਕੇ ਹੱਸਦਾ ਹੈ, ਕਿਸੇ ਨੂੰ ਮੁਕਤ ਕਰਕੇ ਹੱਸਦਾ ਹੈ।

ਕਿਸੇ ਨੂੰ ਹੱਸਦਾ ਵੇਖ ਕੇ ਹੱਸਣਾ, ਕਿਸੇ ਨੂੰ ਹਸਾ ਕੇ ਹੱਸਣਾ, ਇਹ ਹੈ ਧਰਮ ਕਲਾ।

✿ ✿ ✿

*ਭਾਵਨੀ ਭਗਤ ਭਾਇ ਕਉਡੀ ਅਗ੍ਰ ਭਾਗ ਰਾਖੈ॥*
*'ਤਾਹਿ ਗੁਰ' ਸਰਬ ਨਿਧਾਨ ਦਾਨ ਦੇਤ ਹੈ।*

ਸੁਥਰੇ ਸ਼ਾਹ ਨੂੰ ਸਤਿਗੁਰਾਂ ਕਿਹਾ, ਇਹ ਰੇਤ ਦੀ ਪੰਡ ਲੰਗਰ ਵਿਚ ਲੈ ਚਲੋ। ਜਿਹੜਾ ਅੱਜ ਇਸ ਰੇਤ ਨਾਲ ਲੰਗਰ ਦੇ ਭਾਂਡੇ ਮਾਂਜੇਗਾ, ਉਸਦਾ ਵੀ ਨਿਸਤਾਰਾ ਹੋਵੇਗਾ। ਸੁਥਰੇ ਸ਼ਾਹ ਦਾ ਜਨਮ ਸੰਮਤ ੧੬੭੨ ਵਿਚ ਬਾਰਾਂ ਮੂਲ੍ਹੇ ਦੇ ਪਾਸ ਪਿੰਡ ਬਰਾਮਪੁਰ ਨਿਵਾਸੀ ਨੰਦੇ ਖਤ੍ਰੀ ਦੇ ਘਰ ਹੋਇਆ ਸੀ। ਇਹ ਦੰਦਾਂ ਸਮੇਤ ਜਨਮਿਆ, ਜਯੋਤਸ਼ੀਆਂ ਇਸ ਨੂੰ ਕੁਲ-ਘਾਤਕ ਦੱਸਿਆ, ਇਸ ਨੂੰ ਬਾਹਰ ਸੁੱਟ ਦਿੱਤਾ ਗਿਆ। ਕਸ਼ਮੀਰ ਤੋਂ ਗੁਰੂ ਹਰਗੋਬਿੰਦ ਸਾਹਿਬ ਆ ਰਹੇ ਸਨ ਉਨ੍ਹਾਂ ਚੁਕਵਾ ਲਿਆ। ਸਿੱਖਾਂ ਕਿਹਾ ਮਹਾਰਾਜ ਇਹ ਬੱਚਾ ਬੜਾ ਕੋਥਰਾ ਹੈ। ਸਤਿਗੁਰਾਂ ਕਿਹਾ ਇਹ ਸੁਥਰਾ ਹੋਵੇਗਾ।

ਜਦੋਂ ਗੁਰੂ ਹਰਿ ਰਾਏ ਸਾਹਿਬ ਜੀ ਨੇ ਛੇ ਬਖ਼ਸ਼ਿਸ਼ਾਂ ਕੀਤੀਆਂ ਤਾਂ ਤੀਸਰੀ ਬਖ਼ਸ਼ਿਸ਼ ਸੁਥਰੇ ਸ਼ਾਹ ਨੂੰ ਹੋਈ। ਕਿੰਨਾ ਪਵਿੱਤਰ ਸੀ ਇਨ੍ਹਾਂ ਦਾ ਹਾਸਾ। ਇਕ ਦਿਨ ਗੁਰੂ ਦਰਬਾਰ ਵਿਚ ਬੈਠਿਆਂ ਮੂੰਹ ਫੇਰ ਲਿਆ, ਪਿੱਠ ਕਰ ਲਈ, ਫਿਰ ਦੌੜ ਗਏ। ਸਤਿਗੁਰਾਂ ਪੁੱਛਿਆ, ਸੁਥਰਾ ਜੀ ਐਸਾ ਕਿਉਂ ਕੀਤਾ ਹੈ? ਕਹਿਣ ਲੱਗੇ ਪਾਤਸ਼ਾਹ ਜਿੰਨੀਆਂ ਮੂੰਹ ਤੇ ਖਾਧੀਆਂ ਗਈਆਂ, ਖਾਧੀਆਂ ਫਿਰ ਪਿੱਠ ਕਰ ਲਈ ਫਿਰ ਦੌੜ ਗਿਆ ਹਾਂ। ਸਤਿਗੁਰਾਂ ਨੇ ਕਿਹਾ, ਸੁਥਰਾ ਜੀ ਦਾ ਭਾਵ ਹੈ ਕਿ ਸਤਿਗੁਰਾਂ ਦੇ ਬਚਨ ਦਾ ਸਿੱਖ ਤੇ ਅਸਰ ਹੋਣਾ ਚਾਹੀਦਾ ਹੈ, ਸਿੱਖ ਗਾਫਲ ਨਾ ਰਹੇ।

ਜਦੋਂ ਬੱਚੇ ਬਹੁਤ ਹੱਸਦੇ ਹਨ ਤਾਂ ਕੁਝ ਬਜ਼ੁਰਗ ਮਾਤਾਵਾਂ ਕਹਿੰਦੀਆਂ ਹਨ, ਬਹੁਤਾ ਨਾ ਹੱਸ ਫਿਰ ਰੋਵੇਂਗਾ। ਜਿਸ ਹਾਸੇ ਦੇ ਮਗਰ ਰੋਣਾ ਹੈ, ਭਾਵੇਂ ਬੰਦਾ ਆਪ ਰੋਵੇ ਜਾਂ ਕੋਈ ਰੋਵੇ, ਐਸਾ ਹਾਸਾ ਪਾਪ ਹੈ। ਹਾਸਾ ਤਾਂ ਐਸਾ ਸਫਲ ਹੈ ਕਿ ਹੱਸਿਆ ਵੀ ਜਾਵੇ ਅਤੇ ਹਾਸੇ ਰਾਹੀਂ ਕੁਝ ਸੱਚ ਵੀ ਹਿਰਦੇ ਤਕ ਪੁੱਜ ਜਾਵੇ। ਪੁਰਾਣੇ ਰਾਜਿਆਂ ਨੇ ਮਸਖਰੇ ਰੱਖੇ ਹੁੰਦੇ ਸਨ, ਉਨ੍ਹਾਂ ਨੂੰ ਤਨਖਾਹਾਂ ਦਿੰਦੇ ਸਨ ਕਿ ਉਹ ਐਸੀਆਂ ਗੱਲਾਂ ਕਰਨ ਕਿ ਰਾਜਾ ਹੱਸ ਪਵੇ ਅਤੇ ਇਸ ਦੀ ਪ੍ਰੇਸ਼ਾਨੀ ਦੂਰ ਹੋ ਜਾਵੇ। ਇਹ ਚਿੰਤਾ-ਰਹਿਤ ਹੋ ਜਾਵੇ, ਪ੍ਰਸੰਨ ਹੋ ਜਾਵੇ।

ਊਲ-ਜਲੂਲ ਗੱਲਾਂ ਦਾ ਹਾਸਾ ਖਿੰਨ ਭੰਗਰ ਲਈ ਹੈ, ਪਰ ਸੁਥਰੇ ਸ਼ਾਹ ਦਾ ਹਾਸਾ ਤਾਂ ਜੀਵਨ ਦੇ ਰੋਣੇ ਧੋਣੇ ਮੁਕਾਉਣ ਲਈ ਹੈ। ਹਾਸਾ ਐਸਾ ਹੀ ਚਾਹੀਦਾ ਹੈ, ਜਿਸ ਮਿੱਠੇ ਹਾਸੇ ਨਾਲ ਕੜਵਾ ਸੱਚ ਵੀ ਬੰਦਾ ਕਬੂਲ ਕਰ ਲਵੇ, ਹਾਸਾ ਰੱਬ ਦੀ ਦਾਤ ਹੈ।

ਪਵਿੱਤਰ ਹਾਸਾ ਹੱਸਣ ਵਾਲਾ ਲੋਕ ਪ੍ਰਲੋਕ ਵਿਚ ਸੁਰਖਰੂ ਹੈ ਕਿਉਂਕਿ ਉਹ ਕਿਸੇ ਨੂੰ ਹਸਾ ਕੇ ਹੱਸਦਾ ਹੈ, ਰੁਆ ਕੇ ਨਹੀਂ। ਸ਼ਕਤੀਵਾਨ, ਸੱਤਾਧਾਰੀ ਮਨੁੱਖ ਕਿਸੇ ਨੂੰ ਦੁਖੀ ਵੇਖ ਕੇ ਹੱਸਦਾ ਹੈ, ਕਿਸੇ ਨੂੰ ਫਸਾ ਕੇ ਹੱਸਦਾ ਹੈ ਪਰ ਜਦੋਂ ਜੀਵਨ ਵਿਚ ਧਰਮ ਕਲਾ ਆ ਜਾਵੇ ਫਿਰ ਬੰਦਾ ਕਿਸੇ ਨੂੰ ਸੁਖੀ ਕਰਕੇ ਹੱਸਦਾ ਹੈ, ਕਿਸੇ ਨੂੰ ਮੁਕਤ ਕਰਕੇ ਹੱਸਦਾ ਹੈ।

ਕਿਸੇ ਨੂੰ ਹੱਸਦਾ ਵੇਖ ਕੇ ਹੱਸਣਾ, ਕਿਸੇ ਨੂੰ ਹਸਾ ਕੇ ਹੱਸਣਾ, ਇਹ ਹੈ ਧਰਮ ਕਲਾ।

✿ ✿ ✿

੮

# ਵਿੱਦਿਆ ਤੇ ਧਰਮ ਕਲਾ

ਮਨੁੱਖ ਨੂੰ ਪ੍ਰਮਾਤਮਾ ਨੇ ਵੇਖਣ ਵਾਸਤੇ ਦੋ ਅੱਖਾਂ ਦਿੱਤੀਆਂ ਹਨ, ਇਨ੍ਹਾਂ ਅੱਖਾਂ ਦੇ ਹੁੰਦਿਆਂ ਵੀ ਮਹਾਂਪੁਰਖਾਂ ਨੇ ਤੀਸਰੇ ਨੇਤ੍ਰ ਦੀ ਗੱਲ ਕੀਤੀ ਹੈ। ਉਸ ਤੀਜੇ ਨੇਤ੍ਰ ਦੀਆਂ ਬੜੀਆਂ ਬਰਕਤਾਂ ਦੱਸੀਆਂ ਹਨ।

ਬ੍ਰਹਮਾ, ਬਿਸ਼ਨ, ਮਹੇਸ਼ ਤਿੰਨਾਂ ਦੇਵਤਿਆਂ ਵਿਚੋਂ ਸ਼ੰਕਰ ਦੇ ਮੱਥੇ ਵਿਚ ਤੀਸਰਾ ਨੇਤ੍ਰ ਦੱਸਿਆ ਹੈ। ਪਰ ਸ਼ੰਕਰ ਨੇ ਜਦੋਂ ਤੀਸਰਾ ਨੇਤ੍ਰ ਗੁੱਸੇ ਵਿਚ ਖੋਲ੍ਹਿਆ ਤਾਂ ਕਾਮਦੇਵ ਭਸਮ ਹੋ ਗਏ। ਯੋਗ ਮੱਤ ਅਨੁਸਾਰ ਤੀਜਾ ਨੇਤ੍ਰ ਮੱਥੇ ਵਿਚ ਹੈ ਅਤੇ ਇਹ ਖੁਲ੍ਹਦਾ ਹੈ, ਯੋਗਾ ਅਭਿਆਸ ਨਾਲ। ਕੁਝ ਵਿਦਵਾਨਾਂ ਦੀ ਰਾਇ ਹੈ ਕਿ ਤੀਜਾ ਨੇਤ੍ਰ ਵਿੱਦਿਆ ਹੈ, ਗਿਆਨ ਹੈ। ਜਦੋਂ ਤਕ ਇਹ ਤੀਜਾ ਨੇਤ੍ਰ ਨਹੀਂ ਖੁਲ੍ਹਦਾ ਮਨੁੱਖ ਵਿਚ ਤੇ ਪਸ਼ੂ ਵਿਚ ਕੋਈ ਫ਼ਰਕ ਨਹੀਂ ਰਹਿ ਜਾਂਦਾ। ਦੋ-ਦੋ ਨੇਤ੍ਰ ਤਾਂ ਪਸ਼ੂਆਂ ਦੇ ਵੀ ਹਨ। ਮਨੁੱਖਤਾ ਦੀ ਇਹੀ ਵਿਸ਼ੇਸ਼ਤਾ ਹੈ ਕਿ ਮਨੁੱਖ ਪਾਸ ਗਿਆਨ ਚਕਸ਼ੂ ਹੈ, ਬੁਧ ਦਾ ਤੀਜਾ ਨੇਤ੍ਰ ਹੈ। ਬੁਧੀ ਦੇ ਕਾਰਨ ਹੀ ਇਸ ਨੇ ਵਿੱਦਿਆ ਸਿੱਖੀ, ਵਿੱਦਿਆ ਦੀ ਦਾਤ ਪ੍ਰਮਾਤਮਾ ਨੇ ਮਨੁੱਖ ਵਿਚ ਹੀ ਟਿਕਾਈ ਹੈ।

ਅੱਜ ਤਾਂ ਵਿੱਦਿਆ ਦੇ ਬਹੁਤ ਪ੍ਰਕਾਰ ਹੋ ਗਏ ਹਨ। ਭਾਈ ਮਨੀ ਸਿੰਘ ਜੀ ਸ਼ਹੀਦ ਨੇ ਜਨਮ ਸਾਖੀ ਵਿਚ ਚੋਦਾਂ ਪ੍ਰਕਾਰ ਦੀ ਵਿੱਦਿਆ ਦਾ ਜ਼ਿਕਰ ਕੀਤਾ ਹੈ।

੧. ਅੱਖਰ ਵਿਦਿਆ ਆਉਣੀ। ੨. ਪਾਣੀ ਵਿਚ ਤੁਰਨਾ ਆਉਣਾ। ੩. ਵੈਦਗੀ। ੪. ਰਸਾਇਣੀ ਭਾਵ ਲੋਹੇ ਤੋਂ ਸੋਨਾ ਬਣਾ ਲੈਣਾ। ੫. ਜੋਤਿਸ਼ ਵਿੱਦਿਆ। ੬. ਰਾਗ ਵਿੱਦਿਆ। ੭. ਕਾਮ ਸ਼ਾਸਤਰ। ੮. ਵਿਆਕਰਣ ਵਿੱਦਿਆ। ੯. ਸਾਜ਼ ਵਜਾਉਣੇ। ੧੦. ਘੋੜੇ ਦੁੜਾਉਣੇ। ੧੧. ਨਟ ਬਾਜ਼ੀਆਂ। ੧੨. ਨ੍ਰਿਤ ਵਿੱਦਿਆ। ੧੩. ਧਨੁਸ਼ ਵਿੱਦਿਆ, ਤੀਰ ਚਲਾਉਣਾ। ੧੪. ਗਿਆਨ ਚਰਚਾ ਵਿਚ ਚਤੁਰ ਸਿਆਣਾ। ਇਹ ਚੌਦਾਂ ਵਿੱਦਿਆ ਹਨ।

ਭਾਈ ਸਾਹਿਬ ਲਿਖਦੇ ਹਨ–

*ਸ੍ਰੀ ਅਖਰ ਜਲਤਰਨ ਚਕਿਤਸਾ ਔਰ ਰਸਾਇਣ॥*
*ਜੋਤਕ ਜੋਤ ਪ੍ਰਬੀਨ ਰਾਗ ਖਟ ਰਾਗਨਿ ਗਾਇਨ॥*

*ਕੋਕ ਕਲਾ ਵਯਾਕਰਣ ਔਰ ਬਾਜੰਤ੍ਰ ਬਾਜਾਇਨ॥*
*ਤੁਰਹਿ ਤੋਰ ਨਟ ਨ੍ਰਿਤ ਔਰ ਸਰ ਧਨੁਖ ਚਲਾਇਨ॥*
*ਗਯਾਨ ਕਰਨ ਔਰ ਚਾਤੁਰੀ ਏਤ ਨਾਮ ਬਿਦਿਆ ਬਰੇ॥*
*ਏ ਚਤੁਰਦਸ ਜਗਤ ਮੈਂ ਚਤੁਰ ਸਮਝ ਮਨ ਮਹਿ ਧਰੇ॥*

ਹੁਨਰ ਵਾਲੇ ਸੱਜਣਾਂ ਨੇ ਜਗਤ ਨੂੰ ਸਵਾਰਿਆ ਹੈ। ਹੁਨਰ ਵਾਲਿਆਂ ਨੇ ਜਗਤ ਨੂੰ ਬੜੀ ਦੇਣ ਦਿੱਤੀ ਹੈ। ਕੁਝ ਸਿਆਣਿਆਂ ਨੇ ਇਹ ਪ੍ਰਚਾਰ ਕੀਤਾ ਕਿ ਜੇਕਰ ਤੁਸੀਂ ਜਗਤ ਵਿਚ ਗੁਣ ਹੀ ਗੁਣ ਚਾਹੁੰਦੇ ਹੋ ਤਾਂ ਫਿਰ ਕੋਈ ਬੰਦਾ ਵਿੱਦਿਆ ਤੋਂ ਖਾਲੀ ਨਹੀਂ ਰਹਿਣਾ ਚਾਹੀਦਾ। ਸਾਰੀਆਂ ਵਿਦਿਆਵਾਂ ਵਿਚ ਸ਼੍ਰੋਮਣੀ ਵਿੱਦਿਆ ਹੈ, ਅੱਖਰ ਵਿੱਦਿਆ। ਅੱਖਰਾਂ ਦੀ ਲੋੜ ਤਾਂ ਹਰ ਵਿੱਦਿਆ ਵਿਚ ਪੈਣੀ ਹੈ, ਇਸ ਲਈ ਇਕ ਬੰਦਾ ਭਾਵੇਂ ਕਿੰਨੇ ਹੁਨਰ ਜਾਣਦਾ ਹੋਵੇ ਜਦੋਂ ਤਕ ਉਸ ਨੂੰ ਅੱਖਰ ਲਿਖਣੇ, ਪੜ੍ਹਨੇ ਨਹੀਂ ਆਉਂਦੇ ਉਸ ਨੂੰ ਅਣਪੜ੍ਹ ਹੀ ਆਖਿਆ ਜਾਂਦਾ ਹੈ। ਪੜ੍ਹਾਈ ਤਾਂ ਅੱਖਰਾਂ ਤੋਂ ਹੀ ਸ਼ੁਰੂ ਹੋਣੀ ਹੈ, ਇਸ ਲਈ ਸਿਆਣੇ ਸੱਜਣਾਂ ਨੇ ਵਿਦਿਆ ਪੜ੍ਹਨ ਤੇ ਬੜਾ ਜ਼ੋਰ ਦਿੱਤਾ ਤੇ ਕਿਹਾ। ਮਨੁੱਖ ਅਵਿੱਦਿਆ ਦੇ ਹਨੇਰੇ ਵਿਚ ਹੈ। ਵਿੱਦਿਆ ਤੋਂ ਬਿਨਾਂ ਇਹ ਦੋ ਅੱਖਾਂ ਹੁੰਦਿਆਂ ਵੀ ਅੰਨ੍ਹਾ ਹੈ। ਵਿੱਦਿਆ ਇਕ ਰੋਸ਼ਨੀ ਹੈ, ਵਿੱਦਿਆ ਪੜ੍ਹਾਈ ਜਾਏ ਤਾਂ ਮਨੁੱਖ ਰੋਸ਼ਨੀ ਵਿਚ ਹੋਵੇਗਾ, ਗੁਨਾਹਾਂ ਦੇ ਹਨ੍ਹੇਰੇ ਵਿਚ, ਫਿਰ ਇਹ ਨਹੀਂ ਭਟਕੇਗਾ।

ਬੜੀ ਲਗਨ ਤੇ ਮਿਹਨਤ ਨਾਲ ਸੁਧਾਰਕ ਸੱਜਣਾਂ ਨੇ ਵਿੱਦਿਆ ਦਾ ਪ੍ਰਚਾਰ ਕੀਤਾ। ਈਸਾਈਅਤ ਨੇ ਪੂਰਾ ਤਾਨ ਲਾਇਆ ਹੈ ਕਿ ਕੋਈ ਈਸਾਈ ਅਣਪੜ੍ਹ ਨਾ ਰਹੇ। ਇਸਲਾਮ ਨੇ ਜਿਥੇ ਨਮਾਜ਼ ਅਦਾ ਕਰਨ ਲਈ ਮਸੀਤ ਬਣਾਈ, ਮਸੀਤਾਂ ਵਿਚ ਹੀ ਬੱਚੇ ਪੜ੍ਹਾਉਣ ਦਾ ਪ੍ਰਬੰਧ ਵੀ ਕੀਤਾ। ਬ੍ਰਾਹਮਣਾਂ ਨੇ ਜੋ ਚਾਰ ਆਸ਼ਰਮ ਬਣਾਏ ਸਨ, ਪਹਿਲਾ ਸੀ ਬ੍ਰਹਮਚਰਜ। ਇਸ ਵਿਚ ੨੫ ਸਾਲ ਤਕ ਬੱਚੇ ਨੇ ਆਸ਼ਰਮ ਵਿਚ ਰਹਿ ਕੇ ਵਿੱਦਿਆ ਪੜ੍ਹਣੀ ਹੁੰਦੀ ਸੀ। ਗੁਰੂ ਨਾਨਕ ਦੇਵ ਜੀ ਨਹੀਂ ਪੜ੍ਹੇ, ਇਹ ਲਿਖਣ ਵਾਲੇ ਪਤਾ ਨਹੀਂ ਆਪਣੀ ਸ਼ਰਧਾ ਨਾਲ ਗੁਰੂ ਨਾਨਕ ਦੇਵ ਜੀ ਦੀ ਕਿਹੜੀ ਵਡਿਆਈ ਕਰ ਰਹੇ ਹੋਣਗੇ ਪਰ ਉਨ੍ਹਾਂ ਦਾ ਪੱਟੀ ਲਿਖਣਾ ਤਾਂ ਵਿਦਿਆਰਥੀਆਂ ਲਈ ਸਹੀ ਸੇਧ ਹੈ ਅਤੇ ਅੱਖਰਾਂ ਰਾਹੀਂ ਜੋ ਗਿਆਨ ਉਨ੍ਹਾਂ ਦਿੱਤਾ, ਉਸਦਾ ਨਾਂ ਹੈ ਪੱਟੀ। ਪੱਟੀ ਅਸਲ ਵਿਚ ਇਕ ਬਾਲ ਬੋਧ ਵੀ ਹੈ ਅਤੇ ਬਿਰਧ ਬੋਧ ਵੀ ਅਤੇ ਬ੍ਰਹਮ ਗਿਆਨ ਬੋਧ ਵੀ ਹੈ ਜੋ ਵਿੱਦਿਆ ਦੇ ਪ੍ਰਚਾਰ ਲਈ ਹੀ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗਾ ਗ੍ਰੰਥ, ਭਾਈ ਗੁਰਦਾਸ ਜੀ ਵਰਗੇ ਮਹਾਨ ਲਿਖਾਰੀਆਂ ਦੀਆਂ ਲਿਖਤਾਂ, ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਅਤੇ ਮਹਾਨ ਕਵੀਆਂ ਦੀਆਂ ਲਿਖਤਾਂ ਸਿੱਖ ਕੌਮ ਨੂੰ ਅਣਪੜ੍ਹ ਰੱਖਣ ਵਾਸਤੇ ਸਨ ਜਾਂ ਵਿਦਵਾਨ ਬਣਾਉਣ ਵਾਸਤੇ ਸਨ। ਸੱਚ ਤਾਂ ਇਹ ਜਾਪਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ, ਇਸ ਢੰਗ ਨਾਲ ਲਿਖੀ ਗਈ ਕਿ ਇਸ ਨੂੰ

ਸਮਝਣ ਵਾਸਤੇ ਵੀ ਸਿੱਖ ਨੂੰ ਸੰਸਕ੍ਰਿਤ, ਫਾਰਸੀ ਅਤੇ ਹੋਰ ਅਨੇਕਾਂ ਭਾਸ਼ਾਵਾਂ ਪੜ੍ਹਣੀਆਂ ਹੀ ਪੈਣ। ਜਦੋਂ ਤਕ ਕੋਈ ਸੱਜਣ ਫ਼ਾਰਸੀ ਨਹੀਂ ਪੜ੍ਹਿਆ, ਜ਼ਫ਼ਰਨਾਮਾ, ਰਚਨਾ ਭਾਈ ਨੰਦ ਲਾਲ ਜੀ ਅਤੇ ਸ੍ਰੀ ਗੁਰੂ ਗ੍ਰੰਥ ਵਿਚੋਂ ਫ਼ਾਰਸੀ ਦੇ ਸ਼ਬਦ ਸਮਝਣੇ ਮੁਸ਼ਕਿਲ ਹੋ ਜਾਣਗੇ। ਜਦੋਂ ਕੋਈ ਸੱਜਣ ਸੰਸਕ੍ਰਿਤ ਨਾ ਪੜ੍ਹੇ, ਜੈ ਦੇਵ ਜੀ ਦੇ ਪਦੇ ਅਤੇ ਸੰਸਕ੍ਰਿਤੀ ਸਲੋਕ ਮ: ੧ ਅਤੇ ਸਲੋਕ ਮ: ੫ ਦੇ ਉਚਾਰਨ ਕਰਨੇ ਮੁਸ਼ਕਿਲ ਹੋ ਜਾਣਗੇ।

ਗੁਰੂ ਕਲਗੀਧਰ ਜੀ ਨੇ ਦਮਦਮਾ ਸਾਹਿਬ ਬਹੁਤ ਸਾਰੀਆਂ ਕਲਮਾਂ ਘੜ ਕੇ ਸਰੋਵਰ ਵਿਚ ਸੁੱਟ ਦਿੱਤੀਆਂ ਸਨ ਤੇ ਕਿਹਾ ਸੀ, 'ਇਹ ਗੁਰੂ ਕੀ ਕਾਸ਼ੀ ਹੋਵੇਗੀ, ਇਹ ਲਿਖਣ ਸਰ ਹੋਵੇਗਾ।' ਵਿੱਦਿਆ ਨਾਲ ਉਨ੍ਹਾਂ ਨੂੰ ਕਿੰਨਾ ਪ੍ਰੇਮ ਸੀ ਕਿ ਕਵੀ ਹੰਸ ਰਾਮ ਨੂੰ ਜਦੋਂ ਤੋਰਿਆ ਸੀ ਤਾਂ ਇੰਨਾ ਧਨ ਮਾਲ ਦੇ ਦਿੱਤਾ ਕਿ ਵੇਖ ਕੇ ਪਹਾੜੀ ਰਾਜੇ ਡਰ ਗਏ ਕਿ ਸ਼ਾਇਦ ਅਨੰਦਪੁਰ ਤੋਂ ਫ਼ੌਜ ਚੜ੍ਹਾਈ ਕਰਕੇ ਆ ਗਈ ਹੈ। ਕਵੀ ਹੰਸ ਰਾਮ ਨੇ ਉਨ੍ਹਾਂ ਦੀ ਘਬਰਾਹਟ ਬਾਰੇ ਸੁਣਿਆ ਤਾਂ ਇਕ ਪੱਤਰ ਲਿਖਿਆ ਕਿ, ਘਬਰਾਓ ਨਾ, ਗੁਰੂ ਗੋਬਿੰਦ ਸਿੰਘ ਜੀ ਦੀ ਫ਼ੌਜ ਨਹੀਂ ਮੈਂ ਤਾਂ ਗੁਰੂ ਗੋਬਿੰਦ ਸਿੰਘ ਦਾ ਇਕ ਭਿਖਾਰੀ ਜਾ ਰਿਹਾ ਹਾਂ–

*ਹੰਸ ਰਾਮ ਕਹਿਤ ਬਿਰਾਜੋ ਜਿਨ ਭਾਜੋ।*
*ਗੁਰੂ ਗੋਬਿੰਦ ਕੇ ਮਾਂਗੇ ਕਵਿਰਾਜ ਚਲੇ ਜਾਤ ਹੈਂ॥*

ਮੇਰੇ ਲਿਖਣ ਤੋਂ ਭਾਵ ਹੈ ਕਿ ਹਰ ਮਹਾਂਪੁਰਖ ਨੇ ਵਿੱਦਿਆ ਦੇ ਪ੍ਰਚਾਰ ਤੇ ਜ਼ੋਰ ਦਿੱਤਾ ਹੈ, ਵਿੱਦਿਆ ਦਾ ਪ੍ਰਚਾਰ ਬਹੁਤ ਹੋਇਆ ਹੈ। ਅੱਜ ਗ਼ਰੀਬ ਤੋਂ ਗ਼ਰੀਬ ਬੰਦੇ ਦਾ ਪੁੱਤਰ ਵੀ ਪੜ੍ਹਿਆ ਲਿਖਿਆ ਹੈ, ਛੋਟੇ ਤੋਂ ਛੋਟੇ ਨਗਰ ਵਿਚ ਵੀ ਸਕੂਲ ਹੈ। ਅੱਜ ਤੋਂ ਥੋੜ੍ਹਾ ਸਮਾਂ ਪਿੱਛੇ ਚਲੀਏ ਤਾਂ ਉਹ ਦਿਨ ਯਾਦ ਆਉਂਦੇ ਹਨ ਕਿ ਕਿਸੇ ਦੀ ਚਿੱਠੀ ਆ ਜਾਏ ਤਾਂ ਪੜ੍ਹਣ ਵਾਲਾ ਕੋਈ ਨਹੀਂ ਸੀ ਲੱਭਦਾ। ਮੈਂ ਸੁਣਿਆ ਹੈ, ਇਕ ਦਿਨ ਇਕ ਕਿਸਾਨ ਪਿੰਡ ਦੇ ਬਾਣੀਏ ਪਾਸ ਗਿਆ ਤੇ ਕਹਿਣ ਲੱਗਾ ਕਿ ਸ਼ਾਹ ਜੀ ਇਕ ਪੱਤਰ ਲਿਖ ਦੇਵੋ, ਮੈਂ ਆਪਣੀ ਪੁੱਤਰੀ ਨੂੰ ਜ਼ਰੂਰੀ ਸੰਦੇਸ਼ ਭੇਜਣੇ ਹਨ। ਸ਼ਾਹ ਨੇ ਪਿੰਡ ਦਾ ਨਾਂ ਪੁੱਛਿਆ ਤੇ ਫਿਰ ਕਹਿਣ ਲੱਗਾ ਕਿ ਤੁਹਾਨੂੰ ਬੇਨਤੀ ਕਰਾਂ ਕਿ ਤੁਸੀਂ ਜ਼ਬਾਨੀ ਹੀ ਸੰਦੇਸ਼ਾ ਭੇਜ ਦਿਓ, ਪੱਤਰ ਨਾ ਹੀ ਭੇਜੋ, ਮੇਰੇ ਪੈਰ ਵਿਚ ਦਰਦ ਹੈ, ਇਸ ਲਈ ਪੱਤਰ ਲਿਖਣਾ ਮੇਰੇ ਵੱਸ ਦੀ ਗੱਲ ਨਹੀਂ। ਕਿਸਾਨ ਬੜਾ ਨਾਰਾਜ਼ ਹੋਇਆ। ਪਰ ਸ਼ਾਹ ਜੀ ਨੇ ਹੱਥ ਜੋੜ ਕੇ ਕਿਹਾ, ਮਹਾਰਾਜ! ਨਾਰਾਜ਼ ਨਾ ਹੋਵੋ। ਜੱਟ ਨੇ ਕਿਹਾ, ''ਕਿਉਂ ਨਾ ਨਾਰਾਜ਼ ਹੋਵਾਂ, ਤੁਸੀਂ ਮੈਨੂੰ ਮਜ਼ਾਕ ਕੀਤਾ ਹੈ, ਪੈਰ ਦਰਦ ਤੇ ਚਿੱਠੀ ਲਿਖਣ ਦਾ ਕੀ ਸਬੰਧ ਹੈ।'' ਸ਼ਾਹ ਜੀ ਕਹਿਣ ਲੱਗੇ, ''ਅਸਲ ਵਿਚ ਉਹਨਾਂ ਪਿੰਡਾਂ ਵਿਚ ਚਿੱਠੀ ਪੜ੍ਹਨ ਵਾਲਾ ਬੰਦਾ ਕੋਈ ਨਹੀਂ, ਚਿੱਠੀ ਪੜ੍ਹਨ ਲਈ ਵੀ ਉਥੇ ਮੈਨੂੰ ਹੀ ਜਾਣਾ ਪਵੇਗਾ। ਮੇਰਾ ਪੈਰ ਠੀਕ ਨਹੀਂ, ਇਸ ਲਈ ਤੁਹਾਨੂੰ ਬੇਨਤੀ ਕੀਤੀ ਹੈ ਕਿ ਪੱਤਰ ਨਾ ਲਿਖਵਾਓ।''

ਪਰ ਅੱਜ ਕਿੰਨਾ ਫ਼ਰਕ ਹੈ, ਅਸੀਂ ਵਿੱਦਿਆ ਤਾਂ ਜ਼ਰੂਰ ਵਧਾ ਲਈ ਪਰ ਮਹਾਂਪੁਰਖਾਂ

ਜੋ ਵਿੱਦਿਆ ਦਾ ਸੁਪਨਾ ਲਿਆ ਸੀ ਉਹ ਪੂਰਾ ਨਹੀਂ ਹੋ ਸਕਿਆ। ਉਨ੍ਹਾਂ ਦਾ ਵਿਚਾਰ ਸੀ ਕਿ ਵਿੱਦਿਆ ਨਾਲ ਬੁਰਿਆਈ ਘਟ ਜਾਏਗੀ, ਨੇਕੀ ਵਧੇਗੀ, ਮਨੁੱਖਤਾ ਵਿਚ ਫ਼ਰਜ਼ ਦਾ ਅਹਿਸਾਸ ਜਾਗੇਗਾ। ਮਨੁੱਖਤਾ ਵਿਚ ਸੇਵਾ ਭਾਵ ਹੋਵੇਗਾ, ਪ੍ਰੇਮ ਹੋਵੇਗਾ, ਚੋਰੀ, ਧੋਖਾ, ਫਰੇਬ, ਈਰਖਾ, ਵੈਰ, ਲਾਲਚ ਆਦਿਕ ਬਿਮਾਰੀਆਂ ਮੁੱਕ ਜਾਣਗੀਆਂ। ਵਿੱਦਿਆ ਵਧੀ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਅਪਰਾਧ ਵੀ ਵਧੇ ਹਨ, ਘਟੇ ਕੋਈ ਨਹੀਂ। ਪਹਿਲਾਂ ਅਣਪੜ੍ਹ ਅਪਰਾਧੀ ਕਿਸੇ ਇਕ ਵਿਅਕਤੀ ਦੀ ਹੱਤਿਆ ਕਰਦਾ ਸੀ, ਉਹ ਵੀ ਬੜੀ ਮੁਸ਼ਕਿਲ ਨਾਲ ਸਫ਼ਲ ਹੁੰਦਾ ਸੀ ਪਰ ਅੱਜ ਤਾਂ ਪੜ੍ਹੇ ਲਿਖੇ ਅਪਰਾਧੀ ਇਕੋ ਵਾਰ ਲੱਖਾਂ ਲੋਕਾਂ ਦੀ ਹੱਤਿਆਂ ਕਰਨ ਦੇ ਸਮਰੱਥ ਹੋ ਗਏ ਹਨ। ਪਹਿਲਾਂ ਅਣਪੜ੍ਹ ਅਪਰਾਧੀ ਚੋਰੀ ਕਰਦਾ ਸੀ, ਫੜਿਆ ਜਾਂਦਾ ਸੀ, ਪਰ ਅੱਜ ਵਿੱਦਿਆ ਦੇ ਬਲ ਕਰਕੇ ਅਪਰਾਧੀ ਚੋਰੀ ਵੀ ਕਰਦਾ ਹੈ, ਫੜਿਆ ਵੀ ਨਹੀਂ ਜਾਂਦਾ। ਸੱਚ ਤਾਂ ਇਹ ਹੈ ਕਿ ਪੁਲਿਸ ਨਾਲੋਂ ਅੱਜ ਦਾ ਚੋਰ ਹੁਸ਼ਿਆਰ ਹੈ। ਬਹੁਤ ਵਾਰ ਤਾਂ ਐਸਾ ਹੁੰਦਾ ਹੈ, ਬੇਦੋਸ਼ਿਆਂ ਨੂੰ ਸਜ਼ਾਵਾਂ ਹੋ ਜਾਂਦੀਆਂ ਹਨ ਅਤੇ ਦੋਸ਼ੀ ਕਾਬੂ ਹੀ ਨਹੀਂ ਆਉਂਦੇ। ਸ਼ਕਤੀ ਤਾਂ ਸ਼ੁਭ ਕਾਮਨਾ ਵਾਲੇ ਮਨੁੱਖ ਕੋਲ ਹੀ ਸ਼ੋਭਾ ਪਾਉਂਦੀ ਹੈ। ਜਿਸ ਦੇ ਅੰਦਰ ਵਿਕਾਸ ਦੀ ਭਾਵਨਾ ਹੋਵੇ, ਸ਼ਕਤੀ ਉਥੇ ਹੀ ਭਲੀ ਹੈ। ਪਰ ਜਿਸ ਮਨੁੱਖ ਦੇ ਅੰਦਰ ਦੂਸਰੇ ਦੇ ਵਿਨਾਸ਼ ਦੀ ਭਾਵਨਾ ਹੋਵੇ ਉਸ ਕੋਲ ਜਿੰਨੀ ਵੀ ਸ਼ਕਤੀ ਹੋਵੇ ਦੁਖਦਾਈ ਹੀ ਹੈ।

ਅਗਨੀ ਇਕ ਸ਼ਕਤੀ ਹੈ, ਕਿਸੇ ਪਰਉਪਕਾਰੀ ਕੋਲ ਹੋਵੇ ਤਾਂ ਉਹ ਕਿਸੇ ਦੇ ਘਰ ਰੌਸ਼ਨੀ ਕਰ ਦੇਵੇਗਾ, ਕਿਸੇ ਦਾ ਭੋਜਨ ਪਕਾ ਦੇਵੇਗਾ, ਪਰ ਬੁਰੇ ਬੰਦੇ ਕੋਲ ਅੱਗ ਆ ਜਾਏ ਤਾਂ ਉਹ ਬੰਦੇ ਸਮੇਤ ਹੀ ਬੰਦੇ ਦਾ ਘਰ ਸਾੜ ਦੇਵੇਗਾ। ਇਨ ਬਿਨ ਵਿੱਦਿਆ ਵੀ ਉਹ ਰੌਸ਼ਨੀ ਹੈ ਜਿਸ ਨਾਲ ਕਿਸੇ ਨੂੰ ਰਸਤਾ ਵੀ ਵਿਖਾਇਆ ਜਾ ਸਕਦਾ ਹੈ ਅਤੇ ਕਿਸੇ ਨੂੰ ਠੱਗਿਆ ਵੀ ਜਾ ਸਕਦਾ ਹੈ।

ਵਿੱਦਿਆ ਦਾ ਮਕਸਦ ਸੀ ਕਿ ਸੰਸਾਰ ਰੌਸ਼ਨੀ ਨਾਲ ਭਰ ਜਾਂਦਾ, ਵਿੱਦਿਆ ਦਾ ਮਕ਼ਸਦ ਸੀ ਕਿ ਸੰਸਾਰ ਖ਼ੁਸ਼ੀਆਂ ਨਾਲ ਭਰ ਜਾਂਦਾ, ਵਿੱਦਿਆ ਦਾ ਮਕਸਦ ਸੀ ਕਿ ਸੰਸਾਰ ਇਨਸਾਫ਼ ਨਾਲ ਭਰਪੂਰ ਹੁੰਦਾ, ਵਿੱਦਿਆ ਦਾ ਮਕਸਦ ਸੀ ਕਿ ਸੰਸਾਰ ਪਰਉਪਕਾਰ ਨਾਲ ਭਰਪੂਰ ਹੁੰਦਾ, ਵਿੱਦਿਆ ਦਾ ਮਕਸਦ ਸੀ ਕਿ ਸੰਸਾਰ ਕਰਤਾਰ ਵਿਚ ਅਭੇਦ ਹੁੰਦਾ। ਬੰਦੇ ਦਾ ਹਿਰਦਾ ਨਾਮ ਨਾਲ ਭਰਪੂਰ ਹੁੰਦਾ।

ਪਰ ਜਦੋਂ ਵਿੱਦਿਆ ਦੇ ਹੁੰਦਿਆਂ ਹੀ ਸੰਸਾਰ ਵਿਚ ਅੰਧੇਰਾ ਹੀ ਅੰਧੇਰਾ ਹੋਵੇ, ਗ਼ਮ ਹੀ ਗ਼ਮ ਹੋਣ, ਬੇਇਨਸਾਫੀ ਹੋਵੇ, ਸੇਵਾ ਦੀ ਥਾਂ ਸੁਆਰਥ ਹੋਵੇ, ਪਰਉਪਕਾਰ ਦੀ ਥਾਂ ਦੁਰਾਚਾਰ ਹੋਵੇ, ਬੰਦਾ ਰੱਬ ਤੋਂ ਬੇਮੁਖ ਹੋਵੇ ਫਿਰ ਵਿੱਦਿਆ ਨਾਲ ਜੋ ਹੋਣ ਦੀ ਆਸ ਸੀ, ਉਹ ਆਸ ਤਾਂ ਬਿਲਕੁਲ ਹੀ ਪੂਰੀ ਨਹੀਂ ਹੋਈ।

ਗੁਰੂ ਨਾਨਕ ਦੇਵ ਜੀ ਦਾ ਵਿੱਦਿਆ ਬਾਰੇ ਵਿਚਾਰ ਸੀ ਕਿ ਵਿੱਦਿਆ ਦੀ ਵਿਚਾਰ ਤਾਂ ਹੀ ਹੋਈ ਹੈ ਜੇਕਰ ਵਿਦਵਾਨ ਪਰਉਪਕਾਰੀ ਹੈ। ਜੇਕਰ ਵਿੱਦਿਆ ਦੀ ਰੌਸ਼ਨੀ ਲੈ ਕੇ, ਵਿੱਦਿਆ ਦਾ ਦੀਵਾ ਹੱਥ ਤੇ ਰੱਖ ਕੇ ਖ਼ੂਹ ਵਿਚ ਡਿੱਗਣਾ ਹੈ ਤਾਂ ਤੈਨੂੰ ਕੌਣ

ਮੁਆਫ਼ ਕਰੇਗਾ। ਇਕ ਬੰਦਾ ਹਨੇਰੇ ਵਿਚ ਹੋਵੇ ਕਿਸੇ ਖੂਹ ਵਿਚ ਡਿੱਗ ਵੀ ਪਵੇ ਤਾਂ ਮੁਆਫ਼ ਕੀਤਾ ਜਾ ਸਕਦਾ ਹੈ, ਉਸ ਨਾਲ ਹਮਦਰਦੀ ਹੋ ਸਕਦੀ ਹੈ, ਅਸੀਂ ਕਹਿ ਸਕਦੇ ਹਾਂ ਕਿ ਵਿਚਾਰਾ ਹਨੇਰੇ ਦੇ ਕਾਰਨ ਖੂਹ ਵਿਚ ਡਿੱਗ ਪਿਆ ਹੈ, ਪਰ ਕੋਈ ਬੰਦਾ, ਹੱਥ ਵਿਚ ਦੀਵਾ ਫੜਿਆ ਹੋਵੇ ਫਿਰ ਉਹ ਖੂਹ ਵਿਚ ਡਿੱਗ ਪਵੇ ਤਾਂ ਹਰ ਬੰਦਾ ਪੁੱਛੇਗਾ ਕਿ ਤੇਰੇ ਹੱਥ ਵਿਚ ਜਗਦਾ ਦੀਵਾ ਸੀ ਤੈਨੂੰ ਨਜ਼ਰ ਨਹੀਂ ਆਇਆ। ਫਿਰ ਜੇ ਤੂੰ ਖੂਹ ਵਿਚ ਹੀ ਡਿੱਗਣਾ ਸੀ ਤਾਂ ਤੈਨੂੰ ਦੀਵਾ ਚੁਕਣ ਦੀ ਕੀ ਲੋੜ ਸੀ। ਅਫਸੋਸ ਕਿ ਤੂੰ ਦੀਵੇ ਦੀ ਬਹੁਤ ਵੱਡੀ ਬੇਇਜ਼ਤੀ ਕੀਤੀ ਹੈ, ਤੂੰ ਦੀਵੇ ਦੀ ਨਿਰਾਦਰੀ ਕੀਤੀ ਹੈ। ਵਿੱਦਿਆ ਇਕ ਦੀਵਾ ਹੈ, ਇਸ ਦੀਵੇ ਦੀ ਮਨੁੱਖਤਾ ਨੇ ਬਹੁਤ ਹੀ ਨਿਰਾਦਰੀ ਕੀਤੀ ਹੈ।

ਇਕ ਬੱਸ ਵਿਚ ਸਫ਼ਰ ਕਰਦਿਆਂ ਮੈਂ ਇਹ ਲਿਖਿਆ ਪੜ੍ਹਿਆ ਸੀ, 'ਧੂਮ੍ਰਪਾਨ ਨਿਸ਼ੇਧ।' ਜਿਸ ਦਾ ਭਾਵ ਸੀ ਕਿ ਇਸ ਬੱਸ ਵਿਚ ਤੰਬਾਕੂ ਪੀਣਾ ਮਨ੍ਹਾ ਹੈ। ਪਰ ਹੈਰਾਨੀ ਦੀ ਹੱਦ ਨਾ ਰਹੀ ਜਦੋਂ, ਬੱਸ ਦੇ ਡਰਾਈਵਰ ਨੇ ਹੀ ਬੀੜੀ ਪੀਣੀ ਸ਼ੁਰੂ ਕਰ ਦਿੱਤੀ। ਮੈਂ ਉਸ ਨੂੰ ਕਿਹਾ ਕਿ ਇਹ ਜੋ ਤੁਸੀਂ ਲਿਖਿਆ ਹੈ ਘੱਟੋ-ਘੱਟ ਇਹ ਹੀ ਮਿਟਾ ਦੇਵੋ। ਮੈਨੂੰ ਜੁਆਬ ਮਿਲਿਆ ਕਿ ਇਸ ਕੋ ਮਿਟਾਨੇ ਕੀ ਕੋਈ ਜ਼ਰੂਰਤ ਨਹੀਂ, ਕਿਉਂਕਿ ਇਸ ਕੋ ਮਾਨਤਾ ਹੀ ਕੋਈ ਨਹੀਂ। ਬਿਲਕੁਲ ਠੀਕ ਹੈ, ਜੋ ਆਪ ਹੀ ਲਿਖਿਆ ਹੈ ਆਪ ਹੀ ਨਹੀਂ ਮੰਨਦੇ ਤਾਂ ਹੋਰ ਕੌਣ ਮੰਨੇਗਾ। ਕੀ ਧਰਮ ਦੀਆਂ ਗੱਲਾਂ, ਕੀ ਸਮਾਜ ਦੀਆਂ ਗੱਲਾਂ ਤੇ ਕੀ ਰਾਜਨੀਤੀ ਦੀਆਂ ਗੱਲਾਂ ਕਹਿਣ ਵਾਲੇ ਆਪ ਵੀ ਨਹੀਂ ਮੰਨਦੇ ਤਾਂ ਫਿਰ ਹੋਰ ਕਿਸੇ ਨੂੰ ਕੀ ਲੋੜ ਹੈ ਕਿ ਕੋਈ ਮੰਨੇ।

ਇਕਬਾਲ ਕਹਿੰਦੇ ਹਨ–

*ਯੇ ਅਹਿਲੇ ਹੁਨਰ ਯੇ ਅਹਿਲੇ ਕਲਮ ਬੇਕਾਰ ਕੀ ਬਾਤੇਂ ਕਰਤੇ ਹੈਂ।*
*ਖੁਦ ਸਾਹਿਲ ਸਾਹਿਲ ਫਿਰਤੇ ਹੈਂ ਮੰਝਧਾਰ ਕੀ ਬਾਤੇਂ ਕਰਤੇ ਹੈਂ॥*

ਕਬੀਰ ਸਾਹਿਬ ਜੀ ਤਾੜਨਾ ਕਰਦੇ ਹਨ–

*ਕਬੀਰ ਮਨੁ ਜਾਨੈ ਸਭ ਬਾਤ ਜਾਨਤਹੀ ਅਉਗੁਨ ਕਰੈ॥*
*ਕਾਹੇ ਕੀ ਕੁਸਲਾਤ ਹਾਥ ਦੀਪ ਕੂਏਂ ਪਰੈ॥*

–ਸਲੋਕ ਕਬੀਰ, ਪੰਨਾ ੧੩੭੬

ਫਿਰ ਵਿੱਦਿਆ ਸਫ਼ਲ ਤਾਂ ਹੈ ਕਿ ਅੱਖਰ ਥੋੜ੍ਹੇ ਆਉਂਦੇ ਹੋਣ ਪਰ ਪਰਉਪਕਾਰ ਦਾ ਚਾਅ ਬਹੁਤ ਜ਼ਿਆਦਾ ਹੋਵੇ। ਅੱਜ ਦਾ ਮਹਾਨ ਵਿਦਵਾਨ ਹੈ ਸਾਇੰਸਦਾਨ, ਉਸ ਨੇ ਸੰਸਾਰ ਦੇ ਸੁਖ ਲਈ ਬੜੇ ਆਵਿਸ਼ਕਾਰ ਕੀਤੇ ਹਨ। ਉਸ ਨੇ ਬਿਜਲੀ ਦੀ ਈਜਾਦ ਕੀਤੀ ਸੀ ਕਿ ਮਸ਼ੀਨਾਂ ਚੱਲਣ, ਮਨੁੱਖ ਨੂੰ ਸਹੂਲਤਾਂ ਮਿਲਣ, ਰੋਸ਼ਨੀ ਹੋਵੇ ਪਰ ਉਸ ਨੇ ਇਹ ਕਿੱਥੇ ਸੋਚਿਆ ਹੋਵੇਗਾ ਕਿ ਬਿਜਲੀ ਦੇ ਕਰੰਟ ਲਗਾ ਲਗਾ ਕੇ ਬੰਦਾ ਬੰਦੇ ਨੂੰ ਤੜਫਾ ਤੜਫਾ ਕੇ ਮਾਰੇਗਾ। ਐਸੀ ਵਿੱਦਿਆ ਹੋਵੇ ਜੋ ਮਨੁੱਖ ਨੂੰ ਪਰਉਪਕਾਰ ਨਾਲ ਜੋੜੇ। ਵਿੱਦਿਆ ਦੀ ਧਾਰਨਾ ਗੁਰੂ ਨਾਨਕ ਦੇਵ ਜੀ ਦੇ ਕਥਨ ਅਨੁਸਾਰ ਪਰਉਪਕਾਰ

ਦੀ ਹੋਵੇ, ਫਿਰ ਤਾਂ ਬੰਦਾ ਬੇਸ਼ੱਕ ਥੋੜ੍ਹਾ ਪੜ੍ਹਿਆ ਹੈ ਜਾਂ ਜ਼ਿਆਦਾ ਪੜ੍ਹਿਆ ਹੈ ਉਸ ਦੀ ਵਿੱਦਿਆ ਦਾ ਕੋਈ ਮਕਸਦ ਹੋਵੇਗਾ।

ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਹੇ ਮੂਰਖ ਮਨ! ਤੂੰ ਅਸਲ ਰਾਹ ਤੋਂ ਕਿਉਂ ਭੁੱਲਾ ਹੈਂ। ਜਦੋਂ ਪ੍ਰਮਾਤਮਾ ਦੀ ਹਜ਼ੂਰੀ ਵਿਚ ਤੂੰ ਆਪਣੇ ਕੀਤੇ ਕਰਮਾਂ ਦਾ ਹਿਸਾਬ ਦੇ ਕੇ ਸੁਰਖਰੂ ਹੋ ਜਾਵੇਂਗਾ ਤਾਂ ਹੀ ਤੂੰ ਪੜ੍ਹਿਆ ਹੋਇਆ ਵਿਦਵਾਨ ਮੰਨਿਆ ਜਾਵੇਂਗਾ।

*ਮਨ ਕਾਹੇ ਭੂਲੇ ਮੂੜ ਮਨਾ॥*
*ਜਬ ਲੇਖਾ ਦੇਵਹਿ ਬੀਰਾ ਤਉ ਪੜਿਆ॥*

—ਆਸਾ ਮ: ੧, ਪਟੀ, ਪੰਨਾ ੪੩੨

ਗੁਰੂ ਅਮਰਦਾਸ ਜੀ ਫ਼ਰਮਾਉਂਦੇ ਹਨ—

*ਮਨ ਐਸਾ ਲੇਖਾ ਤੂੰ ਕੀ ਪੜਿਆ॥*
*ਲੇਖਾ ਦੇਣਾ ਤੇਰੈ ਸਿਰਿ ਰਹਿਆ॥*

—ਆਸਾ ਮ: ੩ ਪਟੀ, ਪੰਨਾ ੪੩੪

ਵਿਦਿਆ ਪੜ੍ਹ ਕੇ ਮਨੁੱਖ ਨੇ ਸੰਸਾਰ ਵਿਚ ਵੀ ਮੂੰਹ ਉੱਜਲਾ ਕਰਨਾ ਸੀ, ਕਰਤਾਰ ਦੇ ਘਰ ਵੀ ਸੁਰਖਰੂ ਹੋ ਕੇ ਜਾਣਾ ਸੀ। ਵਿੱਦਿਆ ਜੀਵਨ ਵਿਚ ਬਹੁਤ ਸਹਾਇਕ ਹੈ, ਪਰ ਜੇਕਰ ਮਨੁੱਖ ਇਸ ਗੱਲ ਨੂੰ ਸਮਝ ਜਾਏ ਤਾਂ ਵਿੱਦਿਆ ਵਰਗਾ ਹੋਰ ਸਾਥੀ ਕੌਣ ਹੋ ਸਕਦਾ ਹੈ।

ਧਰਮ ਕਲਾ ਜੀਵਨ ਵਿਚ ਆ ਜਾਏ ਤਾਂ ਵਿੱਦਿਆ ਨਾਲ ਪਰਉਪਕਾਰ ਹੋਵੇਗਾ, ਧਰਮ ਕਲਾ ਨਾ ਹੋਈ ਤਾਂ ਵਿੱਦਿਆ ਵਾਦ ਵਿਵਾਦ ਬਣ ਕੇ ਰਹਿ ਜਾਏਗੀ। ਇਕ ਸ਼ਬਦ ਹੈ-ਚੁੰਝ ਗਿਆਨੀ, ਭਾਵ ਜਿਵੇਂ ਚੁੰਝਾਂ ਨਾਲ ਕੁੱਕੜ ਲੜਦੇ ਹਨ, ਉਹ ਵਿੱਦਿਆ ਦੇ ਆਸਰੇ ਜ਼ਬਾਨ ਨਾਲ ਬਹਿਸ ਹੀ ਕਰਦੇ ਹਨ।

ਭਾਈ ਦਰਗਾਹਾ ਜੀ ਨੇ ਇਕ ਵਾਰ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਪੁੱਛਿਆ ਸੀ ਕਿ ਪਾਤਸ਼ਾਹ! ਕਈ ਵਾਰ ਸਿੱਖ ਸ਼ਬਦ ਦੀ ਚਰਚਾ ਕਰਦੇ ਲੜ ਪੈਂਦੇ ਹਨ,ਕੀ ਕਾਰਨ ਹੈ? ਸਤਿਗੁਰਾਂ ਕਿਹਾ ਸੀ ਚਰਚਾ ਚਾਰ ਪ੍ਰਕਾਰ ਦੀ ਹੈ, ਸਿੱਖ ਦੋ ਤਰ੍ਹਾਂ ਦੀ ਚਰਚਾ ਕਰੇ, ਦੋ ਤਰ੍ਹਾਂ ਦੀ ਨਾ ਕਰੇ। ਉਹ ਚਾਰ ਪ੍ਰਕਾਰ ਹਨ—ਵਾਦ, ਹੇਤ, ਚਰਚਾ ਕਰਨੀ ਹੈ ; ਜਲਪਾ ਤੇ ਵਿਤੰਡਾ ਨਹੀਂ ਕਰਨੀਆਂ। ਵਾਦ ਚਰਚਾ ਕੀ ਹੈ? ਆਪਣੇ ਤੋਂ ਸਿਆਣੇ ਕੋਲੋਂ ਕੁਝ ਪੁੱਛਣਾ, ਇਹ ਵਾਦ ਚਰਚਾ ਹੈ। ਪ੍ਰੇਮ ਨਾਲ ਕੁਝ ਕਹਿਣਾ ਤੇ ਸੁਣਨਾ ਹੇਤ ਚਰਚਾ ਹੈ। ਕਿਸੇ ਦੀ ਗੱਲ ਨੂੰ ਜਾਣ ਬੁਝ ਕੇ ਉਕਤੀਆਂ ਯੁਕਤੀਆਂ ਨਾਲ ਖੰਡਨ ਕਰਨਾ ਜਲਪਾ ਚਰਚਾ ਹੈ। ਆਪ ਨੂੰ ਕੋਈ ਸਮਝ ਨਹੀਂ, ਸਿਆਣੇ ਦੀ ਗੱਲ ਮੰਨਣੀ ਨਹੀਂ, ਐਵੇਂ ਬਹਿਸ ਕਰੀ ਜਾਣੀ, ਵਿਤੰਡਾ ਚਰਚਾ ਹੈ।

ਦੋ ਪੜ੍ਹੇ ਲਿਖੇ ਮੂਰਖ ਇਕੱਠੇ ਹੋ ਜਾਣ ਤਾਂ ਸਿਰਫ਼ ਵਾਦ-ਵਿਵਾਦ ਹੁੰਦਾ ਹੈ। ਇਕ

ਜਗਿਆਸੂ ਹੋਵੇ, ਦੂਸਰਾ ਗੁਰਮੁਖ ਵਿਦਵਾਨ ਹੋਵੇ ਤਾਂ ਖੋਜ ਭਰੀ ਚਰਚਾ ਹੁੰਦੀ ਹੈ। ਦੋਵੇਂ ਹੀ ਗੁਰਮੁਖ ਵਿਦਵਾਨ ਹੋਣ ਤਾਂ ਫਿਰ ਤਾਂ ਐਸੀ ਚਰਚਾ ਹੁੰਦੀ ਹੈ ਕਿ ਜਿਵੇਂ ਦੋ ਦੀਵੇ ਸਾਹਮਣੇ ਰੱਖ ਦੇਈਏ ਤਾਂ ਇਕ ਦੂਸਰੇ ਦਾ ਹਨੇਰਾ ਦੂਰ ਕਰ ਦਿੰਦੇ ਹਨ। ਇਹ ਹੈ ਅਸਲ ਚਰਚਾ, ਬਹੁਤਾ ਤਾਂ ਵਿਵਾਦ ਹੈ। ਇਸ ਦਾ ਕਾਰਨ ਹੈ ਕਿ ਵਿੱਦਿਆ ਤਾਂ ਹੈ ਧਰਮ ਕਲਾ ਨਹੀਂ। ਵਿੱਦਿਆ ਵਿਚ ਧਰਮ ਕਲਾ ਆ ਜਾਵੇਗੀ ਤਾਂ ਸੰਵਾਦ ਤਾਂ ਹੋਵੇਗਾ, ਵਿਵਾਦ ਨਹੀਂ। ਵਿੱਦਿਆ ਰੱਬ ਦੀ ਦਾਤ ਹੈ, ਪਰ ਇਹ ਸਫ਼ਲ ਤਾਂ ਹੁੰਦੀ ਹੈ ਜਦੋਂ ਬਿਬੇਕ ਬੁੱਧੀ ਵੀ ਹੋਵੇ।

ਇਕ ਬੜੀ ਸੁੰਦਰ ਕਥਾ ਹੈ ਕਿ ਚਾਰ ਨੌਜਵਾਨ ਵਿੱਦਿਆ ਪੜ੍ਹ ਕੇ ਆਏ ਸਨ। ਉਨ੍ਹਾਂ ਪਾਸ ਐਸਾ ਮੰਤ੍ਰ ਸੀ ਕਿ ਇਕ ਹੱਡੀ ਪਛਾਣ ਕੇ ਦੱਸ ਦਿੰਦਾ ਸੀ ਕਿ ਕਿਸ ਦੀ ਹੱਡੀ ਹੈ, ਦੂਸਰਾ ਉਸ ਦਾ ਢਾਂਚਾ ਖੜ੍ਹਾ ਕਰ ਸਕਦਾ ਸੀ, ਤੀਸਰਾ ਉਸ ਦੀ ਪੂਰੀ ਸ਼ਕਲ ਤਿਆਰ ਕਰ ਸਕਦਾ ਸੀ, ਚੌਥਾ ਜਾਨ ਪਾ ਸਕਦਾ ਸੀ। ਵਿੱਦਿਆ ਪੂਰੀ ਕਰ ਕੇ ਜੰਗਲੀ ਰਸਤਾ ਲੰਘ ਰਹੇ ਸਨ। ਇਕ ਨੇ ਹੱਡੀ ਪਛਾਣੀ, ਸ਼ੇਰ ਦੀ ਸੀ, ਦੂਸਰੇ ਨੇ ਢਾਂਚਾ ਖੜ੍ਹਾ ਕਰ ਦਿੱਤਾ, ਤੀਸਰੇ ਨੇ ਪੂਰਾ ਸ਼ੇਰ ਤਿਆਰ ਕਰ ਦਿੱਤਾ, ਚੌਥੇ ਨੇ ਜਾਨ ਪਾ ਦਿੱਤੀ। ਉਹ ਚੌਹਾਂ ਨੂੰ ਹੀ ਖਾ ਗਿਆ। ਇਹ ਕਹਾਣੀ ਵਿਦਵਾਨਾਂ ਲਈ ਬਹੁਤ ਵੱਡੀ ਸਿੱਖਿਆ ਹੈ ਕਿ ਵਿਦਵਾਨ ਹੋ ਕੇ ਤੂੰ ਕੀਤੇ ਕੰਮ ਦਾ ਅੰਤ ਤੇ ਵੇਖ, ਜੋ ਬੂਟਾ ਬੀਜ ਰਿਹਾ ਹੈਂ ਇਸ ਨੂੰ ਫਲ ਕੀ ਲੱਗੇਗਾ?

ਵਿਚਾਰ ਕਰਦੇ ਅਸੀਂ ਇੱਥੇ ਤਕ ਪਹੁੰਚੇ ਹਾਂ ਕਿ ਕੋਈ ਵੀ ਇਨਸਾਨ ਵਿੱਦਿਆ ਤੋਂ ਖਾਲੀ ਨਹੀਂ ਚਾਹੀਦਾ, ਬਾਕੀ ਹੁਨਰਾਂ ਤੋਂ ਇਲਾਵਾ ਅੱਖਰਾਂ ਦੀ ਵਿੱਦਿਆ ਆਉਣੀ ਬਹੁਤ ਜ਼ਰੂਰੀ ਹੈ। ਬਾਕੀ ਹੁਨਰ ਜਿੰਨੇ ਵੀ ਮਨੁੱਖ ਸਿਖ ਸਕੇ ਸਿੱਖਣੇ ਚਾਹੀਦੇ ਹਨ। ਵਿੱਦਿਆ ਦਾ ਅਭਿਆਸ ਬਹੁਤ ਜ਼ਰੂਰੀ ਹੈ।

ਇਕ ਵਿਦਵਾਨ ਦਾ ਕਥਨ ਹੈ–

*ਬਿਖ ਬਿਦਿਆ ਅਭਿਆਸ ਬਿਨ ਭੋਜਨ ਗਰਲ ਅਘਾਏ।*

ਜਿਵੇਂ ਰੱਜੇ ਹੋਏ ਬੰਦੇ ਲਈ ਭੋਜਨ ਜ਼ਹਿਰ ਹੈ, ਇਸੇ ਤਰ੍ਹਾਂ ਹੀ ਅਭਿਆਸ ਤੋਂ ਬਿਨਾਂ ਵਿੱਦਿਆ ਜ਼ਹਿਰ ਹੈ। ਕੋਈ ਵਿੱਦਿਆ ਸਿਖ ਲਈ, ਅਭਿਆਸ ਕੀਤਾ ਨਹੀਂ, ਐਸੇ ਬੰਦੇ ਸਿਆਣਿਆਂ ਦੀ ਸਭਾ ਵਿਚ ਸ਼ਰਮਸਾਰ ਹੁੰਦੇ ਹਨ। ਵਿੱਦਿਆ ਦਾ ਮੰਤਵ ਇਹ ਹੋਵੇ ਕਿ ਮੈਂ ਆਪ ਰੌਸ਼ਨੀ ਵਿਚ ਚਲਣਾ ਹੈ ਅਤੇ ਦੂਸਰਿਆਂ ਨੂੰ ਰਾਹ ਵਿਖਾਉਣਾ ਹੈ। ਵਿੱਦਿਆ ਪੜ੍ਹ ਕੇ ਮਨੁੱਖ ਇਹ ਸੋਚੇ, ਮੈਂ ਜੀਵਨ ਵਿਚ ਕਾਲੇ ਲੇਖ ਨਹੀਂ ਲਿਖਣੇ, ਸਗੋਂ ਜੀਵਨ ਦਾ ਲੇਖਾ ਮੁਕਾਉਣਾ ਹੈ। ਮੈਂ ਲੋਕ ਵਿਚ ਵੀ ਸੁਰਖਰੂ ਹੋਣਾ ਹੈ ਅਤੇ ਪਰਲੋਕ ਵਿਚ ਵੀ ਸੁਰਖਰੂ ਹੋਣਾ ਹੈ।

ਜਦੋਂ ਜੀਵਨ ਵਿਚ ਧਰਮ ਕਲਾ ਹੋਵੇ, ਫਿਰ ਵਿੱਦਿਆ ਪ੍ਰਫੁਲਤ ਹੁੰਦੀ ਹੈ। ਪੁਰਾਤਨ ਉਸਤਾਦ ਸ਼ਿਸ਼ ਨੂੰ ਇਕ ਅਸੀਸ ਦਿੰਦੇ ਸਨ ਕਿ ਤੇਰੀ ਪੜ੍ਹੀ ਵਿੱਦਿਆ ਸਫ਼ਲ ਹੋਵੇ। ਹਰ ਬੰਦੇ ਦੀ ਪੜ੍ਹੀ ਵਿੱਦਿਆ ਸਫ਼ਲ ਨਹੀਂ ਹੁੰਦੀ। ਅਜਾਮਲ ਦੀ ਪੜ੍ਹੀ ਵਿੱਦਿਆ

ਸਫ਼ਲ ਨਹੀਂ ਹੋਈ, ਰਾਵਣ ਦੀ ਪੜ੍ਹੀ ਵਿੱਦਿਆ ਸਫ਼ਲ ਨਹੀਂ ਹੋਈ। ਵਿੱਦਿਆ ਸਫ਼ਲ ਤਾਂ ਹੋਵੇਗੀ ਜਦੋਂ ਵਿਦਵਾਨ ਆਪਣਾ ਫ਼ਰਜ਼, ਆਪਣਾ ਧਰਮ ਨਾਲ ਲੈ ਕੇ ਚੱਲੇ। ਜਦੋਂ ਧਰਮ ਨਾਲ ਹੋਵੇਗਾ ਫਿਰ ਵਿੱਦਿਆ ਇਕ ਰੌਸ਼ਨੀ ਬਣ ਕੇ ਸੰਸਾਰ ਨੂੰ ਚਮਕਾ ਦੇਵੇਗੀ। ਧਰਮ ਤੇ ਵਿੱਦਿਆ ਜਦੋਂ ਦੋਵੇਂ ਹੀ ਇਕੱਠੇ ਹੋਣਗੇ ਤਾਂ ਨਾ ਕੋਈ ਕਿਸੇ ਨਾਲ ਧੋਖਾ ਕਰੇਗਾ, ਨਾ ਕੋਈ ਕਿਸੇ ਤੋਂ ਧੋਖਾ ਖਾਏਗਾ, ਵਿੱਦਿਆ ਬੰਦੇ ਨੂੰ ਰੱਬ ਦੇ ਨੇੜੇ ਕਰੇਗੀ।

ਜਦੋਂ ਧਰਮ ਨਾਲ ਹੋਵੇਗਾ, ਇਕ ਅਲਫ਼ ਨੂੰ ਪੜ੍ਹ ਕੇ ਅੱਲਾ ਯਾਦ ਆਵੇਗਾ, ਓਮ ਪੜ੍ਹ ਕੇ ਉਅੰਕਾਰ ਯਾਦ ਆਵੇਗਾ। ਆਖਾਂਗੇ ਇਕ ਤਾਂ ਇਕ ਰੱਬ ਯਾਦ ਆਵੇਗਾ, ਆਖਾਂਗੇ ਸੱਤ ਤਾਂ ਸਦਾ ਸੱਤ ਯਾਦ ਆਵੇਗਾ, ਆਖਾਂਗੇ ਤੇਰਾਂ ਤਾਂ ਤੇਰਾ ਤੇਰਾ ਹੀ ਮੂੰਹੋਂ ਨਿਕਲੇਗਾ। ਵਿੱਦਿਆ ਨੂੰ ਦੋ ਹੀ ਫਲ ਲੱਗਦੇ ਹਨ, ਜਾਂ ਧਰਮ ਦੀ ਰੌਸ਼ਨੀ ਜਾਂ ਹੰਕਾਰ ਦਾ ਅੰਧਕਾਰ।

ਜਦੋਂ ਜੀਵਨ ਵਿਚ ਧਰਮ ਹੋਵੇਗਾ ਫਿਰ ਹਰ ਪੜ੍ਹਿਆ ਅੱਖਰ, ਹਰ ਹੁਨਰ ਇਕ ਬਲਦੇ ਦੀਵੇ ਵਾਂਗੂ ਹੋਵੇਗਾ। ਜਿਵੇਂ ਦੀਵਾ ਜਿਹੜਾ ਪਾਸ ਆਉਂਦਾ ਹੈ ਉਸ ਨੂੰ ਰੌਸ਼ਨੀ ਦਿੰਦਾ ਹੈ, ਵਿਦਵਾਨ ਵੀ ਹਰ ਇਕ ਨੂੰ ਰੌਸ਼ਨੀ ਦੇਵੇਗਾ। ਜਦੋਂ ਹਰ ਇਕ ਅੱਖਰ ਵਿਚੋਂ, ਹਰ ਬਚਨ ਵਿਚੋਂ ਕੁਝ ਰੱਬੀ ਪ੍ਰੇਰਨਾ ਮਿਲੇ ਤਾਂ ਸਮਝ ਲੈਣਾ ਕਿ ਵਿੱਦਿਆ ਤੇ ਧਰਮ ਕਲਾ ਇਕੱਠੇ ਹੋ ਗਏ ਹਨ। ਇਸੇ ਲਈ ਗੁਰੂ ਰਾਮਦਾਸ ਜੀ ਫ਼ਰਮਾਉਂਦੇ ਹਨ–

*ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ, ਹਰਿ ਭਉਜਲ ਪਾਰਿ ਉਤਾਰੀ ॥*

–ਧਨਾਸਰੀ ਮ: ੪, ਪੰਨਾ ੬੬੯

❀ ❀ ❀

## ੬

# ਰਾਗ ਤੇ ਧਰਮ ਕਲਾ

ਮਨੁੱਖੀ ਮਨ ਤੇ ਰਾਗ ਦਾ ਬੜਾ ਗਹਿਰਾ ਅਸਰ ਹੈ, ਸੰਸਾਰ ਦੇ ਕਈ ਧਰਮਾਂ ਨੇ ਸੰਗੀਤ ਨੂੰ ਭਗਤੀ ਵਿਚ ਬਹੁਤ ਉੱਚਾ ਅਸਥਾਨ ਦਿੱਤਾ ਹੈ। ਨਵਧਾ ਭਗਤੀ ਵਿੱਚ ਇਕ ਭਗਤੀ ਕੀਰਤਨ ਵੀ ਹੈ। ਪਰ ਕੁਝ ਧਰਮ ਐਸੇ ਵੀ ਹਨ, ਜਿਨ੍ਹਾਂ ਨੇ ਰਾਗ ਨੂੰ ਆਪਣੀ ਧਾਰਮਕ ਸਾਧਨਾ ਵਿਚ ਕੋਈ ਥਾਂ ਨਹੀਂ ਦਿੱਤਾ, ਸਗੋਂ ਰਾਗ ਨੂੰ ਹਰਾਮ ਕਿਹਾ ਤੇ ਕਹਿ ਦਿੱਤਾ ਕਿ ਰਾਗ ਸੁਣ ਕੇ ਮਨ ਤੇ ਸ਼ੈਤਾਨ ਅਸਵਾਰ ਹੋ ਜਾਂਦਾ ਹੈ।

ਮੁਸਲਮਾਨਾਂ ਨੇ ਅੱਜ ਤਕ ਮਸੀਤ ਵਿਚ ਸੰਗੀਤ ਦਾ ਪ੍ਰਵੇਸ਼ ਨਹੀਂ ਹੋਣ ਦਿੱਤਾ, ਸਗੋਂ ਮਸੀਤ ਦੇ ਸਾਹਮਣੇ ਵੀ ਜੇ ਕੋਈ ਗਾਉਂਦਾ ਹੋਵੇ ਤਾਂ ਉਸ ਦੀ ਖ਼ੈਰ ਨਹੀਂ। ਪਰ ਰਾਗ ਨੇ ਉਨ੍ਹਾਂ ਦਾ ਪਿੱਛਾ ਵੀ ਨਾ ਛੱਡਿਆ, ਬਹੁਤ ਚੰਗਾ ਰਾਗ ਗਾਉਣ ਵਾਲੇ ਉਸਤਾਦ ਮੁਸਲਮਾਨਾਂ ਵਿਚ ਹੋਏ ਹਨ ਅਤੇ ਅੱਜ ਵੀ ਹਨ। ਰਾਗ ਬਾਜ਼ਾਰਾਂ ਵਿਚੋਂ ਉਠ ਕੇ ਪੀਰਾਂ ਫ਼ਕੀਰਾਂ ਦੀਆਂ ਦਰਗਾਹਾਂ ਤਕ ਪੁੱਜ ਗਿਆ।

ਮਨੁੱਖ ਬੇਸ਼ੱਕ ਸੰਗੀਤ ਤੋਂ ਮੂੰਹ ਮੋੜੇ ਪਰ ਰਾਗ ਨੇ ਇਸ ਦਾ ਸਾਥ ਛੱਡਿਆ ਨਹੀਂ। ਰਾਗ ਜ਼ਰੂਰ ਕੋਈ ਜੀਵਨ ਦਾ ਐਸਾ ਸਾਥ ਹੈ ਜਿਸ ਨੂੰ ਜੀਵਨ ਵਿਚੋਂ ਅਲੱਗ ਕਰਨਾ ਮੁਸ਼ਕਿਲ ਹੈ। ਸੁੰਨੀ ਮੁਸਲਮਾਨ ਤਾਂ ਰਾਗ ਦੇ ਬਹੁਤ ਹੀ ਵਿਰੁੱਧ ਹਨ, ਦਿੱਲੀ ਵਿਚ ਇਕ ਵਾਰ ਗਾਉਣ ਵਾਲਿਆਂ ਨੇ ਰਾਗ ਦੀ ਅਰਥੀ ਬਣਾਈ। ਔਰੰਗਜ਼ੇਬ ਦਾ ਸਮਾਂ ਸੀ। ਸ਼ਾਹੀ ਮਹਿਲਾਂ ਵੱਲ ਇਹ ਗਵੱਈਏ ਆਏ, ਔਰੰਗਜ਼ੇਬ ਦੇ ਸਾਹਮਣੇ ਇਨ੍ਹਾਂ ਰੋਸ ਪ੍ਰਗਟ ਕਰਨਾ ਸੀ। ਮੁਗ਼ਲ ਦਰਬਾਰ ਵਿਚ ਜਿੰਨੇ ਰਾਗ ਗਾਉਣ ਵਾਲੇ ਸਨ ਔਰੰਗਜ਼ੇਬ ਨੇ ਉਨ੍ਹਾਂ ਸਾਰਿਆਂ ਦਾ ਦਰਬਾਰ ਵਿਚ ਦਾਖ਼ਲਾ ਬੰਦ ਕਰ ਦਿੱਤਾ ਸੀ ਅਤੇ ਕਹਿ ਦਿੱਤਾ ਸੀ, ''ਤੁਸੀਂ ਕੋਈ ਹੋਰ ਕੰਮ ਕਰ ਲਵੋ, ਇਹ ਰਾਗ ਮੇਰੇ ਦਰਬਾਰ ਵਿਚ ਨਹੀਂ ਚੱਲੇਗਾ।'' ਉਨ੍ਹਾਂ ਕਲਾਕਾਰਾਂ ਕਿਹਾ ਕਿ ਸਾਡੀ ਕਲਾ ਦਾ ਕੀ ਬਣੇਗਾ? ਔਰੰਗਜ਼ੇਬ ਨੇ ਕਿਹਾ, ਇਹ ਤੁਹਾਡੀ ਕਲਾ ਨਹੀਂ, ਇਹ ਕਲੇਸ਼ ਹੈ, ਐਸਾ ਕਲੇਸ਼ ਮੈਂ ਨਹੀਂ ਚਾਹੁੰਦਾ। ਚੰਗਾ ਹੋਇਆ ਤੁਸੀਂ ਰਾਗ ਦੀ ਅਰਥੀ ਬਣਾਈ ਹੈ, ਇਸ ਮੁਰਦੇ ਨੂੰ ਇੰਨਾ ਗਹਿਰਾ ਦਬਾਓ ਕਿ ਇਹ ਫਿਰ ਕਦੀ ਵੀ ਨਾ ਉਠ ਸਕੇ।

ਸ਼ਰਈ ਮੁਸਲਮਾਨ ਰਾਗ ਦੀ ਬੜੀ ਵਿਰੋਧਤਾ ਕਰਦੇ ਸਨ, ਉਹ ਸਮਝਦੇ ਸਨ ਕਿ ਰਾਗ ਸੁਣਨ ਵਾਲਾ ਤੇ ਰਾਗ ਗਾਉਣ ਵਾਲਾ ਦੋਵੇਂ ਹੀ ਨਰਮ ਦਿਲ ਹੋ ਜਾਂਦੇ

ਹਨ, ਤਲਵਾਰ ਚੁਕਣ ਜੋਗੇ ਨਹੀਂ ਰਹਿੰਦੇ, ਇਸ ਲਈ ਜੰਗਜੂ ਕੌਮਾਂ ਨੂੰ ਰਾਗ ਨਹੀਂ ਸੁਣਨਾ ਚਾਹੀਦਾ। ਦੂਸਰਾ ਕਾਰਨ ਇਹ ਕਿ ਸੰਗੀਤ ਵੇਸਵਾਵਾਂ ਦੇ ਘਰਾਂ ਵਿਚ ਸੀ। ਪ੍ਰਹੇਜ਼ਗਾਰ ਮੁਸਲਮਾਨਾਂ ਦਾ ਖ਼ਿਆਲ ਸੀ ਕਿ ਸੰਗੀਤ ਤੇ ਵੇਸਵਾ ਜੁੜੇ ਹੋਏ ਹਨ, ਜਿਹੜਾ ਜੀਵ ਵੇਸਵਾ ਤੋਂ ਬਚਣਾ ਚਾਹੁੰਦਾ ਹੈ ਉਹ ਸੰਗੀਤ ਤੋਂ ਵੀ ਬਚੇ। ਸੰਗੀਤ ਸੁਣਿਆਂ ਮਨ ਵਿਚ ਬਦੀ ਜ਼ਰੂਰ ਆਵੇਗੀ, ਐਸਾ ਉਨ੍ਹਾਂ ਦਾ ਨਿਸਚਾ ਬਣਿਆ ਸੀ। ਇਸ ਲਈ ਕੱਟੜ ਮੁਸਲਮਾਨ ਸੰਗੀਤ ਦੀ ਵਿਰੋਧਤਾ ਕਰਦਾ ਸੀ।

ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਵੇਸਵਾ ਦੇ ਸੰਗੀਤ ਨੇ ਅਨੇਕਾਂ ਵਸਦੇ ਘਰ ਉਜਾੜੇ ਹਨ। ਐਸਾ ਸੰਗੀਤ ਵੀ ਹੈ ਜਿਸ ਨੂੰ ਸੁਣ ਕੇ ਬੰਦਾ, ਬੰਦਾ ਨਾ ਰਹੇ। ਬਹੁਤ ਸਾਰੇ ਸੰਗੀਤਕਾਰਾਂ ਵਿਚ ਨਸ਼ਿਆਂ ਦਾ ਸੇਵਨ ਸੀ, ਅੱਜ ਵੀ ਹੈ ਅਤੇ ਬੜੀ ਬੇਪਰਵਾਹੀ ਨਾਲ ਅਕਸਰ ਉਹ ਲੋਕ ਕਹਿੰਦੇ ਹਨ ਕਿ ਅਸੀਂ ਕਲਾਕਾਰ ਹਾਂ, ਅਸੀਂ ਤਾਂ ਖੁਲ੍ਹੇ-ਡੁਲ੍ਹੇ ਹਾਂ, ਅਸੀਂ ਕਿਸੇ ਮਰਯਾਦਾ ਵਿਚ ਨਹੀਂ ਰਹਿ ਸਕਦੇ। ਵੇਖਣ ਵਿਚ ਤਾਂ ਇਹ ਆਇਆ ਹੈ ਕਿ ਜਿਨ੍ਹਾਂ ਬੰਦਿਆਂ ਨੂੰ ਲੋਕ ਗੀਤ ਵੀ ਸੁਰ ਵਿਚ ਗਾਉਣਾ ਨਹੀਂ ਆਉਂਦਾ। ਇਕ-ਇਕ ਦੀ ਥਾਂ ਜਿਨ੍ਹਾਂ ਦੀਆਂ ਚਾਰ-ਚਾਰ ਸੁਰਾਂ ਨਿਕਲਣ, ਬੇ-ਸੁਰਾ ਤੇ ਭੱਦਾ ਗਲਾ ਹੋਵੇ, ਚੌਹਾਂ ਗੀਤਾਂ ਤੋਂ ਉੱਤੇ ਯਾਦ ਵੀ ਕੁਝ ਨਹੀਂ, ਉਹ ਵੀ ਸਮਝਦੇ ਹਨ ਕਿ ਸ਼ਰਾਬ ਪੀਣਾ ਤੇ ਹੋਰ ਸਾਰੇ ਗੁਨਾਹ ਕਰਨਾ ਸਾਡਾ ਜ਼ਾਤੀ ਅਧਿਕਾਰ ਹੋ ਗਿਆ ਹੈ, ਕਿਉਂਕਿ ਸਾਡੇ ਨਾਂ ਨਾਲ ਕਲਾਕਾਰ ਜੁੜ ਗਿਆ ਹੈ।

ਕਲਾ ਕੁਝ ਸਵਾਰਦੀ ਹੈ, ਵਿਗਾੜਦੀ ਨਹੀਂ। ਕਲਾ ਸੰਵਰਨ ਦਾ ਨਾਂ ਹੈ, ਵਿਗੜਨ ਦਾ ਨਹੀਂ। ਕਲਾਕਾਰ ਦਾ ਅਰਥ ਹੈ ਜਿਹੜਾ ਆਮ ਬੰਦਿਆਂ ਨਾਲੋਂ ਸੰਵਰਿਆ ਹੋਇਆ ਹੈ। ਉਹ ਕਾਹਦਾ ਕਲਾਕਾਰ ਹੈ ਜੋ ਸ਼ਰਾਬ ਵਿਚ ਧੁਤ ਹੋਵੇ, ਮੂੰਹ ਕੁੱਤੇ ਚੱਟਦੇ ਹੋਣ ਅਤੇ ਆਮ ਲੋਕ ਚੁੱਕ ਕੇ ਘਰ ਪਹੁੰਚਾਉਣ, ਉਹ ਕੋਈ ਕਲਾਕਾਰ ਨਹੀਂ। ਸ਼ਾਇਦ ਇਨ੍ਹਾਂ ਗੱਲਾਂ ਕਰ ਕੇ ਪ੍ਰਹੇਜ਼ਗਾਰ ਮੁਸਲਮਾਨਾਂ ਨੂੰ ਰਾਗ ਤੋਂ ਨਫ਼ਰਤ ਹੋ ਗਈ ਸੀ।

ਕਿਸੇ ਥਾਂ ਵੇਸਵਾ ਦਾ ਮੁਜਰਾ ਸੀ, ਅਨੇਕਾਂ ਲੋਕ ਇਕੱਠੇ ਹੋਏ ਸਨ। ਇਕ ਰੱਬੀ ਰੰਗ ਵਿਚ ਮਸਤ ਫ਼ਕੀਰ ਨੇ ਸਾਜ਼ਾਂ ਦੀ ਆਵਾਜ਼ ਸੁਣੀ, ਲੋਕਾਂ ਦਾ ਇਕੱਠ ਵੇਖਿਆ ਤੇ ਜਾ ਪਹੁੰਚਾ, ਜਾ ਕੇ ਖੜ੍ਹਾ ਹੋ ਗਿਆ। ਸਾਰੇ ਲੋਕਾਂ ਦੀ ਨਜ਼ਰ ਇਸ ਤੇ ਪਈ ਕਿ ਫ਼ਕੀਰ ਵੀ ਇਥੇ ਆ ਪੁੱਜਾ। ਲੋਕਾਂ ਪੁੱਛਿਆ, ਸਾਈਂ ਵੇਖ ਮ੍ਰਿਦੰਗ ਕੈਸਾ ਵੱਜ ਰਿਹਾ ਹੈ, ਵੇਖ ਇਸ ਗਾਉਣ ਵਾਲੀ ਦੇ ਪੈਰਾਂ ਦੇ ਘੁੰਗਰੂਆਂ ਦੀ ਛਣਕਾਰ ਕੈਸੀ ਹੈ, ਵੇਖ ਇਹ ਬਾਂਹ ਉਲਾਰ ਕੇ ਕੈਸਾ ਗਾ ਰਹੀ ਹੈ। ਸਾਈਂ ਕਹਿਣ ਲੱਗਾ, 'ਮੈਂ ਤੁਹਾਨੂੰ ਇਹੀ ਵਿਆਖਿਆ ਸੁਣਾਉਣ ਵਾਸਤੇ ਹੀ ਆਇਆ ਹਾਂ, ਮੈਨੂੰ ਜੋ ਮਹਿਸੂਸ ਹੋਇਆ ਹੈ ਕਿ ਮ੍ਰਿਦੰਗ ਤਾਂ ਕਹਿੰਦਾ ਹੈ ਕਿ ਧ੍ਰਿਗਕਾਰ, ਧ੍ਰਿਗਕਾਰ-ਧ੍ਰਿਗਕਾਰ ; ਘੁੰਗਰੂ ਕਹਿੰਦੇ ਹਨ ਕਿਨ ਕੋ-ਕਿਨ ਕੋ ; ਇਹ ਬਾਂਹ ਉਲਾਰ ਕੇ ਬੀਬੀ ਕਹਿ ਰਹੀ ਹੈ, ਇਨ੍ਹਾਂ ਨੂੰ ਜਿਹੜੇ ਵੇਖਣ ਆਏ ਹਨ। ਚੰਗਾ ਮੈਂ ਤਾਂ ਚਲਦਾ ਹਾਂ, ਇੰਨੀਆਂ ਲਾਅਨਤਾਂ ਹੀ ਬੜੀਆਂ ਹਨ। ਤੁਸੀਂ ਹੋਰ ਬਰਦਾਸ਼ਤ ਕਰ ਸਕਦੇ ਹੋ ਤਾਂ ਕਰੋ, ਮੈਂ ਤਾਂ ਜਾ ਰਿਹਾ ਹਾਂ।'

*ਸ਼ੁਭ ਕਾਜ ਕੋ ਛੋਡ ਅਕਾਜ ਕਰੇ,*
*ਕੁਛ ਲਾਜ ਨਾ ਆਵਤ ਹੈ ਇਨਕੋ।*

*ਇਕ ਰਾਂਡ ਬੁਲਾਇ ਨਚਾਵਤ ਹੈ,*
*ਘਰ ਕੋ ਧਨ ਧਾਮ ਲੁਟਾਵਨ ਕੋ।*
*ਮ੍ਰਿਦੰਗ ਤਿਨੇ ਧ੍ਰਿਗ ਧ੍ਰਿਗ ਕਹੇਂ,*
*ਔਰ ਕੈਂਸੀ ਕਹੈ ਕਿਨਕੋ ਕਿਨਕੋ।*
*ਬਾਂਹ ਉਲਾਰਕੇ ਨਾਰ ਕਹੈ,*
*ਇਨਕੋ ਇਨਕੋ ਇਨਕੋ ਇਨਕੋ।*

ਕੀ ਐਸਾ ਸੰਗੀਤ ਸੁਣਨ ਲਈ ਕੋਈ ਧਾਰਮਕ ਬੰਦਾ ਤਿਆਰ ਹੋਵੇਗਾ? ਰੱਬੀ ਰਸ ਨਾਲ ਭਰਿਆ ਪ੍ਰਮਾਤਮਾ ਦਾ ਭਗਤ ਤਾਂ ਕਹਿੰਦਾ ਹੈ ਕਿ ਹੇ ਪ੍ਰਮਾਤਮਾ! ਐਸੀ ਕੋਈ ਆਵਾਜ਼, ਐਸਾ ਕੋਈ ਸੰਗੀਤ ਮੇਰੇ ਕੰਨਾਂ ਵਿਚ ਨਾ ਪਾਈਂ।

*ਮੇਰੇ ਮੋਹਨ ਸ੍ਵਨੀ ਇਹ ਨਾ ਸੁਨਾਏ॥*
*ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ॥*

—ਬਿਲਾਵਲ ਮ: ੫, ਪੰਨਾ ੮੨੦

ਗੁਰੂ ਨਾਨਕ ਦੇਵ ਜੀ ਨੇ ਜਦੋਂ ਪ੍ਰਮਾਤਮਾ ਦੀ ਸਿਫ਼ਤ ਸਲਾਹ ਕਰਨ ਲਈ ਸੰਗੀਤ ਨੂੰ ਮਹਾਨਤਾ ਦਿੱਤੀ, ਉਨ੍ਹਾਂ ਯੋਗ ਸਾਧਨਾ, ਤਪ ਸਾਧਨਾ ਨਾਲੋਂ ਜਦ ਸੰਗੀਤ ਨੂੰ ਮਹਾਨ ਕਿਹਾ ਤਾਂ ਬੜੀ ਵਿਰੋਧਤਾ ਹੋਈ। ਵਿਰੋਧੀਆਂ ਨੇ ਹੋਰ ਬਹੁਤ ਕੁਝ ਕਹਿਣ ਦੇ ਨਾਲ ਭਾਈ ਮਰਦਾਨੇ ਦੇ ਸਾਥ ਨੂੰ ਵੀ ਹਾਸੋਹੀਣਾ ਦੱਸਿਆ ਅਤੇ ਭਾਈ ਮਰਦਾਨਾ ਜੀ ਦੀ ਕੁਲ ਵੀ ਵਾਰ-ਵਾਰ ਯਾਦ ਕਰਾਈ। ਧੰਨ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ, ਰਾਗ ਦੀਆਂ ਜਾਤਾਂ ਵੀ ਜ਼ਰੂਰ ਹਨ ਪਰ ਉੱਚੀ ਨੀਵੀਂ ਜਾਤ ਕੋਈ ਨਹੀਂ। ਪਰ ਜਾਤਾਂ ਹੈਨ ਜ਼ਰੂਰ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਹੈਨ, ਰਾਗ ਦੀਆਂ ਜਾਤਾਂ ਬਾਰੇ ਅੱਜ ਦੇ ਸੰਗੀਤ ਮੁਤਾਬਕ ਜਿਨ੍ਹਾਂ ਸੁਰਾਂ ਵਿਚ ਸੱਤ ਸੁਰ ਜਾਂਦਿਆਂ ਲਗਣ, ਸੱਤ ਹੀ ਆਉਂਦਿਆਂ, ਉਹ ਸੰਪੂਰਨ ਜਾਤੀ ਦੇ ਰਾਗ ਹਨ। ਜਿਨ੍ਹਾਂ ਰਾਗਾਂ ਵਿਚ ਛੇ ਸੁਰ ਜਾਂਦਿਆਂ ਲੱਗਣ, ਛੇ ਆਉਂਦਿਆਂ ਉਹ ਛਾਡਵ ਜਾਤੀ ਦੇ ਰਾਗ ਹਨ। ਜਿਨ੍ਹਾਂ ਰਾਗਾਂ ਵਿਚ ਪੰਜ ਸੁਰ ਜਾਂਦਿਆਂ ਲਗਣ, ਪੰਜ ਸੁਰ ਹੀ ਆਉਂਦਿਆਂ ਲੱਗਣ, ਉਹ ਔੜਵ ਜਾਤੀ ਦੇ ਰਾਗ ਹਨ।

ਅਸੀਂ ਇੰਜ ਵੰਡ ਕਰ ਸਕਦੇ ਹਾਂ ਕਿ—

*ਸੰਪੂਰਨ ਸੰਪੂਰਨ*
*ਸੰਪੂਰਨ ਛਾਡਵ*
*ਸੰਪੂਰਨ ਔਡਵ*
*ਛਾਡਵ ਸੰਪੂਰਨ*
*ਛਾਡਵ ਛਾਡਵ*

*ਛਾਡਵ ਔਡਵ*
*ਔਡਵ ਸੰਪੂਰਨ*
*ਔਡਵ ਛਾਡਵ*
*ਔਡਵ ਔਡਵ*

ਮਾਲਕੌਂਸ ਪੰਜ ਸੁਰਾਂ ਦਾ ਰਾਗ ਹੈ ਤੇ ਰਾਗ ਮਾਲਾ ਵਿਚ ਇਸ ਨੂੰ ਸੰਪੂਰਨ ਰਾਗ ਕਿਹਾ ਹੈ, ਜਿਸ ਦੀਆਂ ਪੰਜ ਪਤਨੀਆਂ ਹਨ ਤੇ ਅੱਠ ਪੁੱਤਰ ਹਨ। ਰਾਗ ਵਿਚ ਉੱਚੀ ਨੀਵੀਂ ਜਾਤ ਨਹੀਂ ਤਾਂ ਰਾਗ ਗਾਉਣ ਵਾਲਿਆਂ ਵਿਚ ਉੱਚੀ ਨੀਵੀਂ ਜਾਤ ਕਿਥੋਂ ਆ ਗਈ। ਰਾਗ ਦੀ ਇਸ ਰਮਜ਼ ਨੂੰ ਸਮਝਿਆ ਜਾਏ ਤਾਂ ਮਨੁੱਖਤਾ ਦਾ ਜਾਤੀ ਭੇਦ, ਵਰਨ ਵੰਡ ਜੋ ਨਫ਼ਰਤ ਦਾ ਕਾਰਨ ਬਣੀ ਪਈ ਹੈ, ਮੁੱਕ ਸਕਦੀ ਹੈ। ਸਤਿਗੁਰਾਂ ਨੇ ਰਾਗ ਨੂੰ ਅਪਣਾਇਆ ਤੇ ਮਰਦਾਨੇ ਨੂੰ ਆਪਣਾ ਭਾਈ ਕਹਿ ਕੇ ਜਗਤ ਦਾ ਮੂੰਹ ਬੰਦ ਕਰ ਦਿੱਤਾ, ਕਹਿ ਦਿੱਤਾ–

*ਧੰਨੁ ਸੁ ਰਾਗ ਸੁਰੰਗੜੇ ਅਲਾਪਤ ਸਭ ਤਿਖ ਜਾਏ॥*

–ਰਾਮਕਲੀ ਵਾਰ ਮ: ੫, ਪੰਨਾ ੯੫੮

ਅਤੇ ਕਿਹਾ :

*ਰਾਗਾਂ ਵਿਚ ਸ੍ਰੀ ਰਾਗ ਹੈ ਜੇ ਸਚ ਧਰੇ ਪਿਆਰ॥*

–ਸ੍ਰੀ ਰਾਗ ਮ: ੪, ਪੰਨਾ ੮੩

*ਸੋਰਠਿ ਤਾਮਿ ਸੁਹਾਵਣੀ ਜੇ ਹਰਿਨਾਮੁ ਢੰਢੋਲੇ॥*

–ਸੋਰਠਿ ਵਾਰ ਮ: ੪, ਪੰਨਾ ੬੪੨

ਕਿੰਨੇ ਸੁੰਦਰ ਇਹ ਬਚਨ ਹਨ 'ਮਰਦਾਨਿਆ ਖੋਲ੍ਹ ਰਬਾਬ ਬਾਣੀ ਆਈ ਹੈ।' ਇੰਜ ਜਾਪਦਾ ਹੈ ਰਾਗ ਸੁੰਦਰ ਆਸਨ ਹੈ, ਜਿਸ ਤੇ ਬਾਣੀ ਨੇ ਬੈਠਣਾ ਹੈ। ਜਿਵੇਂ ਆਏ ਮਹਿਮਾਨ ਲਈ ਸੁੰਦਰ ਆਸਨ ਵਿਛਾ ਦਿੰਦੇ ਹਾਂ, ਇਸੇ ਤਰ੍ਹਾਂ ਸਤਿਗੁਰੂ ਕਹਿੰਦੇ ਸਨ, ਮਰਦਾਨਿਆ ਰਾਗ ਦਾ ਸੁੰਦਰ ਆਸਨ ਵਿਛਾ ਦੇ ਤਾਂ ਕਿ ਬਾਣੀ ਬੈਠ ਸਕੇ। ਰਾਗ ਦੇ ਆਸਨ ਤੇ ਕਾਮ ਵਾਸਨਾ ਹੀ ਬੈਠਦੀ ਰਹੀ, ਰਾਗ ਬਦਨਾਮ ਹੋ ਗਿਆ, ਰਾਗ ਦਾ ਆਸਨ ਵੇਖ ਕੇ ਹੀ ਕੋਈ ਕਹਿ ਦਿੰਦਾ ਸੀ ਇਹ ਕਾਮ ਦਾ ਆਸਨ ਹੈ, ਲੋਕਾਂ ਇਥੇ ਹਮੇਸ਼ਾ ਕਾਮ ਹੀ ਬੈਠਿਆ ਵੇਖਿਆ ਸੀ। ਸਤਿਗੁਰਾਂ ਨੇ ਕਿਹਾ, ਤੁਹਾਡੇ ਵੱਸ ਦੀ ਗੱਲ ਨਹੀਂ, ਤੁਹਾਡਾ ਡਰ ਸੱਚ ਹੈ। ਸਾਰਕੁਤਾਵਲੀ ਦਾ ਕਰਤਾ ਲਿਖਦਾ ਹੈ, ਬੁਰੇ ਬੰਦੇ ਦਾ ਸੰਗ ਨਾ ਕਰ, ਉਸ ਨਾਲ ਬਚਨ ਵੀ ਨਾ ਕਰ। ਕਲਾਲਨੀ ਸ਼ਰਾਬ ਵੇਚਣ ਵਾਲੀ ਤਾਂ ਆਪਣੀ ਸੁਰਾਹੀ ਵਿਚ ਦੁੱਧ ਪਾ ਕੇ ਵੀ ਜਾਂਦੀ ਹੋਵੇ ਤਾਂ ਲੋਕਾਂ ਨੂੰ ਸ਼ੱਕ ਪਵੇਗਾ ਕਿ ਇਹ ਸ਼ਰਾਬ ਹੀ ਲਈ ਜਾ ਰਹੀ ਹੈ। ਲੋਕਾਂ ਉਸ ਦੀ ਸੁਰਾਹੀ ਵਿਚੋਂ ਅੱਜ ਤਕ ਸ਼ਰਾਬ ਹੀ ਨਿਕਲਦੀ ਵੇਖੀ ਸੀ।

*ਦੁਰਜਨ ਸੰਗ ਨਾ ਕੀਜੀਏ ਬਚਨ ਨਾ ਤਾਹਿ ਬਖਾਨ॥*
*ਕਰ ਕਲਾਲਨੀ ਦੁਗਧ ਜਿਯੋਂ ਤੇ ਭੀ ਸਭ ਮਧ ਜਾਣ॥*

ਜਿਸ ਅੱਡੇ ਤੇ ਲਗਾਤਾਰ ਸੌ ਸਾਲ ਜੂਆ ਚਲਦਾ ਰਿਹਾ ਹੋਵੇ, ਨਸ਼ੇ ਚਲਦੇ ਰਹੇ ਹੋਣ, ਵਿਭਚਾਰ ਹੁੰਦਾ ਰਿਹਾ ਹੋਵੇ, ਉਥੇ ਸੱਚੇ ਸੁੱਚੇ ਸੰਤ ਵੀ ਆ ਬੈਠਣ ਤਾਂ ਲੋਕੀਂ ਇੰਨੀ ਛੇਤੀ ਭਰੋਸਾ ਨਹੀਂ ਕਰਦੇ। ਗੱਲ ਆਉਣ ਵਾਲੇ ਦੀ ਨਹੀਂ, ਲੋਕਾਂ ਨੂੰ ਧਿਆਨ ਅੱਡੇ ਦਾ ਹੈ। ਰਾਗ ਦਾ ਆਸਨ ਵੀ ਮੁੱਦਤਾਂ ਤਕ ਕਾਮ ਵਾਸਨਾ ਦਾ ਆਸਨ ਬਣਿਆ ਰਿਹਾ। ਸਾਰੰਗੀ ਦਾ ਗਜ਼ ਖਿੱਚਿਆ ਗਿਆ, ਮ੍ਰਿਦੰਗ ਤੇ ਥਾਪ ਲੱਗੀ, ਤਾਨਪੂਰਾ ਵੱਜਿਆ ਤਾਂ ਘੂੰਗਰੂ ਛਣਕਾਨ ਵਾਲੀ ਆ ਗਈ, ਲੋਕਾਂ ਇਹੀ ਕੁਝ ਵੇਖਿਆ ਸੀ। ਪਰ ਇਹ ਨਵੀਂ ਗੱਲ ਸੀ ਕਿ 'ਮਰਦਾਨਿਆ ਵਜਾ ਰਬਾਬ ਬਾਣੀ ਆਈ ਹੈ।' ਸਤਿਗੁਰੂ ਨਾਨਕ ਦੇਵ ਜੀ ਜਦੋਂ ਬਗਦਾਦ ਗਏ ਤਾਂ ਸਾਖੀਕਾਰ ਲਿਖਦੇ ਹਨ ਕਿ ਬਾਹਰਵਾਰ, ਕਬਰਸਤਾਨ ਵਿਚ ਜਾ ਡੇਰਾ ਕੀਤਾ, ਭਾਈ ਗੁਰਦਾਸ ਜੀ ਲਿਖਦੇ ਹਨ :

*ਫਿਰ ਬਾਬਾ ਗਿਆ ਬਗਦਾਦ ਨੂੰ ਬਾਹਰ ਜਾਇ ਕੀਆ ਅਸਥਾਨਾ ॥*

*ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ ॥*

ਬਾਬਾ ਜੀ ਨੇ ਕੀਰਤਨ ਕੀਤਾ, ਬਗਦਾਦ ਵਿਚ ਇਸਲਾਮੀ ਰਾਜ ਸੀ। ਬਗਦਾਦ ਵਿਚ ਬਹੁਤ ਚਿਰ ਖ਼ਲੀਫੇ ਦੇ ਰਹਿਣ ਕਾਰਨ ਬਗਦਾਦ ਦੀ ਮਹਾਨਤਾ ਬਹੁਤ ਵਧ ਚੁੱਕੀ ਸੀ। ਆਉਂਦੇ ਜਾਂਦੇ ਮੁਸਲਮਾਨਾਂ ਸੁਣਿਆ। ਕੋਈ ਆਮ ਵਿਅਕਤੀ ਹੁੰਦਾ ਤਾਂ ਸ਼ਾਇਦ ਆਮ ਮੁਸਲਮਾਨ ਹੀ ਮਾਰ ਦਿੰਦੇ ਪਰ ਬਾਬਾ ਜੀ ਦਾ ਤੇਜ ਪ੍ਰਤਾਪ ਵੇਖ ਕੇ ਐਸਾ ਨਾ ਕਰ ਸਕੇ। ਉਸ ਵੇਲੇ ਦੇ ਇਸਲਾਮ ਤੇ ਰਾਜਨੀਤੀ ਦੇ ਆਗੂ ਪੀਰ ਦਸਤਗੀਰ ਨੂੰ ਜਾ ਕੇ ਦੱਸਿਆ। ਪੀਰ ਦਸਤਗੀਰ ਨੇ ਸੁਣਿਆ ਕਿ ਦੋ ਫ਼ਕੀਰਾਂ ਨੇ ਕਬਰਸਤਾਨ ਵਿਚ ਰਾਗ ਗਾਇਆ ਹੈ। ਇਸਲਾਮ ਦੇ ਅਕੀਦਿਆਂ ਦੇ ਵਿਰੁੱਧ ਪ੍ਰਚਾਰ ਕੀਤਾ ਹੈ, ਸਤ ਪਾਤਾਲ ਤੇ ਸੱਤ ਅਕਾਸ਼ ਨਹੀਂ ਸਗੋਂ ਬੇਅੰਤ ਹਨ। ਉਸ ਨੇ ਆਪਣੇ ਨਿਆਂ ਕਰਨ ਵਾਲੇ ਤਖਤ ਤੇ ਬੈਠ ਕੇ ਅੱਲਾ ਨੂੰ ਯਾਦ ਕੀਤਾ ਤੇ ਕਿਹਾ, "ਐ ਅੱਲਾ! ਮੈਂ ਸ਼ਰ੍ਹਾ ਅਨੁਸਾਰ ਫੈਸਲਾ ਦੇਣ ਲੱਗਾਂ ਕਿਸੇ ਬੇਦੋਸ਼ੇ ਦੇ ਖ਼ੂਨ ਨਾਲ ਮੇਰੇ ਹੱਥ ਨਾ ਰੰਗੇ ਜਾਣ, ਮੈਨੂੰ ਸੁਮੱਤ ਦੇ ਤਾਂ ਕਿ ਮੈਂ ਸਹੀ ਫਤਵਾ ਦੇ ਸਕਾਂ।"

ਪੀਰ ਦਸਤਗੀਰ ਬੜਾ ਭਜਨੀਕ ਖ਼ੁਦਾ ਦੇ ਭੈ ਵਿਚ ਰਹਿਣ ਵਾਲਾ ਪੁਰਸ਼ ਸੀ। ਪਰ ਉਸ ਨੇ ਫੈਸਲਾ ਦਿੱਤਾ ਕਿ ਇਨ੍ਹਾਂ ਦੋਹਾਂ ਫ਼ਕੀਰਾਂ ਨੂੰ ਸਜ਼ਾਏ ਮੌਤ ਦਿੱਤੀ ਜਾਏ, ਫਿਰ ਮੌਤ ਦੀ ਸਜ਼ਾ ਵੀ ਪੱਥਰ ਮਾਰ-ਮਾਰ ਕੇ ਮਾਰ ਦਿਓ। ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਸਜ਼ਾਏ ਮੌਤ ਕਿਨ੍ਹਾਂ ਦੋਸ਼ੀਆਂ ਨੂੰ ਦਿੱਤੀ ਜਾਂਦੀ ਹੈ, ਅਕਸਰ ਉਨ੍ਹਾਂ ਨੂੰ ਜਿਨ੍ਹਾਂ ਨੇ ਕੋਈ ਬੰਦਾ ਮਾਰਿਆ ਹੋਵੇ ਪਰ ਗੁਰੂ ਨਾਨਕ ਦੇਵ ਜੀ ਨੂੰ ਤੇ ਭਾਈ ਮਰਦਾਨੇ ਨੂੰ ਇਹ ਸਜ਼ਾ ਕਿਉਂ ਦਿੱਤੀ ਗਈ? ਉਨ੍ਹਾਂ ਐਸਾ ਗੁਨਾਹ ਕੋਈ ਨਹੀਂ ਕੀਤਾ, ਜਿਸ ਦੋਸ਼ ਬਦਲੇ ਸਜ਼ਾਏ ਮੌਤ ਸੁਣਾਈ ਗਈ ਹੋਵੇ। ਫਿਰ ਕੀ ਕਹੀਏ ਪੀਰ ਦਸਤਗੀਰ ਨੇ ਜੱਜ ਬਣ ਕੇ ਫੈਸਲਾ ਗ਼ਲਤ ਕੀਤਾ? ਨਹੀਂ ਐਸਾ ਵੀ ਨਹੀਂ, ਪੀਰ ਦਸਤਗੀਰ ਦਾ ਵੀ ਇਸ ਵਿਚ ਕੋਈ ਗੁਨਾਹ ਨਹੀਂ। ਉਸ ਵੇਲੇ ਦੀ ਸ਼ਰ੍ਹਾ ਅਨੁਸਾਰ ਜੋ ਕਾਨੂੰਨ ਸੀ ਉਹ ਇਹੀ ਸੀ ਕਿ ਸ਼ਰ੍ਹਾ ਦਾ ਵਿਰੋਧ ਕਰਨ ਵਾਲਾ ਕਾਫ਼ਰ ਹੈ ਤੇ ਜਿਹੜਾ ਕਾਫ਼ਰ ਹੈ, ਸ਼ਰ੍ਹਾ ਨੂੰ ਨਹੀਂ ਮੰਨਦਾ ਸਗੋਂ ਇਸਲਾਮ ਦੀ ਵਿਰੋਧਤਾ ਕਰਦਾ ਹੈ ਉਸ ਲਈ

(੧੫)

# ਖਾਣਾ ਤੇ ਧਰਮ ਕਲਾ

ਸਾਰੀ ਸ੍ਰਿਸ਼ਟੀ ਦੇ ਜੀਵਾਂ ਨੂੰ ਧਿਆਨ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਖਾਂਦੇ ਤਾਂ ਸਭ ਹਨ ਕੀੜੀ ਤੋਂ ਲੈ ਕੇ ਹਾਥੀ ਤਕ, ਖੁਰਾਕ ਤਾਂ ਹਰ ਇਕ ਨੂੰ ਚਾਹੀਦੀ ਹੈ। ਕੀੜੀ ਦਾ ਪੇਟ ਛੋਟਾ ਹੈ, ਹਾਥੀ ਦਾ ਪੇਟ ਵੱਡਾ ਹੈ ਪਰ ਜਿਥੇ ਤਕ ਭੁੱਖ ਦਾ ਸਵਾਲ ਹੈ ਭੁੱਖ ਬਰਾਬਰ ਹੀ ਹੈ। ਦੋਹਾਂ ਨੂੰ ਭੁੱਖ ਲੱਗੇ ਤੇ ਕੁਝ ਖਾਣਾ ਪੈਂਦਾ ਹੈ, ਸਾਰੇ ਜੀਵ ਜੰਤੂ ਖਾਂਦੇ ਹਨ। ਮਨੁੱਖ ਨੂੰ ਵੀ ਪ੍ਰਮਾਤਮਾ ਨੇ ਪੇਟ ਲਗਾਇਆ ਹੈ ਇਹ ਵੀ ਖਾਂਦਾ ਹੈ ਪਰ ਪਸ਼ੂਆਂ ਦੇ ਤੇ ਮਨੁੱਖ ਦੇ ਖਾਣ ਵਿਚ ਇਕ ਫ਼ਰਕ ਹੈ, ਪਸ਼ੂ ਪੰਖੀ ਖਾਂਦੇ ਹਨ ਪਰ ਖਾਣ ਦੀ ਚਿੰਤਾ ਨਹੀਂ ਕਰਦੇ। ਪਰਿੰਦਿਆਂ ਕੋਲ ਨਾ ਘਰ ਹੈ, ਨਾ ਧਨ ਹੈ। ਦਰੱਖਤ ਤੇ ਪਾਣੀ ਦੀ ਆਸ ਕਰਕੇ ਆ ਜਾਂਦੇ ਹਨ ਤੇ ਪ੍ਰਮਾਤਮਾ! ਤੂੰ ਉਨ੍ਹਾਂ ਨੂੰ ਵੀ ਦੇਂਦਾ ਹੈਂ।

ਸਾਹਿਬ ਫ਼ਰਮਾਉਂਦੇ ਹਨ :

*ਪਰੰਦਏ ਨ ਗਿਰਾਹ ਜਰ॥*
*ਦਰਖਤ ਆਬ ਆਸ ਕਰ॥*
*ਦਿਹੰਦ ਸੁਈ॥ ਏਕ ਤੁਈ ਏਕ ਤੁਈ॥*

—ਮਾਝ ਵਾਰ, ਪੰਨਾ ੧੪੪

ਪਰ ਮਨੁੱਖ ਨੂੰ ਤਾਂ ਖਾਣ ਦੀ ਚਿੰਤਾ ਹੈ। ਮਨੁੱਖ ਤਾਂ ਪਹਿਲਾਂ ਹੀ ਤਿਆਰੀ ਕਰਦਾ ਹੈ, ਕੀ ਖਾਣਾ ਹੈ। ਕਈਆਂ ਸੱਜਣਾਂ ਦੀਆਂ ਮਹੀਨਿਆਂ ਦੀਆਂ ਹੀ ਲਿਸਟਾਂ ਬਣੀਆਂ ਹਨ। ਇੰਨੀ ਖਾਣ ਦੀ ਚਿੰਤਾ ਕਿਉਂ ਹੈ, ਪੇਟ ਨਾਲੋਂ ਮਨੁੱਖ ਜ਼ਬਾਨ ਦੇ ਚਸਕੇ ਦਾ ਗੁਲਾਮ ਜ਼ਿਆਦਾ ਹੋ ਗਿਆ ਹੈ। ਪੇਟ ਲਈ ਨਹੀਂ ਜ਼ਬਾਨ ਦੇ ਰਸ ਲਈ ਇਹ ਬਹੁਤ ਖਾਂਦਾ ਹੈ।

ਇਕ ਸਾਧੂ ਦੀ ਕਥਾ ਆਉਂਦੀ ਹੈ ਕਿ ਇਕ ਹਲਵਾਈ ਦੀ ਦੁਕਾਨ ਅੱਗੋਂ ਗੁਜ਼ਰ ਰਿਹਾ ਸੀ, ਸਾਧੂ ਨੇ ਕਹਿ ਦਿੱਤਾ ਮਠਿਆਈ ਤਾਜ਼ੀ ਹੀ ਬਣੀ ਹੈ? ਦੁਕਾਨਦਾਰ ਨੇ ਕਿਹਾ, 'ਹਾਂ ਹੁਣੇ ਹੀ ਬਣਾਈ ਹੈ। ਮਹਾਤਮਾ ਜੀ ਦੇਵਾਂ!' ਖ਼ਿਆਲ ਆ ਗਿਆ, ਮੇਰੇ ਪਾਸ ਤਾਂ ਪੈਸਾ ਹੀ ਕੋਈ ਨਹੀਂ। ਦੁਕਾਨਦਾਰ ਨੂੰ ਕਹਿਣ ਲੱਗਾ, ਨਹੀਂ ਮਠਿਆਈ

ਅੱਲਾ ਦੀ ਵਡਿਆਈ ਕਰੀਏ ਤੇ ਸਾਜ਼ ਵੱਜਣ ਤੇ ਮੂੰਹੋਂ ਪੜ੍ਹੀਏ :

*ਦੁਨੀਆ ਮੁਕਾਮੇ ਫਾਨੀ ॥ ਤਹਿਕੀਕ ਦਿਲਦਾਨੀ ॥*

—ਤਿਲੰਗ ਮ: ੧, ਪੰਨਾ ੭੨੧

ਤਾਂ ਫਿਰ ਸ਼ੈਤਾਨ ਕਿਵੇਂ ਆਵੇਗਾ। ਫਿਰ ਤਾਂ ਖ਼ੁਦਾ ਹੀ ਆ ਕੇ ਬੈਠੇਗਾ। ਰਾਗ ਤਾਂ ਇਕ ਧਰਤੀ ਵਾਂਗੂੰ ਹੈ ਜੋ ਬੀਜਾਂਗੇ ਉਹੀ ਵੱਢਣਾ ਪਵੇਗਾ। ਜ਼ਮੀਨ ਵਿਚ ਕੰਡਿਆਂ ਵਾਲਾ ਕਿੱਕਰ ਵੀ ਹੋ ਸਕਦਾ ਹੈ ਅਤੇ ਅੰਗੂਰ ਵੀ ਹੋ ਸਕਦੇ ਹਨ। ਰਾਗ ਤਾਂ ਇਕ ਪਾਣੀ ਦੀ ਤਰ੍ਹਾਂ ਹੈ ਜਿਹੜਾ ਸ਼ਬਦਾਂ ਦਾ ਰੰਗ ਪਾਵਾਂਗੇ ਉਸੇ ਰੰਗ ਦਾ ਪਾਣੀ ਹੋ ਜਾਵੇਗਾ। ਇਹ ਸੱਚ ਹੈ ਕਿ ਕਾਮ ਵਾਸ਼ਨਾਵਾਂ ਦੀ ਉਤੇਜਨਾ ਵਾਸਤੇ ਜੋ ਸਾਥ ਸੰਗੀਤ ਦਿੰਦਾ ਹੈ, ਉਹ ਕੋਈ ਹੋਰ ਚੀਜ਼ ਨਹੀਂ। ਪਰ ਇਹ ਵੀ ਸੱਚ ਹੈ ਕਿ ਭਗਤੀ ਕਰਨ ਵਾਸਤੇ, ਪ੍ਰਮਾਤਮਾ ਦੀ ਸਿਫ਼ਤ ਸਲਾਹ ਕਰਨ ਵਾਸਤੇ ਜਿਹੜੇ ਹੁਲਾਰੇ ਰਾਗ ਪੈਦਾ ਕਰਦਾ ਹੈ, ਉਹ ਰਾਗ ਹੀ ਕਰ ਸਕਦਾ ਹੈ। ਜੀਵਨ ਵਿਚ ਧਰਮ ਕਲਾ ਆ ਜਾਏ ਤਾਂ ਰਾਗ ਇਕ ਅੰਮ੍ਰਿਤ ਹੈ, ਅਸੀਂ ਬਾਣੀ ਪੜ੍ਹੀਏ ਤਾਂ ਪਾਠ ਹੈ, ਬਾਣੀ ਵਿਚਾਰੀਏ ਤਾਂ ਕਥਾ ਹੈ, ਜਦੋਂ ਸਾਜ਼ਾਂ ਨਾਲ ਬਾਣੀ ਪੜ੍ਹਦੇ ਹਾਂ ਤਾਂ ਉਹ ਕੀਰਤਨ ਬਣ ਜਾਂਦਾ ਹੈ। ਧਰਮ ਕਲਾ ਆ ਜਾਏ ਤਾਂ ਰਾਗ ਅੰਮ੍ਰਿਤ ਹੈ, ਜੀਵਨ ਵਿਚੋਂ ਧਰਮ ਕਲਾ ਨਿਕਲ ਜਾਏ ਤਾਂ ਰਾਗ ਜ਼ਹਿਰ ਹੈ।

ਫਿਰ ਅਰਦਾਸ ਹੈ ਕਿ, ਹੇ ਸਤਿਗੁਰੂ! ਤੂੰ ਹਰ ਇਕ ਜੀਵ ਨੂੰ ਧਰਮ ਕਲਾ ਦੇਹ ਤਾਂਕਿ ਹਰ ਜੀਵਨ ਵਿਚ ਸੰਗੀਤ ਹੋਵੇ ਤੇ ਅੰਮ੍ਰਿਤ ਬਣ ਸਕੇ।

ਅਸੀਂ ਸੰਗੀਤ ਤੋਂ ਬਿਨਾਂ ਰਹਿ ਨਹੀਂ ਸਕਦੇ ਕਿਉਂਕਿ ਹਰ ਸਵਾਸ ਸੁਰ ਹੈ, ਤਾਲ ਹੈ। ਦਿਲ ਦਾ ਧੜਕਣਾ ਤਾਲ ਹੈ, ਮਨੁੱਖ ਵਿਚ ਆਵਾਜ਼ ਸੁਰ ਹੈ। ਧੜਕਣ ਤਾਲ ਹੈ, ਇਹ ਸੰਗੀਤ ਧਰਮ ਕਲਾ ਰਾਹੀਂ ਅੰਮ੍ਰਿਤ ਹੀ ਬਣਿਆ ਰਹੇ।

✿ ✿ ✿

## ੧੦

# ਬਖ਼ਸ਼ਿਸ਼ ਤੇ ਧਰਮ ਕਲਾ

ਪ੍ਰਭੂ ਪ੍ਰਾਪਤੀ ਲਈ ਇਕ ਸ਼ਬਦ ਦੀ ਬੜੀ ਚਰਚਾ ਰਹੀ ਹੈ, ਉਹ ਹੈ ਬਖ਼ਸ਼ਿਸ਼। ਧਨ ਆਦਿਕ ਜਦੋਂ ਇਹ ਦੂਸਰੇ ਨੂੰ ਲੋੜਵੰਦ ਸਮਝ ਕੇ ਦਿੰਦਾ ਰਿਹਾ ਹੈ ਤਾਂ ਇਸ ਮਨੁੱਖ ਨੇ ਆਪਣੇ ਆਪ ਨੂੰ ਦਾਨੀ ਅਖਵਾਇਆ ਹੈ। ਦਾਨ ਕਰਨਾ ਬੜਾ ਪੁੰਨ ਹੈ, ਕਈਆਂ ਧਰਮਾਂ ਕਿਹਾ ਹੈ। ਧਨ ਬਿਨਾਂ ਦਾਨ ਨਹੀਂ, ਦਾਨ ਬਿਨਾਂ ਸਵਰਗ ਨਹੀਂ। ਇਕ ਗੱਲ ਕਦੀ ਨਹੀਂ ਭੁੱਲਣੀ ਚਾਹੀਦੀ ਕਿ ਜਿਹੜਾ ਸਾਧਨ ਲੇਖੇ ਵਿਚ ਹੈ, ਉਹ ਅਲੇਖ ਤਕ ਪੁੱਜਣ ਲਈ ਮਾਰਗ ਨਹੀਂ ਬਣ ਸਕਦਾ। ਦਾਨ ਤਾਂ ਲੇਖੇ ਵਿਚ ਹੈ, ਹਰ ਦਾਨੀ ਕੋਲ ਬਕਾਇਆ ਲੇਖਾ ਹੈ ਕਿ ਮੈਂ ਕਿੰਨਾ ਦਾਨ ਕੀਤਾ ਹੈ। ਕਦੀ ਤੁਸੀਂ ਅਰਬਪਤੀ ਨੂੰ ਕਰੋੜਪਤੀ ਆਖ ਕੇ ਵੇਖੋ, ਉਹ ਕਿੰਨਾ ਔਖਾ ਹੋ ਜਾਂਦਾ ਹੈ, ਕਦੀ ਕਰੋੜਪਤੀ ਨੂੰ ਲੱਖਪਤੀ ਕਹਿ ਕੇ ਪੁਕਾਰੋ, ਉਸ ਦੇ ਮਨ ਦੀ ਸ਼ਾਂਤੀ ਭੰਗ ਹੋ ਜਾਂਦੀ ਹੈ। ਕਦੀ ਲੱਖਪਤੀ ਨੂੰ ਸੈਂਕੜੇ-ਪਤੀ ਆਖ ਕੇ ਵੇਖੋ, ਉਹ ਇੰਜ ਨਾਰਾਜ਼ ਹੋਵੇਗਾ ਕਿ ਜਿਵੇਂ ਤੁਸੀਂ ਉਸ ਦੀ ਕਸਰੇ-ਸ਼ਾਨ ਪਤਾ ਨਹੀਂ ਕੀ ਕਹਿ ਦਿੱਤਾ ਹੈ। ਇਨ ਬਿਨ ਤੁਸੀਂ ਕਰੋੜਪਤੀ ਦਾਨੀ ਨੂੰ ਲੱਖਪਤੀ ਦਾਨੀ ਕਹਿ ਕੇ ਵੇਖੋ, ਉਸ ਦੀ ਨਾਰਾਜ਼ਗੀ ਦਾ ਪਾਰਾਵਾਰ ਨਹੀਂ। ਮੈਂ ਦਾਨੀਆਂ ਦੇ ਨਾਵਾਂ ਦੀਆਂ ਲਿਸਟਾਂ ਪੜ੍ਹੀਆਂ ਹਨ, ਵੱਡੀਆਂ ਰਕਮਾਂ ਵਾਲਿਆਂ ਦਾ ਨਾਂ ਸਭ ਤੋਂ ਉੱਪਰ ਫਿਰ ਉਸ ਤੋਂ ਛੋਟੀਆਂ ਰਕਮਾਂ ਵਾਲੇ, ਅਖੀਰ ਵਿਚਾਰੇ ਦਸ-ਵੀਹ ਰੁਪਇਆਂ ਵਾਲੇ।

ਦਾਨ ਦੀ ਦੁਨੀਆ ਵਿਚ ਲੇਖਾ ਹੈ। ਬਖ਼ਸ਼ਿਸ਼ ਦਾ ਇਕ ਹੋਰ ਰੂਪ ਹੈ, ਕਿਸੇ ਦਾ ਗੁਨਾਹ ਮੁਆਫ਼ ਕਰ ਦੇਣਾ। ਪਰ ਇਹ ਬਖ਼ਸ਼ਿਸ਼ ਵੀ ਮਨੁੱਖ ਦੇ ਲੇਖੇ ਵਿਚ ਹੀ ਹੈ। ਇਹ ਜਦੋਂ ਕਿਸੇ ਦੇ ਗੁਨਾਹ ਮੁਆਫ਼ ਕਰਦਾ ਹੈ, ਇਕ ਦਿਨ ਮੁਆਫ਼ ਕਰੇਗਾ, ਦੂਸਰੇ ਦਿਨ ਕਹੇਗਾ ਮੈਂ ਕਲ੍ਹ ਵੀ ਤੈਨੂੰ ਮੁਆਫ਼ ਕੀਤਾ ਸੀ, ਅੱਜ ਫਿਰ ਜਾਣ ਦਿੰਦਾ ਹਾਂ ਪਰ ਆਇੰਦਾ ਵਾਸਤੇ ਇਹ ਗ਼ਲਤੀ ਫਿਰ ਨਹੀਂ ਕਰਨੀ। ਬੰਦਾ ਬੰਦੇ ਦੇ ਕਿੰਨੇ ਕੁ ਗੁਨਾਹ ਮੁਆਫ਼ ਕਰੇਗਾ। ਸ਼ਾਇਦ ਬੰਦਿਆਂ ਨਾਲ ਵਾਹ ਪੈਣ ਕਰਕੇ ਬੰਦੇ ਨੇ ਸੋਚ ਲਿਆ ਹੈ ਕਿ ਬੰਦਾ ਬਖ਼ਸ਼ਿਸ਼ ਦੇ ਨਾਂ ਤੇ ਵੀ ਲੇਖਾ ਪੂਰਾ ਰੱਖਦਾ ਹੈ ਫਿਰ ਪ੍ਰਮਾਤਮਾ ਵੀ ਲੇਖੇ ਵਿਚ ਹੋਵੇਗਾ ਤੇ ਮੈਂ ਲੇਖਾ ਪੱਤਾ ਪੂਰਾ ਕਰ ਲਵਾਂ ਤਾਂਕਿ ਰੱਬ ਦੀ ਹਜ਼ੂਰੀ ਵਿਚ ਪ੍ਰਵਾਨ ਹੋ ਜਾਵਾਂ।

ਮਨੁੱਖ ਇਹ ਜਾਣਦਾ ਹੋਇਆ ਵੀ ਕਿ ਪ੍ਰਭੂ ਅਲੇਖ ਹੈ ਫਿਰ ਵੀ ਲੇਖਾ ਛੱਡਣ ਵਾਸਤੇ ਤਿਆਰ ਨਹੀਂ। ਲੇਖਾ ਮਨੁੱਖ ਦੀ ਈਜਾਦ ਹੈ, ਪ੍ਰਮਾਤਮਾ ਦੀ ਨਹੀਂ। ਪ੍ਰਮਾਤਮਾ ਅਲੇਖ ਹੈ, ਬੇਅੰਤ ਹੈ, ਨਾ ਕੋਈ ਉਸ ਦਾ ਆਦਿ ਹੈ ਨਾ ਕੋਈ ਉਸ ਦਾ ਅੰਤ ਹੈ। ਪਰ ਮਨੁੱਖ ਦਾ ਆਦਿ ਵੀ ਹੈ ਅਤੇ ਅੰਤ ਵੀ ਹੈ। ਇਹ ਆਦਿ ਅੰਤ ਨਾਲ ਜੁੜ ਗਿਆ, ਬੇਅੰਤ ਨਾਲ ਨਾ ਜੁੜ ਸਕਿਆ। ਇਹ ਲੇਖੇ ਵਿਚ ਉਲਝ ਗਿਆ ਅਲੇਖ ਨਾਲ ਨਾ ਜੁੜ ਸਕਿਆ। ਮਨੁੱਖ ਨੇ ਜੋ ਵੀ ਬਣਾਇਆ ਹੈ ਗਿਣਤੀ ਵਿਚ ਹੈ, ਜੋ ਵੀ ਇਸ ਨੇ ਕੀਤਾ ਹੈ ਗਿਣਤੀ ਵਿਚ ਹੈ, ਕਿਤਨੇ ਦ੍ਰਿਸ਼ ਵੇਖੇ ਹਨ ਗਿਣਤੀ ਹੋ ਸਕਦੀ ਹੈ, ਕਿਤਨੇ ਕੰਮ ਕੀਤੇ ਹਨ ਗਿਣਤੀ ਹੋ ਸਕਦੀ ਹੈ, ਕਿੰਨੇ ਬਚਨ ਬੋਲੇ ਹਨ ਗਿਣਤੀ ਹੋ ਸਕਦੀ ਹੈ, ਕਿੰਨਾ ਕੁ ਸੁਣਿਆ ਹੈ ਗਿਣਤੀ ਹੋ ਸਕਦੀ ਹੈ, ਇਕ ਮਨੁੱਖ ਦੀ ਬੋਲਣ ਦੀ ਸੁਣਨ ਦੀ, ਵੇਖਣ ਦੀ ਸੀਮਾ ਹੈ। ਇਹ ਕਿੰਨਾ ਕੁ ਵੇਖ ਸਕਦਾ ਹੈ, ਕਿੰਨਾ ਕੁ ਬੋਲ ਸਕਦਾ ਹੈ, ਕਿੰਨਾ ਕੁ ਸੁਣ ਸਕਦਾ ਹੈ, ਸਭ ਗਿਣਿਆ ਜਾ ਸਕਦਾ ਹੈ। ਇਸ ਦੀਆਂ ਪੰਜ ਕਰਮ ਇੰਦਰੀਆਂ ਦੇ ਕੀਤੇ ਕਰਮ ਗਿਣੇ ਜਾ ਸਕਦੇ ਹਨ, ਇਸ ਨੇ ਕਿੰਨੇ ਕੁ ਕਦਮ ਪੁੱਟੇ ਹਨ, ਗਿਣੇ ਜਾ ਸਕਦੇ ਹਨ। ਇਸਨੇ ਜੀਵਨ ਵਿਚ ਕਿੰਨੇ ਕੁ ਸਵਾਸ ਲਏ ਗਿਣੇ ਜਾ ਸਕਦੇ ਹਨ, ਕਿੰਨੇ ਕੁ ਗਰਾਸ ਖਾਧੇ ਹਨ ਗਿਣੇ ਜਾ ਸਕਦੇ ਹਨ। ਇਸ ਕੋਲ ਧਨ ਕਿੰਨਾ ਕੁ ਹੈ, ਗਿਣਿਆ ਜਾ ਸਕਦਾ ਹੈ, ਇਸ ਦਾ ਘਰ ਕਿੰਨੇ ਕੁ ਦਾ ਹੈ ਗਿਣਿਆ ਜਾ ਸਕਦਾ ਹੈ, ਮਿਣਿਆ ਜਾ ਸਕਦਾ ਹੈ। ਇਸ ਦੀ ਰਿਸ਼ਤੇਦਾਰੀ ਕਿੰਨੀ ਕੁ ਹੈ, ਗਿਣੀ ਜਾ ਸਕਦੀ ਹੈ। ਇਸਦਾ ਆਪਣਾ ਕੱਦ ਕਿੰਨਾ ਕੁ ਹੈ ਮਿਣਿਆ ਜਾ ਸਕਦਾ ਹੈ। ਇਸਦਾ ਆਪਣਾ ਭਾਰ ਕਿੰਨਾ ਕੁ ਹੈ ਤੋਲਿਆ ਜਾ ਸਕਦਾ ਹੈ। ਇਸ ਦਾ ਕੁਝ ਵੀ ਐਸਾ ਨਹੀਂ ਜੋ ਗਿਣਿਆ ਤੋਲਿਆ ਨਾ ਜਾ ਸਕੇ।

ਪਰ ਪ੍ਰਮਾਤਮਾ ਤਾਂ ਆਪ ਵੀ ਬੇਅੰਤ ਹੈ, ਉਸ ਦੀ ਰਚਨਾ ਵੀ ਬੇਅੰਤ ਹੈ। ਉਸ ਦੀ ਕੁਦਰਤ ਦਾ ਪਾਰਾਵਾਰ ਨਹੀਂ। ਉਸ ਦੀ ਰਚਨਾ ਵਿਚ ਕਿਤਨੀਆਂ ਧਰਤੀਆਂ ਹਨ, ਕਿਤਨੇ ਅਕਾਸ਼ ਹਨ, ਕਿਤਨੇ ਪਾਤਾਲ ਹਨ, ਕਿਤਨੇ ਬ੍ਰਹਿਮੰਡ ਹਨ, ਕੌਣ ਗਿਣਤੀ ਕਰ ਸਕਦਾ ਹੈ? ਪ੍ਰਮਾਤਮਾ ਅਣਗਿਣਤ ਹੈ ਪਰ ਮਨੁੱਖ ਨੂੰ ਕੁਝ ਗਿਣਨ ਵਿਚ ਰਸ ਹੈ। ਇਸਦੀ ਰੱਖੀ ਹੋਈ ਭੇਟ ਜੋ ਇਸ ਨੇ ਪ੍ਰਮਾਤਮਾ ਦੇ ਸਾਹਮਣੇ ਰੱਖੀ ਹੈ ਗਿਣੀ ਜਾ ਸਕਦੀ ਹੈ, ਮਿਣੀ ਜਾ ਸਕਦੀ ਹੈ, ਤੋਲੀ ਜਾ ਸਕਦੀ ਹੈ। ਪਰ ਜਦੋਂ ਉਸ ਭੇਟ ਨਾਲ ਪ੍ਰਮਾਤਮਾ ਨੂੰ ਤੋਲਦਾ ਹੈ ਤਾਂ ਸ਼ਰਮਸਾਰ ਹੋਣਾ ਪੈਂਦਾ ਹੈ। ਮਹਾਂਪੁਰਖਾਂ ਨੇ ਏਸੇ ਵਾਸਤੇ ਕਹਿ ਦਿੱਤਾ ਸੀ ਜਦੋਂ ਕੰਮ ਕਰੀਏ, ਨਿਰਾ ਸ਼ੁੱਭ ਹੀ ਨਹੀਂ ਹੁੰਦਾ ਨਾਲ ਅਸ਼ੁੱਭ ਵੀ ਹੁੰਦਾ ਹੈ। ਸਾਡੇ ਨਿਰੇ ਪਾਠ ਹੀ ਨਹੀਂ ਨਾਲ ਪਾਪ ਵੀ ਹਨ, ਸਾਡੇ ਸਿਰਫ਼ ਗੁਣ ਹੀ ਨਹੀਂ ਨਾਲ ਅਵਗੁਣ ਵੀ ਹਨ। ਵੈਸੇ ਇਹ ਆਸ ਨਹੀਂ ਕਿ ਸਾਡੇ ਪਾਪ ਤੇ ਪੁੰਨ ਬਰਾਬਰ ਹੋਣ। ਉਮੀਦ ਤਾਂ ਇਹ ਹੀ ਹੈ ਕਿ ਪੁੰਨ ਬਹੁਤ ਘੱਟ ਹੋਣਗੇ ਅਤੇ ਪਾਪ ਬਹੁਤ ਜ਼ਿਆਦਾ ਹੋਣਗੇ। ਪਰ ਜੇ ਅਸੀਂ ਇਹ ਮੰਨ ਵੀ ਲਈਏ ਕਿ ਸਾਡੇ ਪਾਪ ਪੁੰਨ ਬਰਾਬਰ ਵੀ ਹੋਣ ਤਾਂ ਪੁੰਨਾਂ ਨਾਲ ਪਾਪ ਕੱਟੇ ਗਏ, ਰੱਬ ਦੇ ਦਰ ਤੇ ਤਾਂ ਫਿਰ ਵੀ ਅਸੀਂ ਖਾਲੀ ਹੱਥ ਹੀ ਜਾਵਾਂਗੇ। ਫਿਰ ਵੀ ਸਾਡਾ ਉਸ ਮੁਸਾਫਰ ਵਰਗਾ

ਹਾਲ ਹੋਵੇਗਾ ਜਿਹੜਾ ਸਾਰੀ ਉਮਰ ਹੀ ਪ੍ਰਦੇਸ ਰਹੇ, ਜਦੋਂ ਵਾਪਸ ਆਵੇ ਤਾਂ ਕਿਰਾਇਆ ਪੂਰਾ ਕਰਕੇ ਹੀ ਖ਼ਾਲੀ ਹੱਥ ਘਰ ਆ ਪਹੁੰਚੇ।

ਹੇ ਬੰਦੇ! ਤੂੰ ਪ੍ਰਮਾਤਮਾ ਨਾਲ ਲੇਖਾ ਨਾ ਕਰ, ਉਹ ਲੇਖਾ ਕਰਨ ਲਈ ਤਿਆਰ ਵੀ ਨਹੀਂ। ਪਰ ਜਦੋਂ ਤੂੰ ਹੀ ਲੇਖੇ ਤੋਂ ਬਿਨਾਂ ਗੱਲ ਨਹੀਂ ਕਰਦਾ ਫਿਰ ਪ੍ਰਮਾਤਮਾ ਨੂੰ ਵੀ ਧਰਮ ਰਾਜ ਬਿਠਾਉਣਾ ਪੈਂਦਾ ਹੈ। ਵੈਸੇ ਉਸ ਦਾ ਧਰਮ ਰਾਜ ਇੰਨਾ ਕਮਜ਼ੋਰ ਹੈ ਕਿ ਰਾਜਾ ਜਨਕ ਨੇ ਧਰਮ ਰਾਜ ਕੋਲ ਸਿਰਫ਼ ਇਕ ਵਾਰ ਪ੍ਰਮਾਤਮਾ ਦਾ ਨਾਂ ਲਿਆ ਤਾਂ ਸਾਰੇ ਹੀ ਨਰਕ ਵਿਹਲੇ ਹੋ ਗਏ।

ਭਾਈ ਗੁਰਦਾਸ ਜੀ ਲਿਖਦੇ ਹਨ :

*ਗਹਿਣੇ ਧਰਿਉਨ ਏਕ ਨਾਮ ਪਾਪਾਂ ਨਾਲ ਕਰੇ ਨਿਰਜਾਸੀ॥*
*ਪਾਸੰਗ ਪਾਪ ਨ ਪੁਜਨੀ ਗੁਰਮੁਖ ਨਾਉ ਅਤੁਲ ਨਾ ਤੁਲਾਸੀ॥*
*ਨਰਕਹੁ ਛੁਟੇ ਜੀਅ ਜੰਤ ਕਾਟੀ ਗਲਹੁ ਸਿਲਕ ਜਮ ਫਾਸੀ॥*
*ਮੁਕਤਿ ਜੁਗਤਿ ਨਾਵੈ ਕੀ ਦਾਸੀ॥*

ਇਸ ਤੋਂ ਭਾਵ ਹੈ ਕਿ ਪਾਪਾਂ ਨੂੰ ਮਹਾਨਤਾ ਮਨੁੱਖ ਨੇ ਹੀ ਦਿੱਤੀ ਹੈ, ਪ੍ਰਮਾਤਮਾ ਨੇ ਨਹੀਂ। ਪ੍ਰਮਾਤਮਾ ਦੇ ਇਕ ਵਾਰ ਨਾਂ ਲਿਆ ਹੀ ਸਾਰੇ ਪਾਪ ਮੁੱਕ ਜਾਂਦੇ ਹਨ। ਇਹ ਤਾਂ ਐਸਾ ਹੀ ਜਾਪਦਾ ਹੈ ਜਿਵੇਂ ਸੂਰਜ ਦੇ ਆਉਂਦਿਆਂ ਹੀ ਹਨੇਰੇ ਦਾ ਪਤਾ ਨਹੀਂ ਲੱਗਦਾ ਕਿ ਹਨੇਰਾ ਕਿਧਰ ਚਲਾ ਗਿਆ ਹੈ।

ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਇਕ ਕਥਾ ਹੈ ਕਿ ਗੁਰੂ ਨਾਨਕ ਦੇਵ ਜੀ ਇਕ ਵਾਰ ਚੋਰਾਂ ਦੇ ਨਗਰ ਵਿਚ ਚਲੇ ਗਏ, ਜਿਨ੍ਹਾਂ ਦਾ ਨਿਤ ਕਰਮ ਸੀ ਕਿ ਜਿਹੜਾ ਪ੍ਰਦੇਸੀ ਇਸ ਨਗਰ ਵਿਚ ਜਾਵੇ ਰਾਤ ਉਸ ਨੂੰ ਰੱਖਣਾ, ਰਾਤ ਮਾਰ ਦੇਣਾ ਅਤੇ ਉਸ ਕੋਲੋਂ ਮਿਲੇ ਸਾਰੇ ਪੈਸੇ ਚੋਰਾਂ ਦੇ ਘਰਾਂ ਵਿਚ ਵੰਡ ਦੇਣਾ। ਜਦੋਂ ਨਗਰ ਵਾਲਿਆਂ ਨੇ ਗੁਰੂ ਨਾਨਕ ਦੇਵ ਜੀ ਨੂੰ ਵੇਖਿਆ ਤਾਂ ਹੈਰਾਨ ਹੋ ਗਏ, ਮਸਤਕ ਤੇ ਬੜਾ ਭਾਗ ਸੀ, ਚਿਹਰੇ ਤੇ ਜਲਾਲ ਸੀ, ਅੱਖਾਂ ਵਿਚ ਇਲਾਹੀ ਨੂਰ ਸੀ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਦੋਂ ਕੁਝ ਪਾਸ ਹੋਵੇ ਤਾਂ ਬੇਸ਼ਕ ਧਨ ਧਰਤੀ ਵਿਚ ਦਬਿਆ ਹੋਵੇ, ਬੰਦੇ ਦਾ ਮਸਤਕ ਹੀ ਦੱਸ ਦਿੰਦਾ ਹੈ ਕਿ ਇਹ ਧਨਵਾਨ ਹੈ।

*ਧਨ ਧਰਤੀ ਵਿਚ ਦਬੀਐ ਮਸਤੱਕ ਪਰਵਾਣੈ॥*

ਪਰ ਉਨ੍ਹਾਂ ਨੂੰ ਇਹ ਭੁਲੇਖਾ ਜ਼ਰੂਰ ਲੱਗ ਗਿਆ ਕਿ ਗੁਰੂ ਨਾਨਕ ਦੇਵ ਜੀ ਕੋਲ ਉਹ ਧਨ ਨਹੀਂ ਜੋ ਅਸੀਂ ਆਮ ਮਨੁੱਖਾਂ ਪਾਸੋਂ ਲੁੱਟਦੇ ਹਾਂ। ਸਤਿਗੁਰੂ ਪਾਸ ਤ ਉਹ ਅਬਿਨਾਸ਼ੀ ਧਨ ਹੈ ਜੋ ਅਰਦਾਸ ਨਾਲ, ਬੰਦਗੀ ਨਾਲ, ਸੇਵਾ ਨਾਲ ਮਿਲਦ ਹੈ। ਜਿਸ ਘਰ ਵਿਚ ਠਹਿਰੇ ਸਨ ਉਥੇ ਪੂਰਾ ਪ੍ਰਬੰਧ ਕੀਤਾ ਗਿਆ ਕਿ ਇਹ ਕਿਤੇ ਦੌੜ ਨਾ ਜਾਣ ਪਰ ਚੋਰਾਂ ਦੀ ਅੱਖ ਲੱਗ ਗਈ। ਸਾਹਿਬ ਜੀ ਭਾਈ ਮਰਦਾਨੇ ਸਮੇਤ ਨਗਰ ਵਿਚੋਂ ਬਾਹਰ ਆ ਗਏ, ਮਗਰੋਂ ਜਦੋਂ ਚੋਰ ਜਾਗੇ ਤਾਂ ਉਨ੍ਹਾਂ ਨੇ ਬਾਕ ਸਾਥੀਆਂ ਨੂੰ ਵੀ ਖ਼ਬਰਦਾਰ ਕਰ ਦਿੱਤਾ ਕਿ ਰਾਤ ਵਾਲਾ ਸ਼ਿਕਾਰ ਹੱਥੋਂ ਨਿਕਲ ਗਿਆ

ਹੈ। ਸਾਰੇ ਚੋਰਾਂ ਨੇ ਭਾਲ ਸ਼ੁਰੂ ਕੀਤੀ ਤਾਂ ਉਜਾੜ ਵਿਚ ਸਤਿਗੁਰੂ ਨਾਨਕ ਦੇਵ ਜੀ ਨੂੰ ਸਾਥੀਆਂ ਸਹਿਤ ਆ ਫੜਿਆ ਅਤੇ ਕਿਹਾ ਜੋ ਕੁਝ ਤੁਹਾਡੇ ਪਾਸ ਹੈ, ਦੇ ਦੇਵੋ। ਸਤਿਗੁਰਾਂ ਕਿਹਾ ਜ਼ਰੂਰ ਦੇਵਾਂਗੇ, ਮਰਦਾਨਿਆ ਖੋਲ੍ਹ ਰਬਾਬ ਇਨ੍ਹਾਂ ਨੂੰ ਕੀਰਤਨ ਦੇਈਏ। ਪਰ ਉਹ ਕੀਰਤਨ ਦੇ ਗਾਹਕ ਨਹੀਂ ਸਨ, ਉਹ ਤਾਂ ਧਨ ਚਾਹੁੰਦੇ ਸਨ। ਸਾਹਿਬਾਂ ਕਿਹਾ, ਧਨ ਤਾਂ ਸਾਡੇ ਪਾਸ ਹੈ ਨਹੀਂ। ਇਨ੍ਹਾਂ ਕਿਹਾ ਫਿਰ ਭਾਵੇਂ ਤੁਹਾਡੇ ਕੋਲ ਕੁਝ ਹੋਵੇ ਜਾਂ ਨਾ ਹੋਵੇ ਅਸੀਂ ਤੁਹਾਨੂੰ ਜਿਊਂਦੇ ਨਹੀਂ ਛੱਡਣਾ। ਸਤਿਗੁਰਾਂ ਕਿਹਾ ਕਿ ਸਾਨੂੰ ਕਿਸ ਦੋਸ਼ ਦੀ ਸਜ਼ਾ ਮਿਲ ਰਹੀ ਹੈ, ਅਸੀਂ ਤੁਹਾਡਾ ਕੀ ਵਿਗਾੜਿਆ ਹੈ। ਤਾਂ ਉਨ੍ਹਾਂ ਚੋਰਾਂ ਕਿਹਾ, ਤੁਸੀਂ ਬੇਸ਼ੱਕ ਸਾਡਾ ਕੁਝ ਨਹੀਂ ਵਿਗਾੜਿਆ ਪਰ ਅੱਗੋਂ ਤੁਹਾਡੇ ਪਾਸੋਂ ਸਾਡਾ ਵਿਗਾੜ ਹੋਣ ਦੀ ਆਸ ਹੈ, ਤੁਸੀਂ ਜਿਥੇ ਜਾਉਗੇ ਸਾਡੀ ਬਦਨਾਮੀ ਕਰੋਗੇ। ਸਤਿਗੁਰੂ ਕਿਹਾ ਕਿ ਤੁਹਾਡੀ ਬਦਨਾਮੀ ਤੁਹਾਡੇ ਕੀਤੇ ਕੰਮਾਂ ਕਰਕੇ ਹੋਣੀ ਹੈ, ਅੱਜ ਨਹੀਂ ਤਾਂ ਕਲ੍ਹ ਜ਼ਰੂਰ ਹੀ ਹੋਵੇਗੀ। ਤੁਸੀਂ ਅਨੇਕਾਂ ਦੀ ਜਾਨ ਲੈ ਚੁਕੇ ਹੋਵੋਗੇ ਫਿਰ ਵੀ ਬਦਨਾਮੀ ਦੇ ਡਰ ਨੇ ਤੁਹਾਡਾ ਪਿੱਛਾ ਨਹੀਂ ਛੱਡਿਆ। ਗੁਨਾਹ ਤੁਹਾਡਾ ਹੈ ਪਰ ਆਪਣਾ ਗੁਨਾਹ ਲੁਕਾਉਣ ਲਈ ਤੁਸੀਂ ਸਾਡੀ ਜਾਨ ਲੈਣ ਲਈ ਤੁਲ ਗਏ ਹੋ, ਅਸੀਂ ਤੁਹਾਡਾ ਕੀ ਬੁਰਾ ਕੀਤਾ ਹੈ। ਚੋਰਾਂ ਕਿਹਾ, ਤੁਹਾਡੇ ਇਸ ਉਪਦੇਸ਼ ਦਾ ਸਾਡੇ ਤੇ ਕੋਈ ਅਸਰ ਨਹੀਂ, ਤੁਹਾਡਾ ਜਿਊਣਾ ਸਾਡੇ ਲਈ ਖ਼ਤਰਨਾਕ ਸਿੱਧ ਹੋ ਸਕਦਾ ਹੈ, ਇਸ ਲਈ ਤੁਸੀਂ ਮਰਨ ਵਾਸਤੇ ਤਿਆਰ ਹੋ ਜਾਓ, ਕੋਈ ਤੁਹਾਡੀ ਅੰਤਮ ਇੱਛਾ ਹੈ ਤਾਂ ਦਸ ਦੇਵੋ, ਅਸੀਂ ਹੋ ਸਕੇ ਤਾਂ ਪੂਰੀ ਕਰ ਦੇਈਏ। ਸਤਿਗੁਰਾਂ ਕਿਹਾ, ਤੁਹਾਡੀ ਮਰਜ਼ੀ, ਜੇ ਤੁਸੀਂ ਸਾਡੀ ਇੱਛਾ ਪੂਰੀ ਕਰਨੀ ਹੀ ਹੈ ਤਾਂ ਸਾਡਾ ਸਸਕਾਰ ਕਰਨ ਦਾ ਪ੍ਰਬੰਧ ਕਰ ਦਿਓ ਫਿਰ ਤੁਸੀਂ ਬੇਸ਼ੱਕ ਸਾਨੂੰ ਮਾਰ ਦੇਣਾ।

ਚੋਰਾਂ ਨੇ ਕਿਹਾ, ਇਹ ਤਾਂ ਦੌੜਣ ਵਾਸਤੇ ਤੁਸੀਂ ਸਾਡੇ ਨਾਲ ਧੋਖਾ ਕਰ ਰਹੇ ਹੋ, ਰਾਤ ਤਾਂ ਤੁਸੀਂ ਦੌੜ ਆਏ ਪਰ ਹੁਣ ਤਾਂ ਤੁਸੀਂ ਦੌੜ ਨਹੀਂ ਸਕਦੇ। ਸਤਿਗੁਰਾਂ ਕਿਹਾ, ਨਹੀਂ ਦੌੜਨ ਵਾਲੀ ਕੋਈ ਗੱਲ ਨਹੀਂ। ਔਹ ਸਾਹਮਣੇ ਵੇਖੋ ਸੁੱਕੇ ਰੁੱਖ ਹਨ, ਇਨ੍ਹਾਂ ਦੀਆਂ ਲਕੜੀਆਂ ਕਾਫੀ ਹਨ, ਔਹ ਸਾਹਮਣੇ ਅੱਗ ਬਲ ਰਹੀ ਹੈ, ਉਥੋਂ ਅੱਗ ਲੈ ਆਵੋ ਫਿਰ ਅਸੀਂ ਮਰਨ ਲਈ ਤਿਆਰ ਹਾਂ। ਚੋਰ ਮੰਨ ਗਏ। ਇਹਨਾਂ ਵਿਚੋਂ ਕੁਝ ਬੰਦੇ ਲੱਕੜੀਆਂ ਇਕੱਠੀਆਂ ਕਰਨ ਲਗ ਪਏ, ਇਕ ਅਗਨੀ ਲੈਣ ਲਈ ਚਲਿਆ ਗਿਆ।

ਜੋ ਅੱਗ ਲੈਣ ਗਿਆ ਸੀ ਉਹ ਵੇਖ ਕੇ ਹੈਰਾਨ ਹੋ ਗਿਆ ਕਿ ਇਕ ਬੰਦੇ ਨੂੰ ਡਰਾਉਣੇ ਜਮਦੂਤ ਅੱਗ ਵਿਚ ਸੁੱਟ ਸੁੱਟ ਕੇ ਸਾੜਦੇ ਹਨ। ਉਹ ਬੜਾ ਦੁਖੀ ਹੋ ਕੇ ਅੱਗ ਵਿਚੋਂ ਬਾਹਰ ਨਿਕਲਦਾ ਹੈ, ਉਹ ਫਿਰ ਅੱਗ ਵਿਚ ਸੁੱਟ ਦਿੰਦੇ ਹਨ। ਚੋਰ ਵੀ ਵੇਖ ਕੇ ਭੈ ਭੀਤ ਹੋ ਗਿਆ, ਸੋਚਣ ਲੱਗਾ, ਇਥੋਂ ਅੱਗ ਕੀ ਮਿਲਣੀ ਹੈ ਕਿਤੇ ਮੈਨੂੰ ਵੀ ਅਗਨ ਭੇਟ ਨਾ ਕਰ ਦੇਣ।

ਵਾਪਸ ਮੁੜਨ ਹੀ ਲੱਗਾ ਸੀ ਕਿ ਅਚਾਨਕ ਹੀ ਸਾਰਾ ਨਜ਼ਾਰਾ ਬਦਲ ਗਿਆ।

ਦੇਵਤੇ ਆ ਗਏ, ਜਮਦੂਤਾਂ ਨੂੰ ਮਾਰ ਕੇ ਉਨ੍ਹਾਂ ਭਜਾ ਦਿੱਤਾ। ਇਕ ਬਿਬਾਨ ਵਿਚ ਇਸ ਬੰਦੇ ਨੂੰ ਬਿਠਾ ਲਿਆ ਤੇ ਬੜਾ ਆਦਰ ਕਰ ਕੇ ਲੈ ਗਏ। ਚੋਰ ਵੇਖ ਕੇ ਹੈਰਾਨ ਹੋ ਗਿਆ, ਉਹ ਅੱਗ ਵੀ ਬੁਝ ਗਈ। ਇਹ ਜਾ ਕੇ ਜਮਦੂਤਾਂ ਨੂੰ ਪੁੱਛਣ ਲੱਗਾ ਕਿ ਇਹ ਕੀ ਕੌਤਕ ਸੀ ਮੇਰੀ ਸਮਝ ਵਿਚ ਨਹੀਂ ਆਇਆ। ਜਮਗਨਾਂ ਨੇ ਕਿਹਾ ਕਿ ਇਹ ਪਾਪੀ ਜੀਵ ਸੀ, ਇਸ ਨੂੰ ਕੀਤੇ ਪਾਪਾਂ ਦੀ ਸਜ਼ਾ ਦੇਣ ਲਈ ਲੈ ਕੇ ਚਲੇ ਸਾਂ, ਜੋ ਤੂੰ ਵੇਖਿਆ ਹੈ ਇਹ ਤਾਂ ਸਿਰਫ਼ ਸ਼ੁਰੂਆਤ ਹੀ ਸੀ ਪਰ ਇਧਰ ਗੁਰੂ ਨਾਨਕ ਦੇਵ ਜੀ ਦੀ ਨਜ਼ਰ ਪੈ ਗਈ, ਉਹਦੇ ਸਾਰੇ ਪਾਪ ਬਖ਼ਸ਼ੇ ਗਏ ਹਨ, ਉਸ ਦੀ ਸੇਵਾ ਵਾਸਤੇ ਦੇਵਤੇ ਆ ਹਾਜ਼ਰ ਹੋਏ ਹਨ। ਚੋਰ ਨੇ ਪੁੱਛਿਆ, ਗੁਰੂ ਨਾਨਕ ਦੇਵ ਜੀ ਕਿੱਥੇ ਹਨ? ਜਮਾਂ ਨੇ ਕਿਹਾ ਕਿ ਜਿਨ੍ਹਾਂ ਦੇ ਸਸਕਾਰ ਲਈ ਤੁਸੀਂ ਅੱਗ ਲੈਣ ਆਏ ਹੋ। ਚੋਰ ਨੇ ਕਿਹਾ ਕਿ ਉਨ੍ਹਾਂ ਦੀ ਨਜ਼ਰ ਤਾਂ ਸਾਡੇ ਤੇ ਵੀ ਪਈ ਹੈ। ਜਮਾਂ ਕਿਹਾ, ਏਸੇ ਲਈ ਤੁਸੀਂ ਤਰ ਗਏ ਹੋ, ਨਹੀਂ ਤਾਂ ਇਸ ਤੋਂ ਬਾਅਦ ਅਸੀਂ ਤੁਹਾਨੂੰ ਦਰਸ਼ਨ ਦੇਣ ਲਈ ਹੀ ਆਉਣਾ ਸੀ ਪਰ ਇਹ ਕੌਤਕ ਰਚਾ ਕੇ ਸਤਿਗੁਰੂ ਨਾਨਕ ਦੇਵ ਜੀ ਨੇ ਤੁਹਾਨੂੰ ਤਾਰ ਦਿੱਤਾ ਹੈ, ਜਾਓ ਜਾ ਕੇ ਉਨ੍ਹਾਂ ਦੇ ਚਰਨ ਫੜ ਲਓ।

ਇਹ ਸਾਖੀ ਆਪਣੇ ਵਿਚ ਬਹੁਤ ਵੱਡਾ ਰਾਜ਼ ਛੁਪਾ ਕੇ ਬੈਠੀ ਹੈ ਕਿ ਗੁਰੂ ਦੀ ਨਦਰ ਤੋਂ ਵਿਹੂਣਾ ਮਨੁੱਖ ਸੜ ਰਿਹਾ ਹੈ।

*ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨੀ ਚਿੰਤ ਭਈ ॥*
*ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥*
*ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥*

—ਮਾਰੂ ਮ: ੧, ਪੰਨਾ ੯੯੦

ਇਹ ਗੁਰ ਸ਼ਬਦ ਦੇ ਰੂਪ ਵਿਚ ਨਦਰ ਬਖ਼ਸ਼ਿਸ਼ ਹੁੰਦੀ ਹੈ।

ਮਨੁੱਖ ਤਾਂ ਏਨਾ ਆਲਸੀ ਹੈ ਕਿ ਇਸ ਨੇ ਘਾਲਣਾ ਤਾਂ ਕੀ ਘਾਲਣੀ ਹੈ ਇਹ ਤਾਂ ਬਖ਼ਸ਼ਿਸ਼ ਵੀ ਨਹੀਂ ਲੈਂਦਾ। ਭੁੱਖ ਅਸੀਂ ਲਗਾਉਂਦੇ ਨਹੀਂ ਸਾਨੂੰ ਲੱਗਦੀ ਹੈ, ਪਿਆਸ ਅਸੀਂ ਲਗਾਉਂਦੇ ਨਹੀਂ ਸਾਨੂੰ ਲੱਗਦੀ ਹੈ। ਭੁੱਖ ਲਈ ਜਾਂ ਪਿਆਸ ਲਈ ਤੜਪਣਾ ਘਾਲਣਾ ਨਹੀਂ, ਸਗੋਂ ਇਹ ਤੜਪ ਤਾਂ ਸੁਭਾਵਕ ਹੈ, ਇਹ ਘਾਲਣਾ ਨਹੀਂ ਜਿਸ ਨੂੰ ਅਸੀਂ ਘਾਲਣਾ ਕਹਿ ਰਹੇ ਹਾਂ। ਇਹ ਘਾਲਣਾ ਨਹੀਂ ਇਹ ਅਸਲ ਵਿਚ ਤੜਪ ਹੈ।

ਭਗਤ ਨਾਮ ਦੇਵ ਜੀ ਕਹਿੰਦੇ ਹਨ, ਪ੍ਰਮਾਤਮਾ ਦੇ ਨਾਮ ਤੋਂ ਬਿਨਾਂ ਮੈਨੂੰ ਤੜਫੜਾਹਟ ਲੱਗ ਜਾਂਦੀ ਹੈ ਜਿਵੇਂ ਕਿ ਵੱਛੇ ਤੋਂ ਬਿਨਾਂ ਗਾਂ ਨੂੰ, ਜਿਵੇਂ ਪਾਣੀ ਤੋਂ ਬਿਨਾਂ ਮੱਛੀ ਤੜਫਦੀ ਹੈ।

*ਮੋਹਿ ਲਾਗਤੀ ਤਾਲਾ ਬੇਲੀ ॥ ਬਛਰੇ ਬਿਨੁ ਗਾਇ ਅਕੇਲੀ ॥*
*ਪਾਨੀਆ ਬਿਨੁ ਮੀਨੁ ਤਲਫੈ ਐਸੇ ਰਾਮਾ ॥*

*ਨਾਮਾ ਬਿਨੁ ਬਾਪਰੋ ਨਾਮਾ ॥*

—ਗੋਂਡ ਨਾਮਦੇਵ, ਪੰਨਾ ੮੭੪

ਇਹ ਪਿਆਸ ਤਾਂ ਉਸ ਦੀ ਕ੍ਰਿਪਾ ਬਿਨਾਂ ਨਹੀਂ ਬੁਝ ਸਕਦੀ, ਪਿਆਸ ਮੁਕਦੀ ਹੈ ਉਸ ਦੀ ਕ੍ਰਿਪਾ ਨਾਲ, ਭੁੱਖ ਮੁਕਦੀ ਹੈ ਉਸ ਦੀ ਕ੍ਰਿਪਾ ਨਾਲ। ਜਦੋਂ ਬੰਦਾ ਪ੍ਰਭੂ ਨਾਮ ਨਾਲ ਅੰਦਰੋਂ ਤ੍ਰਿਪਤ ਹੋ ਜਾਂਦਾ ਹੈ ਤਾਂ ਕਿਸੇ ਨੂੰ ਦੁੱਖ ਦੇਣਾ ਮੁਸ਼ਕਿਲ ਹੋ ਜਾਂਦਾ ਹੈ, ਦੁਖੀ ਬੰਦਾ ਹੀ ਕਿਸੇ ਨੂੰ ਦੁਖੀ ਕਰ ਸਕਦਾ ਹੈ। ਜੇਕਰ ਕਿਸੇ ਨੂੰ ਦੁੱਖ ਦੇਣਾ ਪਾਪ ਹੈ ਤਾਂ ਕਿਸੇ ਨੂੰ ਦੁੱਖ ਉਹ ਦਿੰਦਾ ਹੈ ਜਿਹੜਾ ਆਪ ਦੁਖੀ ਹੈ। ਆਪ ਦੁਖੀ ਉਹ ਹੈ ਜਿਸ ਨੂੰ ਪ੍ਰਮਾਤਮਾ ਭੁੱਲ ਗਿਆ ਹੈ। ਫਿਰ ਸਭ ਤੋਂ ਵੱਡਾ ਪਾਪ ਹੈ ਪ੍ਰਮਾਤਮਾ ਨੂੰ ਭੁੱਲ ਜਾਣਾ, ਉਹ ਸਤਿਗੁਰੂ ਦੀ ਕ੍ਰਿਪਾ ਨਾਲ ਯਾਦ ਆ ਜਾਵੇ ਤਾਂ ਸਾਰੇ ਪਾਪਾਂ ਦਾ ਅੰਤ ਹੋ ਜਾਂਦਾ ਹੈ। ਮਨੁੱਖ ਸਿਰਫ਼ ਏਨਾ ਹੀ ਕਰ ਦੇਵੇ ਕਿ ਹੇ ਪ੍ਰਭੂ! ਮੇਰੀ ਭੁੱਲ ਹੈ ਕਿ ਮੈਂ ਤੈਨੂੰ ਭੁੱਲ ਗਿਆ ਹਾਂ, ਜਦੋਂ ਕੋਈ ਦਿਲੋਂ ਭੁੱਲ ਮੰਨ ਲੈਂਦਾ ਹੈ ਤਾਂ ਉਹ ਦਾਤਾ ਤਾਂ ਏਨਾ ਬਖਸ਼ੰਦ ਹੈ ਕਿ ਭੁੱਲਾਂ ਦਾ ਲੇਖਾ ਕਰਦਾ ਹੀ ਨਹੀਂ ਫੌਰਨ ਬਖ਼ਸ਼ ਦੇਂਦਾ ਹੈ।

ਇਕ ਬੜੀ ਸੁੰਦਰ ਗਾਥਾ ਹੈ, ਇਕ ਰਾਜੇ ਦੇ ਦੇਸ਼ ਵਿਚ ਚੋਰੀਆਂ ਹੋਣ ਲੱਗ ਪਈਆਂ। ਰਾਜਾ ਆਪਣੀ ਜ਼ਿੰਮੇਵਾਰੀ ਮਹਿਸੂਸ ਕਰਦਾ ਸੀ। ਉਹ ਭੇਡਾਂ ਦੀ ਉੱਨ ਲਾਹੁਣ ਵਾਲਾ ਹੀ ਨਹੀਂ ਸੀ, ਉਹ ਭੇਡਾਂ ਨੂੰ ਭੇੜੀਆਂ ਤੋਂ ਬਚਾਉਣਾ ਵੀ ਆਪਣਾ ਫ਼ਰਜ਼ ਸਮਝਦਾ ਸੀ। ਉਸ ਨੇ ਭੇਸ ਬਦਲ ਕੇ ਚੋਰਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ। ਉਸ ਨੇ ਸਮਝਿਆ ਕਿ ਚੋਰਾਂ ਨੂੰ ਚੋਰ ਬਣ ਕੇ ਲੱਭਣਾ ਸੌਖਾ ਹੋਵੇਗਾ। ਉਸ ਦਾ ਤਰੀਕਾ ਠੀਕ ਹੀ ਨਿਕਲਿਆ। ਉਸ ਨੂੰ ਚੋਰ ਮਿਲ ਗਏ, ਉਹ ਟੋਲਾ ਪੰਜ ਚੋਰਾਂ ਦਾ ਸੀ। ਇਕ ਦੂਸਰੇ ਨੂੰ ਮਿਲੇ, ਰਾਜੇ ਨੇ ਕਿਹਾ, ''ਮੈਂ ਵੀ ਚੋਰ ਹਾਂ।'' ਸਾਰੇ ਆਪੋ ਆਪਣੀ ਖ਼ੂਬੀ ਦੱਸਣ ਲੱਗੇ। ਪਹਿਲੇ ਚੋਰ ਨੇ ਕਿਹਾ, ਮੈਂ ਹਨੇਰੇ ਵਿਚ ਬੰਦਾ ਵੇਖ ਲਵਾਂ ਸਵੇਰੇ ਪਛਾਣ ਕੇ ਦੱਸ ਦਿਆਂਗਾ, ਮੈਨੂੰ ਹਨੇਰੀ ਰਾਤ ਵਿਚ ਵੀ ਪੂਰਾ ਦਿੱਸਦਾ ਹੈ। ਦੂਸਰੇ ਚੋਰ ਨੇ ਕਿਹਾ, ਮੈਂ ਹਾਥੀ ਜਿੰਨਾ ਬਲ ਰੱਖਦਾ ਹਾਂ। ਤੀਸਰੇ ਚੋਰ ਨੇ ਕਿਹਾ, ਪਹਾੜ ਜਿਡੀ ਉੱਚੀ ਦੀਵਾਰ ਹੋਵੇ, ਮੈਂ ਕਮੰਦ ਲਗਾ ਦੇਂਦਾ ਹਾਂ। ਚੌਥੇ ਚੋਰ ਨੇ ਕਿਹਾ ਕਿ ਮੈਂ ਕੁੱਤੇ ਦੀ ਆਵਾਜ਼ ਪਹਿਚਾਨਦਾ ਹਾਂ ਕਿ ਕੁੱਤਾ ਕੀ ਕਹਿੰਦਾ ਹੈ। ਪੰਜਵੇਂ ਨੇ ਕਿਹਾ, ਮੈਂ ਸੁੰਘ ਕੇ ਦੱਸ ਸਕਦਾ ਹਾਂ ਕਿ ਇਸ ਧਰਤੀ ਵਿਚ ਕੀ ਦੱਬਿਆ ਹੈ। ਰਾਜੇ ਨੇ ਕਿਹਾ ਕਿ ਇਕ ਖ਼ੂਬੀ ਮੇਰੇ ਵਿਚ ਵੀ ਹੈ, ਕੋਈ ਮਨੁੱਖ ਫਾਂਸੀ ਲੱਗ ਰਿਹਾ ਹੋਵੇ ਮੈਂ ਦਾੜ੍ਹੀ ਹਿਲਾ ਦੇਵਾਂ ਤਾਂ ਉਹ ਮਨੁੱਖ ਬਰੀ ਹੋ ਜਾਂਦਾ ਹੈ। ਸਾਰੇ ਚੋਰਾਂ ਕਿਹਾ, ਤੂੰ ਤਾਂ ਬੜੇ ਕੰਮ ਦਾ ਆਦਮੀ ਹੈਂ, ਅਸੀਂ ਤੈਨੂੰ ਮਿੱਤਰ ਬਣਾਉਂਦੇ ਹਾਂ। ਕਸਮ ਚੁੱਕੋ ਕਿ ਅਸੀਂ ਮਿੱਤਰ ਧ੍ਰੋਹ ਨਹੀਂ ਕਰਾਂਗੇ, ਆਪਸ ਵਿਚ ਧੋਖਾ ਨਹੀਂ ਕਰਾਂਗੇ, ਅਸੀਂ ਬਾਕੀ ਲੋਕਾਂ ਦੀ ਚੋਰੀ ਕਰਾਂਗੇ ਪਰ ਆਪਸ ਵਿਚ ਇਕ ਦੂਸਰੇ ਨਾਲ, ਬੇਈਮਾਨੀ, ਚੋਰੀ ਨਹੀਂ ਕਰਾਂਗੇ। ਸਾਰਿਆਂ ਨੇ ਕਸਮ ਚੁੱਕ ਲਈ।

ਰਾਤ ਨੂੰ ਚੋਰਾਂ ਨੇ ਰਾਜੇ ਦਾ ਹੀ ਖ਼ਜ਼ਾਨਾ ਲੁੱਟਿਆ। ਰਾਜੇ ਨੇ ਸਭ ਕੁਝ ਅੱਖੀਂ ਵੇਖਿਆ ਪਰ ਉਸ ਵੇਲੇ ਉਨ੍ਹਾਂ ਚੋਰਾਂ ਨੂੰ ਕੁਝ ਨਹੀਂ ਆਖਿਆ। ਉਨ੍ਹਾਂ ਆਪਣੇ ਅੱਡੇ ਤੇ ਜਾ ਕੇ ਇਮਾਨਦਾਰੀ ਨਾਲ ਰਾਜੇ ਨੂੰ ਲੁੱਟ ਦੇ ਮਾਲ ਦਾ ਛੇਵਾਂ ਹਿੱਸਾ ਦੇ ਦਿੱਤਾ। ਰਾਜਾ ਵਾਪਸ ਆ ਗਿਆ, ਆਪਣੇ ਸੈਨਿਕ ਭੇਜੇ। ਰਾਤ ਦੇ ਥੱਕੇ ਚੋਰ ਸੁੱਤੇ ਸਨ, ਉਨ੍ਹਾਂ ਪੰਜੇ ਹੀ ਫੜ ਕੇ ਲੈ ਆਂਦੇ। ਰਾਜੇ ਨੇ ਕਿਹਾ, ਇਨ੍ਹਾਂ ਪੰਜਾਂ ਨੂੰ ਫਾਂਸੀ ਲਗਾ ਦਿਓ, ਕਿਸੇ ਗਵਾਹੀ ਦੀ ਲੋੜ ਨਹੀਂ, ਇਨ੍ਹਾਂ ਨੂੰ ਚੋਰੀ ਕਰਦੇ ਮੈਂ ਆਪ ਹੀ ਵੇਖਿਆ ਹੈ। ਫਾਂਸੀ ਤਿਆਰ ਹੋ ਗਈ, ਜਿਹੜਾ ਚੋਰ ਕਹਿੰਦਾ ਸੀ ਮੈਂ ਰਾਤ ਜਿਸ ਬੰਦੇ ਨੂੰ ਹਨੇਰੇ ਵਿਚ ਵੇਖਾਂ ਤੇ ਦਿਨੇ ਪਛਾਣ ਸਕਦਾ ਹਾਂ, ਉਸ ਨੇ ਪਛਾਣ ਕੇ ਕਹਿ ਦਿੱਤਾ, ਇਹ ਤਾਂ ਸਾਡਾ ਰਾਤ ਵਾਲਾ ਸਾਥੀ ਹੈ। ਰਾਜਾ ਅਜੇ ਤੱਕ ਚੋਰਾਂ ਦੇ ਭੇਸ ਵਿਚ ਹੀ ਸੀ। ਚੋਰਾਂ ਨੇ ਕਿਹਾ, ਮਿੱਤਰਾ ਹੁਣ ਤੂੰ ਦਾੜ੍ਹੀ ਹਿਲਾ ਤਾਂ ਕਿ ਸਾਡੀ ਜਾਨ ਬਚ ਜਾਵੇ। ਰਾਜੇ ਨੇ ਦਾੜ੍ਹੀ ਹਿਲਾ ਦਿੱਤੀ, ਚੋਰਾਂ ਨੂੰ ਫਾਂਸੀ ਤੋਂ ਬਚਾ ਲਿਆ ਤੇ ਕਹਿਣ ਲੱਗਾ ਕਿ ਰਾਤੀਂ ਅਸੀਂ ਇਕ ਵਾਅਦਾ ਕੀਤਾ ਸੀ ਕਿ ਅਸੀਂ ਮਿੱਤਰ ਹਾਂ, ਕਸਮ ਵੀ ਚੁੱਕੀ ਸੀ ਕਿ ਆਪਸ ਵਿਚ ਮਿੱਤਰਾਂ ਦੇ ਘਰ ਚੋਰੀ ਨਹੀਂ ਕਰਾਂਗੇ। ਮੈਂ ਤਾਂ ਦਾੜ੍ਹੀ ਹਿਲਾ ਕੇ ਮਿੱਤ੍ਰਤਾ ਦਾ ਸਬੂਤ ਦਿੱਤਾ ਹੈ, ਹੁਣ ਤੁਸੀਂ ਦੱਸੋ ਤੁਹਾਡਾ ਕੀ ਇਰਾਦਾ ਹੈ। ਮੇਰਾ ਘਰ ਤਾਂ ਇਹ ਸਾਰਾ ਰਾਜ ਹੈ ਜੇ ਤੁਸੀਂ ਮਿੱਤਰ ਹੋ ਤਾਂ ਅੱਜ ਤੋਂ ਬਾਅਦ ਮਿੱਤਰ ਦੇ ਦੇਸ਼ ਵਿਚ ਮਿੱਤਰ ਬਣ ਕੇ ਰਹੋ, ਚੋਰੀ ਨਹੀਂ ਕਰਨੀ।

ਅਸਲ ਵਿਚ ਉਹ ਬਾਦਸ਼ਾਹ ਹੈ ਪ੍ਰਮਾਤਮਾ, ਚੋਰ ਹਾਂ ਅਸੀਂ। ਉਸ ਦੇ ਸਾਹਮਣੇ ਹੀ ਉਸ ਦੇ ਖ਼ਜ਼ਾਨੇ ਲੁੱਟਦੇ ਹਾਂ, ਉਸ ਦੇ ਸਾਹਮਣੇ ਹੀ ਅਵਗੁਣ ਕਰਦੇ ਹਾਂ। ਸਾਨੂੰ ਕੋਈ ਪਤਾ ਨਹੀਂ ਕਿ ਉਹ ਨਾਲ ਖੜ੍ਹਾ ਵੇਖ ਰਿਹਾ ਹੈ, ਕਿਸੇ ਗਵਾਹੀ ਦੀ ਲੋੜ ਨਹੀਂ।

*ਲੁਕਿ ਕਮਾਵੈ ਕਿਸ ਤੇ ਜਾਂ ਵੇਖੈ ਸਦਾ ਹਦੂਰਿ ॥*

—ਸਿਰੀ ਰਾਗ ਮ: ੫, ਪੰਨਾ ੪੮

ਤਥਾ : *ਤੂੰ ਭਰਪੂਰਿ ਜਾਨਿਆ ਮੈ ਦੂਰਿ ॥*
*ਜੋ ਕਿਛੁ ਕਰੀ ਸੁ ਤੇਰੈ ਹਦੂਰ ॥*

—ਸਿਰੀ ਰਾਗ ਮ: ੧, ਪੰਨਾ ੨੫

ਹੇ ਪ੍ਰਮਾਤਮਾ! ਅੰਤਮ ਸਮੇਂ ਤੇਰੀ ਦਾੜ੍ਹੀ ਹਿੱਲੇ ਜਾਂ ਤੇਰੀ ਬਖ਼ਸ਼ਿਸ਼ ਹਰਕਤ ਵਿਚ ਆਵੇ ਸਾਡੇ ਗਲੋਂ ਜਮਾਂ ਦੀ ਫਾਹੀ ਤਾਂ ਹੀ ਲਹਿ ਸਕਦੀ ਹੈ। ਧਰਮ ਕਲਾ ਤੋਂ ਵਿਹੂਣਾ ਮਨੁੱਖ ਮਨੁੱਖਾਂ ਕੋਲੋਂ ਬਖ਼ਸ਼ੀਸ਼ ਚਾਹੁੰਦਾ ਹੈ। ਮਨੁੱਖਾਂ ਕੋਲੋਂ ਕੁਝ ਮਿਲ ਵੀ ਜਾਏ ਤਾਂ ਲੈਣ ਵਾਲਾ ਜ਼ਲੀਲ ਭਿਖਾਰੀ ਬਣ ਜਾਏਗਾ। ਮਨੁੱਖਾਂ ਪਾਸੋਂ ਇਹ ਆਪਣੇ ਗੁਨਾਹ ਦੀ ਮੁਆਫ਼ੀ ਚਾਹੇ ਤਾਂ ਮੁਆਫ਼ ਕਰਨ ਵਾਲਾ ਤਾਂ ਕੋਈ ਗੁਰਮੁਖ ਜਨ ਹੋਵੇਗਾ, ਬਹੁਤੇ ਤਾਂ ਕਿਸੇ ਦਾ ਰਾਜ਼ ਲੈ ਕੇ ਭੰਡੀ ਪ੍ਰਚਾਰ ਕਰਨ ਵਾਲੇ ਹੀ ਹੁੰਦੇ ਹਨ।

ਜਦੋਂ ਜੀਵਨ ਵਿਚ ਧਰਮ ਕਲਾ ਆ ਜਾਵੇ ਫਿਰ ਮਨੁੱਖ ਬਖਸ਼ੰਦ ਪ੍ਰਭੂ ਨਾਲ

ਜੁੜ ਜਾਂਦਾ ਹੈ ਤੇ ਇਹ ਅਰਦਾਸ ਕਰਦਾ ਹੈ ਕਿ–

*ਇਹ ਬਖਸ਼ੀਸ਼ ਖਸਮ ਤੇ ਪਾਵਾ॥ ਆਠ ਪਹਿਰ ਕਰ ਜੋੜਿ ਧਿਆਵਾ॥*

–ਮਾਰੂ ਸੋਲਹੇ, ਪੰਨਾ ੧੦੭੭

ਬੰਦਾ ਬੰਦੇ ਨੂੰ ਕੁਝ ਦੇਣ ਲੱਗੇ ਤੇ ਕੋਈ ਅਚਾਨਕ ਕਹਿ ਦੇਵੇ ਇਹ ਪਾਤਰ ਨਹੀਂ ਤੇਰੀ ਬਖ਼ਸ਼ਿਸ਼ ਗ਼ਲਤ ਥਾਂ ਤੇ ਜਾ ਰਹੀ ਹੈ, ਹੋ ਸਕਦਾ ਹੈ ਬੰਦਾ ਪਿੱਛੇ ਹੱਥ ਖਿੱਚ ਲਵੇ ਪਰ ਹੇ ਪ੍ਰਮਾਤਮਾ!

*ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ॥*

–ਸੂਹੀ ਮ: ੫, ਪੰਨਾ ੭੫੦

ਬਖ਼ਸ਼ੀਸ਼ ਲੈਣੀ ਹੈ ਤਾਂ ਸਿਰਫ਼ ਇਕ ਹੀ ਥਾਂ ਹੈ, ਪ੍ਰਮਾਤਮਾ ਦਾ ਘਰ। ਜਿਨ੍ਹਾਂ ਨੂੰ ਧਰਮ ਕਲਾ ਦੀ ਦਾਤ ਮਿਲੀ ਹੈ ਉਹ ਇਕ ਦੇ ਭਿਖਾਰੀ ਹਨ ਪਰ ਜਗਤ ਵਿਚ ਰਾਜਿਆਂ ਦੇ ਰਾਜੇ ਹਨ।

*ਹਮ ਭੀਖਕ ਭੇਖਾਰੀ ਤੇਰੇ ਤੂ ਨਿਜਪਤਿ ਹੈ ਦਾਤਾ॥*
*ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕਉ ਸਦਾ ਰਹਉ ਰੰਗਿ ਰਾਤਾ॥*

–ਧਨਾਸਰੀ ਮ: ੩, ਪੰਨਾ ੬੬੬

ਧਰਮ ਕਲਾ ਤੋਂ ਬਿਨਾਂ ਭਿਖਾਰੀ ਘਰ-ਘਰ ਭਟਕਦਾ ਹੈ, ਕੋਈ ਦਰਵਾਜ਼ੇ ਦੇ ਅੰਦਰ ਨਹੀਂ ਵੜਨ ਦਿੰਦਾ ਪਰ ਧਰਮ ਕਲਾ ਨਾਲ ਰੱਬ ਦਾ ਭਿਖਾਰੀ ਬਣ ਕੇ ਪ੍ਰਮਾਤਮਾ ਦੇ ਘਰ ਪਹੁੰਚ ਜਾਂਦਾ ਹੈ।

❀ ❀ ❀

# ੧੧

# ਸੂਰਮਤਾਈ ਤੇ ਧਰਮ ਕਲਾ

ਸੰਸਾਰ ਵਿਚ ਉਨ੍ਹਾਂ ਬੰਦਿਆਂ ਦਾ ਇਤਿਹਾਸ ਹੈ ਜਿਨ੍ਹਾਂ ਵਿਚ ਆਮ ਬੰਦਿਆਂ ਨਾਲੋਂ ਜ਼ਿਆਦਾ ਗੁਣ ਸਨ ਜਾਂ ਆਮ ਬੰਦਿਆਂ ਨਾਲੋਂ ਜ਼ਿਆਦਾ ਸ਼ਕਤੀ ਸੀ, ਉਨ੍ਹਾਂ ਬੰਦਿਆਂ ਦੀ ਚਰਚਾ ਸੰਸਾਰ ਵਿਚ ਚੱਲੀ ਹੈ। ਮਨੁੱਖ ਵਿਚ ਸ਼ਕਤੀ ਵੀ ਹੋਵੇ ਤੇ ਮਨੁੱਖ ਨਿਰਭੈ ਵੀ ਹੋਵੇ, ਮੌਤ ਦਾ ਡਰ ਪਾਸੇ ਰੱਖ ਕੇ ਆਪਣੇ ਆਪ ਨੂੰ ਖਤਰੇ ਵਿਚ ਪਾ ਦੇਵੇ ਐਸੇ ਮਨੁੱਖ ਨੂੰ ਵੇਖ ਕੇ ਦੁਨੀਆ ਅਸ਼-ਅਸ਼ ਕਰ ਉਠਦੀ ਹੈ।

ਸੰਸਾਰ ਵਿਚ ਅਨੇਕਾਂ ਐਸੇ ਯੋਧੇ ਹੋਏ ਹਨ ਜਿਨ੍ਹਾਂ ਵਿਚ ਸਰੀਰਕ ਬਲ ਬੜਾ ਸੀ, ਫਿਰ ਉਨ੍ਹਾਂ ਸ਼ਸਤਰ ਵਿੱਦਿਆ ਵੀ ਸਿਖ ਲਈ। ਉਨ੍ਹਾਂ ਦੇ ਨਾਂ ਨੂੰ ਸੁਣ ਕੇ ਜਗਤ ਕੰਬ ਜਾਂਦਾ ਸੀ, ਉਨ੍ਹਾਂ ਦੇ ਸਾਹਮਣੇ ਖੜ੍ਹਾ ਹੋਣਾ ਮੁਸ਼ਕਿਲ ਸੀ। ਤਲਵਾਰ ਫੜ ਕੇ ਅਨੇਕਾਂ ਨੂੰ ਮੌਤ ਦੇ ਘਾਟ ਉਤਾਰ ਦੇਣਾ, ਤੀਰਾਂ ਨਾਲ ਵੈਰੀ ਦੇ ਦਲਾਂ ਨੂੰ ਛਾਣਨੀ-ਛਾਣਨੀ ਕਰ ਦੇਣਾ, ਮਸਤ ਹਾਥੀਆਂ ਨੂੰ ਹਰਾ ਕੇ ਭਜਾ ਦੇਣਾ, ਨਿਰਭੈ ਹੋ ਕੇ ਤਲਵਾਰਾਂ ਦੇ ਵਾਰ ਸਹਾਰਨੇ, ਮਰ ਜਾਣਾ ਪਰ ਰਣਭੂਮੀ ਵਿਚੋਂ ਭੱਜਣਾ ਨਹੀਂ। ਸੂਰਮਾ ਹੀ ਉਹ ਕਿਹਾ ਜਾਂਦਾ ਸੀ ਜਿਹੜਾ ਇਕੱਲਾ ਅਨੇਕਾਂ ਨੂੰ ਮਾਰੇ ਜਾਂ ਮਰ ਜਾਏ ਪਰ ਰਣ ਵਿਚ ਪਿੱਠ ਨਾ ਵਿਖਾਏ।

ਹਰ ਰਾਜਾ ਆਪਣੇ ਸਿਪਾਹੀਆਂ ਨੂੰ ਇਹ ਸਿੱਖਿਆ ਦੇਂਦਾ ਸੀ ਕਿ ਜਿਸ ਦਾ ਲੂਣ ਖਾਈਏ ਉਸ ਨੂੰ ਛੱਡ ਕੇ ਨਹੀਂ ਜਾਣਾ ਚਾਹੀਦਾ, ਉਸ ਦੇ ਥਾਂ ਜਿਥੇ ਉਹ ਕਹੇ, ਉਥੇ ਸਿਰ ਦੇ ਦੇਵੋ। ਬਹਾਦਰ ਬੰਦੇ ਨੂੰ ਸੋਚਣ ਦਾ ਕੋਈ ਅਧਿਕਾਰ ਨਹੀਂ, ਉਸ ਦਾ ਕੰਮ ਹੈ ਮਾਰ ਦੇਣਾ ਜਾਂ ਮਰ ਜਾਣਾ। ਮੇਰਾ ਕੀ ਬਣੇਗਾ? ਮੇਰੇ ਪਰਿਵਾਰ ਦਾ ਕੀ ਬਣੇਗਾ? ਖੂਨ ਦੀਆਂ ਨਦੀਆਂ ਵਹਾ ਕੇ ਕੀ ਮਿਲੇਗਾ? ਇਹੋ ਜਿਹੀਆਂ ਸੋਚਾਂ ਸੋਚਣ ਵਾਲਾ ਤਾਂ ਕਾਇਰ ਕਿਹਾ ਜਾਂਦਾ ਸੀ। ਰਾਜਾ ਹਮੇਸ਼ਾ ਆਪਣੇ ਸੈਨਿਕਾਂ ਨੂੰ ਤਰਸ, ਰਹਿਮ, ਦਇਆ ਦੇ ਉਪਦੇਸ਼ਾਂ ਤੋਂ ਬਚਾ ਕੇ ਰੱਖਦਾ ਸੀ। ਸੈਨਿਕਾਂ ਨੂੰ ਸਿਰਫ਼ ਸੂਰਬੀਰਾਂ ਦੇ ਕਿੱਸੇ ਸੁਣਾਏ ਜਾਂਦੇ ਸਨ। ਕਿੱਸੇ ਵੀ ਐਸੇ ਕਿ ਇਕ ਸੂਰਮਾ ਹਜ਼ਾਰਾਂ ਨੂੰ ਮਾਰ ਕੇ ਆਪ ਵੀ ਮਰ ਗਿਆ, ਕਿੰਨਾ ਨਿਰਭੈ ਸੀ।

ਗੁਰੂ ਗੋਬਿੰਦ ਸਿੰਘ ਜੀ ਯੋਧਿਆਂ ਬਾਰੇ ਲਿਖਦੇ ਹਨ–

*ਬੀਰ ਅਪਾਰ ਬਡੇ ਬਰਿਆਰ ਅਬਿਚਾਰਹਿ ਸਾਰ ਕੀ ਧਾਰ ਭਛੈਯਾ॥*
*ਤੋਰਤ ਦੇਸ ਮਲਿੰਦ ਮਵਾਸਨ ਮਾਤੇ ਗਜਾਨ ਕੇ ਮਾਨ ਮਲੈਯਾ॥*
*ਗਾੜੇ ਗੜਾਨ ਕੋ ਤੋੜਨਹਾਰ ਸੁ ਬਾਤਨ ਹੀ ਚਕ ਚਾਰ ਲਵੈਯਾ॥*
*ਸਾਹਿਬ ਸ੍ਰੀ ਸਭ ਕੋ ਸਿਰ ਨਾਇਕ ਜਾਚਕ ਅਨੇਕ ਸੁ ਏਕ ਦਿਵੈਯਾ॥*

ਇਹ ਤਾਂ ਠੀਕ ਹੈ ਕਿ ਬੰਦੇ ਵਿਚ ਬਲ ਹੋਣਾ ਚਾਹੀਦਾ ਹੈ, ਬੰਦਾ ਸਮਾਂ ਪੈਣ ਤੇ ਆਪਣੀ ਰੱਖਿਆ ਕਰ ਸਕੇ। ਪਰ ਬਿਨਾਂ ਮਤਲਬ ਤੋਂ ਹੀ ਲੜਾਈ ਕਰੀ ਜਾਣੀ, ਛੋਟੀਆਂ-ਛੋਟੀਆਂ ਗੱਲਾਂ ਜੋ ਪਾਗਲਪਨ ਦੀਆਂ ਹੀ ਗੱਲਾਂ ਹੋਣ ਉਨ੍ਹਾਂ ਵਾਸਤੇ ਖੂਨ ਖਰਾਬਾ ਕਰੀ ਜਾਣਾ, ਸੂਰਮਤਾਈ ਨਹੀਂ। ਲੜਾਈ ਤਾਂ ਆਖਰੀ ਹਥਿਆਰ ਹੈ ਕਿ ਜਦੋਂ ਕੋਈ ਹੀਲਾ ਬਹਾਨਾ ਕੰਮ ਨਾ ਦੇਵੇ ਫਿਰ ਮਰਦ ਬੰਦਾ ਤਲਵਾਰ ਹੱਥ ਵਿਚ ਲੈ ਲਵੇ।

*ਚੂ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥*
*ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ॥*

ਪਰ ਬਿਨਾਂ ਮਤਲਬ ਦੇ ਹੀ ਬੰਦਾ ਆਪਣੇ ਬਲ ਦੀ ਪ੍ਰਦਰਸ਼ਨੀ ਕਰਦਾ ਫਿਰੇ, ਕਮਜ਼ੋਰ ਬੰਦਿਆਂ ਨੂੰ ਡਰਾਉਂਦਾ ਫਿਰੇ, ਰਾਹ ਜਾਂਦਿਆਂ ਨਾਲ ਫਸਾਦ ਕਰੀ ਜਾਵੇ ਇਹ ਬਹਾਦਰੀ ਨਹੀਂ।

ਸੰਸਾਰ ਦੀਆਂ ਬਹੁਤੀਆਂ ਲੜਾਈਆਂ ਦੇ ਕਾਰਨ, ਜ਼ਰ, ਜੋਰੂ ਤੇ ਜ਼ਮੀਨ ਸੀ, ਭਾਵ ਕਿਸੇ ਦਾ ਧਨ ਖੋਹਣ ਲਈ ਲੜਾਈ ਹੋਈ ਜਾਂ ਇਸਤਰੀ ਤੋਂ ਲੜਾਈ ਹੋਈ, ਜ਼ਮੀਨ ਤੋਂ ਲੜਾਈ ਹੋਈ। ਪਰ ਕੁਝ ਲੜਾਈਆਂ ਐਸੀਆਂ ਵੀ ਹੋਈਆਂ ਜਿਨ੍ਹਾਂ ਦਾ ਕਾਰਨ ਸਿਰਫ਼ ਹੰਕਾਰ ਸੀ। ਰਾਹ ਜਾਂਦਿਆਂ ਕਿਸੇ ਨੂੰ ਗਾਲੀ ਦੇ ਦੇਣੀ, ਰਾਹ ਜਾਂਦੇ ਨੂੰ ਮਜ਼ਾਕ ਕਰ ਦੇਣਾ, ਇਨ੍ਹਾਂ ਗੱਲਾਂ ਤੋਂ ਖ਼ੂਨ ਖ਼ਰਾਬਾ ਕਰਨ ਵਾਲੇ ਵੀ ਆਪਣੇ ਆਪ ਨੂੰ ਬਹਾਦਰ ਸਮਝਦੇ ਰਹੇ ਹਨ।

ਮੈਂ ਸੁਣਿਆ ਹੈ, ਇਕ ਪਿੰਡ ਦਾ ਚੌਧਰੀ ਸੀ ਤੇ ਉਸ ਨੂੰ ਆਦਤ ਸੀ ਕਿ ਉੱਚਾ ਤੁਰਲਾ ਰੱਖ ਕੇ ਪੱਗ ਬੰਨ੍ਹਣੀ। ਉਸ ਇਲਾਕੇ ਵਿਚ ਕੋਈ ਉਸ ਤੋਂ ਡਰਦਾ ਤੁਰਲਾ ਛੱਡ ਕੇ ਪੱਗ ਨਹੀਂ ਸੀਂ ਬੰਨ੍ਹਦਾ। ਉਸ ਦਾ ਕਾਰਨ ਸੀ ਕਿ ਉਸ ਨੇ ਦੋ ਬਰਛੀਆਂ ਆਪਣੇ ਕੋਲ ਰੱਖੀਆਂ ਸਨ। ਜਿਹੜਾ ਤੁਰਲੇ ਵਾਲੀ ਪੱਗ ਬੰਨ੍ਹ ਕੇ ਆਵੇ ਉਸ ਨੂੰ ਕਹਿਣਾ ਕਿ ਜਾਂ ਤਾਂ ਆਪਣਾ ਤੁਰਲਾ ਪੱਗ ਵਿਚ ਲੁਕਾ ਲੈ ਜਾਂ ਇਕ ਬਰਛੀ ਚੁਕ ਕੇ ਮੇਰੇ ਨਾਲ ਲੜ। ਤੁਰਲਾ ਇਕ ਦਾ ਹੀ ਉੱਚਾ ਰਹੇਗਾ; ਦੋਹਾਂ ਦਾ ਨਹੀਂ।

ਇਕ ਸ਼ਾਹ ਜੀ ਸਨ, ਆਖਰ ਉਨ੍ਹਾਂ ਵੀ ਕਈਆਂ ਥਾਵਾਂ ਤੇ ਵਿਆਜ ਤੇ ਪੈਸੇ ਦਿੱਤੇ ਸਨ, ਉਨ੍ਹਾਂ ਨੂੰ ਵੀ ਤੁਰਲਾ ਛੱਡਣ ਦੀ ਆਦਤ ਸੀ। ਕਿਸੇ ਕੰਮ ਇਸ ਨਗਰ ਵਿਚ ਆ ਗਏ, ਚੌਧਰੀ ਸਾਹਿਬ ਨੇ ਕਹਿ ਦਿੱਤਾ, ਜਾਂ ਤਾਂ ਤੁਰਲਾ ਪੱਗ ਵਿਚ ਲੁਕਾ ਲਓ ਜਾਂ ਇਕ ਬਰਛੀ ਚੁਕੋ ਤੇ ਮੇਰੇ ਨਾਲ ਲੜੋ। ਸ਼ਾਹ ਜੀ ਨੇ ਕਿਹਾ, ''ਤੇਰਾ ਕੋਈ ਬਾਲ ਬੱਚਾ ਹੈ।'' ਚੌਧਰੀ ਨੇ ਕਿਹਾ, ''ਬਾਲ ਬੱਚਾ ਕੋਈ ਨਹੀਂ, ਸਿਰਫ਼ ਪਤਨੀ ਹੀ ਹੈ।'' ਸ਼ਾਹ ਜੀ ਕਹਿਣ ਲੱਗੇ, ''ਮੇਰੀ ਵੀ ਪਤਨੀ ਹੀ ਹੈ, ਬੱਚਾ ਕੋਈ ਨਹੀਂ, ਵੇਖ ਚੌਧਰੀ !

ਅਸੀਂ ਜੇ ਦੋਵੇਂ ਮਰ ਗਏ ਤਾਂ ਪਤਨੀਆਂ ਦਾ ਕੀ ਬਣੇਗਾ, ਕੋਈ ਪੁੱਤਰ ਹੀ ਹੁੰਦੇ ਇਨ੍ਹਾਂ ਦੀ ਦੇਖ ਭਾਲ ਕਰਦੇ, ਜੇ ਤੂੰ ਮਰ ਗਿਆ ਤਾਂ ਤੇਰੀ ਪਤਨੀ ਰੁਲ ਜਾਵੇਗੀ, ਜੇਕਰ ਮੈਂ ਮਰ ਗਿਆ ਤਾਂ ਮੇਰੀ ਪਤਨੀ ਰੁਲ ਜਾਵੇਗੀ।'' ਚੌਧਰੀ ਸਾਹਿਬ ਕਹਿਣ ਲੱਗੇ, ਇਸ ਗੱਲ ਦਾ ਤਾਂ ਇਲਾਜ ਹੀ ਬੜਾ ਸੌਖਾ ਹੈ, ਤੂੰ ਆਪਣੀ ਪਤਨੀ ਨੂੰ ਮਾਰ ਕੇ ਆ ਜਾ, ਮੈਂ ਆਪਣੀ ਪਤਨੀ ਨੂੰ ਮਾਰ ਆਉਂਦਾ ਹਾਂ ਫਿਰ ਅਸੀਂ ਲੜ ਕੇ ਫੈਸਲਾ ਕਰਾਂਗੇ ਕਿ ਕਿਸ ਦਾ ਤੁਰਲਾ ਉੱਚਾ ਰਹਿਣਾ ਚਾਹੀਦਾ ਹੈ। ਸ਼ਾਹ ਜੀ ਨੇ ਕਿਹਾ, ''ਠੀਕ ਹੈ।'' ਸ਼ਾਹ ਜੀ ਬਰਛੀ ਵੀ ਲੈ ਗਏ।

ਚੌਧਰੀ ਸਾਹਿਬ ਪਤਨੀ ਨੂੰ ਮਾਰ ਕੇ ਆ ਕੇ ਸ਼ਾਹ ਜੀ ਦੀ ਉਡੀਕ ਕਰਨ ਲੱਗੇ, ਪਰ ਸ਼ਾਹ ਜੀ ਦਾ ਦੂਸਰੇ ਦਿਨ ਸੁਨੇਹਾ ਆ ਗਿਆ ਕਿ ਅੱਗੋਂ ਵਾਸਤੇ ਨਾ ਮੈਂ ਤੇਰੇ ਇਲਾਕੇ ਵਿਚ ਆਵਾਂਗਾ ਤੇ ਨਾ ਹੀ ਆਪਾਂ ਲੜਾਂਗੇ। ਤੇਰੇ ਘਰ ਤੇਰਾ ਤੁਰਲਾ ਮੁਬਾਰਕ ਤੇ ਮੇਰੇ ਘਰ ਮੇਰਾ ਤੁਰਲਾ ਮੁਬਾਰਕ। ਚੌਧਰੀ ਸਾਹਿਬ ਬੜੇ ਖ਼ੁਸ਼ ਬੈਠੇ ਸਨ ਕਿ ਪਾਜ਼ੀ ਕਾਇਰ ਮੈਦਾਨ ਛੱਡ ਕੇ ਭੱਜ ਗਿਆ ਹੈ, ਮੇਰੇ ਵਰਗਾ ਸੂਰਮਾ, ਮੇਰੇ ਵਰਗਾ ਜੋਧਾ ਕਿਥੋਂ ਮਿਲੇਗਾ। ਪਰ ਕੀ ਐਸਾ ਬੰਦਾ ਸੂਰਮਾ ਹੈ ਜਾਂ ਮਹਾਂ-ਮੂਰਖ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਈ ਵਾਰਾਂ ਹਨ। ਨੌਂ ਵਾਰਾਂ ਨਾਲ, ਨੌਂ ਧੁਨਾਂ ਸਤਿਗੁਰੂ ਅਰਜਨ ਦੇਵ ਜੀ ਨੇ ਦਰਜ ਕੀਤੀਆਂ ਸਨ ਤਾਂਕਿ ਬਹਾਦਰੀ ਬਾਰੇ ਪਤਾ ਲੱਗ ਸਕੇ ਕਿ ਬਹਾਦਰ ਬੰਦੇ ਦਾ ਕੀ ਮਕਸਦ ਸੀ ਜਿਸ ਲਈ ਉਸ ਨੇ ਸਿਰ ਧੜ ਦੀ ਬਾਜ਼ੀ ਲਗਾ ਦਿੱਤੀ।

੧. ਮਾਝ ਵਾਰ ਦੇ ਅਰੰਭ ਵਿਚ ਲਿਖਿਆ ਹੈ, ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆਂ ਕੀ ਧੁਨੀ ਗਾਵਣੀ। ਮਲਕ ਮੁਰੀਦ ਤੇ ਚੰਦ੍ਰਹੜਾ ਦੋ ਰਾਜਪੂਤ ਸਰਦਾਰ ਸਨ। ਮੁਰੀਦ ਖਾਂ ਕਾਬਲ ਦੀ ਮੁਹਿੰਮ ਤੇ ਗਿਆ, ਅਕਬਰ ਬਾਦਸ਼ਾਹ ਨੂੰ ਚੰਦ੍ਰਹੜਾ ਨੇ ਚੁਗਲੀ ਖਾਧੀ ਕਿ ਮੁਰੀਦ ਖਾਂ ਆਕੀ ਹੋ ਗਿਆ ਹੈ। ਅਕਬਰ ਨੇ ਚੰਦ੍ਰਹੜਾ ਨੂੰ ਫ਼ੌਜ ਦੇ ਕੇ ਭੇਜ ਦਿੱਤਾ, ਦੋਵੇਂ ਹੀ ਕਾਬਲ ਵਿਚ ਲੜ ਕੇ ਮਰ ਗਏ। ਢਾਡੀਆਂ ਨੇ ਵਾਰ ਬਣਾ ਦਿੱਤੀ, ਇਸ ਵਾਰ ਦਾ ਭਾਵ ਸੀ ਕਿ ਮੁਰੀਦ ਖਾਂ ਬਹਾਦਰ ਸੀ ਪਰ ਚੰਦ੍ਰਹੜਾ ਨੇ ਬਹਾਦਰਾਂ ਵਾਲਾ ਕੰਮ ਨਹੀਂ ਕੀਤਾ, ਈਰਖਾ ਕੀਤੀ ਹੈ ਜੋ ਬਹਾਦਰ ਬੰਦੇ ਨੂੰ ਨਹੀਂ ਸੋਭਦੀ।

੨. ਗਉੜੀ ਦੀ ਵਾਰ ਮ: ੫ ਦੇ ਅਰੰਭ ਵਿਚ, ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ-ਸਿਰਲੇਖ ਹੈ। ਬਾਰ ਵਿਚ ਚੌਧਰੀ ਕਮਾਲਦੀਨ ਰਹਿੰਦਾ ਸੀ, ਉਸ ਨੇ ਆਪਣੇ ਭਰਾ ਸਾਰੰਗ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ। ਸਾਰੰਗ ਦੀ ਪਤਨੀ ਆਪਣੇ ਪੁੱਤਰ ਨੂੰ ਲੈ ਕੇ ਪੇਕੇ ਚਲੀ ਗਈ, ਉਸਦਾ ਨਾਮ ਮੁਅੱਜ਼ਦੀਨ ਸੀ, ਉਹ ਵੱਡਾ ਹੋ ਕੇ ਆਪਣੀ ਫ਼ੌਜ ਲੈ ਕੇ ਆਇਆ ਤੇ ਚੌਧਰੀ ਕਮਾਲਦੀਨ ਨੂੰ ਉਸ ਦੀ ਕੀਤੀ ਦੀ ਸਜ਼ਾ ਦਿੱਤੀ, ਮਾਰ ਦਿੱਤਾ। ਇਹ ਹੈ ਬਹਾਦਰੀ, ਢਾਡੀਆਂ ਇਸ ਦੀ ਵੀ ਵਾਰ ਗਾਈ।

੩. ਆਸਾ ਦੀ ਵਾਰ ਵਿਚ ਟੁੰਡੇ ਅਸਰਾਜੇ ਦੀ ਧੁਨੀ ਹੈ। ਅਸਰਾਜ ਰਾਜ ਕੁਮਾਰ ਰਾਜੇ ਸਾਰੰਗ ਦਾ ਪੁੱਤਰ ਸੀ, ਇਸਦਾ ਪੂਰਨ ਭਗਤ ਵਰਗਾ ਹੀ ਕਿੱਸਾ ਹੈ। ਇਸ

ਦੀ ਮਤਰੇਈ ਮਾਂ ਨੇ ਇਸ ਤੇ ਦੋਸ਼ ਲਾਇਆ ਜੋ ਬਿਲਕੁਲ ਨਿਰਮੂਲ ਸੀ। ਰਾਜੇ ਸਾਰੰਗ ਨੇ ਅਸਰਾਜ ਨੂੰ ਸਜ਼ਾਏ ਮੌਤ ਦਿੱਤੀ। ਸਿਆਣੇ ਵਜ਼ੀਰ ਨੇ ਅਸਰਾਜ ਨੂੰ ਜਾਨੋਂ ਨਾ ਮਾਰਿਆ ਉਸਦਾ ਇਕ ਹੱਥ ਕੱਟ ਕੇ ਨਿਸ਼ਾਨੀ ਵਜੋਂ ਰਾਜੇ ਸਾਰੰਗ ਨੂੰ ਵਿਖਾ ਦਿੱਤਾ। ਇਸ ਨੂੰ ਵਣਜਾਰਿਆਂ ਨੇ ਨਾਲ ਲਿਆ ਤੇ ਇਕ ਧੋਬੀ ਦੇ ਪਾਸ ਵੇਚ ਦਿੱਤਾ। ਉਥੋਂ ਦਾ ਰਾਜਾ ਸੰਤਾਨਹੀਣ ਮਰ ਗਿਆ। ਵਜ਼ੀਰਾਂ ਨੇ ਫੈਸਲਾ ਕੀਤਾ ਕਿ ਜਿਹੜਾ ਮਨੁੱਖ ਬਾਹਰਲੇ ਦਰਵਾਜ਼ੇ ਨੂੰ ਹੱਥ ਲਾਏ ਤੇ ਉਸਦੇ ਹੱਥ ਲਗਾਉਣ ਨਾਲ ਤਾਲਾ ਖੁਲ੍ਹ ਜਾਏ, ਐਸੇ ਬੰਦੇ ਨੂੰ ਰਾਜਾ ਬਣਾ ਦਿੱਤਾ ਜਾਏ। ਇਤਫਾਕ ਨਾਲ ਧੋਬੀ ਦਾ ਬੈਲ ਗਵਾਚ ਗਿਆ, ਅਸਰਾਜ ਲੱਭਦਾ ਇਧਰ ਆ ਗਿਆ। ਇਸਦੇ ਭਾਗ ਜਾਗੇ, ਸੁਭਾਵਕ ਹੀ ਦਰਵਾਜ਼ੇ ਦੇ ਤਾਲੇ ਨੂੰ ਹੱਥ ਲਗਾ ਦਿੱਤਾ, ਜੰਦਰਾ ਖੁਲ੍ਹ ਗਿਆ। ਵਜ਼ੀਰਾਂ ਨੇ ਇਸ ਨੂੰ ਰਾਜਾ ਬਣਾ ਦਿੱਤਾ। ਇਸ ਨੇ ਪਿਛਲੇ ਸੰਸਕਾਰਾਂ ਕਰਕੇ ਤੇ ਧਰਮੀ ਸੁਭਾਅ ਹੋਣ ਕਰਕੇ ਪਰਜਾ ਦੇ ਦਿਲ ਨੂੰ ਜਿੱਤਿਆ, ਬੜਾ ਚੰਗਾ ਰਾਜ ਪ੍ਰਬੰਧ ਕੀਤਾ। ਕੁਝ ਸਮਾਂ ਪਾ ਕੇ ਕੁਝ ਰਾਜਾਂ ਵਿਚ ਕਾਲ ਪੈ ਗਿਆ, ਅਸਰਾਜ ਨੇ ਸਾਰਿਆਂ ਨੂੰ ਸਹਾਇਤਾ ਦਿੱਤੀ। ਇਸਦੇ ਬਾਪ ਦਾ ਭੇਜਿਆ ਵਜ਼ੀਰ ਆਇਆ ਉਸ ਨੇ ਅਸਰਾਜ ਨੂੰ ਪਛਾਣ ਲਿਆ, ਬਹੁਤ ਸਾਰਾ ਅਨਾਜ ਦਿੱਤਾ। ਰਾਜੇ ਨੂੰ ਪਤਾ ਲੱਗਾ ਉਸ ਨੇ ਆਪਣਾ ਰਾਜ ਵੀ ਅਸਰਾਜ ਨੂੰ ਸੌਂਪ ਦਿੱਤਾ ਤੇ ਕਿਹਾ ਇਹ ਹੈ ਸੂਰਮਤਾਈ। ਧਰਮ ਕਾਇਮ ਰੱਖਿਆ, ਮੁਸੀਬਤ ਝਲ ਲਈਂ ਫਿਰ ਵੀ ਸਾਡਾ ਬੁਰਾ ਨਹੀਂ ਚਿਤਵਿਆ। ਢਾਡੀਆਂ ਇਸ ਦੀਆਂ ਵਾਰਾਂ ਗਾਈਆਂ।

੪. ਗੁਜਰੀ ਕੀ ਵਾਰ ਮ: ੪ ਦੇ ਉੱਪਰ ਇਕ ਸਿਰਲੇਖ ਹੈ, ਸਿਕੰਦਰ ਇਬਰਾਹਿਮ ਦੀ ਵਾਰ ਕੀ ਧੁਨੀ ਗਾਉਣੀ। ਸਿਕੰਦਰ ਤੇ ਇਬਰਾਹੀਮ ਦੋਵੇਂ ਬਲਵਾਨ ਤੇ ਚੰਗੀ ਮਾਲਕੀ ਵਾਲੇ ਪ੍ਰਸਿੱਧ ਵਿਅਕਤੀ ਸਨ, ਰਿਸ਼ਤੇਦਾਰ ਸਨ। ਸਿਕੰਦਰ ਨੇਕ ਪੁਰਸ਼ ਸੀ, ਇਬਰਾਹੀਮ ਮੰਦ ਕਰਮੀ ਸੀ। ਇਕ ਵਾਰ ਇਕ ਬ੍ਰਾਹਮਣ ਦੀ ਪਤਨੀ ਨੂੰ ਖੋਹ ਲੈਣ ਦੀ ਇਸ ਦੀ ਨੀਯਤ ਬਣ ਗਈ। ਸਿਕੰਦਰ ਨੇ ਇਸ ਨੂੰ ਰੋਕਿਆ, ਇਸ ਨੇ ਉਲਟਾ ਕਿਹਾ, ਹਿੰਦੂਆਂ ਦਾ ਸਭ ਕੁਝ ਸਾਡੀ ਸੇਵਾ ਵਾਸਤੇ ਹੈ, ਤੈਨੂੰ ਸਗੋਂ ਇਸ ਕੰਮ ਵਿਚ ਮੇਰੀ ਇਮਦਾਦ ਕਰਨੀ ਚਾਹੀਦੀ ਹੈ। ਹਿੰਦੂਆਂ ਕੋਲ ਜ਼ਰ, ਜੋਰੂ, ਜ਼ਮੀਨ ਕੁਝ ਨਹੀਂ ਰਹਿਣਾ ਚਾਹੀਦਾ। ਉਸ ਬ੍ਰਾਹਮਣ ਨੇ ਪਤਨੀ ਸਮੇਤ ਸਿਕੰਦਰ ਦੀ ਸ਼ਰਨ ਲਈ, ਇਬਰਾਹੀਮ ਫਿਰ ਵੀ ਨਾ ਟਲਿਆ। ਆਖਰ ਲੜਾਈ ਹੋਈ ਇਬਰਾਹੀਮ ਮਾਰਿਆ ਗਿਆ। ਢਾਡੀਆਂ ਨੇ ਵਾਰ ਗਾਈ ਕਿ ਸਿਕੰਦਰ ਨੇ ਸੂਰਮਿਆਂ ਵਾਲਾ ਕੰਮ ਕੀਤਾ ਹੈ, ਇਹ ਹੈ ਅਸਲ ਬਹਾਦਰੀ।

੫. ਵਡਹੰਸ ਕੀ ਵਾਰ ਮ: ੪ ਨਾਲ ਲਲਾਂ ਬਹਿਲੀਮਾ ਕੀ ਧੁਨੀ ਦਰਜ ਹੈ। ਲਲਾਂ ਤੇ ਬਹਿਲੀਮਾ ਦੋ ਰਾਜਪੂਤ ਰਾਜੇ ਸਨ। ਲਲਾਂ ਨੇ ਆਪਣੀ ਖੇਤੀ ਵਾਸਤੇ ਬਹਿਲੀਮਾ ਤੋਂ ਪਾਣੀ ਲਿਆ, ਖੇਤੀ ਤੋਂ ਜੋ ਅਨਾਜ ਨਿਕਲੇ ਉਸ ਦਾ ਛੇਵਾਂ ਹਿੱਸਾ ਬਹਿਲੀਮਾ ਨੂੰ ਦੇਣਾ ਸੀ ਪਰ ਜਦੋਂ ਖੇਤੀ ਪੱਕ ਗਈ, ਲਲਾਂ ਮੁਕਰ ਗਿਆ। ਇਸ ਤੇ ਦੋਹਾਂ ਵਿਚ ਜੰਗ ਹੋਈ, ਬਹਿਲੀਮਾ ਜਿੱਤ ਗਿਆ। ਢਾਡੀਆਂ ਨੇ ਇਹਨਾਂ ਦੀ ਵਾਰ ਗਾਈ। ਲੋੜ ਵੇਲੇ ਕਿਸੇ ਦੀ ਇਮਦਾਦ ਕਰਨੀ ਧਰਮ ਹੈ, ਪਰ ਆਪਣਾ ਹੱਕ ਲੈਣਾ ਇਹ ਵੀ ਧਰਮ

ਹੈ। ਇਹ ਹੈ ਅਸਲ ਬਹਾਦਰੀ।

੬. ਰਾਮਕਲੀ ਦੀ ਵਾਰ ਮ: ੩ ਦੇ ਨਾਲ, ਜੋਧੈ ਵੀਰੈ ਪੂਰਬਾਣੀ ਕੀ ਧੁਨੀ ਹੈ। ਜੋਧਾ ਤੇ ਵੀਰਾ ਦੋ ਭਰਾ ਸਨ, ਪੂਰਬਾਣ ਰਾਜਪੂਤ ਦੇ ਪੁੱਤਰ ਸਨ। ਇਹ ਅਕਬਰ ਬਾਦਸ਼ਾਹ ਤੋਂ ਆਕੀ ਸਨ ਅਤੇ ਜੰਗਲ ਵਿਚ ਰਹਿੰਦੇ ਸਨ। ਅਕਬਰ ਨੇ ਇਹਨਾਂ ਤੇ ਚੜ੍ਹਾਈ ਕੀਤੀ। ਇਨ੍ਹਾਂ ਨੂੰ ਕਿਹਾ ਗਿਆ, ਜੇਕਰ ਤੁਸੀਂ ਮੇਰੀ ਅਧੀਨਗੀ ਪ੍ਰਵਾਨ ਕਰ ਲਵੋ ਤਾਂ ਮੈਂ ਤੁਹਾਨੂੰ ਆਪਣੇ ਦਰਬਾਰ ਵਿਚ ਬੜੀਆਂ ਉੱਚੀਆਂ ਪਦਵੀਆਂ ਤੇ ਨਿਯੁਕਤ ਕਰ ਸਕਦਾ ਹਾਂ, ਨਾ ਮੰਨੋਗੇ ਤਾਂ ਮੇਰੀ ਇੰਨੀ ਤਾਕਤ ਹੈ ਤੁਸੀਂ ਮਾਰੇ ਜਾਉਗੇ, ਤੁਸੀਂ ਜੇਕਰ ਤੁਹਾਡੇ ਪਾਸ ਕੋਈ ਵੀ ਨਜ਼ਰਾਨਾ ਨਾ ਹੋਵੇ ਸਿਰਫ ਖਾਲੀ ਹੱਥ, ਹੱਥ ਜੋੜ ਕੇ, ਸਿਰ ਝੁਕਾ ਕੇ, ਮੇਰੇ ਸਾਹਮਣੇ ਆ ਜਾਓ। ਇਨ੍ਹਾਂ ਦੋਵਾਂ ਭਰਾਵਾਂ ਨੇ ਅਕਬਰ ਦੇ ਦੂਤ ਨੂੰ ਉੱਤਰ ਦਿੱਤਾ, ਸਾਡਾ ਸਿਰ ਕੱਟਿਆ ਜਾ ਸਕਦਾ ਹੈ, ਝੁਕ ਨਹੀਂ ਸਕਦਾ। ਸਾਡੇ ਹੱਥ ਤਲਵਾਰ ਦੀ ਮੁੱਠ ਤੇ ਜਾਣਗੇ, ਅਕਬਰ ਅੱਗੇ ਨਹੀਂ ਜੁੜ ਸਕਦੇ। ਅਸੀਂ ਅਕਬਰ ਦੀ ਗ਼ੁਲਾਮੀ ਨਾਲੋਂ ਸੁਤੰਤਰਤਾ ਦੀ ਮੌਤ ਚੰਗੀ ਸਮਝਦੇ ਹਾਂ। ਇਹ ਦੋਵੇਂ ਸੂਰਮੇ ਲੜ ਕੇ ਮਰ ਗਏ, ਕਿੰਨੇ ਨਿਰਭੈ ਸਨ। ਗੁਰੂ ਅਰਜਨ ਦੇਵ ਜੀ, ਨੇ ਅਕਬਰ ਦੇ ਜਿਊਂਦਿਆਂ ਹੀ ਇਨ੍ਹਾਂ ਸੂਰਬੀਰਾਂ ਦੀ ਵਾਰ ਦੀ ਧੁਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਦਿੱਤੀ ਕਿ ਇਹ ਹੈ ਅਸਲ ਸੂਰਮਤਾਈ।

੭. ਸਾਰੰਗ ਕੀ ਵਾਰ ਮ: ੪ ਦੇ ਨਾਲ ਧੁਨਿ ਦਰਜ ਹੈ, ਰਾਇ ਮਹਿਮੇ ਹਸਨੇ ਕੀ ਧੁਨਿ। ਹਸਨਾ ਕਾਂਗੜੇ ਦਾ ਸੀ, ਮਹਿਮਾ ਧੌਲੇ ਦਾ। ਹਸਨੇ ਚੁਗਲੀ ਕਰਕੇ ਮਹਿਮੇ ਨੂੰ ਅਕਬਰ ਬਾਦਸ਼ਾਹ ਦੇ ਬੰਦੀ ਖਾਨੇ ਵਿਚ ਪਵਾ ਦਿੱਤਾ, ਪਰ ਮਹਿਮੇ ਨੇ ਆਪਣੀ ਇਮਾਨਦਾਰੀ ਨਾਲ ਅਕਬਰ ਦੀ ਹਜ਼ੂਰੀ ਪ੍ਰਾਪਤ ਕਰ ਲਈ। ਅਕਬਰ ਨੇ ਇਸ ਦੇ ਸੂਰਮਤਾਈ ਦੇ ਕਾਰਨਾਮੇ ਵੇਖੇ ਤਾਂ ਇਸ ਨੂੰ ਰਿਹਾਅ ਕਰ ਦਿੱਤਾ। ਇਹ ਸ਼ਾਹੀ ਫ਼ੌਜ ਲੈ ਕੇ ਹਸਨੇ ਤੇ ਚੜ੍ਹ ਕੇ ਆ ਗਿਆ। ਚੋਖਾ ਚਿਰ ਜੰਗ ਹੋਈ, ਆਖਰ ਜਿੱਤ ਮਹਿਮੇ ਦੀ ਹੋਈ। ਚੁਗ਼ਲੀ ਕਰ ਕੇ ਕਿਸੇ ਨੂੰ ਬੰਦੀ ਵਿਚ ਪੁਆ ਦੇਣਾ ਬਹਾਦਰੀ ਨਹੀਂ ਪਰ ਆਪਣੀ ਸੂਰਬੀਰਤਾ ਨਾਲ ਬਾਦਸ਼ਾਹ ਨੂੰ ਖ਼ੁਸ਼ ਕਰ ਕੇ ਆ ਕੇ ਚੁਗ਼ਲ ਨੂੰ ਸਜ਼ਾ ਦੇਣੀ ਇਹ ਸੂਰਮਤਾਈ ਜ਼ਰੂਰ ਹੈ। ਜਦੋਂ ਹਸਨੇ ਨੇ ਮੁਆਫ਼ੀ ਮੰਗੀ ਤਾਂ ਮਹਿਮੇ ਨੇ ਉਸ ਨੂੰ ਮੁਆਫ਼ ਵੀ ਕਰ ਦਿੱਤਾ।

੮. ਵਾਰ ਮਲਾਰ ਕੀ ਮ:੧ ਦੇ ਨਾਲ, ਰਾਣੇ ਕੈਲਾਸ਼ ਤਥਾ ਮਾਲਦੇ ਕੀ ਧੁਨਿ ਹੈ। ਕੈਲਾਸ਼ ਦੇਉ ਤੇ ਮਾਲ ਦੇਉ ਦੋਵੇਂ ਸਕੇ ਭਰਾ ਸਨ। ਇਹ ਜਹਾਂਗੀਰ ਦੇ ਸਮੇਂ ਹੋਏ ਹਨ। ਇਹ ਜੰਮੂ ਤੇ ਕਸ਼ਮੀਰ ਦੇ ਰਾਜੇ ਸਨ ਤੇ ਜਹਾਂਗੀਰ ਦਾ ਮੁਆਮਲਾ ਭਰਦੇ ਸਨ। ਇਹਨਾਂ ਨੂੰ ਤਾਕਤਵਰ ਵੇਖ ਕੇ ਜਹਾਂਗੀਰ ਨੇ ਇਨ੍ਹਾਂ ਵਿਚ ਫੁਟ ਪੁਆ ਦਿੱਤੀ। ਮਾਲ ਦੇਉ ਜਿੱਤ ਗਿਆ, ਕੈਲਾਸ਼ ਦੇਉ ਨੂੰ ਉਸ ਨੇ ਕੈਦ ਕਰ ਲਿਆ, ਫਿਰ ਕੈਲਾਸ਼ ਦੇਉ ਨੂੰ ਸਮਝਾ ਕੇ ਰਿਹਾਅ ਕਰ ਦਿੱਤਾ, ਦੋਵਾਂ ਭਰਾਵਾਂ ਅੱਧਾ-ਅੱਧਾ ਰਾਜ ਵੰਡ ਲਿਆ। ਢਾਡੀਆਂ ਇਨ੍ਹਾਂ ਦੀ ਵਾਰ ਵੀ ਗਾਈ। ਫੁੱਟ ਤੋਂ ਬਾਅਦ ਵੀ ਮਿਲ ਬੈਠਣਾ, ਰਾਜ ਲਈ ਰਾਜੇ ਭਰਾਵਾਂ ਦਾ ਖੂਨ ਕਰ ਦਿੰਦੇ ਹਨ, ਕਿਸੇ ਨੂੰ ਪਕੜ ਕੇ ਕੌਣ ਛੱਡਦਾ ਹੈ। ਇਹ

ਮਾਲਦੇਉ ਨੇ ਸੂਰਮਿਆਂ ਵਾਲਾ ਕੰਮ ਕੀਤਾ ਹੈ, ਇਹ ਹੈ ਅਸਲ ਬਹਾਦਰੀ।

੯. ਕਾਨੜੇ ਦੀ ਵਾਰ ਮ: ੪ ਦੇ ਨਾਲ, ਮੂਸੇ ਕੀ ਵਾਰ ਕੀ ਧੁਨੀ ਹੈ। ਮੂਸਾ ਇਕ ਬਹਾਦਰ ਸੂਰਮਾ ਸੀ, ਇਸ ਦੀ ਮੰਗੇਤਰ ਕਿਸੇ ਹੋਰ ਰਾਜੇ ਨਾਲ ਵਿਆਹੀ ਗਈ। ਇਸ ਨੂੰ ਸ਼ੱਕ ਪਿਆ ਕਿ ਮੇਰੀ ਮੰਗੇਤਰ ਨਾਲ ਵਧੀਕੀ ਹੋਈ ਹੈ, ਉਸ ਨੂੰ ਜ਼ਬਰਦਸਤੀ ਕਿਸੇ ਹੋਰ ਨਾਲ ਵਿਆਹ ਦਿੱਤਾ ਗਿਆ ਹੈ। ਇਸ ਨੇ ਆਪਣੀ ਫ਼ੌਜ ਸਮੇਤ ਚੜ੍ਹਾਈ ਕਰ ਦਿੱਤੀ। ਉਸ ਰਾਜੇ ਨੂੰ ਅਤੇ ਆਪਣੀ ਮੰਗੇਤਰ ਨੂੰ ਪਕੜ ਕੇ ਲੈ ਆਂਦਾ ਅਤੇ ਪੁੱਛਿਆ ਕਿ ਤੂੰ ਕਿਸ ਦੇ ਪਾਸ ਰਹਿਣਾ ਚਾਹੁੰਦੀ ਹੈਂ। ਮੰਗੇਤਰ ਨੇ ਕਿਹਾ, ਮੈਂ ਜਿਸ ਨਾਲ ਮੇਰਾ ਵਿਆਹ ਹੋਇਆ ਹੈ, ਉਸੇ ਨਾਲ ਰਹਿਣਾ ਚਾਹੁੰਦੀ ਹਾਂ। ਮੂਸੇ ਨੇ ਪੁੱਛਿਆ, ਤੇਰੇ ਨਾਲ ਇਸ ਨੇ ਜਾਂ ਤੇਰੇ ਮਾਂ-ਬਾਪ ਨੇ ਵਧੀਕੀ ਤਾਂ ਨਹੀਂ ਕੀਤੀ। ਉਸ ਬੀਬੀ ਨੇ ਕਿਹਾ, 'ਨਹੀਂ'। ਮੂਸੇ ਨੇ ਕਿਹਾ, ''ਜੇ ਮੈਂ ਤੇਰੇ ਪਤੀ ਨੂੰ ਮਾਰ ਦਿਆਂ ਤੇ ਫੇਰ ਤੂੰ ਕੀ ਕਰੇਂਗੀ।'' ਉਸ ਨੇ ਕਿਹਾ, ''ਮੈਂ ਵੀ ਮਰ ਜਾਵਾਂਗੀ।'' ਮੂਸੇ ਨੇ ਕਿਹਾ, ਮੈਂ ਤੈਨੂੰ ਤੇਰਾ ਹੱਕ ਦੇਂਦਾ ਹਾਂ। ਜਾਹ, ਮੈਂ ਤੈਨੂੰ ਤੇ ਤੇਰੇ ਪਤੀ ਨੂੰ ਰਿਹਾਅ ਕੀਤਾ, ਤੂੰ ਉਸ ਦੇ ਘਰ ਜਾ ਕੇ ਰਹੁ। ਇਹ ਵਾਕਿਆ ਹੀ ਬਹੁਤ ਵੱਡੀ ਬਹਾਦਰੀ ਹੈ। ਇਸ ਥਾਂ ਤੇ ਆ ਕੇ ਅਡੋਲ ਰਹਿਣਾ ਕਿਸੇ ਮਹਾਨ ਸੂਰਮੇ ਦਾ ਹੀ ਕੰਮ ਹੈ। ਢਾਡੀਆਂ ਨੇ ਇਸ ਦੀ ਵਾਰ ਗਾਈ ਤੇ ਇਨਾਮ ਪਾਏ।

ਧੁਨ ਦਾ ਅਰਥ ਹੈ ਤਰਜ਼, ਰੀਤ, ਬੰਦਸ਼। ਸਤਿਗੁਰਾਂ ਨੇ ਇਹ ਨੌਂ ਧੁਨਾਂ ਵਾਰਾਂ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਦਿੱਤੀਆਂ। ਇਕ ਤਾਂ ਇਨ੍ਹਾਂ ਧੁਨਾਂ ਤੇ ਵਾਰਾਂ ਗਾਈਆਂ ਜਾਣ, ਦੂਸਰਾ ਜਦੋਂ ਇਨ੍ਹਾਂ ਸੂਰਮਿਆਂ ਨੂੰ ਯਾਦ ਕਰਾਂਗੇ ਤਾਂ ਪਤਾ ਲੱਗੇਗਾ ਕਿ ਜਦੋਂ ਜੀਵਨ ਵਿਚ ਧਰਮ ਕਲਾ ਆ ਜਾਏ ਤਾਂ ਫਿਰ ਕਿਸੇ ਨੂੰ ਹਰਾਉਣਾ ਹੀ ਸੂਰਮਤਾਈ ਨਹੀਂ, ਕਿਸੇ ਦਾ ਸਿਰ ਕੱਟ ਦੇਣਾ ਹੀ ਸੂਰਮਤਾਈ ਨਹੀਂ, ਸਗੋਂ ਕਿਸੇ ਨੂੰ ਮੁਆਫ਼ ਕਰ ਦੇਣਾ ਵੀ ਬਹਾਦਰੀ ਹੈ। ਸਰੀਰਕ ਬਲ ਨਾਲ ਜਦੋਂ ਧਰਮ ਦੀ ਸ਼ਕਤੀ ਵੀ ਰਲ ਜਾਏ ਫਿਰ ਐਸੇ ਕਾਰਨਾਮੇ ਹੁੰਦੇ ਹਨ ਕਿ ਜਿਨ੍ਹਾਂ ਨਾਲ ਸੰਸਾਰ ਦਾ ਭਲਾ ਵੀ ਹੁੰਦਾ ਹੈ ਅਤੇ ਸ਼ੋਭਾ ਵੀ ਹੁੰਦੀ ਹੈ।

ਸਤਿਗੁਰਾਂ ਨੇ ਬਾਣੀ ਵਿਚ ਸੂਰਮਾ ਉਸ ਨੂੰ ਕਿਹਾ ਹੈ, ਜਿਹੜਾ ਹੰਕਾਰ ਨੂੰ ਆਪਣੇ ਅੰਦਰੋਂ ਮਾਰ ਕੇ ਕੱਢ ਦੇਂਦਾ ਹੈ।

*ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥*

—ਸਿਰੀ ਰਾਗ ਕੀ ਵਾਰ, ਪੰਨਾ ੮੬

ਏਹੋ ਜਿਹਾ ਕੌਣ ਬਲੀ ਹੈ ਜਿਸ ਨੇ ਪੰਜੇ ਸੂਰਬੀਰ ਕਾਮ ਆਦਿਕ ਮਾਰ ਲਏ ਹੋਣ।

*ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ॥*

—ਆਸਾ ਮ: ੫, ਪੰਨਾ ੪੦੪

ਮਨੁੱਖਾ ਜਨਮ ਵਿਚ ਜਿਸ ਨੂੰ ਪ੍ਰਭੂ ਦਾ ਪਿਆਰ ਲੱਗ ਗਿਆ ਹੋਵੇ ਉਹ ਹੀ ਅਸਲ ਸੂਰਮਾ ਹੈ। ਉਸ ਨੂੰ ਸੂਰਮਾ ਕਹਿਣਾ ਚਾਹੀਦਾ ਹੈ।

*ਜਾਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥*

—ਧਨਾਸਰੀ ਮ: ੫, ਪੰਨਾ ੬੮੦

ਸੂਰਮਾ ਉਹ ਹੈ ਜਿਸ ਦਾ ਮਰਨਾ ਪ੍ਰਵਾਨ ਹੋਵੇ ਅਤੇ ਦਰਗਾਹ ਵਿਚ ਮਾਣ ਪਾਵੇ—

*ਮਰਣੁ ਮੁਣਸਾਂ ਸੂਰਿਆਂ ਹਕੁ ਹੈ ਜੋ ਹੋਇ ਮਰਣ ਪਰਵਾਣੋ॥*
*ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥*

—ਵਡਹੰਸ, ਪੰਨਾ ੫੮੦

*ਬਾਂਹਿ ਜਿਨਾ ਦੀ ਪਕੜੀਐ ਸਿਰ ਦੀਜੇ ਬਾਂਹਿ ਨਾ ਛੋੜੀਏ॥*

ਇਹ ਹੈ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸੂਰਮਤਾਈ। ਆਰੇ ਨਾਲ ਚੀਰੇ ਜਾਣਾ, ਦੇਗ ਵਿਚ ਉਬਲ ਜਾਣਾ ਪਰ ਗੁਰੂ ਤੋਂ ਮੂੰਹ ਨਾ ਮੋੜਨਾ, ਇਹ ਹੈ ਸਿੱਖਾਂ ਦੀ ਸੂਰਮਤਾਈ।

ਸਿੰਘ ਅਕਾਲ ਤਖ਼ਤ ਸਾਹਿਬ ਬੈਠੇ ਸਨ, ਅਚਾਨਕ ਪਤਾ ਲੱਗਾ ਕਿ ਕਸੂਰ ਦੇ ਬ੍ਰਾਹਮਣ ਦੀ ਇਸਤਰੀ ਕਸੂਰ ਦੇ ਪਠਾਨ ਨੇ ਜ਼ਬਰਦਸਤੀ ਆਪਣੇ ਮਹੱਲ ਵਿਚ ਦਾਖਲ ਕਰ ਲਈ। ਸਿੰਘ ਬੜੇ ਥੱਕੇ ਸਨ। ਸ੍ਰ: ਹਰੀ ਸਿੰਘ ਭੰਗੀ ਨੇ ਕਹਿ ਦਿੱਤਾ, ਹੁਣ ਆਰਾਮ ਆ ਕੇ ਹੀ ਕਰਾਂਗੇ, ਪਹਿਲਾਂ ਪਰਉਪਕਾਰ ਫਿਰ ਵਿਸ਼ਰਾਮ। ਅਰਦਾਸ ਕਰ ਕੇ ਸਾਰੇ ਹੀ ਚੱਲ ਪਏ। ਇਕ ਜ਼ਾਲਮ ਨੂੰ ਸੋਧ ਦਿੱਤਾ, ਅਨੇਕਾਂ ਦੀ ਇੱਜ਼ਤ ਤੇ ਪਤ ਬਚਾ ਦਿੱਤੀ, ਇਹ ਹੈ ਸੂਰਮਤਾਈ।

ਸ੍ਰ: ਮਹਿਤਾਬ ਸਿੰਘ ਜਿਸ ਨੇ ਮੱਸੇ ਰੰਗੜ ਨੂੰ ਸੋਧਿਆ ਸੀ, ਉਸ ਦਾ ਪੁੱਤਰ ਸੀ ਰਾਇ ਸਿੰਘ। ਰਾਇ ਸਿੰਘ ਦੀ ਬਾਂਹ ਸ੍ਰ: ਮਹਿਤਾਬ ਸਿੰਘ ਨੇ ਚੋਧਰੀ ਨੱਥੇ ਦੇ ਹੱਥ ਫੜਾ ਦਿੱਤੀ। ਚੋਧਰੀ ਨੱਥੇ ਨੂੰ ਪਤਾ ਲੱਗਾ ਕਿ ਫ਼ੋਜਦਾਰ ਰਾਇ ਸਿੰਘ ਨੂੰ ਫੜਨ ਵਾਸਤੇ ਆ ਗਿਆ ਹੈ, ਚੋਧਰੀ ਨੱਥਾ ਰਾਇ ਸਿੰਘ ਨੂੰ ਲੈ ਕੇ ਦੋੜ ਗਿਆ। ਇਹਦੇ ਭਤੀਜੇ ਲੜ ਕੇ ਸ਼ਹੀਦ ਹੋ ਗਏ। ਫ਼ੋਜ ਬਹੁਤ ਸੀ, ਚੋਧਰੀ ਨੱਥਾ ਲੜਦਾ ਆਪ ਵੀ ਸ਼ਹੀਦ ਹੋ ਗਿਆ। ਰਾਇ ਸਿੰਘ ਨੂੰ ਉਹ ਆਪਣੇ ਵਲੋਂ ਮਾਰ ਕੇ ਸੁਟ ਗਏ, ਪਰ ਪ੍ਰਮਾਤਮਾ ਨੇ ਜ਼ਿੰਦਗੀ ਬਖ਼ਸ਼ ਦਿੱਤੀ ਉਹ ਬਚ ਗਏ। ਉਨ੍ਹਾਂ ਦਾ ਪੁੱਤਰ ਹੋਇਆ ਹੈ ਰਤਨ ਸਿੰਘ ਭੰਗੂ, ਜਿਨ੍ਹਾਂ ਪੰਥ ਪ੍ਰਕਾਸ਼ ਲਿਖਿਆ ਹੈ। ਇਹ ਹੈ ਬਹਾਦਰੀ। ਬਹਾਦਰ ਬੰਦੇ ਨੂੰ ਆਪਣੇ ਬਲ ਦੀ ਬਿਰਥਾ ਪ੍ਰਦਰਸ਼ਨੀ ਕਰਨ ਨਾਲੋਂ ਪਰਉਪਕਾਰ ਕਰਨਾ ਚਾਹੀਦਾ ਹੈ।

ਇਕਬਾਲ ਕਹਿੰਦੇ ਹਨ ਜੋ ਬਹਾਦਰ ਤੇ ਮਰਦ ਹਨ ਉਨ੍ਹਾਂ ਦਾ ਪੱਕਾ ਯਕੀਨ, ਬਰਾਬਰ ਅਮਲ ਹੁੰਦਾ ਹੈ। ਮੁਹੱਬਤ ਪਿਆਰ ਨਾਲ ਉਹ ਦੁਨੀਆ ਨੂੰ ਫਤਹਿ ਕਰਦੇ ਹਨ। ਇਹ ਉਨ੍ਹਾਂ ਦੀਆਂ ਤਲਵਾਰਾਂ ਹਨ, ਵਿਸ਼ਵਾਸ ਲਗਾਤਾਰ ਇਕ ਰਸ ਅਮਲੀ ਜੀਵਨ ਤੇ ਪਿਆਰ।

*ਯਕੀਂ ਮੁਹਕੱਮ ਅਮਲ ਪੈਹਮ ਮੁਹੱਬਤ ਫਾਤਾਏ ਆਲਮ॥*
*ਜਹਾਨੇ ਜ਼ਿੰਦਗਾਨੀ ਮੇਂ ਯੇ ਹੈਂ ਮਰਦੋਂ ਕੀ ਸ਼ਮਸ਼ੀਰੇਂ॥*

❀ ❀ ❀

## ੧੨

# ਇਨਸਾਫ਼ ਤੇ ਧਰਮ ਕਲਾ

ਧਰਮ ਇਕ ਐਸੀ ਮਰਯਾਦਾ ਦਾ ਨਾਂ ਹੈ ਜਿਸ ਨਾਲ ਮਨੁੱਖ ਦੀ ਬਿਬੇਕ ਬੁਧ ਹੋ ਜਾਂਦੀ ਹੈ, ਫਿਰ ਮਨੁੱਖ ਜੋ ਵੀ ਕਰਦਾ ਹੈ ਉਹ ਕੰਮ ਪੂਰਾ ਹੁੰਦਾ ਹੈ, ਅਧੂਰਾ ਨਹੀਂ। ਜੀਵਨ ਵਿਚ ਧਰਮ ਦੀ ਸ਼ਕਤੀ ਨਾ ਹੋਵੇ ਤਾਂ ਮਨੁੱਖ ਨਿਰੀ ਸ਼ਕਤੀ ਨਾਲ ਬੇਹੋਸ਼ੀ ਦੀ ਹਾਲਤ ਵਿਚ ਹੁੰਦਾ ਹੈ। ਹੰਕਾਰ ਦਾ ਨਸ਼ਾ ਇਨਾ ਪ੍ਰਬਲ ਹੁੰਦਾ ਹੈ ਕਿ ਬੰਦੇ ਵੀ ਕੀੜੀਆਂ ਵਾਂਗੂ ਨਜ਼ਰ ਆਉਂਦੇ ਹਨ। ਫਿਰ ਹੋਸ਼ ਵਿਚ ਰਹਿਣਾ ਜਾਂ ਦੂਸਰੇ ਦਾ ਹੱਕ ਦੇਣਾ ਇਸ ਦੇ ਵਸ ਦੀ ਗੱਲ ਨਹੀਂ ਰਹਿ ਜਾਂਦੀ। ਸੁਭਾਅ ਹੀ ਬਣ ਜਾਂਦਾ ਹੈ ਕਿ ਦੂਸਰੇ ਦਾ ਹੱਕ ਦਬਾਉਣਾ ਹੈ, ਦੂਸਰੇ ਦਾ ਹੱਕ ਖੋਹਣਾ ਹੈ। ਰਾਜੇ ਕੋਲ ਤਾਕਤ ਬਹੁਤ ਹੋ ਜਾਂਦੀ ਹੈ। ਆਮ ਬੰਦਿਆਂ ਦੀਆਂ ਸਲਾਮੀਆਂ ਲੈਣ ਦੀ ਉਸ ਦੀ ਆਦਤ ਤਾਂ ਹੁੰਦੀ ਹੀ ਹੈ ਫਿਰ ਤਾਂ ਉਹ ਇਹ ਵੀ ਚਾਹੁੰਦਾ ਹੈ ਕਿ ਮੈਂ ਚਕਰਵਰਤੀ ਰਾਜਾ ਹੋਵਾਂ, ਸਾਰੇ ਰਾਜੇ ਮੇਰੀ ਤਾਬਿਆ ਹੋਣ। ਐਸੇ ਬੰਦੇ ਨੂੰ ਨਾ ਰੱਬ ਦੀ ਯਾਦ ਰਹਿ ਜਾਂਦੀ ਹੈ, ਨਾ ਹੀ ਪ੍ਰਮਾਤਮਾ ਦਾ ਭੈਅ ਰਹਿ ਜਾਂਦਾ ਹੈ।

ਜ਼ਫ਼ਰ ਕਹਿੰਦੇ ਹਨ ਮੈਂ ਤਾਂ ਉਸ ਬੰਦੇ ਨੂੰ ਬੰਦਾ ਹੀ ਮੰਨਣ ਵਾਸਤੇ ਤਿਆਰ ਨਹੀਂ ਜਿਸ ਨੂੰ ਐਸ਼ ਵਿਚ ਰੱਬ ਯਾਦ ਨਹੀਂ ਰਿਹਾ ਤੇ ਤੈਸ਼ ਵਿਚ ਉਸ ਦਾ ਭਉ ਨਹੀਂ ਰਹਿ ਗਿਆ।

*ਜ਼ਫ਼ਰ ਆਦਮੀ ਉਸਕੋ ਨਾ ਜਾਨੀਏਗਾ*
*ਖ਼ਾਹ ਕਿਤਨਾ ਹੋ ਸਾਹਿਬੇ ਫਾਹਿਮੋ ਜ਼ਕਾ॥*
*ਜਿਸੇ ਐਸ਼ ਮੇਂ ਯਾਦੇ ਖ਼ੁਦਾ ਨਾ ਰਹੀ*
*ਜਿਸੇ ਤੈਸ਼ ਮੇਂ ਖੌਫ਼ੇ ਖ਼ੁਦਾ ਨਾ ਰਹਾ॥*

ਬੰਦਾ ਭਾਵੇਂ ਝੌਂਪੜੀ ਵਿਚ ਹੋਵੇ ਭਾਵੇਂ ਰਾਜ ਮਹੱਲ ਵਿਚ ਹੋਵੇ, ਖ਼ੁਦਾ ਦੀ ਯਾਦ ਤੇ ਖ਼ੁਦਾ ਦਾ ਭੈਅ ਜੇਕਰ ਬੰਦੇ ਦੇ ਨਾਲ ਹਨ ਤਾਂ ਇਹ ਬੰਦਾ ਧਰਮੀ ਹੈ। ਧਰਮ ਦੀ ਸ਼ਕਤੀ ਪਾਸ ਹੋਵੇ ਤਾਂ ਝੌਂਪੜੀ ਵਿਚ ਬੈਠਾ ਬੰਦਾ ਆਪਣੇ ਆਪ ਨੂੰ ਕੰਗਾਲ ਨਹੀਂ ਸਮਝੇਗਾ। ਮਹੱਲ ਵਿਚ ਬੈਠਿਆਂ ਜੇਕਰ ਬੰਦੇ ਕੋਲ ਧਰਮ ਕਲਾ ਹੈ ਤਾਂ ਬੰਦਾ ਹੰਕਾਰੀ ਨਹੀਂ ਹੋਵੇਗਾ। ਹੁਕਮ ਕਰਦਾ ਹੋਇਆ ਵੀ ਉਹ ਪ੍ਰਮਾਤਮਾ ਦੇ ਹੁਕਮ ਨੂੰ ਨਹੀਂ ਭੁੱਲੇਗਾ।

ਸ਼ਕਤੀਸ਼ਾਲੀ ਫ਼ੌਜਾਂ ਦੇ ਹੁੰਦਿਆਂ ਤੇਜ਼ ਤਲਵਾਰ ਹੱਥ ਵਿਚ ਫੜ ਕੇ ਵੀ ਉਹ ਪ੍ਰਮਾਤਮਾ ਦੀ ਤਲਵਾਰ ਨੂੰ ਨਹੀਂ ਭੁੱਲੇਗਾ। ਤਾਕਤ ਹੁੰਦਿਆਂ ਵੀ ਉਹ ਤਾਕਤ ਦੀ ਦੁਰਵਰਤੋਂ ਨਹੀਂ ਕਰੇਗਾ। ਐਸੇ ਬੰਦੇ ਕੋਲੋਂ ਇਨਸਾਫ਼ ਹੋਵੇਗਾ।

ਸੰਸਾਰ ਤੇ ਬਾਦਸ਼ਾਹਾਂ ਦੇ ਜ਼ੁਲਮਾਂ ਦਾ ਇਤਿਹਾਸ ਵੀ ਹੈ, ਜਿਨ੍ਹਾਂ ਨੇ ਇਨਸਾਫ਼ ਕੀਤਾ ਉਨ੍ਹਾਂ ਦਾ ਇਤਿਹਾਸ ਵੀ ਹੈ। ਛੇਵੀਂ ਸਦੀ ਵਿਚ ਨੌਸ਼ੇਰਵਾਂ, ਆਦਲ ਬਾਦਸ਼ਾਹ ਹੋਇਆ ਹੈ, ਇਹ ਈਰਾਨ ਦਾ ਬਾਦਸ਼ਾਹ ਸੀ। ਉਸ ਵਕਤ ਰੋਮ, ਚੀਨ, ਹਿੰਦੁਸਤਾਨ ਇੰਨੇ ਵੱਡੇ-ਵੱਡੇ ਦੇਸ਼ ਇਸ ਨੂੰ ਕਰ (ਟੈਕਸ) ਦਿੰਦੇ ਸਨ। ਇਸ ਦਾ ਰਾਜ ਏਨਾ ਫੈਲਿਆ ਸੀ ਪਰ ਇਸ ਦੇ ਇਨਸਾਫ਼ ਦਾ ਬੜਾ ਚਰਚਾ ਸੀ। ਇਕ ਅਦੀਬ ਲਿਖਦੇ ਹਨ ਕਿ ਚਾਲੀ ਗੰਜ ਜੋੜਨ ਵਾਲਾ ਕਾਰੂ ਮਰ ਗਿਆ ਪਰ ਨੌਸ਼ੇਰਵਾਂ ਨਹੀਂ ਮਰਿਆ। ਉਸ ਨੇ ਨੇਕੀ ਦੇ ਕੰਮ ਕੀਤੇ, ਉਹ ਅੱਜ ਵੀ ਜ਼ਿੰਦਾ ਹੈ।

*ਕਾਰੂ ਹਲਾਕ ਸ਼ੁਦ ਕਿ ਚਿਹਲ ਖਾਨਾ ਗੰਜ ਦਾਸ਼ਤ ॥*
*ਨੌਸ਼ੇਰਵਾਂ ਨਾ ਮੁਰਦ ਨਾਮੋ ਨਿਕੋ ਗੁਜ਼ਸ਼ਤ ॥*

ਨੌਸ਼ੇਰਵਾ ਬਾਦਸ਼ਾਹ ਜਿਸ ਨੇ ਬਗਦਾਦ ਸ਼ਹਿਰ ਵਸਾਇਆ ਸੀ, ਸ਼ਾਹਨਾਮਾ ਵਿਚ ਫਿਰਦੋਸੀ ਕਵੀ ਇਸ ਦਾ, ਇਸ ਦੇ ਰਾਜ ਦਾ, ਇਸ ਦੇ ਇਨਸਾਫ਼ ਦਾ ਬੜਾ ਖੋਲ੍ਹ ਕੇ ਜ਼ਿਕਰ ਕਰਦਾ ਹੈ। ਸਾਅਦੀ ਨੇ ਇਸ ਦੇ ਬਾਰੇ ਲਿਖਿਆ ਹੈ ਕਿ ਇਹ ਇਕ ਦਿਨ ਸ਼ਿਕਾਰ ਕਰਨ ਗਿਆ। ਨਮਕ ਲੈਣ ਵਾਸਤੇ ਇਕ ਨਗਰ ਵਿਚ ਇਕ ਸਿਪਾਹੀ ਨੂੰ ਭੇਜਿਆ ਅਤੇ ਤੁਰਨ ਲੱਗਿਆਂ ਉਸ ਨੂੰ ਪੈਸੇ ਦਿੱਤੇ ਤੇ ਕਿਹਾ, ਪੈਸੇ ਦਿੱਤਿਆਂ ਬਿਨਾਂ ਨਮਕ ਨਾ ਲਿਆਉਣਾ, ਕਿਤੇ ਇਹ ਨਗਰ ਉਜੜ ਨਾ ਜਾਵੇ। ਸਿਪਾਹੀ ਨੇ ਕਿਹਾ, ''ਹੇ ਬਾਦਸ਼ਾਹ! ਮੁਫਤ ਨਮਕ ਲੈਣ ਤੇ ਨਗਰ ਦੇ ਉਜੜਨ ਦਾ ਕੀ ਸੰਬੰਧ ਹੈ।'' ਤਾਂ ਇਸ ਨੇ ਕਿਹਾ ਕਿ ਤੂੰ ਨਹੀਂ ਜਾਣਦਾ, ਜ਼ੁਲਮ ਪਹਿਲਾਂ ਬਹੁਤ ਛੋਟੀ ਮਿਕਦਾਰ ਵਿਚ ਸ਼ੁਰੂ ਹੁੰਦਾ ਹੈ ਫਿਰ ਵਧ ਜਾਂਦਾ ਹੈ। ਜਿਸ ਬਾਗ਼ ਵਿਚੋਂ ਬਾਦਸ਼ਾਹ ਇਕ ਸੰਤਰਾ ਮੁਫ਼ਤ ਤੋੜ ਲਵੇ ਉਸ ਦੇ ਅਹਿਲਕਾਰ ਤਾਂ ਬਾਗ਼ ਦੇ ਬੂਟੇ ਵੀ ਪੁੱਟ ਕੇ ਲੈ ਜਾਣਗੇ। ਇਸ ਲਈ ਜ਼ੁਲਮ ਨੂੰ ਅਰੰਭ ਵਿਚ ਹੀ ਰੋਕ ਦੇਣਾ ਚਾਹੀਦਾ ਹੈ। ਹੈ ਵੀ ਠੀਕ।

ਸਤਿਗੁਰੂ ਜੀ ਕਹਿੰਦੇ ਹਨ, ਰਾਜੇ ਜਦੋਂ ਪਾੜਖਾਣੇ ਸ਼ੇਰ ਬਣ ਜਾਣ ਤਾਂ ਇਨ੍ਹਾਂ ਦੇ ਮੁਕੱਦਮ, ਕੁੱਤੇ ਬਣ ਜਾਂਦੇ ਹਨ। ਜ਼ੁਲਮ ਕਰਨ ਲਈ, ਲੋਕਾਂ ਨੂੰ ਸ਼ਿਕਾਰ ਬਣਾਉਣ ਲਈ ਅੱਧੀ ਰਾਤ ਹੀ ਸੁੱਤਿਆਂ ਨੂੰ ਜਾ ਜਗਾਉਣਗੇ। ਜਿਵੇਂ ਕੁੱਤੇ ਨਹੁੰਦਰਾਂ ਤੋਂ ਕੰਮ ਲੈਂਦੇ ਹਨ, ਸ਼ੇਰ ਆਪਣੀਆਂ ਨਹੁੰਦਰਾਂ ਨਾਲ ਕਿਸੇ ਜਾਨਵਰ ਨੂੰ ਪਾੜ ਦਿੰਦੇ ਹਨ। ਰਾਜਿਆਂ ਦੀਆਂ ਨਹੁੰਦਰਾਂ ਇਨ੍ਹਾਂ ਦੇ ਚਾਕਰ ਹਨ, ਉਹ ਲੋਕਾਂ ਨੂੰ ਜਾ ਫੜਦੇ ਹਨ। ਮਾਸ ਰਾਜੇ ਖਾ ਜਾਂਦੇ ਹਨ, ਜਿਵੇਂ ਮਰੇ ਸ਼ਿਕਾਰ ਦਾ ਮਾਸ ਸ਼ੇਰ ਖਾ ਜਾਂਦਾ ਹੈ। ਬਚਿਆ ਖੁਚਿਆ ਖਾਣ ਲਈ ਕੁੱਤੇ ਆ ਜਾਂਦੇ ਹਨ, ਇਸੇ ਤਰ੍ਹਾਂ ਹੀ ਬਹੁਤੀ ਲੁੱਟ ਰਾਜੇ ਲੈ ਜਾਂਦੇ ਹਨ। ਮੱਝ ਰਾਜੇ ਦੇ ਘਰ ਤੇ ਕੱਟੀ ਅਹਿਲਕਾਰਾਂ ਦੇ ਘਰ ਪੁੱਜ ਜਾਂਦੀ ਹੈ।

ਸਤਿਗੁਰੂ ਫ਼ਰਮਾਉਂਦੇ ਹਨ :

*ਰਾਜੇ ਸ਼ੀਹ ਮੁਕੱਦਮ ਕੁੱਤੇ॥ ਜਾਇ ਜਗਾਇਣ ਬੈਠੇ ਸੁਤੇ॥*
*ਚਾਕਰ ਨਹਦਾ ਪਾਇਨ੍ਹਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥*

—ਮਲਾਰ ਵਾਰ ਮ: ੧, ਪੰਨਾ ੧੨੮੧

ਬਹੁਤ ਘੱਟ ਰਾਜੇ ਹੋਏ ਹਨ, ਜਿਹੜੇ ਨਾ ਆਪ ਸ਼ੇਰ ਬਣੇ ਅਤੇ ਨਾ ਹੀ ਆਪਣੇ ਚਾਕਰਾਂ ਨੂੰ ਕੁੱਤੇ ਬਣਨ ਦਿੱਤਾ। ਆਦਲ ਬਾਦਸ਼ਾਹ ਪੜ੍ਹ ਰਹੇ ਸਨ, ਉਸਤਾਦ ਨੇ ਕਿਹਾ, ''ਇਧਰ ਆ''। ਜਦੋਂ ਪਾਸ ਗਏ ਤਾਂ ਉਸਨੇ ਮੂੰਹ ਤੇ ਇਕ ਥੱਪੜ ਮਾਰ ਦਿੱਤਾ ਤੇ ਕਿਹਾ, ''ਜਾ ਬੈਠ ਜਾ'' ਅੱਜ ਇਸ ਨੂੰ ਵਾਰ-ਵਾਰ ਖ਼ਿਆਲ ਆ ਰਿਹਾ ਸੀ ਕਿ ਮੇਰਾ ਗੁਨਾਹ ਵੀ ਕੋਈ ਨਹੀਂ, ਉਸਤਾਦ ਨੇ ਗੁਨਾਹ ਦੱਸਿਆ ਵੀ ਕੋਈ ਨਹੀਂ। ਅੱਗੇ ਗੁਨਾਹ ਦੱਸ ਕੇ ਮਾਰਦੇ ਸਨ, ਅੱਜ ਗੁਨਾਹ ਹੈ ਹੀ ਕੋਈ ਨਹੀਂ, ਦੱਸਣ ਕੀ? ਮੈਨੂੰ ਬੇਦੋਸ਼ੇ ਨੂੰ ਮਾਰਿਆ ਹੈ। ਜਦੋਂ ਇਹ ਤਖਤ-ਨਸ਼ੀਂ ਹੋਇਆ ਤਾਂ ਇਸ ਨੇ ਆਪਣੇ ਉਸਤਾਦ ਨੂੰ ਪਕੜ ਮੰਗਵਾਇਆ ਅਤੇ ਕਿਹਾ, ਉਸਤਾਦ ਜੀ ਤੁਸੀਂ ਮੈਨੂੰ ਇਕ ਦਿਨ ਬੇ-ਦੋਸ਼ੇ ਨੂੰ ਕਿਉਂ ਮਾਰਿਆ ਸੀ। ਉਸਤਾਦ ਨੇ ਕਿਹਾ, ਮੈਨੂੰ ਯਾਦ ਹੈ।

ਉਸਤਾਦ ਨੇ ਪੁੱਛਿਆ ਕਿ ਤੈਨੂੰ ਤਾਂ ਮੈਂ ਬਹੁਤ ਵਾਰ ਮਾਰਿਆ ਹੈ, ਤੇਰੇ ਮੂੰਹ ਤੇ ਮੇਰੇ ਹੱਥ ਦਾ ਬੜਾ ਲੰਮਾ ਸੰਬੰਧ ਹੈ। ਤੈਨੂੰ ਇਕ ਥੱਪੜ ਹੀ ਕਿਉਂ ਯਾਦ ਰਿਹਾ ਹੈ। ਬਾਦਸ਼ਾਹ ਨੇ ਕਿਹਾ ਕਿ ਸਿਰਫ਼ ਇਸ ਲਈ ਕਿ ਮੈਨੂੰ ਉਸ ਦਿਨ ਬੇਦੋਸ਼ੇ ਨੂੰ ਮਾਰ ਪਈ ਸੀ। ਉਸਤਾਦ ਨੇ ਕਿਹਾ, ਮੈਂ ਉਡੀਕ ਵਿਚ ਸਾਂ, ਮੈਨੂੰ ਉਮੀਦ ਸੀ ਕਿ ਇਹ ਦਿਨ ਜ਼ਰੂਰ ਆਵੇਗਾ, ਖ਼ੁਦਾ ਦਾ ਸ਼ੁਕਰ ਹੈ ਜਿਸ ਨੇ ਮੈਨੂੰ ਇਹ ਦਿਨ ਵਿਖਾ ਦਿੱਤਾ। ਮੈਂ ਸੋਚਿਆ ਕਿ ਤੂੰ ਵਲੀ ਅਹਿਦ ਬਣੇਂਗਾ, ਤੂੰ ਇਕ ਦਿਨ ਰਾਜ ਗੱਦੀ ਤੇ ਬੈਠਣਾ ਹੈ ਤੇ ਤੈਨੂੰ ਇਹ ਸਮਝਾ ਦਿਆਂ ਕਿ ਕਿਸੇ ਬੇਦੋਸ਼ੇ ਨੂੰ ਨਾ ਮਾਰਨਾ, ਜਿਵੇਂ ਤੈਨੂੰ ਬੇ-ਦੋਸ਼ੇ ਹੋਣ ਕਰ ਕੇ ਇਕ ਥੱਪੜ ਨਹੀਂ ਭੁੱਲਿਆ, ਏਸੇ ਤਰ੍ਹਾਂ ਕਿਸੇ ਬੇਦੋਸ਼ੇ ਨੂੰ ਨਾ ਮਾਰੀਂ। ਅਗਰ ਉਹ ਤੇਰੇ ਪਾਸੋਂ ਬਦਲਾ ਨਾ ਵੀ ਲੈ ਸਕੇ, ਤਾਂ ਵੀ ਉਮਰ ਭਰ ਬਦ-ਦੁਆਵਾਂ ਤੇ ਦੇਂਦਾ ਰਹੇਗਾ। ਨੌਸ਼ੇਰਵਾਂ ਨੇ ਉਸਤਾਦ ਦੇ ਪੈਰੀਂ ਹੱਥ ਲਾਏ ਤੇ ਖਿਮਾ ਮੰਗੀ।

ਜਿਹੜੇ ਰਾਜੇ ਸੁਆਰਥੀ ਹੋਣ ਅਤੇ ਲੋਭ ਵਸ ਪਰਜਾ ਨੂੰ ਲੁੱਟਦੇ ਰਹਿਣ ਤੇ ਚਾਹੁਣ ਕਿ ਪਰਜਾ ਦੀ ਬੇਸ਼ੱਕ ਚਮੜੀ ਉਤਰ ਜਾਏ ਮੇਰੇ ਘਰ ਦੀ ਰੌਣਕ ਬਣਨੀ ਚਾਹੀਦੀ ਹੈ, ਐਸੇ ਰਾਜੇ ਕੋਲੋਂ ਇਨਸਾਫ਼ ਦੀ ਕੀ ਆਸ ਹੋ ਸਕਦੀ ਹੈ। ਆਪ ਨੇ ਸੁਣਿਆ ਹੀ ਹੋਵੇਗਾ ਬਾਂਦਰ ਦਾ ਇਨਸਾਫ਼। ਦੋ ਬਿੱਲੀਆਂ ਰੋਟੀ ਦਾ ਟੁਕੜਾ ਲੈ ਕੇ ਉਸ ਪਾਸ ਗਈਆਂ। ਉਹ ਤਕੜੀ ਵਿਚ ਪਾ ਕੇ ਤੋਲਣ ਲੱਗਾ। ਬਰਾਬਰ ਕਰਨ ਦੇ ਬਹਾਨੇ ਉਹ ਸਾਰੀ ਰੋਟੀ ਆਪ ਹੀ ਖਾ ਗਿਆ। ਇਹ ਬਾਂਦਰ ਦੀ ਕਥਾ ਨਹੀਂ, ਇਹ ਉਨ੍ਹਾਂ ਹਾਕਮਾਂ ਦੀ ਕਥਾ ਹੈ, ਉਨ੍ਹਾਂ ਰਾਜਿਆਂ ਦੀ ਕਥਾ ਹੈ ਜਿੱਥੇ ਆ ਕੇ ਇਨਸਾਫ਼ ਲੈਣ ਵਾਲੇ ਜੋ ਪਾਸ ਸੀ ਉਹ ਵੀ ਗੁਆ ਆਏ।

ਮੈਂ ਸੁਣਿਆ ਹੈ ਇਕ ਗਰੀਬ ਬੰਦੇ ਦੀ ਚੋਰੀ ਹੋ ਗਈ। ਕੋਤਵਾਲ ਨੇ ਕਿਹਾ, ਲਿਖਾ ਤੇਰਾ ਕੀ-ਕੀ ਗਿਆ ਹੈ, ਕੁਝ ਚੀਜ਼ਾਂ ਲਿਖਾ ਕੇ ਕਹਿਣ ਲੱਗਾ, ਮਹਾਰਾਜ

ਇਕ ਗੜਵੀ ਤੇ ਇਕ ਗਲਾਸ ਜੋ ਰਾਤ ਪਾਣੀ ਪੀਣ ਲਈ ਸਿਰਹਾਣੇ ਰੱਖੇ ਸਨ, ਇਹੀ ਬਚੇ ਹਨ ਪਰ ਇਹ ਵੀ ਤੁਸੀਂ ਨੁਕਸਾਨ ਵਿਚ ਲਿਖ ਹੀ ਲਵੋ। ਕੋਤਵਾਲ ਨੇ ਪੁੱਛਿਆ, ਕਿ ਇਹ ਕਿਉਂ ਲਿਖਾਂ, ਇਹ ਤਾਂ ਤੇਰੇ ਕੋਲ ਹਨ। ਉਹ ਕਹਿਣ ਲੱਗਾ, ਇਹ ਵੀ ਗਏ ਹੀ ਸਮਝੋ, ਇਹ ਵੇਚ ਕੇ ਤੁਹਾਡੀ ਰੋਟੀ ਦਾ ਪ੍ਰਬੰਧ ਕਰਾਂਗਾ ਤਾਂ ਤੁਸੀਂ ਮੇਰਾ ਪਿੱਛਾ ਛੱਡੋਗੇ। ਲੋਭੀ ਹਾਕਮਾਂ ਨੇ ਹਮੇਸ਼ਾ ਐਸਾ ਹੀ ਇਨਸਾਫ਼ ਕੀਤਾ ਹੈ।

ਸਿੱਖ ਇਤਿਹਾਸ ਵਿਚ ਇਕ ਘਟਨਾ ਦਾ ਜ਼ਿਕਰ ਹੈ ਕਿ ਕਹਿਲੂਰ ਰਿਆਸਤ ਜੋ ਅਨੰਦਪੁਰ ਸਾਹਿਬ ਦੇ ਪਾਸ ਹੀ ਹੈ, ਇੱਥੋਂ ਦਾ ਰਾਜਾ ਭੀਮ ਚੰਦ ਇਕ ਵਾਰ ਸਤਿਗੁਰੂ ਕਲਗੀਧਰ ਦੇ ਦਰਬਾਰ ਵਿਚ ਅਨੰਦਪੁਰ ਸਾਹਿਬ ਆਇਆ ਤੇ ਗੁਰੂ ਦਰਬਾਰ ਦੀਆਂ ਵਸਤੂਆਂ ਵੇਖ ਕੇ ਇਸ ਦਰਬਾਰ ਦੀ ਸ਼ਾਨ ਵੇਖ ਕੇ ਇਸ ਦੇ ਮਨ ਵਿਚ ਈਰਖਾ ਜਾਗੀ। ਇਸ ਨੇ ਸੋਚਿਆ ਕਿ ਜਿਵੇਂ ਵੀ ਹੋ ਸਕੇ ਇਹ ਵਸਤੂਆਂ ਮੇਰੇ ਦਰਬਾਰ ਵਿਚ ਪੁੱਜ ਜਾਣ। ਉਸ ਰਾਜੇ ਨੂੰ ਕਿਵੇਂ ਰਾਜਾ ਆਖੀਏ, ਜਿਹੜਾ ਇਹ ਸੋਚੇ ਕਿ ਗੁਰੂ ਘਰ ਦੀ ਰੌਣਕ ਬੇਸ਼ੱਕ ਨਾ ਰਹੇ, ਮੇਰੇ ਘਰ ਦੀ ਰੌਣਕ ਬਣਨੀ ਚਾਹੀਦੀ ਹੈ। ਇਹ ਤਾਂ ਬੜੇ ਗਏ ਗੁਜ਼ਰੇ ਭਿਖਾਰੀ ਦੀ ਬਿਰਤੀ ਹੈ।

ਕਿਸੇ ਵਸਤੂ ਦੀ ਪ੍ਰਾਪਤੀ ਲਈ ਪੰਜ ਢੰਗ ਹਨ। ਪਹਿਲਾ ਤਾਂ ਇਹ ਹੈ ਕਿ ਕੀਮਤ ਦੇ ਕੇ ਖਰੀਦੀ ਜਾਏ। ਦੂਜਾ ਕੋਈ ਸੁਗਾਤ ਵਜੋਂ ਭੇਟ ਕਰ ਦੇਵੇ। ਤੀਜਾ ਜੰਗ ਕਰ ਕੇ ਖੋਹ ਕੇ ਲਿਆਂਦੀ ਜਾਵੇ। ਚੌਥਾ ਚੋਰੀ ਕਰ ਕੇ ਲਿਆਂਦੀ ਜਾਏ। ਪੰਜਵਾਂ ਭਿਖਾਰੀ ਬਣ ਕੇ ਮੰਗ ਕੇ ਲੈ ਲਈ ਜਾਏ।

ਇਨ੍ਹਾਂ ਢੰਗਾਂ ਵਿਚੋਂ ਆਖਰੀ ਢੰਗ ਭੀਮ ਚੰਦ ਨੇ ਅਪਣਾਇਆ ਪਰ ਉਹ ਵੀ ਸਿੱਧਾ ਨਹੀਂ, ਉਸ ਵਿਚ ਵੀ ਹੇਰਾ-ਫੇਰੀ ਸੀ। ਭੀਮ ਚੰਦ ਨੇ ਆਪਣੇ ਪ੍ਰੋਹਤ ਪਰਮਾਨੰਦ ਨੂੰ ਭੇਜਿਆ ਕਿ ਪੁੱਤਰ ਦੀ ਕੁੜਮਾਈ ਦਾ ਬਹਾਨਾ ਕਰ ਕੇ ਇਹ ਵਸਤੂਆਂ ਜਿਨ੍ਹਾਂ ਵਿਚ ਪ੍ਰਮੁੱਖ ਪ੍ਰਸਾਦੀ ਹਾਥੀ ਸੀ ਲੈ ਆਂਦੀਆਂ ਜਾਣ, ਫਿਰ ਵਾਪਸ ਅਸੀਂ ਕਰਨੀਆਂ ਕੋਈ ਨਹੀਂ। ਫਿਰ ਜੇ ਲੜਨਾ ਵੀ ਪਿਆ ਤਾਂ ਲੜ ਲਵਾਂਗੇ। ਸਤਿਗੁਰਾਂ ਸਿਰਫ਼ ਇਕ ਜਵਾਬ ਦਿੱਤਾ ਕਿ ਇਹ ਵਸਤੂਆਂ ਗੁਰੂ ਘਰ ਦੀਆਂ ਹਨ, ਸੰਗਤਾਂ ਦੀਆਂ ਹਨ। ਗੁਰੂ ਦਰਬਾਰ ਦੀ ਰੌਣਕ ਘਟਾ ਕੇ ਕਿਸੇ ਰਾਜੇ ਦੇ ਦਰਬਾਰ ਦੀ ਰੌਣਕ ਬਣਾਉਣੀ, ਇਹ ਕਿਸੇ ਸਿੱਖ ਨੂੰ ਚੰਗਾ ਨਹੀਂ ਲੱਗਣਾ। ਭੀਮ ਚੰਦ ਨੂੰ ਚਾਹੀਦਾ ਸੀ ਉਹ ਸਾਨੂੰ ਹੀ ਬੁਲਾ ਲੈਂਦਾ ਤਾਂ ਹਾਥੀ ਆਪੇ ਨਾਲ ਹੀ ਆ ਜਾਂਦੇ ਪਰ ਉਸ ਨੂੰ ਗੁਰੂ ਨਹੀਂ ਚਾਹੀਦੇ, ਉਸ ਨੂੰ ਤਾਂ ਵਸਤੂਆਂ ਚਾਹੀਦੀਆਂ ਹਨ। ਸਤਿਗੁਰਾਂ ਜੁਆਬ ਦੇ ਦਿੱਤਾ। ਐਸੇ ਰਾਜੇ ਕੋਲੋਂ ਜਨਤਾ ਨੂੰ ਕੀ ਆਸ ਹੋ ਸਕਦੀ ਹੈ ਕਿ ਸਾਨੂੰ ਇਨਸਾਫ਼ ਮਿਲੇਗਾ ਪਰ ਜਿਨ੍ਹਾਂ ਨੂੰ ਧਰਮ ਕਲਾ ਆ ਗਈ, ਉਹ ਰਾਜੇ ਵੀ ਹੈਣ।

ਮਹਾਰਾਜਾ ਰਣਜੀਤ ਸਿੰਘ ਜੀ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ ਸੀ, ਬੜੇ ਸੁੰਦਰ ਸ਼ਾਮਿਆਨੇ ਲੱਗੇ ਸਨ, ਇਕ ਬੜਾ ਸੁੰਦਰ ਤੇ ਕੀਮਤੀ ਚੰਦੋਆ ਉਸ ਥਾਂ ਲੱਗਾ ਸੀ, ਜਿਥੇ ਮਹਾਰਾਜਾ ਰਣਜੀਤ ਸਿੰਘ ਆ ਬੈਠੇ। ਉਨ੍ਹਾਂ ਜਦੋਂ ਉੱਪਰ ਵੇਖਿਆ ਤਾਂ ਉਠ ਬੈਠੇ ਤੇ ਕਹਿਣ ਲੱਗੇ, ਇਹ ਚੰਦੋਆ ਉਤਾਰ ਦਿਓ, ਇਹ ਮੇਰੇ ਸਿਰ ਤੇ

ਨਹੀਂ ਚਾਹੀਦਾ, ਇਹ ਗੁਰੂ ਰਾਮਦਾਸ ਦੇ ਦਰਬਾਰ ਵਿਚ ਲਗਣਾ ਚਾਹੀਦਾ ਹੈ। ਕਿੰਨਾ ਫ਼ਰਕ ਹੈ ਦੋਹਾਂ ਰਾਜਿਆਂ ਵਿਚ। ਇਕ ਕਹਿ ਰਿਹਾ ਹੈ ਕਿ ਗੁਰੂ ਘਰ ਦੀਆਂ ਚੀਜ਼ਾਂ ਵੀ ਮੇਰੇ ਘਰ ਦੀ ਰੌਣਕ ਬਣਨ ਪਰ ਦੂਸਰੇ ਦਾ ਖ਼ਿਆਲ ਹੈ ਕਿ ਮੇਰੇ ਘਰ ਦੀਆਂ ਵਸਤੂਆਂ ਵੀ ਗੁਰੂ ਘਰ ਦੀ ਰੌਣਕ ਬਣਨ। ਐਸੇ ਬੰਦੇ ਹੀ ਇਨਸਾਫ਼ ਕਰ ਸਕਦੇ ਹਨ। ਕਿਸੇ ਧਰਮੀ ਬੰਦੇ ਦੇ ਹੱਥ ਵਿਚ ਰਾਜ ਸੱਤਾ ਹੋਵੇ ਤਾਂ ਹਰ ਬੰਦੇ ਨੂੰ ਇਨਸਾਫ਼ ਮਿਲ ਸਕਦਾ ਹੈ।

ਇਕ ਵਾਰ ਕੁਝ ਬੱਚਿਆਂ ਨੂੰ ਫੜ ਕੇ ਮਹਾਰਾਜਾ ਰਣਜੀਤ ਸਿੰਘ ਦੇ ਪੇਸ਼ ਕੀਤਾ ਗਿਆ, ਉਸ ਦਾ ਕਾਰਨ ਸੀ ਕਿ ਅਚਾਨਕ ਹੀ ਮਹਾਰਾਜਾ ਸਾਹਿਬ ਦੇ ਮੂੰਹ ਤੇ ਇਕ ਢੀਮ ਆ ਵੱਜੀ। ਇਹ ਢੀਮ ਇਨ੍ਹਾਂ ਬੱਚਿਆਂ ਨੇ ਮਾਰੀ ਸੀ। ਬੱਚਿਆਂ ਨੂੰ ਪੁੱਛਿਆ, ''ਤੁਸੀਂ ਮੈਨੂੰ ਢੀਮ ਕਿਉਂ ਮਾਰੀ ਹੈ?'' ਬੱਚਿਆਂ ਨੇ ਕਿਹਾ, ਅਸੀਂ ਤੁਹਾਨੂੰ ਨਹੀਂ ਮਾਰੀ, ਤੁਹਾਨੂੰ ਵੱਜ ਗਈ ਹੈ। ਅਸੀਂ ਤਾਂ ਬੇਰੀ ਨੂੰ ਮਾਰੀ ਸੀ। ''ਤੁਸੀਂ ਬੇਰੀ ਨੂੰ ਢੀਮਾਂ ਕਿਉਂ ਮਾਰਦੇ ਹੋ?'' ਬੱਚੇ ਕਹਿਣ ਲੱਗੇ, ''ਬੇਰੀ ਤੋਂ ਬੇਰ ਡਿੱਗਦੇ ਹਨ।'' ਸ਼ੇਰੇ ਪੰਜਾਬ ਕਹਿਣ ਲੱਗੇ, ''ਬੇਰੀ ਬੇਰ ਦੇਵੇ ਤਾਂ ਮੈਨੂੰ ਵੀ ਕੁਝ ਦੇਣਾ ਚਾਹੀਦਾ ਹੈ।'' ਬੱਚਿਆਂ ਨੂੰ ਸੋਨੇ ਦੀਆਂ ਮੋਹਰਾਂ ਦਿੱਤੀਆਂ। ਚਾਹੁੰਦੇ ਤਾਂ ਬੱਚਿਆਂ ਨੂੰ ਸਮੇਤ ਉਹਨਾਂ ਦੇ ਮਾਪਿਆਂ ਦੇ ਕਤਲ ਕਰ ਦੇਂਦੇ। ਪਰ ਇਸ ਗੱਲ ਵਿਚ ਕਿੰਨੀ ਵਡਿਆਈ ਹੈ ਕਿ ਬੇਰੀ ਤੋਂ ਢੀਮਾਂ ਨਾਲ ਬੇਰ ਝੜਦੇ ਹਨ, ਮੇਰੇ ਤੋਂ ਢੀਮਾਂ ਨਾਲ ਮੋਹਰਾਂ ਝੜਨੀਆਂ ਚਾਹੀਦੀਆਂ ਹਨ। ਕੀ ਮੈਂ ਬੇਰੀ ਤੋਂ ਵੀ ਗਿਆ ਗੁਜ਼ਰਿਆ ਹਾਂ।

ਇਕ ਮਾਈ ਨੂੰ ਪਤਾ ਲੱਗਾ ਕਿ ਮਹਾਰਾਜਾ ਸਾਹਿਬ ਪਾਰਸ ਹਨ, ਗੁਜ਼ਰ ਰਹੇ ਸਨ। ਛੇਤੀ ਨਾਲ ਉਸ ਮਾਈ ਨੇ ਆਪਣਾ ਤਵਾ ਹੀ ਚੁੱਕਿਆ ਤੇ ਅੱਗੇ ਵਧ ਕੇ ਮਹਾਰਾਜਾ ਸਾਹਿਬ ਦੇ ਤਨ ਨਾਲ ਰਗੜ ਦਿੱਤਾ, ਸਾਰੇ ਬਸਤਰ ਤਵੇ ਦੀ ਕਾਲਖ ਨਾਲ ਕਾਲੇ ਹੋ ਗਏ ਤੇ ਕਹਿਣ ਲੱਗੀ, ਗੱਲ ਨਹੀਂ ਬਣੀ, ਸੁਣਿਆ ਸੀ ਤੂੰ ਪਾਰਸ ਹੈਂ। ਜਾਂ ਤੇਰੇ ਵਿਚ ਫ਼ਰਕ ਹੈ ਜਾਂ ਇਸ ਲੋਹੇ ਵਿਚ। ਮਹਾਰਾਜਾ ਸਾਹਿਬ ਕਹਿਣ ਲੱਗੇ, ਇਸ ਮਾਈ ਨੂੰ ਗੁਜ਼ਾਰੇ ਲਈ ਧਨ ਦਿੱਤਾ ਜਾਵੇ।

ਧਰਮ ਤੋਂ ਵਿਹੂਣੇ ਵੱਡੇ ਛੋਟਿਆਂ ਨੂੰ ਮਾਰਦੇ ਹਨ ਪਰ ਜੀਵਨ ਵਿਚ ਧਰਮ ਕਲਾ ਹੋਵੇ ਤਾਂ ਵੱਡੇ ਛੋਟਿਆਂ ਨੂੰ ਪਾਲਦੇ ਹਨ। ਇਹੀ ਤਾਂ ਧਰਮੀ ਵੱਡਿਆਂ ਦੀਆਂ ਵਡਿਆਈਆਂ ਹਨ।

ਇਕ ਬੜੀ ਸੁੰਦਰ ਗਾਥਾ ਹੈ ਕਿ ਇਕ ਵਗਦੀ ਆਡ ਤੋਂ ਇਕ ਬੱਕਰੀ ਦਾ ਲੇਲਾ ਪਾਣੀ ਪੀ ਰਿਹਾ ਸੀ, ਇਕ ਬਘਿਆੜ ਇਧਰ ਆ ਨਿਕਲਿਆ ਤੇ ਕਹਿਣ ਲੱਗਾ ਕਿ ਮੈਂ ਪਾਣੀ ਪੀ ਰਿਹਾ ਸਾਂ ਤੂੰ ਪਾਣੀ ਜੂਠਾ ਕਿਉਂ ਕੀਤਾ ਹੈ। ਲੇਲੇ ਨੇ ਕਿਹਾ, ਹਜ਼ੂਰ ਪਾਣੀ ਤਾਂ ਤੁਹਾਡੇ ਵਾਲੇ ਪਾਸਿਉਂ ਆ ਰਿਹਾ ਹੈ, ਮੈਂ ਤਾਂ ਆਪ ਦਾ ਜੂਠਾ ਪੀ ਲਿਆ ਹੈ। ਬਘਿਆੜ ਨੇ ਕਿਹਾ, ਅੱਛਾ! ਤੂੰ ਪਿਛਲੇ ਸਾਲ ਮੈਨੂੰ ਗਾਲੀ ਦੇ ਕੇ ਕਿਉਂ ਦੌੜ ਗਿਆ ਸੈਂ। ਲੇਲੇ ਨੇ ਕਿਹਾ ਕਿ ਮਹਾਰਾਜ ਪਿਛਲੇ ਸਾਲ ਤਾਂ ਮੈਂ ਹੈ ਹੀ ਨਹੀਂ ਸਾਂ। ਮੇਰੀ ਸਾਰੀ ਉਮਰ ਹੀ ਤਿੰਨ ਮਹੀਨੇ ਦੀ ਹੈ। ਬਘਿਆੜ ਨੇ ਕਿਹਾ,

ਫਿਰ ਉਹ ਤੇਰਾ ਵੱਡਾ ਭਰਾ ਹੋਵੇਗਾ, ਖ਼ੈਰ ਮੈਂ ਤਾਂ ਬਦਲਾ ਤੁਹਾਡੀ ਕੁਲ ਤੋਂ ਹੀ ਲੈਣਾ ਹੈ, ਇਹ ਕਹਿ ਕੇ ਲੇਲੇ ਨੂੰ ਮਾਰ ਦਿੱਤਾ।

ਇਹ ਕਹਾਣੀ ਤਾਂ ਜ਼ਾਲਮ ਬੰਦਿਆਂ ਦੀ ਜਿਉਂਦੀ ਜਾਗਦੀ ਤਸਵੀਰ ਹੈ। ਵੈਸੇ ਕੋਈ ਲੇਲਾ ਨਹੀਂ ਬੋਲਦਾ, ਨਾ ਹੀ ਕੋਈ ਬਘਿਆੜ ਬੋਲਦਾ ਹੈ। ਜਾਨਵਰ ਬਘਿਆੜ ਕੋਲ ਏਨੀ ਗੱਲਬਾਤ ਦਾ ਸਮਾਂ ਵੀ ਕਿੱਥੇ। ਇਹ ਤਾਂ ਉਨ੍ਹਾਂ ਬਘਿਆੜਾਂ ਦੀ ਕਥਾ ਹੈ ਜਿਨ੍ਹਾਂ ਨੇ ਬੇਦੋਸ਼ਿਆਂ ਨੂੰ ਮਾਰਨਾ ਹੈ ਅਤੇ ਦੂਸਰੇ ਨੂੰ ਦੋਸ਼ੀ ਸਾਬਤ ਕਰਨਾ ਹੈ ਅਤੇ ਆਪਣੇ ਆਪ ਨੂੰ ਇਨਸਾਫ਼ ਦੇ ਦੇਵਤੇ ਵੀ ਅਖਵਾਉਣਾ ਹੈ।

ਇਕ ਬਾਦਸ਼ਾਹ ਹੋਇਆ ਹੈ, ਹਾਰੂੰ ਰਸ਼ੀਦ। ਇਸ ਦੇ ਬੱਚੇ ਨੂੰ ਕਿਸੇ ਨੇ ਗਾਲੀ ਦਿੱਤੀ, ਬੱਚਾ ਬਾਪ ਪਾਸ ਆਇਆ, ਬੜੇ ਗੁੱਸੇ ਨਾਲ ਭਰਿਆ ਸੀ। ਇਸ ਬਾਦਸ਼ਾਹ ਨੇ ਵਜ਼ੀਰਾਂ ਨੂੰ ਪੁੱਛਿਆ ਕਿ ਤੁਹਾਡੀ ਕੀ ਰਾਇ ਹੈ। ਵਜ਼ੀਰਾਂ ਕਿਹਾ, ਉਸ ਬੱਚੇ ਨੂੰ ਮਾਰ ਦਿੱਤਾ ਜਾਵੇ, ਜਿਸ ਨੇ ਇਹ ਗੁਸਤਾਖ਼ੀ ਕੀਤੀ ਹੈ ਕਿ ਬਾਦਸ਼ਾਹ ਦੇ ਪੁੱਤਰ ਨੂੰ ਗਾਲੀ ਦਿੱਤੀ ਹੈ। ਬਾਦਸ਼ਾਹ ਨੇ ਬੱਚੇ ਨੂੰ ਪੁੱਛਿਆ, ਉਸ ਨੇ ਵੀ ਵਜ਼ੀਰਾਂ ਨਾਲ ਸੰਮਤੀ ਪ੍ਰਗਟਾਈ। ਬਾਦਸ਼ਾਹ ਨੇ ਕਿਹਾ, ਹੇ ਮੇਰੇ ਬੇਟੇ! ਮੈਂ ਤੈਨੂੰ ਨਸੀਹਤ ਕਰਾਂ ਕਿ ਜੇ ਤੂੰ ਮਹਾਨ ਬਣਨਾ ਚਾਹੁੰਦਾ ਹੈ ਤਾਂ ਉਸ ਬੱਚੇ ਨੂੰ ਮੁਆਫ਼ ਕਰ ਦੇ। ਵੇਖ, ਉਹ ਆਪਣੇ ਮਾਤਾ-ਪਿਤਾ ਸਮੇਤ ਕਿਵੇਂ ਹੱਥ ਜੋੜ ਕੇ ਸਿਰ ਝੁਕਾ ਕੇ ਖੜ੍ਹਾ ਹੈ, ਨਹੀਂ ਤਾਂ ਜੋ ਉਸ ਨੇ ਤੈਨੂੰ ਕਿਹਾ ਹੈ ਤੂੰ ਵੀ ਕਹਿ ਲੈ। ਜ਼ਰਾ ਸੋਚ ਕਿ ਤੇਰੀ ਥਾਂ ਇਹ ਹੁੰਦਾ, ਇਹਦੀ ਥਾਂ ਅੱਜ ਤੂੰ ਹੁੰਦਾ, ਫਿਰ ਤੂੰ ਕੀ ਚਾਹੁੰਦਾ। ਇਹ ਇਨਸਾਫ਼ ਧਰਮੀ ਬੰਦਿਆਂ ਦੀ ਨਿਸ਼ਾਨੀ ਹੈ।

ਬਾਬਾ ਆਲਾ ਸਿੰਘ ਜੀ ਜੋ ਪਟਿਆਲਾ ਦੇ ਰਾਜੇ ਸਨ, ਲੰਗਰ ਵਿਚ ਸੇਵਾ ਕਰਦੇ ਸਨ। ਇਹਨਾਂ ਦੀ ਧਰਮ ਪਤਨੀ ਬੀਬੀ ਫਤਹਿ ਕੌਰ ਲੰਗਰ ਵਿਚ ਦਾਲ ਵਰਤਾਉਂਦੀ ਸੀ ਅਤੇ ਆਪ ਲੰਗਰ ਵਿਚ ਪ੍ਰਸ਼ਾਦੇ ਵਰਤਾਉਂਦੇ ਸਨ। ਇਕ ਦਿਨ ਪੰਗਤ ਵਿਚ ਬੈਠੇ ਇਕ ਸਿੰਘ ਨੇ ਕਹਿ ਦਿੱਤਾ ਕਿ ਮਾਤਾ ਜੀ ਇਹ ਦਾਲ ਕਿਸੇ ਕੰਮ ਦੀ ਨਹੀਂ, ਇਸ ਨੂੰ ਕੀ ਕਰਾਂ। ਮਾਤਾ ਫਤਹਿ ਕੌਰ ਨੇ ਬੜੇ ਗੁੱਸੇ ਤੇ ਹੰਕਾਰ ਨਾਲ ਕਿਹਾ ਕਿ ਮੇਰੇ ਸਿਰ ਵਿਚ ਪਾ ਦੇ। ਉਸ ਸਿੰਘ ਨੇ ਦਾਲ ਦਾ ਬਾਟਾ ਚੁੱਕਿਆ ਤੇ ਇਸ ਦੇ ਸਿਰ ਵਿਚ ਪਾ ਦਿੱਤਾ। ਇਹ ਛੇਤੀ ਨਾਲ ਆਪਣੇ ਪਤੀ ਪਾਸ ਫਰਿਆਦੀ ਹੋਈ ਜੋ ਪੰਗਤ ਦੇ ਦੂਸਰੇ ਸਿਰੇ ਪ੍ਰਸ਼ਾਦੇ ਵਰਤਾ ਰਹੇ ਸਨ। ਬਾਬਾ ਜੀ ਨੇ ਪੁੱਛਿਆ ਕਿ ਸਾਰੀ ਗੱਲ ਦੱਸੋ। ਬੀਬੀ ਜੀ ਨੇ ਦੱਸਿਆ ਕਿ ਇਸ ਸਿੰਘ ਨੇ ਕਿਹਾ ਸੀ, ਇਸ ਦਾਲ ਨੂੰ ਕੀ ਕਰਾਂ। ਮੈਂ ਕਿਹਾ, ਮੇਰੇ ਸਿਰ ਵਿਚ ਪਾ ਦੇ। ਬਾਬਾ ਆਲਾ ਸਿੰਘ ਜੀ ਨੇ ਕਿਹਾ, ਫਿਰ ਸਿੰਘ ਦਾ ਦੋਸ਼ ਨਹੀਂ, ਇਹ ਦਰਬਾਰ ਹੀ ਐਸਾ ਹੈ ਜੋ ਮੰਗੀਏ ਇਥੇ ਮਿਲ ਜਾਂਦਾ ਹੈ। ਬਾਬਾ ਜੀ ਨੇ ਸਿੰਘ ਦੇ ਪੈਰ ਫੜ ਕੇ ਕਿਹਾ, ਇਹ ਤੇਰੀ ਭੁੱਲ ਨਹੀਂ, ਇਹ ਮੇਰੀ ਪਤਨੀ ਦਾ ਹੰਕਾਰ ਹੈ। ਅੱਗੋਂ ਲਈ ਨਾਰਾਜ਼ ਹੋ ਕੇ ਸਾਨੂੰ ਸੇਵਾ ਤੋਂ ਵਾਂਝੇ ਨਾ ਰੱਖਣਾ, ਲੰਗਰ ਛਕਣ ਵਾਸਤੇ ਜ਼ਰੂਰ ਆਉਣਾ।

ਬਹੁਤੇ ਗਿਆਨ ਨਾਲੋਂ ਮਨੁੱਖ ਇਨਸਾਫ਼ ਦੀ ਧਾਰਨਾ ਨੂੰ ਹੀ ਸਹੀ ਢੰਗ ਨਾਲ ਸਮਝ ਲਵੇ ਤੇ ਕਮਾ ਲਵੇ ਤਾਂ ਇਸ ਦਾ ਹਿਰਦਾ ਪਵਿੱਤਰ ਹੋ ਜਾਵੇ ਤੇ ਇਹ ਰੱਬ ਦਾ

ਰੂਪ ਹੋ ਜਾਵੇ। ਮਨੁੱਖ ਦਾ ਆਮ ਕਰਕੇ ਇਹ ਗਿਲਾ ਹੁੰਦਾ ਹੈ ਕਿ ਮੈਨੂੰ ਕਿਸੇ ਪਾਸਿਉਂ ਇਨਸਾਫ਼ ਨਹੀਂ ਮਿਲਿਆ। ਇਹ ਤਾਂ ਇਥੇ ਤਕ ਵੀ ਕਹਿ ਦਿੰਦਾ ਹੈ ਕਿ ਮੈਨੂੰ ਰੱਬ ਵਲੋਂ ਵੀ ਇਨਸਾਫ਼ ਨਹੀਂ ਮਿਲਿਆ। ਮਨੁੱਖ ਨੂੰ ਕਦੀ ਇਹ ਸਮਝ ਆ ਜਾਵੇ ਤਾਂ ਇਸ ਲਈ ਬਿਹਤਰ ਹੋਵੇਗਾ ਕਿ ਜਿਹੜਾ ਇਨਸਾਫ਼ ਦੂਸਰੇ ਦੇ ਹੱਥ ਵਿਚ ਹੈ, ਇਨਸਾਫ਼ ਦਾ ਤਰਾਜ਼ੂ ਦੂਸਰੇ ਦੇ ਹੱਥ ਵਿਚ ਹੈ, ਉਹ ਦੂਸਰੇ ਦੀ ਮਰਜ਼ੀ ਹੈ ਉਹ ਪੂਰਾ ਤੋਲੇ ਭਾਵੇਂ ਪੂਰਾ ਨਾ ਤੋਲੇ; ਪਰ ਜਿਹੜਾ ਇਨਸਾਫ਼ ਦਾ ਤਰਾਜ਼ੂ ਤੇਰੇ ਹੱਥ ਵਿਚ ਹੈ, ਤੂੰ ਉਸ ਨੂੰ ਪੂਰਾ ਤੋਲਿਆ ਹੈ ਕਿ ਨਹੀਂ। ਇਹ ਵੱਖਰੀ ਗੱਲ ਹੈ ਕਿ ਕਦੀ ਤੈਨੂੰ ਇਸ ਯੋਗ ਕਿਸੇ ਸਮਝਿਆ ਹੀ ਨਾ ਹੋਵੇ ਕਿ ਤੈਨੂੰ ਮੁਨਸਫ਼ ਬਣਾਇਆ ਜਾਵੇ ਪਰ ਜੇਕਰ ਇਨਸਾਫ਼ ਦਾ ਤਰਾਜ਼ੂ ਤੇਰੇ ਹੱਥ ਵਿਚ ਆ ਜਾਵੇ ਤਾਂ ਤੂੰ ਕੈਸਾ ਇਨਸਾਫ਼ ਕਰੇਂਗਾ।

ਮਨੁੱਖ ਦੀ ਇਹ ਕਮਜ਼ੋਰੀ ਮੁੱਢ ਤੋਂ ਹੀ ਰਹੀ ਹੈ ਕਿ ਜਦੋਂ ਇਹ ਤਾਕਤਵਰ ਹੈ ਤਾਂ ਕਮਜ਼ੋਰਾਂ ਨੂੰ ਇਨਸਾਫ਼ ਨਹੀਂ ਦਿੰਦਾ। ਜਦੋਂ ਇਹ ਕਮਜ਼ੋਰ ਹੋ ਜਾਵੇ ਤਾਂ ਰੋਂਦਾ ਜ਼ਰੂਰ ਹੈ ਕਿ ਮੈਨੂੰ ਇਨਸਾਫ਼ ਨਹੀਂ ਮਿਲਿਆ। ਕਲ੍ਹ ਫਿਰ ਤਾਕਤਵਰ ਹੋ ਜਾਵੇ ਤਾਂ ਫਿਰ ਕਮਜ਼ੋਰਾਂ ਤੇ ਜ਼ੁਲਮ ਹੀ ਕਰੇਗਾ। ਕਮਜ਼ੋਰ ਕਹੇ ਕਿ ਇਨਸਾਫ਼ ਹੋਣਾ ਚਾਹੀਦਾ ਹੈ ਜਿਵੇਂ ਕਿ ਇਨਸਾਫ਼ ਦਾ ਰੌਲਾ ਸਿਰਫ਼ ਕਮਜ਼ੋਰ ਹੀ ਪਾਉਂਦੇ ਹਨ, ਇਸ ਨਾਲ ਸੰਸਾਰ ਦਾ ਕੁਝ ਨਹੀਂ ਸੰਵਰ ਸਕਦਾ। ਹਾਂ ਜਿਸ ਦਿਨ ਤਾਕਤਵਰ ਮਨੁੱਖ ਇਹ ਕਹੇ ਕਿ ਇਨਸਾਫ਼ ਹੋਣਾ ਚਾਹੀਦਾ ਹੈ ਉਸ ਦਿਨ ਸੰਸਾਰ ਦਾ ਕੁਝ ਸੰਵਰ ਸਕਦਾ ਹੈ।

ਇਕ ਫ਼ਕੀਰ ਨੂੰ ਇਕ ਰਾਜੇ ਨੇ ਕਿਹਾ ਸੀ ਕਿ ਫ਼ਕੀਰ, ਤੂੰ ਕਦੀ ਕੋਈ ਸੇਵਾ ਨਹੀਂ ਦੱਸੀ, ਕੋਈ ਸੇਵਾ ਮੈਨੂੰ ਜ਼ਰੂਰ ਦੱਸ। ਫ਼ਕੀਰ ਨੇ ਕਿਹਾ, ਐ ਬਾਦਸ਼ਾਹ! ਕੁਝ ਲੋੜਾਂ ਤੇਰੀਆਂ ਹਨ, ਕੁਝ ਲੋੜਾਂ ਮੇਰੀਆਂ ਹਨ। ਮੇਰੀ ਲੋੜ ਤੂੰ ਨਹੀਂ ਪੂਰੀ ਕਰ ਸਕਦਾ, ਤੇਰੀ ਲੋੜ ਮੈਂ ਨਹੀਂ ਪੂਰੀ ਕਰ ਸਕਦਾ। ਮੈਂ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਹੇ ਖ਼ੁਦਾ! ਮੈਨੂੰ ਸੰਤੋਖ ਦੇ ਤੇ ਬਾਦਸ਼ਾਹ ਨੂੰ ਇਨਸਾਫ਼ ਕਰਨ ਦੀ ਤੌਫ਼ੀਕ ਦੇ। ਜਿਸ ਦੇਸ਼ ਵਿਚ ਸਾਧੂ ਸੰਤੋਖੀ ਹੋਵੇ, ਬਾਦਸ਼ਾਹ ਇਨਸਾਫ਼-ਪਸੰਦ ਹੋਵੇ ਉਸ ਦੇਸ਼ ਵਿਚ ਭੀਖ ਮੰਗਣ ਦੀ ਰਸਮ ਨਹੀਂ ਰਹੇਗੀ।

*ਗਰ ਸ਼ੁੰਮਾ ਰਾ ਇਨਸਾਫ ਬੁਦੇ ਵ ਮਾਰਾ ਕਨਾਇਤ।*
*ਰਸਮੇ ਸਵਾਲ ਅਜ਼ ਜਹਾਂ ਬਰਖਾਸਤੇ।*

ਜਿਸ ਦੇਸ਼ ਵਿਚ ਰਾਜੇ ਬੇ-ਇਨਸਾਫ਼ ਹੋਣਗੇ, ਉਸ ਦੇਸ਼ ਦੇ ਸਾਧੂ ਵੀ ਬੇ-ਇਨਸਾਫ਼ ਹੋਣਗੇ ਸੰਤੋਖੀ ਨਹੀਂ ਹੋਣਗੇ, ਲੋਕਾਂ ਨੂੰ ਵਰ ਦੇਣ ਦੀ ਬਜਾਏ ਸਰਾਪ ਹੀ ਦੇਣਗੇ। ਬੰਦਾ ਸੰਸਾਰ ਨੂੰ ਇਨਸਾਫ਼ ਤਾਂ ਹੀ ਦੇ ਸਕੇਗਾ ਜਿਸ ਦਿਨ ਇਨਸਾਫ਼-ਪਸੰਦ ਪ੍ਰਮਾਤਮਾ ਨਾਲ ਜੁੜ ਜਾਏ।

ਗੁਰੂ ਨਾਨਕ ਦੇਵ ਜੀ ਪ੍ਰਮਾਤਮਾ ਦੇ ਇਨਸਾਫ਼ ਬਾਰੇ ਕਹਿੰਦੇ ਹਨ–

*ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ॥*

–ਤਿਲੰਗੁ ਮ: ੧, ਪੰਨਾ ੭੨੩

ਇਹੋ ਜਿਹੇ ਫੈਸਲੇ ਤੇ ਨਿਆਂ ਨੂੰ ਗੁਰਮਤਿ ਨੇ ਨਹੀਂ ਮੰਨਿਆ ਕਿ ਜ਼ਹਿਰ ਦੇ ਕੇ ਵੇਖੋ, ਸੱਚਾ ਹੋਇਆ ਤਾਂ ਬਚ ਜਾਏਗਾ, ਝੂਠਾ ਹੋਇਆ ਤਾਂ ਮਰ ਜਾਏਗਾ। ਨਹੀਂ, ਇਨਸਾਫ਼ ਤਾਂ ਬਿਬੇਕ ਬੁਧੀ ਤੇ ਆਧਾਰਤ ਹੋਣਾ ਚਾਹੀਦਾ ਹੈ :

*ਗਲਾਂ ਉਪਰਿ ਤਪਾਵਸੁ ਨਾ ਹੋਈ ਵਿਸੁ ਖਾਧੀ ਤਤਕਾਲ ਮਰਿ ਜਾਏ॥*

—ਗਉੜੀ ਵਾਰ ਮ: ੪, ਪੰਨਾ ੩੦੮

ਗੱਲਾਂ ਨਾਲ ਨਿਆਂ ਨਹੀਂ ਹੁੰਦਾ, ਜ਼ਹਿਰ ਤਾਂ ਹਰ ਇਕ ਨੂੰ ਹੀ ਮਾਰ ਦੇਵੇਗਾ। ਉਸ ਦਾ ਨਿਆਂ ਹੈ—

*ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥*

—ਸਿਰੀ ਰਾਗ ਮ: ੩, ਪੰਨਾ ੩੮

ਉਸ ਦੇ ਦਰ ਘਰ ਨਾਲ ਜੁੜਿਆ ਹੋਇਆ, ਉਸ ਵਿਚ ਲੀਣ ਹੋਇਆ ਕੋਈ ਮਹਾਂਪੁਰਖ ਹੀ ਸੰਸਾਰ ਨੂੰ ਇਨਸਾਫ਼ ਦੇ ਸਕਦਾ ਹੈ। ਜਿਸ ਦਾ ਪ੍ਰਮਾਤਮਾ ਵੀ ਇਨਸਾਫ਼-ਪਸੰਦ ਹੈ ਉਹ ਆਪ ਵੀ ਇਨਸਾਫ਼-ਪਸੰਦ ਹੋਵੇਗਾ। ਉਹ ਚੰਗੀ ਤਰ੍ਹਾਂ ਸਮਝਦਾ ਹੈ ਕਿ ਅੰਤਲਾ ਇਨਸਾਫ਼, ਆਖਰੀ ਇਨਸਾਫ਼ ਸੱਚ ਤੇ ਆਧਾਰਤ ਹੋਵੇਗਾ। ਉਸ ਵਿਚ ਸੱਚੀ ਅਦਾਲਤ ਪ੍ਰਮਾਤਮਾ ਦੀ ਹੋਵੇਗੀ, ਸੱਚਾ ਗਵਾਹ ਸਤਿਗੁਰੂ ਹੋਵੇਗਾ, ਸੱਚਾ ਸਿੱਖ ਹੀ ਉਥੇ ਪ੍ਰਵਾਨ ਹੋਵੇਗਾ।

*ਉਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥*

—ਆਸਾ ਦੀ ਵਾਰ, ਪੰਨਾ ੪੬੩

*ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲਿ ਸੂਚੀ ਹੋਇ॥*
*ਉਸੁ ਸਾਚੇ ਦੀਬਾਨ ਮਹਿ ਪਲਾ ਨਾ ਪਕਰੈ ਕੋਇ॥*

—ਸਲੋਕ ਕਬੀਰ, ਪੰਨਾ ੧੩੭੫

ਜੇਕਰ ਦਿਲ ਦੀ ਪਵਿੱਤਰਤਾ ਹੋਵੇ ਤਾਂ ਲੇਖਾ ਦੇਣਾ ਸੌਖਾ ਹੈ। ਉਥੋਂ ਇਨਸਾਫ਼ ਮਿਲਦਾ ਹੈ, ਝੂਠਿਆਂ ਬੰਦਿਆਂ ਦਾ ਉਥੇ ਕੋਈ ਮਦਦਗਾਰ ਨਹੀਂ। ਐਸਾ ਮਨੁੱਖ ਸੋਚਦਾ ਹੈ ਕਿ ਜਦੋਂ ਅੰਤਲਾ ਇਨਸਾਫ਼ ਸੱਚ ਤੇ ਆਧਾਰਤ ਹੈ ਫਿਰ ਮੈਂ ਪਹਿਲੇ ਇਨਸਾਫ਼ ਝੂਠ ਦੇ ਆਸਰੇ ਕਰਾਂ ਤੇ ਆਪ ਗੁਨਾਹਗਾਰ ਕਿਉਂ ਬਣਾਂ। ਰੱਬ ਨਾਲ ਜੁੜਿਆ ਬੰਦਾ ਜਿਸ ਦੇ ਜੀਵਨ ਵਿਚ ਧਰਮ ਕਲਾ ਹੈ ਜੇ ਉਹ ਕਮਜ਼ੋਰ ਹੈ ਤਾਂ ਨਿਆਂ ਪ੍ਰਮਾਤਮਾ ਪਾਸੋਂ ਮੰਗਦਾ ਹੈ। ਹਾਕਮ ਨੂੰ ਕਹਿ ਦਿੰਦਾ ਹੈ ਤੇਰੇ ਪਾਸੋਂ ਮੈਨੂੰ ਨਿਆਂ ਨਹੀਂ ਮਿਲਿਆ ਪਰ ਪ੍ਰਮਾਤਮਾ ਮੈਨੂੰ ਜ਼ਰੂਰ ਇਨਸਾਫ਼ ਦੇਵੇਗਾ। ਐਸਾ ਬੰਦਾ ਜੇ ਗੱਦੀ ਤੇ ਬੈਠ ਜਾਏ ਤਾਂ ਕਿਸੇ ਨਾਲ ਬੇਇਨਸਾਫੀ ਨਹੀਂ ਕਰਦਾ ਕਿਉਂਕਿ ਉਸ ਦੇ ਜੀਵਨ ਵਿਚ ਧਰਮ ਕਲਾ ਹੈ।

❀ ❀ ❀

## ੧੩

# ਕਲਮ ਤੇ ਧਰਮ ਕਲਾ

ਮਨੁੱਖ ਦੇ ਇਤਿਹਾਸ ਵਿਚ ਉਹ ਦਿਨ ਬੜੇ ਹੀ ਭਾਗਾਂ ਵਾਲਾ ਹੋਵੇਗਾ, ਜਿਸ ਦਿ
ਮਨੁੱਖ ਦੇ ਹੱਥ ਵਿਚ ਕਲਮ ਆਈ ਤੇ ਇਸ ਨੇ ਅੱਖਰ ਲਿਖਣੇ ਸ਼ੁਰੂ ਕੀਤੇ। ਅੱਖ
ਨੇ ਜੋ ਮਨੁੱਖਾ ਜੀਵਨ ਦੀ ਉੱਨਤੀ ਵਿਚ ਹਿੱਸਾ ਪਾਇਆ ਤੇ ਅੱਖਰਾਂ ਨੇ ਜੋ ਮਨੁੱਖ
ਚੇਤਾ ਸ਼ਕਤੀ ਦੀ ਸਹਾਇਤਾ ਕੀਤੀ ਹੈ, ਇਹ ਵੇਖ ਕੇ ਤੇ ਕਹਿਣਾ ਹੀ ਪਵੇਗਾ ਕਿ
ਪ੍ਰਮਾਤਮਾ! ਜੇਕਰ ਚੇਤਾ ਸ਼ਕਤੀ ਤੇਰੀ ਅਮੁੱਲ ਦਾਤ ਹੈ ਤਾਂ ਇਹ ਅੱਖਰ ਵੀ ਤੇਰੀ ਅਮੁੱ
ਦਾਤ ਹਨ।

ਹਜ਼ਾਰਾਂ ਸਾਲ ਪੁਰਾਣੇ ਮਹਾਂ ਪੁਰਖਾਂ ਦੇ ਬਚਨ ਜੋ ਧਰਮੀ ਬੰਦੇ ਲਈ ਥੰਮ੍ਹ ਹ
ਸਹਾਰਾ ਹਨ, ਅੱਖਰਾਂ ਰਾਹੀਂ ਹੀ ਸਾਂਭੇ ਪਏ ਹਨ। ਅੱਖਰ ਨਾ ਹੁੰਦੇ ਤਾਂ ਅੱਜ ਕੋ
ਧਾਰਮਕ ਗ੍ਰੰਥ ਨਾ ਹੁੰਦਾ। ਇਹ ਕਲਮ ਦੀ ਹੀ ਮਿਹਰਬਾਨੀ ਹੈ। ਮਨੁੱਖ ਕਲਮ ਨ ਚੁੱਕ
ਤਾਂ ਹਜ਼ਾਰਾਂ ਸਾਲ ਪੁਰਾਣੇ ਨੁਸਖੇ ਅੱਜ ਵੈਦਾਂ ਪਾਸ ਨਾ ਪਹੁੰਚਦੇ, ਕੋਈ ਵੀ ਵੈਦਿਕ
ਗ੍ਰੰਥ ਨਾ ਹੁੰਦਾ। ਮਨੁੱਖ ਕਲਮ ਨਾ ਚੁੱਕਦਾ ਤਾਂ ਨੀਤੀ ਦੇ ਗ੍ਰੰਥ ਸਾਡੇ ਪਾਸ ਨਾ ਹੁੰਦੇ
ਸਾਨੂੰ ਇਹ ਪਤਾ ਕਿਵੇਂ ਲਗਦਾ ਕਿ ਪੁਰਾਣੇ ਰਾਜ ਪ੍ਰਬੰਧ ਕਿਵੇਂ ਚਲਦੇ ਸਨ। ਸੱਚ
ਇਹ ਹੈ ਕਿ ਰਾਮ ਕਦੋਂ ਦੇ ਚਲੇ ਗਏ, ਪਰ ਰਾਮ ਕਥਾ ਜ਼ਿੰਦਾ ਹੈ, ਬਾਲਮੀਕ ਦੇ ਕਲ
ਚੁੱਕਣ ਕਰਕੇ। ਕ੍ਰਿਸ਼ਨ, ਕੰਸ, ਪਾਂਡਵ, ਕੌਰਵ ਕਦੋਂ ਦੇ ਚਲੇ ਗਏ ਪਰ ਮਹਾਂਭਾਰ
ਜ਼ਿੰਦਾ ਹੈ, ਬਿਆਸ ਦੇ ਕਲਮ ਚੁੱਕਣ ਕਰਕੇ। ਕਲਮ ਮਨੁੱਖ ਨੇ ਚੁੱਕੀ ਹੈ, ਇਸ ਲ
ਕਿ ਜੋ ਯਾਦ ਹੈ, ਕਿਤੇ ਭੁੱਲ ਨਾ ਜਾਏ, ਲਿਖ ਲਵਾਂ ਲਿਖਿਆ ਹੋਇਆ ਮੈਨੂੰ ਯਾ
ਰਹੇਗਾ। ਕਲਮ ਹੈ ਹੀ ਪ੍ਰਮਾਤਮਾ ਦੀ ਦਾਤ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, ਰੱਬ ਦੇ ਹੱਥ ਵਿਚ ਵੀ ਕਲਮ ਹੈ, ਉਸ
ਹੱਥ ਵਿਚ ਹੁਕਮ ਰੂਪੀ ਕਲਮ ਹੈ ਜੋ ਮਨੁੱਖਾਂ ਦੇ ਮੱਥੇ ਲਿਖਦੀ ਹੈ–

***ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥***

–ਸਿਰੀ ਰਾਗ ਮ: ੧, ਪੰਨਾ

ਫੁਨਹੇ ਵਿਚ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ :

***ਹਾਥਿ ਕਲੰਮ ਅਗੰਮ ਮਸਤਕਿ ਲਿਖਾਵਤੀ॥***

–ਫੁਨਹੇ ਮ: ੫, ਪੰਨਾ ੧੩

੪

# ਪ੍ਰੇਮ ਰਸ ਤੇ ਧਰਮ ਕਲਾ

ਰਸ ਸੁਆਦ ਵੀ ਹੈ, ਰਸ ਜੀਵਨ ਵੀ ਹੈ। ਗੁਰਮਤਿ ਵਿਚ ਉਹੀ ਰਸ ਪ੍ਰਵਾ
ਹੈ ਜੋ ਜੀਵਨ ਰਸ ਹੋਵੇ, ਭਾਵ ਜੀਵਨ ਆਧਾਰ ਵੀ ਹੋਵੇ ਅਤੇ ਜਿਸ ਦਾ ਸੁਆ
ਵੀ ਹੋਵੇ।

ਰੁੱਖਾਂ ਵਿਚ ਰਸ ਪਾਣੀ ਕਰਕੇ ਹੈ, ਪੰਜਾਂ ਤੱਤਾਂ ਦੇ ਜੋ ਪੰਜ ਵਿਸ਼ੇ ਹਨ, ਸ਼ਬ
ਅਕਾਸ਼ ਦਾ, ਸਪਰਸ਼ ਹਵਾ ਦਾ, ਰੂਪ ਅਗਨੀ ਦਾ, ਰਸ ਪਾਣੀ ਦਾ, ਗੰਧ ਧਰਤ
ਦਾ। ਰਸ ਵਿਸ਼ਾ ਪਾਣੀ ਦਾ ਹੈ, ਰੁੱਖਾਂ ਵਿਚ ਸਮੁੱਚੀ ਬਨਾਸਪਤੀ ਵਿਚ ਜੋ ਰਸ
ਇਹ ਪਾਣੀ ਕਰਕੇ ਹੈ। ਅਗਰ ਪਾਣੀ ਨਾ ਮਿਲੇ ਤਾਂ ਬਨਾਸਪਤੀ ਹਰੀ ਭਰੀ ਨਹ
ਰਹਿ ਸਕਦੀ। ਬਨਾਸਪਤੀ ਲਈ ਰਸ ਜੀਵਨ ਆਧਾਰ ਹੈ। ਰੁੱਖਾਂ ਨੂੰ ਇਹ ਤਾਂ ਅਸ
ਪੁੱਛ ਨਹੀਂ ਸਕੇ ਕਿ ਤੁਹਾਡਾ ਰਸ ਤੁਹਾਡਾ ਜੀਵਨ ਆਧਾਰ ਹੀ ਹੈ ਜਾਂ ਇਸ ਦ
ਕੋਈ ਸੁਆਦ ਵੀ ਹੈ, ਪਰ ਇੰਨਾ ਸਾਡਾ ਅਨੁਭਵ ਜ਼ਰੂਰ ਹੈ ਕਿ ਬਨਾਸਪਤੀ ਲ
ਰਸ ਜੀਵਨ ਆਧਾਰ ਹੈ।

ਗੁਰੂ ਨਾਨਕ ਦੇਵ ਜੀ ਵਾਰਾਂ ਤੇ ਵਧੀਕ ਸਲੋਕਾਂ ਵਿਚ ਇਕ ਸੁੱਕੇ ਸਰੋਵਰ ਦ
ਦਸ਼ਾ ਵਰਨਣ ਕਰਦੇ ਕਹਿੰਦੇ ਹਨ ਕਿ ਸਰੋਵਰ ਕਹਿੰਦਾ ਹੈ ਮੇਰੀ ਰੌਣਕ ਕਿਉਂ ਮੁ
ਗਈ ਹੈ, ਇਹ ਮੈਂ ਚੰਗੀ ਤਰ੍ਹਾਂ ਸਮਝਦਾ ਹਾਂ–

*ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗ।*

—ਵਾਰਾਂ ਤੇ ਵਧੀਕ, ਪੰਨਾ ੧੪੧

ਕਦੀ ਮਨੁੱਖ ਇਸ ਗੱਲ ਨੂੰ ਸਮਝ ਜਾਏ ਕਿ ਮੈਂ ਉਹੀ ਰਸ ਲਵਾਂਗਾ ਜੋ ਮੇ
ਜੀਵਨ ਆਧਾਰ ਹੋਵੇ। ਐਸਾ ਰਸ ਮੈਨੂੰ ਪ੍ਰਵਾਨ ਨਹੀਂ ਜੋ ਜੀਵਨ ਨਾਸ਼ਕ ਹੋਵੇ, ਐ
ਰਸ ਸੰਸਾਰ ਵਿਚ ਬਹੁਤ ਹਨ ਜੋ ਜੀਵਨ ਦੇ ਵਿਨਾਸ਼ ਦਾ ਕਾਰਨ ਬਣਦੇ ਹਨ। ਸਿਆ
ਤਾਂ ਐਸਾ ਕਹਿੰਦੇ ਹਨ, ਕੋਈ ਵਸਤੂ ਜ਼ਬਾਨ ਤੇ ਰੱਖਿਆਂ ਸੁਆਦੀ ਨਾ ਵੀ ਲੱ
ਪਰ ਸਰੀਰ ਵਾਸਤੇ ਚੰਗੀ ਸਾਬਤ ਹੋਵੇ ਤਾਂ ਉਹ ਖਾ ਲੈਣੀ ਚਾਹੀਦੀ ਹੈ। ਪਰ ਕੋ
ਵਸਤੂ ਰਸਨਾ ਤੇ ਰੱਖਿਆਂ ਬੜੀ ਸੁਆਦੀ ਲੱਗੇ ਪਰ ਸਿਹਤ ਲਈ ਹਾਨੀਕਾਰਕ ਹੋ
ਉਹ ਨਹੀਂ ਖਾਣੀ ਚਾਹੀਦੀ। ਆਮ ਕਰਕੇ ਰਸਨਾ ਦੇ ਰਸਾਂ ਵਿਚ ਜੋ ਰਸ ਹਨ, ਮਿੱਠ

ਹੱਥ ਵਿਚ ਕਲਮ ਤਾਂ ਆ ਗਈ ਪਰ ਹਿਰਦੇ ਵਿਚ ਧਰਮ ਨਹੀਂ ਸੀ। ਜਿਨ੍ਹਾਂ ਲੇਖਕਾਂ ਦੇ ਨਾਵਲ ਹੱਥ ਵਿਚ ਆ ਜਾਣ ਕਰਕੇ ਗੁਰਮੁਖ ਪਰਿਵਾਰਾਂ ਦੇ ਬੱਚੇ ਵੀ ਸ਼ੈਤਾਨ ਦੀ ਮੂਰਤੀ ਬਣ ਜਾਣ, ਐਸੇ ਲੇਖਕਾਂ ਕਲਮ ਦਾ ਦੁਰ-ਉਪਯੋਗ ਕੀਤਾ ਹੈ। ਸਵਾਲ ਇਹ ਨਹੀਂ ਕਿ ਸ਼ਰਾਬ, ਚੋਰੀ ਯਾਰੀ, ਜੂਆ ਇਨ੍ਹਾਂ ਦੇ ਹੱਕ ਵਿਚ ਬੰਦੇ ਨੇ ਬੜੀਆਂ ਚੰਗੀਆਂ ਦਲੀਲਾਂ ਦੇ ਦਿੱਤੀਆਂ ਕਿ ਇਹ ਮਨੋਰੰਜਨ ਹੈ। ਸਵਾਲ ਇਹ ਹੈ ਕਿ ਇਹਨਾਂ ਅਵਗੁਣਾਂ ਨੇ ਸੰਸਾਰ ਨੂੰ ਤਬਾਹ ਕਰਨ ਦਾ ਜਤਨ ਕੀਤਾ ਹੈ ਕਿ ਨਹੀਂ। ਇਕ ਵੇਸਵਾ ਨੂੰ ਕੋਈ ਰਾਜ ਕੁਮਾਰੀ ਵਾਲੇ ਬਸਤਰ ਪੁਆ ਵੀ ਦੇਵੇ, ਉਸ ਦੇ ਸਿਰ ਤੇ ਮੁਕਟ ਬੰਨ੍ਹ ਵੀ ਦੇਵੇ ਤਾਂ ਕੀ ਉਹ ਵੇਸਵਾ ਰਾਜ ਕੁਮਾਰੀ ਬਣ ਜਾਵੇਗੀ? ਇਸੇ ਤਰ੍ਹਾਂ ਚੋਰੀ-ਯਾਰੀ, ਸ਼ਰਾਬ-ਜੂਆ ਇਨ੍ਹਾਂ ਦੇ ਸਿਰ ਤੇ ਸੁਹਣੀ ਕਵਿਤਾ, ਚੰਗੇ ਮਨਮੋਹਣੇ ਸ਼ਿਅਰਾਂ ਦੇ ਮੁਕਟ ਬੰਨ੍ਹ ਵੀ ਦੇਈਏ, ਕਵਿਤਾ ਦੀਆਂ ਪੁਸ਼ਾਕਾਂ ਪੁਆ ਵੀ ਦੇਈਏ ਤਾਂ ਕੀ ਇਹ ਅਵਗੁਣ ਮਨੁੱਖਤਾ ਨੂੰ ਤਬਾਹੀ ਦੇ ਕਿਨਾਰੇ ਨਹੀਂ ਲੈ ਜਾਣਗੇ। ਹਾਂ ਵੇਸਵਾ ਰਾਜ ਕੁਮਾਰੀ ਦੇ ਵਸਤਰ ਪਹਿਣ ਲਵੇ ਤਾਂ ਕੁਝ ਚੰਗੇ ਰਾਜ ਘਰਾਣੇ ਦੇ ਰਾਜ ਕੁਮਾਰਾਂ ਨੂੰ ਭੁਲੇਖਾ ਜ਼ਰੂਰ ਪੈ ਸਕਦਾ ਹੈ, ਉਸ ਦੇ ਜਾਲ ਵਿਚ ਉਹ ਫਸ ਜ਼ਰੂਰ ਸਕਦੇ ਹਨ। ਐਸੇ ਲੇਖਕਾਂ ਨੇ ਅਵਗੁਣਾਂ ਨੂੰ ਗੁਣਾਂ ਦੇ ਵਸਤਰ ਪਹਿਨਾ ਕੇ ਮਨੁੱਖਤਾ ਦੇ ਗਲ ਮੜ੍ਹਿਆ ਹੈ। ਇਹ ਕਹਿ ਦਿਆਂ ਤਾਂ ਗ਼ਲਤ ਨਹੀਂ ਕਿ ਐਸੇ ਕਵੀਆਂ, ਨਾਵਲਕਾਰਾਂ ਮਨੁੱਖ ਦੀ ਨਸਲ ਨਾਲ ਬਹੁਤ ਵੱਡਾ ਧੋਖਾ ਕੀਤਾ ਹੈ, ਇਨ੍ਹਾਂ ਕਲਮ ਫੜ ਕੇ ਆਪਣਾ ਫ਼ਰਜ਼ ਨਹੀਂ ਪਹਿਚਾਣਿਆ।

ਕੁਝ ਵਿਦਵਾਨ ਉਹ ਹਨ ਜਿਨ੍ਹਾਂ ਨੇ ਕਲਮ ਚੁੱਕੀ ਤੇ ਸੰਸਾਰ ਨੂੰ ਰਸਤਾ ਦਿਖਾਉਣ ਦੀ ਬਜਾਏ ਭੂਲ-ਭੂਲਈਆਂ ਵਿਚ ਹੀ ਪਾ ਦਿੱਤਾ। ਇਕ ਵਿਦਵਾਨ ਦੀ ਗੱਲ ਸਮਝਣ ਲਈ ਦਸ ਵਿਦਵਾਨ ਹੋਰ ਇਕੱਠੇ ਕਰਨੇ ਪੈਣ ਕਿ ਦੱਸੋ ਇਸਨੇ ਕੀ ਲਿਖਿਆ ਹੈ ਤਾਂ ਇਹ ਕੋਈ ਉਸਦੀ ਵਿਦਵਤਾ ਨਹੀਂ; ਸਗੋਂ ਵਿਦਵਤਾ ਤਾਂ ਇਹ ਹੈ ਕਿ ਔਖੀਆਂ ਗੱਲਾਂ ਨੂੰ ਸੁਖੈਣ ਢੰਗ ਨਾਲ ਲਿਖਿਆ ਜਾਏ ਤਾਂ ਕਿ ਹਰ ਬੰਦੇ ਦੀ ਸਮਝ ਵਿਚ ਗੱਲ ਆ ਸਕੇ।

ਕੁਝ ਵੰਨਗੀਆਂ ਮੈਂ ਇਸ ਢੰਗ ਦੀਆਂ ਵੀ ਪੇਸ਼ ਕਰ ਦਿਆਂ। ਇਕ ਵਿਦਵਾਨ ਦੋਹਰਾ ਲਿਖਦੇ ਹਨ :

*ਬਿਜਨਾ ਕਹਿ ਗਏ ਔਣ ਕੇ ਆਏ ਨਾ ਸਿੰਘ ਅਹਾਰ॥*
*ਅਜਾ ਭਖਸ਼ ਭੇਜਿਉ ਨਹੀਂ ਦੋ ਦਾਹ ਕਰੌਂ ਅਹਾਰ॥*

ਇਸ ਦਾ ਅਰਥ ਇੰਜ ਹੋਵੇਗਾ ਕਿ ਬਿਜਨਾ ਦਾ ਅਰਥ ਹੈ ਪਖਾ, ਪਖਾ ਦਾ ਅਰਥ ਹੈ ਪੱਖ, ਪੱਖ ਦਾ ਅਰਥ ਹੈ ਪੰਦਰਾਂ ਦਿਨ। ਮੇਰੇ ਪਤੀ ਔਣ ਵਾਸਤੇ ਪੰਦਰਾਂ ਦਿਨ ਕਹਿ ਗਏ ਸਨ ਕਿ ਮੈਂ ਪੰਦਰਾਂ ਦਿਨਾਂ ਨੂੰ ਵਾਪਸ ਆ ਜਾਵਾਂਗਾ ਪਰ ਨਹੀਂ ਆਏ। ਸਿੰਘ ਦਾ ਆਹਾਰ ਹੈ ਮਾਸ, ਮਾਸ ਦਾ ਅਰਥ ਹੈ ਮਹੀਨਾ, ਮਹੀਨਾ ਹੋ ਗਿਆ ਹੈ ਨਹੀਂ ਆਏ। ਅਜਾ ਦਾ ਅਰਥ ਹੈ ਬੱਕਰੀ, ਭਖਸ਼ ਦਾ ਅਰਥ ਹੈ ਖ਼ੁਰਾਕ, ਬੱਕਰੀ ਦੀ ਖ਼ੁਰਾਕ ਹੈਣ, ਪੱਤਰ। ਪੱਤਰ ਦਾ ਅਰਥ ਹੈ ਚਿੱਠੀ। ਪਤੀ ਨੇ ਚਿੱਠੀ ਕੋਈ ਨਹੀਂ ਭੇਜੀ। ਦਾਹ ਦਾ ਅਰਥ ਹੈ ਦਸ, ਦੋ ਦਾਹ ਦਾ ਅਰਥ ਹੈ ਵੀਹ, ਵੀਹ ਦਾ ਅਰਥ ਹੈ ਵਿਹੁ, ਵਿਹੁ ਦਾ ਅਰਥ

ਹੈ ਜ਼ਹਿਰ। ਮੈਂ ਜ਼ਹਿਰ ਦਾ ਆਹਾਰ ਕਰ ਲਵਾਂ, ਭਾਵ ਜ਼ਹਿਰ ਖਾ ਲਵਾਂ। ਇਹ ਤਾਂ ਸਿਰਫ਼ ਦਿਮਾਗ਼ੀ ਲੜਾਈ ਹੈ, ਫਿਰ ਬਿਲਕੁਲ ਬਿਰਥਾ ਸਮਾਂ ਗਵਾਉਣ ਵਾਲੀ ਗੱਲ ਹੈ। ਜਿਹੜੀ ਗੱਲ ਦੋ ਮਿੰਟਾਂ ਵਿਚ ਹੋ ਸਕਦੀ ਹੈ ਉਸ ਲਈ ਦੋ ਘੰਟੇ ਲਗਾਉਣੇ ਕੋਈ ਸਿਆਣਪ ਨਹੀਂ। ਜਿਹੜੀ ਗੱਲ ਦੋ ਸਤਰਾਂ ਵਿਚ ਲਿਖੀ ਜਾ ਸਕਦੀ ਹੈ ਉਸ ਗੱਲ ਵਿਚ ਇੰਨਾ ਖਲਜਗਨ ਕਰਨ ਦੀ ਲੋੜ ਨਹੀਂ। ਪਰ ਇਹੀ ਵਿਦਵਾਨ ਸਿੱਧਾ ਹੀ ਦੋਹਰੇ ਵਿਚ ਲਿਖਦਾ ਕਿ ਪਤੀ ਪੰਦਰਾਂ ਦਿਨਾਂ ਦਾ ਵਾਅਦਾ ਕਰਕੇ ਮਹੀਨਾ ਹੋ ਗਿਆ ਹੈ, ਨਹੀਂ ਆਇਆ, ਮੇਰਾ ਮਨ ਕਰਦਾ ਹੈ ਜ਼ਹਿਰ ਖਾ ਲਵਾਂ। ਗੱਲ ਏਨੀ ਹੀ ਹੈ ਪਰ ਇਸ ਨੂੰ ਵਿਦਵਾਨ ਕੌਣ ਕਹਿੰਦਾ।

ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿਚ ਬਹੁਤ ਕਵੀ ਆਉਂਦੇ ਸਨ। ਬਵੰਜਾ ਕਵੀ ਤਾਂ ਹਰ ਵੇਲੇ ਹੀ ਹਾਜ਼ਰ ਰਹਿੰਦੇ ਸਨ। ਇਕ ਕਵੀ ਜਿਸ ਦਾ ਨਾਂ ਸੀ ਚੰਦਨ, ਉਹ ਆਇਆ ਬੜੇ ਹੰਕਾਰ ਵਿਚ ਸੀ। ਸਤਿਗੁਰੂ ਇਸ ਦੇ ਹੰਕਾਰ ਨੂੰ ਸਮਝਦੇ ਸਨ। ਗੁਰੂ ਦੀ ਮਤਿ ਤਾਂ ਇਹ ਸੀ ਕਿ ਵਿਦਵਾਨ ਕਲਮ ਇਸ ਢੰਗ ਨਾਲ ਚਲਾਏ ਕਿ ਪੜ੍ਹਣ ਵਾਲੇ ਦੇ ਮਨ ਵਿਚ ਨਿਮਰਤਾ ਆਵੇ ਅਤੇ ਹੰਕਾਰ ਮੁੱਕ ਜਾਏ।

ਪਰ ਕਲਮ ਚੁੱਕਣ ਵਾਲਾ ਵਿਦਵਾਨ ਆਪ ਹੀ ਹੰਕਾਰੀ ਹੋਵੇਗਾ ਤਾਂ ਪੜ੍ਹਣ ਵਾਲਾ ਨਿਮਰਤਾ ਦਾ ਧਾਰਨੀ ਕਿਵੇਂ ਹੋਵੇਗਾ। ਇਕ ਦਿਨ ਸਤਿਗੁਰਾਂ ਨੇ ਕਹਿ ਹੀ ਦਿੱਤਾ, ਚੰਦਨ ਰੱਬ ਰਸ ਲੈਣ ਵਾਲੇ ਬੰਦਿਆਂ ਵਿਚ ਬੜੀਆਂ ਬਰਕਤਾਂ ਹੁੰਦੀਆਂ ਹਨ, ਸੰਗਤ ਵਿਚ ਜੋ ਆ ਬੈਠਦਾ ਹੈ ਉਸ ਨੂੰ ਕਿਸੇ ਕਿਸਮ ਦੀ ਘਾਟ ਨਹੀਂ ਰਹਿੰਦੀ। ਗੁਰੂ ਘਰ ਵਿਚ ਤੇ ਘੋੜਿਆਂ ਨੂੰ ਘਾਹ ਪਾਉਣ ਵਾਲੇ ਵੀ ਵਿਦਵਾਨ ਕਵੀ ਹਨ ਇਥੇ ਨਿਮਰਤਾ ਹੀ ਸ਼ੋਭਾ ਪਾਉਂਦੀ ਹੈ। ਚਾਹੀਦਾ ਸੀ ਕਿ ਚੰਦਨ ਕਵੀ ਤੇ ਸਤਿਗੁਰਾਂ 'ਤੇ ਉਪਦੇਸ਼ ਦਾ ਕੋਈ ਚੰਗਾ ਅਸਰ ਹੁੰਦਾ ਪਰ ਇਸ ਨੇ ਤਾਂ ਉਲਟਾ ਬੁਰਾ ਹੀ ਮਨਾਇਆ। ਇਕ ਦਿਨ ਕਹਿਣ ਲੱਗਾ, ਸਤਿਗੁਰੂ ਜੀ ਤੁਸੀਂ ਕਿਹਾ ਸੀ, ਸਾਡੇ ਘੋੜਿਆਂ ਨੂੰ ਘਾਹ ਪਾਉਣ ਵਾਲੇ ਵੀ ਵਿਦਵਾਨ ਹਨ ਪਰ ਅੱਜ ਮੈਂ ਕਹਿੰਦਾ ਹਾਂ ਜਿਹੜਾ ਤੁਹਾਡੇ ਦਰਬਾਰ ਵਿਚ ਸਭ ਤੋਂ ਵੱਡਾ ਵਿਦਵਾਨ ਕਵੀ ਹੈ, ਉਹ ਮੇਰੀ ਕਵਿਤਾ ਦੇ ਅਰਥ ਕਰਕੇ ਵਿਖਾਏ। ਸਤਿਗੁਰਾਂ ਕਿਹਾ, ਤੁਸੀਂ ਕਵਿਤਾ ਸੁਣਾਓ ਤਾਂਕਿ ਅਸੀਂ ਉਸ ਪਾਏ ਦਾ ਹੀ ਵਿਦਵਾਨ ਸੱਦੀਏ। ਇਸ ਨੇ ਇਕ ਸਵੱਯਾ ਪੜ੍ਹ ਕੇ ਸੁਣਾਇਆ।

*ਨਵਸਾਤ ਤਿਯੇ ਨਵਸਾਤ ਕਿਯੇ ਨਵਸਾਤ ਪੀਯੇ ਨੰਵਸਾਤ ਪੈ ਆਏ॥*
*ਨਵਸਾਤ ਰਚੇ ਨਵਸਾਤ ਬਦੇ ਨਵਸਾਤ ਪੀਯਾ ਪੈ ਦਾਯਕ ਪਾਏ॥*
*ਜੀਤ ਕਲਾ ਨਵਸਾਤਨ ਕੀ ਨਵਸਾਤਨ ਕੇ ਮੁਖ ਅੰਚਰ ਛਾਏ॥*
*ਮਾਨਹੁ ਮੇਘ ਕੇ ਮੰਡਲ ਮੈਂ ਕਵਿ ਚੰਦਨ, ਚੰਦ ਕਵੇਵਰ ਛਾਏ॥*

ਸਤਿਗੁਰਾਂ ਨੇ ਕਿਹਾ :

*ਇਹ ਲਾਇਕ ਕਵੀਅਨਿ ਕੇ ਨਾਹੀ॥ ਮਿਲਿ ਆਪਸ ਮਹਿ ਕਰਤੇ ਘਾਹੀ॥*
*ਛੰਦ ਸਭਾ ਹਮਰੀ ਮਹਿ ਸਰਸਤਿ॥ ਜਿਨਕੇ ਪਾਠ ਕਰੇ ਰਸ ਬਰਸਤ।*

—ਗੁ: ਪ੍ਰ: ਸੂ: ਗ੍ਰੰ:

ਹੈ ਵੀ ਠੀਕ, ਗੁਰੂ ਦਰਬਾਰ ਵਿਚ ਤਾਂ ਉਹ ਕਾਵਿ-ਰਚਨਾ ਚਾਹੀਦੀ ਹੈ ਜਿਸ ਦੇ ਪਾਠ ਕੀਤਿਆਂ ਰੱਬੀ ਰਸ ਬਰਸਦਾ ਹੋਵੇ।

ਭਾਈ ਧੰਨਾ ਸਿੰਘ ਨੂੰ ਬੁਲਾਇਆ ਗਿਆ ਜੋ ਸਤਿਗੁਰੂ ਦੇ ਘੋੜਿਆਂ ਲਈ ਘਾਹ ਦੀ ਸੇਵਾ ਕਰਦਾ ਸੀ। ਉਸ ਨੇ ਇਸ ਸਵੱਯੇ ਦੇ ਅਰਥ ਕਰ ਦਿੱਤੇ ਕਿ ਸਤਿਗੁਰੂ ਜੀ ਚੰਦਨ ਕਵੀ ਦੇ ਸਵੱਯੇ ਦਾ ਭਾਵ ਹੈ, ਸੋਲਾਂ ਸਾਲਾਂ ਦੀ ਪਤਨੀ ਹੈ, ਸੋਲਾਂ ਹੀ ਉਸਨੇ ਸ਼ਿੰਗਾਰ ਕੀਤੇ, ਸੋਲਾਂ ਸਾਲਾਂ ਦਾ ਪਤੀ ਸੀ, ਸੋਲਾਂ ਮਹੀਨਿਆਂ ਬਾਅਦ ਉਹ ਘਰ ਆਇਆ, ਸੋਲਾਂ ਘਰਾਂ ਵਾਲਾ ਚੌਪੜ ਵਿਛਾਇਆ, ਸੋਲਾਂ ਦਾਵ ਪਤਨੀ ਨੇ ਲਗਾਏ, ਪਤੀ ਜਿੱਤ ਗਿਆ, ਪਤਨੀ ਹਾਰ ਗਈ, ਉਸ ਨੇ ਆਪਣੇ ਪੱਲੇ ਥੱਲੇ ਇੰਜ ਮੂੰਹ ਛੁਪਾ ਲਿਆ, ਜਿਵੇਂ ਬੱਦਲਾਂ ਵਿਚ ਚੰਦਰਮਾ ਛੁਪ ਜਾਂਦਾ ਹੈ। ਧੰਨਾ ਸਿੰਘ ਨੇ ਕਿਹਾ, ਪਾਤਸ਼ਾਹ ਠੀਕ ਹੈ, ਇਹੋ ਜਿਹੀਆਂ ਗੱਲਾਂ ਬਾਹਰ ਘਾਹ ਖੋਤਦੇ ਹੀ ਬੰਦੇ ਕਰਨ ਤਾਂ ਠੀਕ ਹੈ, ਗੁਰੂ ਦਰਬਾਰ ਵਿਚ ਐਸੇ ਸਵੱਯੇ ਕੀ ਪ੍ਰੇਰਨਾ ਦੇ ਸਕਦੇ ਹਨ।

ਕਵੀ ਚੰਦਨ ਦਾ ਮਾਨ ਤੋੜਨ ਲਈ ਭਾਈ ਧੰਨਾ ਸਿੰਘ ਜੀ ਨੇ ਦੋ ਸਵੱਯੇ ਉਚਾਰਨ ਕੀਤੇ ਜੋ ਇਥੇ ਲਿਖੇ ਜਾ ਰਹੇ ਹਨ ਤਾਂ ਕਿ ਸਾਨੂੰ ਇਹ ਪਤਾ ਲੱਗੇ ਕਿ ਸਤਿਗੁਰੂ ਦੇ ਦਰਬਾਰ ਦੇ ਅੱਛੇ-ਅੱਛੇ ਕਵੀ ਕਿਵੇਂ ਸ਼ਰਧਾ ਭਾਵਨਾ ਨਾਲ ਸੇਵਾ ਕਰਦੇ ਸਨ। ਭਾਈ ਧੰਨਾ ਸਿੰਘ ਘੋੜਿਆਂ ਦੀ ਸੇਵਾ ਕਰਦਾ ਸੀ, ਭਾਈ ਨੰਦ ਲਾਲ ਜੀ ਵਰਗੇ ਮਹਾਨ ਵਿਦਵਾਨ ਕਵੀ ਲੰਗਰ ਦੀ ਸੇਵਾ ਕਰਦੇ ਸਨ।

ਭਾਈ ਧੰਨਾ ਸਿੰਘ ਜੀ ਨੇ ਕਵੀ ਚੰਦਨ ਦਾ ਅਭਿਮਾਨ ਤੋੜਨ ਲਈ ਦੋ ਸਵੱਯੇ ਸੁਣਾਏ :

*ਮੀਨ ਮਰੇ ਜਲ ਕੇ ਪਰਸੇ ਕਬਹੂ ਨਾ ਮਰੇ ਪਰ ਪਾਵਕ ਪਾਏ॥*
*ਹਾਥੀ ਮਰੇ ਮਦ ਕੇ ਪਰਸੇ ਕਬਹੂ ਨਾ ਮਰੇ ਤਨ ਤਾਪ ਕੇ ਆਏ।*
*ਤੀਯ ਮਰੇ ਪੀਆ ਕੇ ਪਰਸੇ ਕਬਹੂ ਨਾ ਮਰੇ ਪਰਦੇਸ ਸਿਧਾਏ॥*
*ਗੂੜ ਮੈਂ ਬਾਤ ਕਹੀ ਦਿਜਰਾਜ ਬਿਚਾਰ ਸਕੇ ਨਾ ਬਿਨਾ ਚਿਤ ਲਾਏ॥*
*ਕਉਲ ਮਰੇ ਰਵਿ ਕੇ ਪਰਸੇ ਕਬਹੂ ਨਾ ਮਰੇ ਸਸਿ ਕੀ ਛਬਿ ਪਾਏ॥*
*ਮਿਤ੍ਰ ਮਰੇ ਮਿਤ੍ਰ ਕੇ ਮਿਲਬੇ ਕਬਹੂ ਨਾ ਮਰੇ ਜਬ ਦੂਰ ਸਿਧਾਏ॥*
*ਸਿੰਹ ਮਰੇ ਜਬ ਮਾਸ ਮਿਲੇ ਕਬਹੂ ਨਾ ਮਰੇ ਜਬ ਹਾਥ ਨਾ ਆਏ॥*
*ਗੂੜ ਮੈਂ ਬਾਤ ਕਹੀ ਦਿਜਰਾਜ ਬਿਚਾਰ ਸਕੇ ਨਾ ਬਿਨਾ ਚਿਤ ਲਾਏ॥*

ਕਹਿੰਦੇ ਹਨ, ਕਵੀ ਚੰਦਨ ਨੇ ਬੜੀ ਮੱਥਾ ਮਾਰੀ ਕੀਤੀ, ਅਕਲ ਦੇ ਘੋੜੇ ਦੁੜਾਏ ਪਰ ਕੋਈ ਅਰਥ ਵਾਲੀ ਗੱਲ ਸਮਝ ਵਿਚ ਨਾ ਆਈ। ਉਹ ਸਵੱਯੇ ਦੀ ਚਾਲ ਅਨੁਸਾਰ 'ਪਰਸੇ' ਤੇ ਵਿਸ਼ਰਾਮ ਦੇਂਦਾ ਸੀ, ਇਸ ਤਰ੍ਹਾਂ ਅਰਥ ਬਣਦਾ ਸੀ ਕਿ ਮੱਛੀ ਪਾਣੀ ਦੇ ਛੂਹਣ ਨਾਲ ਮਰ ਜਾਂਦੀ ਹੈ ਪਰ ਅੱਗ ਵਿਚ ਪੈਣ ਨਾਲ ਨਹੀਂ ਮਰਦੀ। ਪਰ ਧੰਨਾ ਸਿੰਘ ਨੇ ਵਿਸ਼ਰਾਮ ਰੱਖਿਆ ਸੀ 'ਕਬਹੂ ਨਾ 'ਤੇ। ਇਸ ਤਰ੍ਹਾਂ ਪੜ੍ਹਿਆਂ ਅਰਥ ਆਪਣੇ ਆਪ ਸਪੱਸ਼ਟ ਹੋ ਜਾਂਦਾ ਸੀ। ਸਤਿਗੁਰਾਂ ਕਿਹਾ, ਚੰਦਨ ਕਵੀ! ਭਾਈ ਧੰਨਾ ਸਿੰਘ ਦੇ ਸਵੱਯਾਂ ਵਿਚ ਤਾਂ ਬਿਰਹੋਂ ਦੀ ਤੜਪ ਹੈ ਪਰ ਤੇਰੀ ਕਵਿਤਾ ਤੋਂ ਕੀ ਪ੍ਰੇਰਨਾ ਮਿਲੇਗੀ। ਤੂੰ ਕਲਮ

ਚੁੱਕੀ ਹੈ ਤਾਂ ਇਸ ਕਲਮ ਨਾਲ ਉਹ ਅੱਖਰ ਲਿਖ ਜਿਨ੍ਹਾਂ ਨਾਲ ਤੇਰਾ ਵੀ ਕੁਝ ਸੰਵਰ ਜਾਏ ਤੇ ਅੱਖਰ ਪੜ੍ਹਣ ਵਾਲੇ ਵੀ ਨਿਮਰਤਾ ਵੱਲ ਆਉਣ, ਨਹੀਂ ਤਾਂ ਕਲਮ ਚੁੱਕਣੀ ਵਿਅਰਥ ਹੈ।

ਵਿਦਵਾਨਾਂ ਤੋਂ ਬਾਅਦ ਕਲਮ ਕੰਮ ਆਈ ਹੈ ਮੁਨਸ਼ੀਆਂ ਦੇ, ਜਿਨ੍ਹਾਂ ਹਿਸਾਬ ਕਰਨਾ ਹੈ, ਕੀ ਆਇਆ ਤੇ ਕੀ ਗਿਆ। ਮਾਇਆ ਹੱਥੋਂ ਛੱਡਣੀ ਬਹੁਤ ਹੀ ਔਖੀ ਹੈ। ਐਸਾ ਵੇਖਣ ਵਿਚ ਆਮ ਆਉਂਦਾ ਹੈ ਕਿ ਜਿਨ੍ਹਾਂ ਬੰਦਿਆਂ ਦੇ ਹੱਥ ਵਿਚ ਕਲਮ ਹੈ, ਜਿਨ੍ਹਾਂ ਦੇ ਲਿਖਿਆਂ ਕਿਸੇ ਬੰਦੇ ਨੂੰ ਕੁਝ ਪੈਸੇ ਮਿਲ ਸਕਦੇ ਹਨ, ਉਹ ਬਿਨਾਂ ਮਤਲਬ ਤੋਂ ਕੋਈ ਨਾ ਕੋਈ ਅੜਚਣ ਖੜ੍ਹੀ ਕਰ ਦੇਣਗੇ। ਜਦੋਂ ਜੀਵਨ ਵਿਚ ਧਰਮ ਹੋਵੇ ਤਾਂ ਫਿਰ ਐਸਾ ਨਹੀਂ ਹੁੰਦਾ।

ਸਤਿਗੁਰੂ ਕਲਗੀਧਰ ਜੀ ਦੇ ਦਰਬਾਰ ਵਿਚ ਇਕ ਮੁਨਸ਼ੀ ਸੀ ਜਿਸ ਦਾ ਨਾਂ ਸੀ, ਭਾਈ ਆਸਾ ਸਿੰਘ। ਇਕ ਵਾਰ ਇਸ ਦੇ ਪਾਸ ਇਕ ਲੋੜਵੰਦ ਸੱਜਣ ਆ ਗਿਆ। ਉਸ ਨੇ ਕਿਹਾ ਕਿ ਮੇਰੀ ਲੜਕੀ ਦੀ ਸ਼ਾਦੀ ਹੈ, ਮੈਨੂੰ ਸਤਿਗੁਰੂ ਦੇ ਖ਼ਜ਼ਾਨੇ ਵਿਚੋਂ ਪੰਜ ਸੌ ਰੁਪਏ ਇਮਦਾਦ ਵਜੋਂ ਮਿਲ ਜਾਣ ਤਾਂ ਮੇਰਾ ਕਾਰਜ ਰਾਸ ਹੋ ਜਾਵੇ। ਭਾਈ ਆਸਾ ਸਿੰਘ ਨੇ ਕਿਹਾ ਕਿ ਸਤਿਗੁਰੂ ਤਾਂ ਹੁਣ ਏਥੇ ਨਹੀਂ, ਉਨ੍ਹਾਂ ਦੇ ਹੁਕਮ ਬਿਨਾਂ ਮੈਂ ਕੀ ਕਰ ਸਕਦਾ ਹਾਂ। ਸਿੱਖ ਨੇ ਕਿਹਾ, ਮੈਂ ਗੁਰੂ ਦਾ ਵਾਸਤਾ ਪਾ ਕੇ ਹੀ ਕਹਿੰਦਾ ਹਾਂ ਕਿ ਜੇ ਤੁਸੀਂ ਮੈਨੂੰ ਪੈਸੇ ਨਾ ਦਿੱਤੇ ਤਾਂ ਮੇਰਾ ਕਾਰਜ ਰਹਿ ਜਾਏਗਾ। ਆਸਾ ਸਿੰਘ ਦੇ ਮਨ ਵਿਚ ਦਇਆ ਆਈ। ਇਸ ਨੇ ਗੁਰੂ ਦਰਬਾਰ ਵਲੋਂ ਕਿਸੇ ਸਿੱਖ ਦੇ ਨਾਂ ਪੰਜ ਸੌ ਰੁਪਏ ਦੀ ਹੁੰਡੀ ਕਰ ਦਿੱਤੀ ਪਰ ਆਪਣੇ ਮਨ ਵਿਚ ਬੜਾ ਭੈ ਆਇਆ ਕਿ ਮੈਂ ਬੇਸ਼ੱਕ ਪਰਉਪਕਾਰ ਦਾ ਕੰਮ ਕੀਤਾ ਹੈ ਪਰ ਸਤਿਗੁਰਾਂ ਦੇ ਹੁਕਮ ਤੋਂ ਬਿਨਾਂ ਹੀ ਕੀਤਾ ਹੈ, ਸਤਿਗੁਰੂ ਦਾ ਹੁਕਮ ਨਹੀਂ ਲਿਆ। ਭਾਈ ਆਸਾ ਸਿੰਘ ਇੰਨੇ ਡਰੇ ਕਿ ਗੁਰੂ ਦਰਬਾਰ ਛੱਡ ਕੇ ਦੌੜ ਗਏ। ਸਤਿਗੁਰਾਂ ਨੂੰ ਪਤਾ ਲੱਗਾ, ਹੁਕਮ ਦਿੱਤਾ ਕਿ ਜਿਹੜੇ ਸਿੱਖ ਨੂੰ ਭਾਈ ਆਸਾ ਸਿੰਘ ਮਿਲੇ, ਉਹ ਪਕੜ ਕੇ ਅਨੰਦਪੁਰ ਪਹੁੰਚਾ ਦੇਵੇ। ਇਸ ਨੇ ਦੋਹਰੀ ਗਲਤੀ ਕੀਤੀ ਹੈ। ਇਕ ਤਾਂ ਸਾਨੂੰ ਪੁੱਛਿਆਂ ਬਿਨਾਂ ਹੁੰਡੀ ਕਰ ਦਿੱਤੀ, ਦੂਸਰਾ ਦਰਬਾਰ ਵਿਚੋਂ ਚੋਰੀ ਨੱਸ ਗਏ ਹਨ। ਭਾਈ ਆਸਾ ਸਿੰਘ ਦੇ ਮਨ ਵਿਚ ਬੜਾ ਪਛਤਾਵਾ ਹੋਇਆ। ਉਨ੍ਹਾਂ ਸਤਿਗੁਰਾਂ ਨੂੰ ਇਕ ਪੱਤਰ ਲਿਖਿਆ ਕਿ ਹੇ ਪਾਤਸ਼ਾਹ! ਤੁਸੀਂ ਮੇਰੇ ਹੱਥ ਵਿਚ ਕਲਮ ਫੜਾਈ ਸੀ, ਉਹ ਕਲਮ ਕਹਿੰਦੀ ਹੈ ਕਿ ਜਿਹੜਾ ਬੰਦਾ ਸਿਆਹੀ ਨਾਲ ਮੇਰਾ ਮੂੰਹ ਤਾਂ ਕਾਲਾ ਕਰਦਾ ਹੈ ਪਰ ਪਰਉਪਕਾਰ ਦੇ ਅੱਖਰ ਨਹੀਂ ਲਿਖਦਾ, ਉਹਦਾ ਰੱਬ ਦੀ ਦਰਗਾਹ ਵਿਚ ਮੈਂ ਮੂੰਹ ਕਾਲਾ ਕਰਾਂਗੀ। ਜਦੋਂ ਸਿੱਖ ਨੇ ਤੁਹਾਡੀ ਕਸਮ ਪਾ ਕੇ ਮਜਬੂਰੀ ਦੱਸੀ ਤਾਂ ਮੈਂ ਪੱਤਰ ਲਿੱਖ ਦਿੱਤਾ, ਮੈਨੂੰ ਮੁਆਫ ਕੀਤਾ ਜਾਵੇ।

*ਮੁਖ ਮੇਰੋ ਕਾਰੋ ਕਰੇ ਕਰਤ ਨਾ ਪਰਉਪਕਾਰ॥*
*ਤਿਸਕਾ ਮੈ ਫਿਰ ਕਰੋਗੀ ਪਲਟਾ ਇਹ ਦਰਬਾਰ॥*
*ਐਸੋ ਕਲਮ ਕਹਿਤ ਸਭ ਸਾਥ॥*
*ਸੋ ਪਕਰਾਈ ਗੁਰ ਮਮ ਹਾਥ॥*

*ਗੁਰ ਕੀ ਆਨ ਸਿਖ ਜਬ ਕੀਨੀ॥*
*ਸਹੀ ਨਾ ਮੈ ਪਾਤੀ ਲਿਖ ਦੀਨੀ॥* —ਗੁ: ਪ੍ਰ: ਸੂ: ਗ੍ਰੰ:

ਸਤਿਗੁਰਾਂ ਸੰਦੇਸ਼ਾ ਭੇਜਿਆ ਕਿ ਤੂੰ ਆ ਜਾ ਮੈਂ ਤੇਰੇ ਹੱਥ ਵਿਚ ਫਿਰ ਕਲਮ ਫੜਾਵਾਂ, ਬਲਕਿ ਕਲਮ ਚਾਹੀਦੀ ਹੀ ਤੇਰੇ ਵਰਗੇ ਹੱਥਾਂ ਵਿਚ ਹੈ, ਜਿਹੜੇ ਕਲਮ ਨਾਲ ਪਰਉਪਕਾਰ ਕਰਨ। ਉਨ੍ਹਾਂ ਹੱਥਾਂ ਵਿਚ ਕਲਮ ਨਹੀਂ ਚਾਹੀਦੀ ਜੋ ਧੇਲੀ ਦੇਕੇ ਹਵੇਲੀ ਲੈ ਲੈਣ।

ਇਸ ਤੋਂ ਅੱਗੇ ਕਲਮ ਆਉਂਦੀ ਹੈ ਹਾਕਮਾਂ ਦੇ ਹੱਥ ਵਿਚ। ਰਹਿਤਨਾਮੇ ਦੇ ਬਚਨ ਹਨ :

*ਵਢੀ ਲੈ ਕੇ ਨਿਆਉ ਨਾ ਕਰੀਏ॥*
*ਝੂਠੀ ਸਾਂਖ ਨਾ ਕਾਹੂ ਭਰੀਏ॥*

ਭਾਈ ਗੁਰਦਾਸ ਜੀ ਲਿਖਦੇ ਹਨ ਕਿ :

*ਕਾਜ਼ੀ ਹੋਇ ਰਿਸ਼ਵਤੀ ਵਢੀ ਲੈ ਕੇ ਹਕ ਗਵਾਏ॥*

ਸਤਿਗੁਰੂ ਬਾਣੀ ਵਿਚ ਲਿਖਦੇ ਹਨ :

*ਵਢੀ ਲੈ ਕੇ ਹਕੁ ਗਵਾਏ॥*
*ਜੇ ਕੋ ਪੁਛੈ ਤਾਂ ਪੜਿ ਸੁਣਾਏ॥*

—ਰਾਮਕਲੀ ਵਾਰ ਮ: ੩, ਪੰਨਾ ੯੫੧

ਐਸੇ ਫੈਸਲੇ ਬਾਰੇ ਇਕ ਕਹਾਣੀ ਹੈ। ਇਕ ਤੇਲੀ ਤੇ ਜੁਲਾਹੇ ਦਾ ਝਗੜਾ ਸੀ। ਝਗੜਾ ਥਾਂ ਦਾ ਸੀ। ਥਾਂ ਗਰੀਬ ਜੁਲਾਹੇ ਦਾ ਸੀ। ਤੇਲੀ ਜ਼ਬਰਦਸਤੀ ਉਹ ਥਾਂ ਮੱਲਦਾ ਸੀ। ਜੁਲਾਹਾ ਕਾਜ਼ੀ ਦੇ ਘਰ ਗਿਆ, ਜਿਸ ਨੇ ਫੈਸਲਾ ਕਰਨਾ ਸੀ। ਕਾਜ਼ੀ ਸਾਹਿਬ ਨੂੰ ਇਕ ਦਸਤਾਰ ਭੇਟ ਕਰ ਦਿੱਤੀ ਤੇ ਕਿਹਾ, ਮਹਾਰਾਜ ਥਾਂ ਮੇਰੀ ਹੈ ਤੇ ਫੈਸਲਾ ਮੇਰੇ ਹੱਕ ਵਿਚ ਹੀ ਕਰਨਾ। ਕਾਜ਼ੀ ਨੇ ਕਿਹਾ, ''ਠੀਕ ਹੈ।'' ਪਰ ਤੇਲੀ ਨੂੰ ਪਤਾ ਲੱਗ ਗਿਆ। ਤੇਲੀ ਆਪਣਾ ਬੈਲ ਹੀ ਕਾਜ਼ੀ ਦੇ ਘਰ ਬੰਨ੍ਹ ਆਇਆ ਤੇ ਕਹਿਣ ਲੱਗਾ, ''ਮਹਾਰਾਜ ਫੈਸਲਾ ਮੇਰੇ ਹੱਕ ਵਿਚ ਕਰਨਾ।'' ਫੈਸਲਾ ਦੇਣ ਦਾ ਸਮਾਂ ਆਇਆ। ਜੁਲਾਹੇ ਨੂੰ ਪੱਗ ਯਾਦ ਸੀ, ਤੇਲੀ ਨੂੰ ਬੈਲ ਯਾਦ ਸੀ। ਤੇਲੀ ਨੇ ਕਿਹਾ, ਜਨਾਬ ਮੇਰੇ ਬੈਲ ਦਾ ਖ਼ਿਆਲ ਰੱਖਣਾ, ਥਾਂ ਮੇਰਾ ਹੈ, ਥਾਂ ਤੋਂ ਬਿਨਾਂ ਮੈਂ ਬੈਲ ਕਿਥੇ ਬੰਨ੍ਹਾਂਗਾ। ਜੁਲਾਹੇ ਨੇ ਕਿਹਾ, ਮਹਾਰਾਜ ਮੇਰੀ ਪੱਗ ਦਾ ਖ਼ਿਆਲ ਰੱਖਣਾ। ਕਾਜ਼ੀ ਨੇ ਫ਼ੈਸਲਾ ਦਿੱਤਾ ਕਿ ਪੱਗ ਨਾਲੋਂ ਬੈਲ ਨੂੰ ਪਹਿਲ ਦੇਣੀ ਚਾਹੀਦੀ ਹੈ, ਪੱਗ ਤਾਂ ਸਿਰ ਤੇ ਵੀ ਰਹਿ ਸਕਦੀ ਹੈ, ਘਰ ਵਿਚ ਕਿਸੇ ਥਾਂ ਵੀ ਰੱਖ ਸਕਦੇ ਹਾਂ, ਬੇ-ਜਾਨ ਕੱਪੜਾ ਹੈ ਪਰ ਜਿੰਦ ਜਾਨ ਵਾਲਾ ਵਿਚਾਰਾ ਬੈਲ ਮਨੁੱਖ ਦਾ ਸੇਵਾਦਾਰ, ਇਸ ਦਾ ਥਾਂ ਤੋਂ ਬਿਨਾਂ ਰਹਿਣਾ ਬੜਾ ਮੁਸ਼ਕਿਲ ਹੈ। ਹਜੂਮ ਨੂੰ ਪੁੱਛਿਆ, 'ਕਿਉਂ ਭਈ ਦੱਸੋ?' ਸਭ ਨੇ ਕਿਹਾ, ਕਾਜ਼ੀ ਸਾਹਿਬ ਦੀ ਦਲੀਲ ਠੀਕ ਹੈ। ਜੁਲਾਹੇ ਦੇ ਪੁੱਤਰ ਨੇ ਕਿਹਾ, ਪਿਤਾ ਜੀ ਆਓ ਚੱਲੀਏ, ਤੁਹਾਡੀ ਪੱਗ ਨੂੰ ਤੇਲੀ ਦਾ ਬੈਲ ਖਾ ਗਿਆ ਹੈ। ਹੁਣ ਪੱਗ ਵੀ ਗਈ, ਥਾਂ ਵੀ ਗਈ। ਸਵਾਲ ਇਹ ਹੈ ਕਿ ਪੱਗ ਕੀਮਤੀ ਹੈ ਕਿ ਬੈਲ। ਫਿਰ ਜਿਸ ਪਾਸੇ ਫਾਇਦਾ ਹੋਵੇ ਉਸ ਪਾਸੇ ਦੀਆਂ ਦਲੀਲਾਂ

ਬੰਦਾ ਘੜ ਹੀ ਲੈਂਦਾ ਹੈ।

ਹਜ਼ਾਰਾਂ ਸਾਲ ਪੁਰਾਣਾ ਇਤਿਹਾਸ ਪੜ੍ਹੀਏ ਤਾਂ ਪੜ੍ਹਣ ਨੂੰ ਇਹੀ ਮਿਲਦਾ ਹੈ ਕਿ ਲੋਕਾਂ ਦਾ ਜੀਵਨ ਗਿਰ ਗਿਆ ਹੈ। ਚੋਰੀ, ਧੋਖਾ, ਫਰੇਬ, ਰਿਸ਼ਵਤਖੋਰੀ, ਸਿਰੇ ਤੇ ਜਾ ਪਹੁੰਚੀ ਹੈ। ਕਮਾਲ ਗੱਲ ਇਹ ਹੈ ਕਿ ਜਿਹੜੇ ਮਹਿਕਮੇ ਇਸ ਲਈ ਬਣਾਏ ਜਾਂਦੇ ਹਨ ਕਿ ਰਿਸ਼ਵਤਖੋਰਾਂ ਨੂੰ ਫੜੋ, ਰਿਸ਼ਵਤ ਉਥੇ ਵੀ ਚਲਦੀ ਹੈ। ਜਿਥੇ ਛੋਟੇ ਤੋਂ ਲੈ ਕੇ ਵੱਡੇ ਤਕ ਸਾਰੇ ਹੀ ਰਿਸ਼ਵਤ ਖੋਰ ਹੋਣ, ਫਿਰ ਐਸੇ ਥਾਂ ਬੰਦੇ ਨੂੰ ਹੱਕ ਨਹੀਂ ਮਿਲ ਸਕਦਾ। ਅਗਰ ਇਕ ਹੀ ਹਾਕਮ ਐਸਾ ਹੋਵੇ ਜੋ ਰਿਸ਼ਵਤ ਨਾ ਲੈਂਦਾ ਹੋਵੇ ਤਾਂ ਉਸ ਦਾ ਕਾਰਕੁੰਨ ਰਿਸ਼ਵਤ ਨਹੀਂ ਲੈ ਸਕਦਾ। ਉਹ ਸਪੱਸ਼ਟ ਕਹਿ ਦਿੰਦਾ ਹੈ ਕਿ ਇਹ ਕੰਮ ਮੈਂ ਨਹੀਂ ਕਰਾ ਸਕਦਾ। ਪਰ ਜਦੋਂ ਹਾਕਮ ਦੀ ਕਲਮ ਵਿਚ ਨਿਆਂ ਨਾ ਹੋਵੇ ਫਿਰ ਥੱਲੇ ਵਾਲੇ ਇਮਾਨਦਾਰ ਕਿਵੇਂ ਹੋਣਗੇ :

ਭਾਈ ਗੁਰਦਾਸ ਜੀ ਨੇ ਤਾਂ ਏਥੇ ਤਕ ਲਿਖਿਆ ਹੈ

*ਖੇਤੈ ਜਉ ਖਾਇ ਬਾਰ ਕਵਨ ਤਾਂਹਿ ਰਖਣਹਾਰ॥*
*ਚਕ੍ਰਵੈ ਕਰੇ ਅਨਿਆਏ ਪੂਛੇ ਕਉਨ ਸਾਖੀਐ॥*

ਪਰ ਜਦੋਂ ਜੀਵਨ ਵਿਚ ਧਰਮ ਕਲਾ ਆ ਜਾਵੇ ਫਿਰ ਵਿਦਵਾਨ ਸ਼ੁਭ ਉਪਦੇਸ਼ ਲਿਖਦੇ ਹਨ। ਆਖ਼ਰ ਇਹ ਗੁਰਬਾਣੀ ਵੀ ਕਿਸੇ ਪਵਿੱਤਰ ਕਲਮ ਨਾਲ ਹੀ ਲਿਖੀ ਗਈ ਹੈ।

*ਅਨਕਾਂਇ ਰਾਤੜਿਆ ਵਾਟ ਦੁਹੇਲੀ ਰਾਮ॥*
*ਪਾਪ ਕਮਾਵਦਿਆ ਤੇਰਾ ਕੋਇ ਨਾ ਬੇਲੀ ਰਾਮ॥*

—ਬਿਹਾਗੜਾ ਮ: ੫, ਪੰਨਾ ੫੪੬

*ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥*
*ਮੰਦਾ ਮੂਲਿ ਨਾ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥*

—ਵਾਰ ਆਸਾ, ਪੰਨਾ ੪੭੪

ਜੀਵਨ ਵਿਚ ਧਰਮ ਕਲਾ ਆ ਜਾਵੇ ਤਾਂ ਫਿਰ ਭਾਈ ਆਸਾ ਸਿੰਘ ਵਾਂਗੂ ਪਰਉਪਕਾਰ ਦੇ ਸ਼ਬਦ ਹੀ ਲਿਖੇ ਜਾਂਦੇ ਹਨ, ਬੇਸ਼ੱਕ ਆਪਣੀ ਜਿੰਦ ਜਾਨ ਖਤਰੇ ਵਿਚ ਪੈ ਜਾਵੇ।

ਜੀਵਨ ਵਿਚ ਧਰਮ ਕਲਾ ਹੋਵੇ ਤਾਂ ਹਾਕਮ ਗ਼ਲਤ ਫ਼ੈਸਲਾ ਨਹੀਂ ਕਰ ਸਕਦਾ, ਉਸ ਦੀ ਕਲਮ ਸੱਚਾ ਫੈਸਲਾ ਹੀ ਕਰੇਗੀ। ਵੱਢੀ ਤਾਂ ਹਾਕਮ ਦੀ ਕਲਮ ਨੂੰ ਭਰਿਸ਼ਟ ਕਰ ਦਿੰਦੀ ਹੈ। ਕਲਮ ਪਵਿੱਤਰ ਰਹਿ ਹੀ ਤਾਂ ਸਕਦੀ ਹੈ ਜੇਕਰ ਹਿਰਦੇ ਵਿਚ ਧਰਮ ਕਲਾ ਹੋਵੇ, ਭਾਵੇਂ ਉਹ ਸਾਹਿਤਕਾਰ ਦੀ ਕਲਮ ਹੈ, ਕਵੀ ਦੀ ਕਲਮ ਹੈ, ਭਗਤ ਦੀ ਕਲਮ ਹੈ ਕਿ ਹਿਸਾਬੀ-ਕਿਤਾਬੀ ਮੁਨਸ਼ੀ ਦੀ ਕਲਮ ਹੈ ਜਾਂ ਕਿਸੇ ਹਾਕਮ ਦੀ ਕਲਮ ਹੈ। ਕਲਮ ਦੀ ਪਵਿੱਤਰਤਾ ਹੈਣ ਉਹ ਅੱਖਰ ਜੋ ਸੱਚ ਤੇ ਆਧਾਰਤ ਹੋਣ, ਐਸੇ ਅੱਖਰ ਕਾਗ਼ਜ਼ ਤੇ ਤਾਂ ਹੀ ਹੋਣਗੇ ਜੇ ਮਨੁੱਖ ਵਿਚ ਧਰਮ ਕਲਾ ਹੋਵੇਗੀ।

❀ ❀ ❀

## ੧੪

# ਸ਼ਹੀਦ ਤੇ ਧਰਮ ਕਲਾ

ਸ਼ਹੀਦ, ਅਰਬੀ ਦਾ ਸ਼ਬਦ ਹੈ, ਜਿਸਦੇ ਅਰਥ ਹਨ, ਗਵਾਹ, ਸ਼ਹਾਦਤ ਦੇਣ ਵਾਲਾ। ਆਮ ਕਰਕੇ ਮਰ ਗਏ ਬੰਦੇ ਨਾਲ ਹੀ ਸ਼ਹੀਦ ਸ਼ਬਦ ਜੋੜਨ ਦੀ ਪਰੰਪਰਾ ਹੋ ਗਈ ਹੈ। ਉਸਦਾ ਕਾਰਨ ਇਹ ਹੈ ਕਿ ਸ਼ਹੀਦ ਉਹ ਹੈ ਜੋ ਸੱਚੇ ਪਾਸੇ ਗਵਾਹੀ ਦੇਂਦਾ ਹੈ ਅਤੇ ਸੱਚ ਨੂੰ ਸੱਚ ਕਹਿਣ ਵਾਲੇ ਨੂੰ ਝੂਠੇ ਵਿਰੋਧੀ ਮਾਰ ਹੀ ਦੇਂਦੇ ਹਨ। ਸੱਚ ਨੂੰ ਸੱਚ ਕਹਿਣ ਵਾਲੇ ਦਾ ਜ਼ਿੰਦਾ ਰਹਿਣਾ ਬਹੁਤ ਹੀ ਮੁਸ਼ਕਿਲ ਹੈ। ਝੂਠਿਆਂ ਦੀ ਹਮੇਸ਼ਾ ਹੀ ਬਹੁ-ਗਿਣਤੀ ਰਹੀ ਹੈ, ਕਈ ਵਾਰ ਤਾਂ ਐਸਾ ਵੀ ਹੋ ਗਿਆ ਕਿ ਸੱਚ ਕਹਿਣ ਵਾਲਾ ਸਿਰਫ਼ ਇਕ ਹੀ ਰਹਿ ਜਾਂਦਾ ਹੈ। ਹਰਨਾਕਸ਼ ਤੇ ਉਸਦੀ ਸਾਰੀ ਤਾਕਤ ਇਸ ਦੇ ਖ਼ਿਲਾਫ਼ ਹੋ ਜਾਂਦੀ ਹੈ। ਪ੍ਰਹਿਲਾਦ ਬਚ ਗਿਆ, ਇਹ ਉਸ ਦੇ ਭਾਗਾਂ ਦੀ ਗੱਲ ਹੈ। ਆਮ ਕਰਕੇ ਸੱਚ ਕਹਿਣ ਵਾਲੇ ਸਿਰ ਤਲੀ ਤੇ ਰੱਖਕੇ ਹੀ ਸੱਚ ਕਹਿੰਦੇ ਹਨ। ਉਨ੍ਹਾਂ ਨੂੰ ਵਿਸ਼ਵਾਸ ਹੁੰਦਾ ਹੈ ਕਿ ਇਹਨਾਂ ਝੂਠਿਆਂ ਦੀ ਗਿਣਤੀ ਜ਼ਿਆਦਾ ਹੈ, ਮੇਰਾ ਬਚਣਾ ਮੁਸ਼ਕਿਲ ਹੈ ਪਰ ਸਿਰ ਧੜ ਦੀ ਬਾਜ਼ੀ ਲਗਾ ਕੇ ਮੈਂ ਸੱਚ ਕਹਿ ਦਿਆਂ। ਵੈਸੇ ਜਿੰਨਾ ਸ਼ਹੀਦ ਸ਼ਬਦ ਨਾਲ ਅਨਿਆਂ ਹੋਇਆ ਹੈ, ਹੋਰ ਕਿਸੇ ਸ਼ਬਦ ਨਾਲ ਨਹੀਂ।

ਜੇਕਰ ਜੀਵਨ ਵਿਚ ਧਰਮ ਦੀ ਸ਼ਕਤੀ ਨਹੀਂ ਤਾਂ ਮਰਨ ਵਾਲਾ ਸ਼ਹੀਦ ਨਹੀਂ ਹੋ ਸਕਦਾ। ਹਰ ਬੰਦਾ ਆਪਣੀ ਗੱਲ ਨੂੰ ਸੱਚ ਕਹਿੰਦਾ ਹੈ, ਆਪਣੇ ਧੜੇ ਨੂੰ ਸੱਚਾ ਕਹਿੰਦਾ ਹੈ। ਆਪਣੇ ਧੜੇ ਲਈ ਮਰੇ ਬੰਦੇ ਨੂੰ ਸ਼ਹੀਦ ਕਰਾਰ ਦਿੱਤਾ ਜਾਂਦਾ ਹੈ। ਜਿੱਥੇ ਵੀ ਦਸ ਬੰਦੇ ਲੜ ਪਏ, ਮਰਨ ਵਾਲੇ ਸ਼ਹੀਦ ਹੋ ਜਾਂਦੇ ਹਨ, ਭਾਵੇਂ ਚੋਰ ਲੜ ਪੈਣ ਭਾਵੇਂ ਹਤਿਆਰੇ, ਭਾਵੇਂ ਜ਼ਮੀਨ ਤੋਂ ਝਗੜਾ ਹੋਵੇ, ਭਾਵੇਂ ਕਿਸੇ ਇਸਤਰੀ ਤੋਂ, ਭਾਵੇਂ ਚੋਰੀ ਦਾ ਮਾਲ ਵੰਡਣ ਤੋਂ, ਹਰ ਬੰਦਾ ਸ਼ਹੀਦ ਹੋ ਜਾਂਦਾ ਹੈ। ਦੋਹਾਂ ਦੇਸ਼ਾਂ ਦੀਆਂ ਫ਼ੌਜਾਂ ਲੜਦੀਆਂ ਹਨ ਜਿੰਨੇ ਫ਼ੌਜੀ ਮਰ ਜਾਂਦੇ ਹਨ ਸਭ ਸ਼ਹੀਦ ਹਨ, ਹਾਲਾਂਕਿ ਇਹ ਪਤਾ ਨਹੀਂ ਲੜਾਈ ਕਿਸ ਮਕਸਦ ਲਈ ਸ਼ੁਰੂ ਹੋਈ, ਕਿਸ ਨੇ ਸ਼ੁਰੂ ਕੀਤੀ, ਸੱਚਾ ਪਾਸਾ ਕਿਹੜਾ ਸੀ। ਇਹ ਵਿਚਾਰਨ ਲਈ ਤੇ ਕਹਿਣ ਲਈ ਕੌਮ ਸਿਰ ਤਲੀ ਤੇ ਰੱਖੇ, ਬਸ ਕਸਵੱਟੀ ਇਕ ਹੀ ਹੈ ਕਿ ਜਿਹੜਾ ਮਰ ਗਿਆ ਉਹ ਸ਼ਹੀਦ ਹੋ ਗਿਆ।

ਭਾਈ ਗੁਰਦਾਸ ਜੀ ਨੇ ਇਸ ਬਾਰੇ ਇਕ ਕਬਿਤ ਵਿਚ ਬਹੁਤ ਸੁੰਦਰ ਵਿਚਾਰ

ਦਿੱਤੇ ਹਨ। ਉਹ ਕਹਿੰਦੇ ਹਨ, ਇਕ ਸਤੀ ਨੇ ਆਪਣੇ ਆਪ ਨੂੰ ਮਰੇ ਪਤੀ ਦੇ ਨਾਲ ਜਲਾ ਲਿਆ, ਉਸ ਦੀ ਬੜੀ ਸ਼ੋਭਾ ਹੁੰਦੀ ਹੈ। ਗੁਰਮਤਿ ਵਿਚ ਸਤੀ ਪ੍ਰਥਾ ਨੂੰ ਪ੍ਰਵਾਨ ਨਹੀਂ ਕੀਤਾ, ਇਸ ਨੂੰ ਆਤਮ ਹੱਤਿਆ ਕਿਹਾ ਹੈ। ਪਰ ਉਸ ਵੇਲੇ ਐਸੀ ਇਸਤਰੀ ਦੀ ਮਰਨ ਤੋਂ ਬਾਅਦ ਪੂਜਾ ਹੁੰਦੀ ਸੀ। ਅੰਤਮ ਸਮੇਂ ਦੁਸ਼ਮਣਾਂ ਵਿਚ ਘਿਰਿਆ ਇਕ ਜੋਧਾ ਰਣ-ਭੂਮੀ ਵਿਚ ਜੂਝ ਜਾਂਦਾ ਹੈ ਸਾਰੇ ਸੰਸਾਰ ਵਿਚ ਉਸ ਦੀ ਜੈ-ਜੈ ਕਾਰ ਹੋ ਜਾਂਦੀ ਹੈ। ਅੰਤਮ ਸਮੇਂ ਬੜੀ ਦਲੇਰੀ ਨਾਲ ਇਕ ਚੋਰ ਫਾਂਸੀ ਜਾਂ ਸੂਲੀ ਤੇ ਚੜ੍ਹ ਜਾਏ ਤਾਂ ਕੀ ਉਸਦੀ ਉਸ ਸਤੀ ਵਾਂਗੂ ਜਾਂ ਜੋਧੇ ਵਾਂਗੂ ਜੈ ਜੈ ਕਾਰ ਹੋਵੇਗੀ। ਨਹੀਂ, ਉਸ ਨੂੰ ਤਾਂ ਧ੍ਰਿਗਕਾਰ ਹੀ ਪੈਂਦੀ ਹੈ। ਜਿਥੇ ਤਕ ਮਰਨ ਦਾ ਸਵਾਲ ਹੈ, ਉਹ ਤਾਂ ਇਕ ਜੋਧਾ, ਚੋਰ ਤੇ ਸਤੀ ਤਿੰਨੇ ਹੀ ਮਰੇ ਹਨ, ਪਰ ਕਾਰਨ ਦਾ ਫ਼ਰਕ ਹੈ ਜੋਧਾ ਦੇਸ਼ ਵਾਸਤੇ ਮਰਿਆ ਹੈ, ਸਤੀ ਪਤੀ ਦੇ ਮੋਹ ਵਿਚ ਮਰੀ ਹੈ, ਅਤੇ ਚੋਰ ਆਪਣੇ ਕੀਤੇ ਗੁਨਾਹਾਂ ਦੀ ਸਜ਼ਾ ਭੋਗਦਾ ਮਰਿਆ ਹੈ। ਜਿਸ ਮਕਸਦ ਲਈ ਮਰੇ ਹਨ, ਉਹ ਇਕ ਨਹੀਂ। ਜੋਧੇ ਨੂੰ ਮਰਨ ਤੋਂ ਬਾਅਦ ਸ਼ਹੀਦ ਕਿਹਾ ਜਾਂਦਾ ਹੈ ਪਰ ਚੋਰ ਨੂੰ ਮਰਨ ਤੋਂ ਬਾਅਦ ਸ਼ਹੀਦ ਨਹੀਂ ਕਿਹਾ ਜਾ ਸਕਦਾ।

ਭਾਈ ਗੁਰਦਾਸ ਜੀ ਲਿਖਦੇ ਹਨ :

*ਅੰਤ ਕਾਲ ਏਕ ਘੜੀ ਨਿਗ੍ਰਹ ਕੈ ਸਤੀ ਹੋਇ॥*
*ਧੰਨ ਧੰਨ ਕਹਿਤ ਹੈ ਸਗਲ ਸੰਸਾਰ ਜੀ॥*
*ਅੰਤਕਾਲ ਏਕ ਘੜੀ ਨਿਗ੍ਰਹ ਕੈ ਜੋਧਾ ਜੂਝੈ॥*
*ਇਤ ਉਤ ਜਤ ਕਤ ਹੋਤ ਜੈ ਜੈ ਕਾਰ ਜੀ॥*
*ਅੰਤ ਕਾਲ ਏਕ ਘੜੀ ਨਿਗ੍ਰਹ ਕੈ ਚੋਰ ਮਰੈ॥*
*ਫਾਂਸੀ ਕੈ ਸੂਰੀ ਚੜਾਏ ਜਗ ਮੈਂ ਧ੍ਰਿਗਕਾਰ ਜੀ॥*
*ਤੈਸੇ ਦੁਰਮਤਿ ਗੁਰਮਤਿ ਕੈ ਅਸਾਧ ਸਾਧ॥*
*ਸੰਗਤ ਸੁਭਾਵ ਗਤਿ ਮਾਨਸ ਅਉਤਾਰ ਜੀ॥*

—ਭਾਈ ਗੁਰਦਾਸ ਜੀ

ਅਨੇਕਾਂ ਲੋਕ ਅੱਗ ਵਿਚ ਸੜ ਕੇ ਮਰ ਗਏ ਹਨ। ਅਨੇਕਾਂ ਚੋਰਾਂ ਨੂੰ ਜਾਂ ਹੋਰ ਗੁਨਾਹਗਾਰਾਂ ਨੂੰ ਜਿਊਂਦੇ ਜਲਾ ਦਿੱਤਾ ਗਿਆ ਪਰ ਉਨ੍ਹਾਂ ਨੂੰ ਅਸੀਂ ਗੁਰੂ ਅਰਜਨ ਦੇਵ ਜੀ ਦਾ ਰੁਤਬਾ ਨਹੀਂ ਦੇ ਸਕਦੇ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਕਾਰਨ ਉਹ ਧੱਕਾ ਸੀ, ਜੋ ਕਿ ਤਾਕਤਵਰ ਮਜ਼ਹਬੀ ਬੰਦੇ ਕਮਜ਼ੋਰਾਂ ਤੇ ਕਰਦੇ ਹਨ। ਦੂਸਰੇ ਧਰਮ ਦਾ ਪ੍ਰਚਾਰ ਤਾਕਤ ਨਾਲ ਰੋਕਣਾ, ਦੂਸਰੇ ਦਾ ਸੱਚ ਵੀ ਨਹੀਂ ਮੰਨਣਾ, ਆਪਣਾ ਝੂਠ ਵੀ ਦੂਸਰੇ ਪਾਸੋਂ ਮਨਵਾਉਣਾ, ਦੂਸਰੇ ਦੇ ਧਾਰਮਕ ਅਸਥਾਨ ਨੂੰ ਨਸ਼ਟ ਕਰ ਦੇਣਾ, ਅੰਤ ਵਿਚ ਦੂਸਰੇ ਨੂੰ ਮਜਬੂਰ ਕਰਕੇ ਆਪਣੇ ਧਰਮ ਵਿਚ ਲੈ ਆਉਣਾ ਜਾਂ ਉਸ ਨੂੰ ਮਾਰ ਦੇਣਾ।

ਜਹਾਂਗੀਰ ਦਾ ਇਹ ਕਹਿਣਾ ਕਿ :

*ਮੁਦਤਹਾ ਬਾ ਖ਼ਾਤਰ ਸੇ ਗੁਜ਼ਸ਼ਤ ॥*
*ਕਿ ਈਂ ਦੁਕਾਨੇ ਬਾਤਲ ਰਾ ਬਰਤਰਫ ਬਾਇਦ ਸਾਖਤ ॥*

ਜਹਾਂਗੀਰ ਦੇ ਆਪਣੇ ਲਿਖੇ ਹੋਏ ਇਹ ਸ਼ਬਦ ਹਨ ਕਿ ਮੈਂ ਚਿਰਾਂ ਤੋਂ ਇਹ ਝੂਠ ਦੀ ਦੁਕਾਨ ਬੰਦ ਕਰਨ ਵਾਸਤੇ ਖ਼ਾਹਿਸ਼ ਰੱਖਦਾ ਸਾਂ। ਗੁਰੂ ਅਰਜਨ ਦੇਵ ਜੀ ਮੁਸਲਮਾਨ ਹੋਣਾ ਮੰਨ ਲੈਂਦੇ ਹਨ ਤਾਂ ਜਾਨ ਬਖ਼ਸ਼ੀ ਹੋ ਸਕਦੀ ਹੈ। ਇਹਦਾ ਭਾਵ ਕਿ ਗੁਰੂ ਅਰਜਨ ਦੇਵ ਇਹ ਮੰਨ ਲੈਣ ਕਿ ਸਿਰਫ਼ ਇਸਲਾਮ ਹੀ ਰੱਬ ਦਾ ਧਰਮ ਹੈ, ਬਾਕੀ ਕੋਈ ਧਰਮ ਠੀਕ ਨਹੀਂ। ਇਸ ਤੋਂ ਵੱਡਾ ਝੂਠ ਹੋਰ ਕੀ ਹੋ ਸਕਦਾ ਹੈ।

ਗੁਰੂ ਅਰਜਨ ਦੇਵ ਜੀ ਇੱਡਾ ਵੱਡਾ ਝੂਠ ਕਿਵੇਂ ਬੋਲਣ, ਜਿਹੜੇ ਸਤਿਗੁਰੂ ਇਹ ਕਹਿੰਦੇ ਹਨ :

*ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥*
*ਕੋਈ ਸੇਵੈ ਗੁਸਈਆ ਕੋਈ ਅਲਾਹਿ ॥*
*ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥ ਰਹਾਉ ॥*
*ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥*
*ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥*
*ਕੋਈ ਪੜੈ ਬੇਦ ਕੋਈ ਕਤੇਬ ॥*
*ਕੋਈ ਓਢੈ ਨੀਲ ਕੋਈ ਸੁਪੇਦ ॥*
*ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥*
*ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥*
*ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥*
*ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥*

—ਰਾਮਕਲੀ ਮ: ੫, ਪੰਨਾ ੮੮੫

ਇਹ ਜੋ ਮਜ਼ਹਬ ਵੱਖ-ਵੱਖ ਹਨ, ਇਹ ਤਾਂ ਪ੍ਰਮਾਤਮਾ ਦਾ ਹੁਕਮ ਪਹਿਚਾਨਣ ਵਾਸਤੇ ਸਾਧਨ ਹਨ। ਸਾਧਨ ਵਕਤੀ ਹੁੰਦਾ ਹੈ, ਪ੍ਰਾਪਤੀ ਸਤਿ ਹੁੰਦੀ ਹੈ, ਹੁਕਮ ਸਤਿ ਹੈ। ਹਿੰਦੂ ਮੁਸਲਮਾਨ ਅਤੇ ਹੋਰ ਜਿੰਨੇ ਮਜ਼ਹਬ ਹਨ ਵਕਤੀ ਤੌਰ ਤੇ ਇਹ ਸਾਧਨ ਹਨ, ਸਦੀਵੀ ਮਤ ਨਹੀਂ। ਫਿਰ ਮੈਂ ਇਕ ਮਜ਼ਹਬ ਨੂੰ ਹੀ ਕਿਵੇਂ ਕਹਿ ਦਿਆਂ ਕਿ ਇਹ ਸੱਤ ਹੈ, ਬਾਕੀ ਸਾਰੇ ਗ਼ਲਤ ਹਨ। ਜਦੋਂ ਜਰਵਾਣਿਆਂ ਨੇ ਕਿਹਾ, ਅਸੀਂ ਤੁਹਾਡੀ ਆਵਾਜ਼ ਬੰਦ ਕਰ ਦਿਆਂਗੇ, ਤੁਸੀਂ ਨਾ ਰਹੋਗੇ, ਤੁਹਾਡੀ ਇਹ ਵਿਚਾਰ ਕਿਵੇਂ ਰਹੇਗੀ। ਤਾਂ ਸਤਿਗੁਰਾਂ ਕਿਹਾ ਕਿ—

*ਨਾ ਓਹੁ ਮਰਤਾ ਨਾ ਹਮ ਡਰਿਆ ॥*
*ਨਾ ਓਹੁ ਬਿਨਸੈ ਨਾ ਹਮ ਕੜਿਆ ॥*

—ਆਸਾ ਮ: ੫, ਪੰਨਾ ੩੯੧

ਇਕ ਸਚਿਆਰ ਨੂੰ ਮਿਟਾ ਕੇ ਇਹ ਮਤ ਭੁੱਲ ਜਾਣਾ ਕਿ ਮਿਟਿਆ ਬੀਜ ਆਪਣੇ ਵਰਗੇ ਕਈ ਬੀਜ ਪੈਦਾ ਕਰਦਾ ਹੈ। ਜੇ ਤੁਹਾਨੂੰ ਤਲਵਾਰ ਦਾ ਹੀ ਮਾਣ ਹੈ ਤਾਂ ਸ਼ਾਇਦ ਪ੍ਰਮਾਤਮਾ ਸਤਿ ਨੂੰ ਪ੍ਰਚਾਰਨ ਵਾਸਤੇ ਵੀ ਤਲਵਾਰ-ਧਾਰੀ ਭਾਰੀ ਪੀਰ ਨੂੰ ਤਿਆਰ ਕਰ ਰਿਹਾ ਹੈ, ਜੋ ਮੀਰੀ ਪੀਰੀ ਦਾ ਮਾਲਕ ਹੋਵੇਗਾ। ਮੰਨ ਲਿਆ ਕਿ ਤੱਤੀ ਲੋਹ ਤੇ ਬਿਠਾ ਕੇ ਤੁਸੀਂ ਮੇਰੀ ਆਵਾਜ਼ ਰੋਕ ਦਿਉਗੇ ਪਰ ਜੋ ਸਮੇਂ ਦੀ ਗਰਦਸ਼ ਹੈ, ਇਸ ਨੂੰ ਕੌਣ ਰੋਕ ਸਕਦਾ ਹੈ? ਤੁਹਾਡੀਆਂ ਅੱਗ ਤੇ ਲੋਹੇ ਦੀਆਂ ਦੀਵਾਰਾਂ ਬਹੁਤ ਉੱਚੀਆਂ ਹਨ ਪਰ ਜ਼ਿੰਦਗੀ ਦੀ ਲਲਕਾਰ ਤਾਂ ਇਨ੍ਹਾਂ ਦੀਵਾਰਾਂ ਦੇ ਉਪਰੋਂ ਵੀ ਟੱਪ ਸਕਦੀ ਹੈ। ਮੇਰੇ ਵਿਚਾਰ ਦੀਆਂ ਉਡਾਰੀਆਂ ਨੂੰ ਰੋਕਣ ਵਾਲਿਓ! ਮੈਨੂੰ ਦੱਸੋ, ਗੁਰੂ ਹਰਿਗੋਬਿੰਦ ਦੀ ਤਲਵਾਰ ਨੂੰ ਕਿਵੇਂ ਰੋਕ ਸਕੋਗੇ।

ਇਕ ਅਦੀਬ ਲਿਖਦੇ ਹਨ :

*ਮੇਰੀ ਸਦਾ ਕੋ ਦਬਾਨਾ ਤੋ ਮੁਮਕਿਨ ਹੈ,*
*ਮਗਰ ਬਦਲਤੇ ਵਕਤ ਕੀ ਰਫ਼ਤਾਰ ਕੌਨ ਰੋਕੇਗਾ।*
*ਫਸੀਲੋ ਆਤਸ਼ੋ ਆਹਨ ਬਹੁਤ ਬੁਲੰਦ ਸਹੀ,*
*ਮਗਰ ਹਯਾਤ ਕੀ ਲਲਕਾਰ ਕੌਨ ਰੋਕੇਗਾ।*
*ਮੇਰੇ ਖ਼ਿਆਲੋਂ ਕੀ ਪ੍ਰਵਾਜ਼ ਰੋਕਨੇ ਵਾਲੋਂ,*
*ਹਰਿਗੋਬਿੰਦ ਕੀ ਤਲਵਾਰ ਕੌਨ ਰੋਕੇਗਾ।*

ਤੱਤੀ ਲੋਹ ਤੇ ਬੈਠਣ ਵਾਲਾ ਸ਼ਹੀਦ ਇਕ ਮਕਸਦ ਲਈ ਆਪਣੀ ਜਾਨ ਵਾਰ ਰਿਹਾ ਹੈ ਕਿ—

੧. ਮਜ਼ਹਬ ਸੱਤ ਹਨ ਸਿਰਫ਼ ਹੁਕਮ ਪਛਾਣਨ ਲਈ, ਇਹ ਅਨੇਕਾਂ ਤਰੀਕੇ ਢੰਗ ਹਨ ਹੁਕਮ ਨਾਲ ਸਾਂਝ ਬਣਾਉਣ ਲਈ।

੨. ਸਚਿਆਰ ਨੂੰ ਮਾਰ ਕੇ ਸੱਚ ਦੀ ਆਵਾਜ਼ ਬੰਦ ਨਹੀਂ ਕੀਤੀ ਜਾ ਸਕਦੀ।

੩. ਸੱਚ ਨੂੰ ਪਿਆਰ ਕਰਨ ਵਾਲੇ, ਸੱਚ ਲਈ ਆਪਣੀ ਜਾਨ ਦੀ ਬਾਜ਼ੀ ਲਾ ਸਕਦੇ ਹਨ।

ਅਨੇਕਾਂ ਲੁਟੇਰੇ ਹਿੰਦੁਸਤਾਨ ਨੂੰ ਲੁੱਟਣ ਆਏ, ਜਿੰਨੇ ਸਿਪਾਹੀ ਮਰ ਜਾਂਦੇ ਸਨ ਉਹ ਉਨ੍ਹਾਂ ਨੂੰ ਸ਼ਹੀਦਾਂ ਦਾ ਨਾਂ ਦਿੰਦੇ ਸਨ। ਜਿਹੜਾ ਬੰਦਾ ਧਨ ਦੇ ਲਾਲਚ ਲਈ ਲੜਨ ਵਾਸਤੇ ਗਿਆ ਹੈ, ਉਸ ਨੂੰ ਪਤਾ ਹੈ ਕਿ ਮੈਂ ਪਿੱਛੇ ਦੌੜਿਆ ਤਾਂ ਮੈਨੂੰ ਮਾਰ ਦਿੱਤਾ ਜਾਵੇਗਾ। ਐਸਾ ਬੰਦਾ ਮਰ ਜਾਏ ਤਾਂ ਕੀ ਉਸ ਨੂੰ ਸ਼ਹੀਦ ਦਾ ਰੁਤਬਾ ਦਿੱਤਾ ਜਾ ਸਕਦਾ ਹੈ?

ਗੁਰੂ ਤੇਗ਼ ਬਹਾਦਰ ਜੀ ਧਰਮ ਦੀ ਚਾਦਰ ਸਨ, ਧਰਮ ਸਰਬ ਵਿਆਪੀ ਹੈ। ਉਨ੍ਹਾਂ ਦੀ ਸ਼ਹਾਦਤ ਧਰਮ ਵਾਸਤੇ ਹੋਈ, ਆਪਣਾ ਧਰਮ ਛੱਡ ਕੇ ਜਾਨ ਬਚਾਉਣੀ ਹੁੰਦੀ ਤਾਂ ਗੁਰੂ ਅਰਜਨ ਦੇਵ ਜੀ ਵਾਸਤੇ ਵੀ ਦਰਵਾਜ਼ੇ ਖੁਲ੍ਹੇ ਸਨ, ਗੁਰੂ ਤੇਗ਼ ਬਹਾਦਰ

ਸਾਹਿਬ ਵਾਸਤੇ ਵੀ। ਉਸ ਵੇਲੇ ਦਾ ਤਾਕਤਵਰ ਕਹਿ ਰਿਹਾ ਸੀ ਕਿ ਇਸਲਾਮ ਦਾ ਦਰਵਾਜ਼ਾ ਖੁਲ੍ਹਾ ਹੈ, ਜਾਨ ਬਚਾ ਕੇ ਨਿਕਲਣਾ ਚਾਹੋ ਤਾਂ ਇਸ ਦਰਵਾਜ਼ੇ ਰਾਹੀਂ ਨਿਕਲ ਸਕਦੇ ਹੋ। ਬੰਦਾ ਫਸਿਆ ਹੋਵੇ ਤੇ ਜਾਨ ਬਚਾਉਣੀ ਚਾਹੁੰਦਾ ਹੋਵੇ ਫਿਰ ਤਾਂ ਕਿਸੇ ਪਾਸਿਉਂ ਵੀ ਰਸਤਾ ਦਿਸੇ ਉਹ ਬਾਹਰ ਦੌੜਨ ਦੀ ਗੱਲ ਕਰਦਾ ਹੈ। ਪਰ ਜਿਨ੍ਹਾਂ ਨੇ ਆਪ ਹੀ ਨਹੀਂ ਬਚਣਾ, ਨਾਲ ਆਪਣਾ ਧਰਮ ਵੀ ਬਚਾਉਣਾ ਹੈ, ਆਪ ਇਸਲਾਮ ਦੇ ਦਰਵਾਜ਼ੇ ਰਾਹੀਂ ਬਚ ਕੇ ਨਿਕਲ ਜਾਂਦੇ ਤਾਂ ਸਿੱਖੀ ਤਾਂ ਉਥੇ ਹੀ ਛੱਡ ਕੇ ਆਉਣੀ ਪੈਂਦੀ, ਬਾਕੀ ਧਰਮਾਂ ਦੇ ਹੱਕ ਵੀ ਉਥੇ ਹੀ ਛੱਡ ਕੇ ਆਉਣੇ ਪੈਂਦੇ। ਸਵਾਲ ਇਹ ਨਹੀਂ ਕਿ ਇਕ ਦਰਵਾਜ਼ਾ ਖੁਲ੍ਹਾ ਹੈ, ਇਥੋਂ ਜਾਨ ਬਚਾ ਕੇ ਨਿਕਲ ਜਾਈਏ। ਪ੍ਰਸ਼ਨ ਇਹ ਹੈ ਕਿ ਬਾਕੀ ਦਰਵਾਜ਼ੇ ਬੰਦ ਕਰਨ ਦਾ ਤੈਨੂੰ ਕੀ ਅਧਿਕਾਰ ਹੈ। ਧਰਮਾਂ ਦੇ ਸਭ ਦਰਵਾਜ਼ੇ ਖੁਲ੍ਹੇ ਚਾਹੀਦੇ ਹਨ, ਧਾਰਮਕ ਸੁਤੰਤਰਤਾ ਚਾਹੀਦੀ ਹੈ, ਧਰਮ ਪਿਆਰ ਨਾਲ ਸਮਝਾਉਂਦਾ ਹੈ ਨਾ ਕਿ ਤਾਕਤ ਨਾਲ।

ਪ੍ਰਮਾਤਮਾ ਨੇ ਅਨੇਕਤਾ ਬਣਾਈ ਹੈ, ਉਸ ਦੀ ਅਨੇਕਤਾ ਵਿਚੋਂ ਏਕਤਾ ਦੇ ਦਰਸ਼ਨ ਕਰਨੇ ਇਹ ਤਾਂ ਧਰਮ ਹੈ ਪਰ ਉਸ ਦੀ ਅਨੇਕਤਾ ਨੂੰ ਤੋੜ ਫੋੜ ਕੇ ਇਕੋ ਜਿਹਾ ਕਰਨ ਦਾ ਯਤਨ ਕਰਨਾ, ਇਹ ਪਾਪ ਹੈ। ਉਸ ਦੀ ਅਨੇਕਤਾ ਨੂੰ ਵਿਗਾੜ ਦਿਉਗੇ ਤਾਂ ਮੁਰਦਾ ਏਕਤਾ ਹੱਥ ਵਿਚ ਆਵੇਗੀ, ਉਸ ਵਿਚ ਕੋਈ ਜਿੰਦ ਜਾਨ ਨਹੀਂ ਹੋਵੇਗੀ। ਅਸੀਂ ਚਾਹੀਏ ਕਿ ਸਾਰੇ ਪੰਖੀ ਇਕੋ ਜਿਹੇ ਕਰ ਦੇਈਏ, ਕਿਵੇਂ ਕਰਾਂਗੇ। ਇੱਲ ਨੂੰ ਚਿੜੀ ਜਿੱਡੀ ਕਿਵੇਂ ਕਰਾਂਗੇ, ਅਸੀਂ ਚਿੜੀ ਨੂੰ ਇੱਲ ਵਰਗੀ ਕਿਵੇਂ ਬਣਾਵਾਂਗੇ। ਅਸੀਂ ਨਿੰਮ ਦੇ ਬੂਟੇ ਨੂੰ ਅੰਬ ਕਿਵੇਂ ਲਾ ਦਿਆਂਗੇ। ਅਸੀਂ ਖਰਗੋਸ਼ ਨੂੰ ਸ਼ੇਰ ਜਿੱਡਾ ਕਿਵੇਂ ਕਰਾਂਗੇ, ਸ਼ੇਰ ਨੂੰ ਖਰਗੋਸ਼ ਵਰਗਾ ਕਿਵੇਂ ਬਣਾਵਾਂਗੇ।

ਉਸ ਮਾਲਕ ਨੇ ਜੀਵਾਂ ਵਿਚ ਵਿਲੱਖਣਤਾ ਆਪ ਹੀ ਰੱਖੀ ਹੈ, ਇਹ ਅਨੇਕਤਾ ਉਸ ਦੀ ਲੀਲਾ ਹੈ। ਅਨੇਕਾਂ ਧਾਰਮਕ ਗ੍ਰੰਥ, ਅਨੇਕਾਂ ਧਾਰਮਕ ਅਸਥਾਨ, ਅਨੇਕਾਂ ਬੋਲੀਆਂ ਹਨ। ਸਾਨੂੰ ਹਰ ਧਾਰਮਕ ਅਸਥਾਨ ਵਿਚੋਂ ਉਹ ਕਿਉਂ ਨਹੀਂ ਦਿੱਸਦਾ, ਹਰ ਬੰਦੇ ਦਾ ਧਾਰਮਕ ਚਿੰਨ੍ਹ ਉਸ ਲਈ ਪ੍ਰਤੀਕ ਹੈ। ਇਕ ਬੱਚੇ ਨੇ ਆਪਣੇ ਬਾਪ ਦੀ ਚਾਦਰ ਸਾਂਭ ਕੇ ਰੱਖੀ ਹੈ, ਵੇਚਣ ਜਾਵੇ ਤਾਂ ਉਹ ਪਾਟੀ ਚਾਦਰ ਸ਼ਾਇਦ ਕੋਈ ਪੰਜ ਰੁਪਿਆਂ ਦੀ ਵੀ ਨਾ ਲਵੇ ਪਰ ਉਸ ਲਈ ਪ੍ਰਤੀਕ ਹੈ, ਅਮੁੱਲ ਹੈ। ਹਰ ਮਨੁੱਖ ਨੂੰ ਪ੍ਰਮਾਤਮਾ ਨੇ ਸੁਤੰਤਰਤਾ ਦਿੱਤੀ ਹੈ। ਸਤਿਗੁਰਾਂ ਕਿਹਾ ਕਿ ਮੈਨੂੰ ਤਾਂ ਮੁੱਲਾਂ ਦੀ ਆਵਾਜ਼ ਵਿਚ ਤੇ ਪੰਡਤ ਦੀ ਆਵਾਜ਼ ਵਿਚ ਕੋਈ ਫ਼ਰਕ ਨਹੀਂ ਜਾਪਦਾ, ਮੇਰੀ ਤਾਂ ਅਰਦਾਸ ਹੈ ਪ੍ਰਮਾਤਮਾ ਤੁਹਾਨੂੰ ਦੋਹਾਂ ਨੂੰ ਹੀ ਸੁਮੱਤ ਦੇਵੇ। ਤੁਸੀਂ ਆਪਣੀ ਬੰਦਗੀ ਕਰੋ, ਮਸੀਤ ਦਾ ਦਰਵਾਜ਼ਾ ਖੋਲ੍ਹੋ ਪਰ ਮੰਦਰ ਦਾ ਦਰਵਾਜ਼ਾ ਬੰਦ ਨ ਕਰੋ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਬਾਰੇ ਕਿਹਾ ਹੈ ਕਿ ਇਸ ਦੇ ਕਾਰਨ ਸਨ :

*ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥*

*ਧਰਮ ਹੇਤ ਸਾਕਾ ਜਿਨ ਕੀਆ॥ ਸੀਸ ਦੀਆ ਪਰ ਸਿਰਰ ਨਾ ਦੀਆ॥*
*ਸਾਧਨ ਹੇਤ ਇਤੀ ਜਿਨ ਕਰੀ॥ ਸੀਸ ਦੀਆ ਪਰ ਸੀ ਨਾ ਉਚਰੀ॥*

ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਧਾਰਮਕ ਸੁਤੰਤਰਤਾ ਵਾਸਤੇ ਸੀ।

ਭਾਈ ਮਤੀ ਦਾਸ ਜੀ ਤੇ ਭਾਈ ਦਿਆਲਾ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਪਰ ਸਤਿਗੁਰੂ ਨਿਰਭੈ ਬੈਠੇ ਸਨ। ਕਾਜ਼ੀ ਅਬਦੁਲ ਵਹਾਬ, ਕੋਤਵਾਲ ਅਬਦੁਲਾ ਅਤੇ ਜਲਾਦ ਜਲਾਲਉਦੀਨ ਤਿੰਨੇ ਹੀ ਸਤਿਗੁਰਾਂ ਨੂੰ ਮਿਲੇ। ਕਾਜ਼ੀ ਨੇ ਕਿਹਾ, ''ਮੈਂ ਖਾਨਦਾਨੀ ਕਾਜ਼ੀ ਹਾਂ, ਕੋਤਵਾਲ ਨੇ ਕਿਹਾ ਕਿ ਮੈਂ ਖਾਨਦਾਨੀ ਕੋਤਵਾਲ ਹਾਂ, ਜਲਾਦ ਨੇ ਆਪਣੀ ਵਾਕਫ਼ੀ ਦਿੰਦਿਆਂ ਕਿਹਾ ਕਿ ਮੈਂ ਖਾਨਦਾਨੀ ਜਲਾਦ ਹਾਂ। ਸਤਿਗੁਰਾਂ ਕਿਹਾ, ਫਿਰ ਰੱਬ ਨੇ ਮੇਲ ਬੜਾ ਹੀ ਸੁਹਣਾ ਮਿਲਾਇਆ ਹੈ, ਮੈਂ ਵੀ ਖਾਨਦਾਨੀ ਸ਼ਹੀਦ ਹਾਂ ਤੇ ਉਮੀਦ ਹੈ ਕਿ ਅੱਗੋਂ ਵੀ ਇਸ ਖਾਨਦਾਨੀ ਵਿਚ ਸ਼ਹਾਦਤ ਦਾ ਵਿਰਸਾ ਰਹੇਗਾ।

*ਮੇਰੇ ਅਜਦਾਦ ਸੇ ਮੁਝ ਕੋ ਮਿਲਾ ਵਿਰਸਾ ਸ਼ਹਾਦਤ ਕਾ,*
*ਮੇਰੀ ਔਲਾਦ ਕੋ ਜਾਗੀਰ ਹੈ ਜਾਮੇ ਸ਼ਹਾਦਤ ਕੀ।*

ਮਰਨ ਵਾਲਾ ਭਾਵੇਂ ਰਣ-ਭੂਮੀ ਵਿਚ ਲੜ ਕੇ ਸ਼ਹੀਦ ਹੋਵੇ, ਭਾਵੇਂ ਤੱਤੀ ਲੋਹ ਤੇ ਬੈਠ ਕੇ, ਭਾਵੇਂ ਹੋਰ ਕਿਸੇ ਢੰਗ ਨਾਲ ਪਰ ਉਸ ਦੀ ਸ਼ਹੀਦੀ ਦਾ ਕਾਰਨ ਸੱਚਾ ਹੋਣਾ ਚਾਹੀਦਾ ਹੈ।

ਗੁਰੂ ਕਲਗੀਧਰ ਪਾਤਸ਼ਾਹ ਦੇ ਦੋ ਵੱਡੇ ਸਾਹਿਬਜ਼ਾਦੇ ਚਮਕੌਰ ਵਿਚ ਜੰਗ ਕਰਕੇ ਸ਼ਹੀਦ ਹੋ ਗਏ, ਜਿਥੇ ਸਾਹਿਬਜ਼ਾਦੇ ਸ਼ਹੀਦ ਹੋਏ ਮੁਸਲਮਾਨ ਸ਼ਾਇਰ ਜੋਗੀ ਅੱਲਾ ਯਾਰ ਖ਼ਾਂ ਕਹਿੰਦੇ ਹਨ, ''ਮੇਰੀ ਨਜ਼ਰ ਵਿਚ ਉਹ ਅਸਥਾਨ ਹਿੰਦੁਸਤਾਨ ਦੇ ਤੀਰਥਾਂ ਵਿਚੋਂ ਸਭ ਤੋਂ ਮਹਾਨ ਤੀਰਥ ਹੈ। ਇਕ ਸਚਿਆਰ ਬਾਪ ਨੇ ਜੋ ਕਿ ਸ਼ਹੀਦ ਪਿਉ ਦਾ ਪੁੱਤਰ ਹੈ, ਸ਼ਹੀਦ ਮਾਂ ਦਾ ਬੇਟਾ ਹੈ ਅਤੇ ਸ਼ਹੀਦ ਪੁੱਤਰਾਂ ਦਾ ਪਿਤਾ ਹੈ, ਜਿਸ ਨੇ ਹਮੇਸ਼ਾ ਇਕ ਪ੍ਰਮਾਤਮਾ ਦੀ ਹੀ ਟੇਕ ਰੱਖੀ, ਜੋ ਝੂਠ ਤੇ ਜ਼ੁਲਮ ਅੱਗੇ ਕਦੀ ਨਹੀਂ ਝੁਕਿਆ, ਉਸ ਨੇ ਧਰਮ ਵਾਸਤੇ ਇਸ ਥਾਂ ਤੇ ਆਪਣੇ ਬੱਚਿਆਂ ਨੂੰ ਸ਼ਹੀਦ ਕਰਾ ਦਿੱਤਾ ਸੀ।'' ਇਸ ਚਮਕੌਰ ਦੀ ਚਮਕ ਕੁਰੂਕਸ਼ੇਤਰ ਤੋਂ ਨਿਰਾਲੀ ਹੈ। ਉਸ ਥਾਂ ਤੇ ਕ੍ਰਿਸ਼ਨ ਜੀ ਨੇ ਅਰਜਨ ਨੂੰ ਗੀਤਾ ਦਾ ਉਪਦੇਸ਼ ਦਿੱਤਾ ਅਤੇ ਰੱਖਿਆ ਹੋਇਆ ਧਨੁਸ਼ ਫਿਰ ਉਸ ਦੇ ਹੱਥ ਵਿਚ ਆ ਗਿਆ ਪਰ ਧਨੁਸ਼ ਰੱਖੇ ਨੂੰ ਕੁਝ ਦਿਨ ਨਹੀਂ ਬੀਤੇ ਸਨ, ਅਜੇ ਰੱਖਿਆ ਹੀ ਸੀ। ਪਰ ਗੁਰੂ ਗੋਬਿੰਦ ਸਿੰਘ ਨੇ ਤਾਂ ਉਨ੍ਹਾਂ ਹੱਥਾਂ ਵਿਚ ਕ੍ਰਿਪਾਨਾਂ ਫੜਾਈਆਂ, ਤੀਰ ਕਮਾਨ ਫੜਾਏ, ਜਿਹੜੇ ਸ਼ਸਤਰਾਂ ਦੇ ਨਾਂ ਹੀ ਭੁੱਲ ਗਏ ਸਨ। ਅਰਜਨ ਨੇ ਇਹ ਨਹੀਂ ਸੀ ਕਿਹਾ ਕਿ ਮੈਨੂੰ ਤੀਰਾਂ ਤੋਂ ਡਰ ਲਗਦਾ ਹੈ, ਉਹ ਤਾਂ ਆਪਣੀ ਵੈਰਾਗਮਈ ਹਾਲਤ ਦੱਸ ਰਿਹਾ ਸੀ ਪਰ ਦਸਮੇਸ਼ ਨੇ ਬੱਚੇ ਸ਼ਹੀਦ ਕਰਾ ਕੇ, ਵੈਰਾਗੀ ਸਾਧੂ ਨੂੰ ਤੀਰ ਕਮਾਨ ਫੜਾ ਕੇ ਬੰਦਾ ਸਿੰਘ ਬਹਾਦਰ ਬਣਾ ਦਿੱਤਾ ਅਤੇ ਉਨ੍ਹਾਂ ਨੂੰ ਤੀਰ ਕਮਾਨ ਫੜਾਏ ਜੋ ਹਥਿਆਰਾਂ ਤੋਂ ਡਰਦੇ ਸਨ।

ਜੋਗੀ ਜੀ ਕਹਿੰਦੇ ਹਨ :

*ਲੜਾਇਆ ਸ਼ਾਮ ਨੇ ਸ਼ਿਸ਼ੋਂ ਕੋ ਗੀਤਾ ਸੁਨਾ ਕਰ।*
*ਮਗਰ ਗੋਬਿੰਦ ਨੇ ਰੂਹ ਫੂਕ ਦੀ ਔਲਾਦ ਕਟਾ ਕਟਾ ਕਰ।*
*ਯਹਾਂ ਏਕ ਹੀ ਤੀਰਥ ਹੈ ਹਿੰਦ ਮੇ ਯਾਤਰਾ ਕੇ ਲੀਏ।*
*ਕਟਵਾਏ ਬਾਪ ਨੇ ਬੇਟੇ ਜਹਾਂ ਖੁਦਾ ਕੇ ਲੀਏ॥*

ਛੋਟੇ ਸਾਹਿਬਜ਼ਾਦਿਆਂ ਅੱਗੇ ਉਹੀ ਸ਼ਰਤ ਸੀ ਜੋ ਉਨ੍ਹਾਂ ਦੇ ਦਾਦੇ ਅੱਗੇ ਚਾਂਦਨੀ ਚੌਕ ਦਿੱਲੀ ਵਿਚ ਰੱਖੀ ਗਈ ਸੀ ਕਿ ਜੇਕਰ ਇਸਲਾਮ ਦੇ ਦਰਵਾਜ਼ੇ ਵਿਚੋਂ ਨਿਕਲਣਾ ਚਾਹੋ ਤਾਂ ਬਚ ਕੇ ਨਿਕਲ ਸਕਦੇ ਹੋ। ਉਨ੍ਹਾਂ ਦਾ ਉੱਤਰ ਵੀ ਦਾਦੇ ਵਰਗਾ ਸੀ :

*ਸਦ ਸਾਲ ਔਰ ਜੀ ਕੇ ਮਰਨਾ ਜ਼ਰੂਰ ਥਾ।*
*ਸਰ ਕੌਮ ਸੇ ਬਚਾਨਾ ਯੇ ਗ਼ੈਰਤ ਸੇ ਦੂਰ ਥਾ।*
*ਜੋਗੀ ਜੀ ਇਸ ਕੇ ਬਾਅਦ ਹੁਈ ਥੋੜੀ ਦੇਰ ਥੀ।*
*ਬਸਤੀ ਸਰਹਿੰਦ ਸ਼ਹਿਰ ਕੀ ਈਟੋਂ ਕਾ ਢੇਰ ਥੀ।*

ਸ਼ਹੀਦ ਕਿਸੇ ਉਮਰ ਦਾ ਵੀ ਹੋ ਸਕਦਾ ਹੈ, ਸਿੱਖ ਪੰਥ ਦੇ ਇਤਿਹਾਸ ਵਿਚ ਲਿਖਿਆ ਹੈ ਕਿ ੯੫ ਸਾਲ ਦੀ ਉਮਰ ਦੇ ਭਾਈ ਮਨੀ ਸਿੰਘ ਬੰਦ ਬੰਦ ਕਟਵਾ ਕੇ ਸ਼ਹੀਦ ਹੋਏ ਅਤੇ ਸ਼ੀਰ-ਖੋਰ ਬੱਚੇ ਵੀ ਸ਼ਹੀਦ ਹੋਏ। ਚਲੋਂ ਅਸੀਂ ਇਹ ਗੱਲ ਮੰਨ ਵੀ ਲਈਏ ਕਿ ਉਨ੍ਹਾਂ ਬੱਚਿਆਂ ਕੋਲੋਂ ਤਾਂ ਪੁੱਛਿਆ ਵੀ ਨਹੀਂ ਗਿਆ, ਉਹ ਬੋਲ ਵੀ ਨਹੀਂ ਸਨ ਸਕਦੇ ਪਰ ਮਾਂ ਦੀ ਮਮਤਾ ਦੀ ਕੁਰਬਾਨੀ ਦੱਸਦੀ ਹੈ ਕਿ ਬੱਚਿਆਂ ਦੀ ਆਤਮਾ ਸ਼ਹੀਦ ਹੋਣ ਲਈ ਤਿਆਰ ਸੀ, ਨਹੀਂ ਤਾਂ ਮਾਵਾਂ ਆਪਣੀ ਮਮਤਾ ਕਦੀ ਕੁਰਬਾਨ ਨਾ ਕਰਦੀਆਂ।

ਸਤਿਗੁਰਾਂ ਦੇ ਛੋਟੇ ਸਾਹਿਬਜ਼ਾਦੇ ਬਾਬਾ ਫਤਹਿ ਸਿੰਘ ਕੋਲੋਂ ਪੁੱਛਿਆ ਗਿਆ ਤਾਂ ਉਨ੍ਹਾਂ ਇਹੀ ਕਿਹਾ ਕਿ ਸਿੱਖੀ ਸਿਦਕ ਨਾ ਰਿਹਾ ਤਾਂ ਨਿਰੇ ਸਵਾਸ ਕਿਸ ਕੰਮ ਹਨ, ਸਾਡਾ ਤਾਂ ਪ੍ਰਣ ਹੈ ਕਿ ਸਿੱਖੀ ਕੇਸਾਂ ਸੁਆਸਾਂ ਨਾਲ ਨਿਭੇਗੀ। ਹੁਣ ਸ਼ਹੀਦ ਹੋ ਗਏ ਤਾਂ ਕੀਤਾ ਪ੍ਰਣ ਸਿਰੇ ਚੜ੍ਹ ਗਿਆ, ਤੁਹਾਡੇ ਆਖੇ ਲਗ ਕੇ ਬਚ ਜਾਈਏ ਤਾਂ ਕੀਤਾ ਪ੍ਰਣ ਵਿਚੇ ਰਹਿ ਗਿਆ। ਤੁਹਾਡੇ ਦਰਵਾਜ਼ੇ ਵਿਚੋਂ ਗੁਜ਼ਰ ਕੇ ਬਚਣ ਨਾਲੋਂ ਮੌਤ ਦੇ ਰਸਤੇ ਗੁਜ਼ਰ ਕੇ ਦਾਦੇ ਦੀ ਗੋਦ ਵਿਚ ਪਹੁੰਚਣਾ ਹੀ ਅਸੀਂ ਠੀਕ ਸਮਝਦੇ ਹਾਂ।

ਜਦੋਂ ਜੀਵਨ ਵਿਚ ਧਰਮ ਕਲਾ ਆ ਜਾਏ ਤਾਂ ਜੀਵਨ ਦਾ ਅਨੰਦ ਆ ਜਾਂਦਾ ਹੈ। ਇਕ-ਇਕ ਸੁਆਸ ਲੈਣ ਦਾ ਅਨੰਦ ਆਉਂਦਾ ਹੈ। ਸਵਾਸਾਂ ਵਿਚ ਪ੍ਰਮਾਤਮਾ ਦੀ ਯਾਦ ਹੁੰਦੀ ਹੈ, ਜਿਵੇਂ ਕੋਈ ਮੁਟਿਆਰ ਸਾਵਣ ਦੇ ਮਹੀਨੇ ਵਿਚ ਪੀਂਘ ਤੇ ਹੁਲਾਰੇ ਨਾਲ ਝੂਟੇ ਲੈਂਦੀ ਹੈ, ਇਸੇ ਤਰ੍ਹਾਂ ਸਿਮਰਨ ਕਰਨ ਵਾਲਾ ਤਾਂ ਸਵਾਸ-ਸਵਾਸ ਸਿਮਰਨ ਕਰ ਕੇ ਉਸ ਦੇ ਪਿਆਰ ਹੁਲਾਰਿਆਂ ਨਾਲ ਅਨੰਦ ਮਾਣ ਰਿਹਾ ਹੁੰਦਾ ਹੈ। ਉਸ ਦਾ

ਇਕ-ਇਕ ਪਲ ਕੀਮਤੀ ਹੁੰਦਾ ਹੈ, ਉਸ ਦਾ ਜੀਵਨ ਅਮੁੱਲ ਹੁੰਦਾ ਹੈ, ਉਸ ਨੂੰ ਜੀਵਨ ਨਾਲ ਬੜਾ ਪਿਆਰ ਹੁੰਦਾ ਹੈ ਪਰ ਜਦੋਂ ਉਸ ਦੇ ਪਿਆਰੇ ਨਾਲੋਂ ਉਸ ਨੂੰ ਕੋਈ ਤੋੜਨਾ ਚਾਹੇ ਤਾਂ ਫਿਰ ਉਹ ''ਗੋਬਿੰਦ ਮਿਲਣ ਕੀ ਬਾਰੀ'' ਮਾਨੁਖ ਦੇਹੁਰੀਆ ਸਰੀਰ ਕੁਰਬਾਨ ਕਰਨੋਂ ਗੁਰੇਜ਼ ਨਹੀਂ ਕਰਦਾ। ਉਹ ਫ਼ੈਸਲਾ ਕਰਦਾ ਹੈ ਕਿ ਤੇਰੇ ਕਾਰਨ ਹੀ ਤਾਂ ਇਹ ਜੀਵਨ ਅਨੰਦ ਹੈ, ਤੈਨੂੰ ਪਿੱਠ ਦੇ ਕੇ ਜੀਵਾਂ, ਫਿਰ ਜਿਊਣਾ ਕਿਸ ਕੰਮ ਦਾ ਹੈ। ਮੈਂ ਤੇਰਾ ਬੋਲਾਇਆ ਬੋਲਾਂਗਾ, ਮੈਂ ਜ਼ਮੀਰ ਮਾਰ ਕੇ ਝੂਠਿਆਂ ਦੀ ਬੋਲੀ ਨਹੀਂ ਬੋਲਣੀ :

*ਬੋਲਾਇਆ ਬੋਲੀ ਤੇਰਾ॥ ਤੂ ਸਾਹਿਬੁ ਗੁਣੀ ਗਹੇਰਾ॥*

—ਸੋਰਠਿ ਮ: ੫, ਪੰਨਾ ੬੨੩

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਜਿਵੇਂ ਦੁਨੀਆ ਵਜਾਂਦੀ ਹੈ ਤੂੰ ਕਿਉਂ ਵੱਜਦਾ ਹੈਂ। ਦੁਨੀਆ ਦਾ ਵਾਜਾ ਉਹ ਨਹੀਂ ਬਣਦਾ ਜਿਸ ਦੀ ਸਾਰ ਪ੍ਰਮਾਤਮਾ ਆਪ ਲੈਂਦਾ ਹੈ :

*ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲ॥*
*ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ॥*

—ਮ: ੫, ਸਲੋਕ ਫਰੀਦ, ਪੰਨਾ ੧੩੮੩

ਤੂੰ ਰੱਬ ਦਾ ਬੰਦਾ ਹੈਂ, ਦੁਨੀਆ ਨਾਲ ਸ਼ਾਮਲ ਵਾਜਾ ਨਾ ਬਣ। ਤੂੰ ਸੱਚ ਲਈ ਮਰ ਜਾਏਂ ਤਾਂ ਸੱਚ ਤੈਨੂੰ ਸੰਭਾਲ ਲਵੇਗਾ। ਬੰਦਾ ਬੰਦੇ ਲਈ ਕੁਝ ਕਰੇ ਤਾਂ ਬੰਦਾ ਉਸ ਤੋਂ ਸਦਕੇ ਜਾਂਦਾ ਹੈ। ਬੰਦੇ, ਤੂੰ ਧਰਮ ਲਈ ਕੁਝ ਕਰੇਂਗਾ ਤਾਂ ਕੀ ਧਰਮ ਤੈਨੂੰ ਭੁਲਾ ਦੇਵੇਗਾ। ਧਰਮੀ ਬੰਦਿਆਂ ਨੂੰ ਜੀਵਨ ਨਾਲੋਂ ਵੀ ਧਰਮ ਪਿਆਰਾ ਹੈ। ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ, ਮੇਰੇ ਬਾਪ ਨੇ ਆਪਣੇ ਸਰੀਰ ਨੂੰ ਠੀਕਰਾ ਸਮਝ ਕੇ ਫੋੜ ਦਿੱਤਾ, ਔਰੰਗਜ਼ੇਬ ਦੇ ਸਿਰ ਵਿਚ ਸਰੀਰ ਠੀਕਰਾ ਭੰਨ ਦਿੱਤਾ ਕਿ ਲੈ ਤੂੰ ਸਾਨੂੰ ਇਸ ਠੀਕਰੇ ਦੇ ਟੁੱਟਣ ਦਾ ਡਰ ਦਿੰਦਾ ਹੈਂ, ਅਸੀਂ ਆਪ ਹੀ ਤੇਰੇ ਸਿਰ ਵਿਚ ਭੰਨ ਦਿੰਦੇ ਹਾਂ :

*ਠੀਕਰ ਫੋਰ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ॥*
*ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂ ਆਨ॥*

ਇਕ ਅਦੀਬ ਲਿਖਦੇ ਹਨ :

*ਜੋ ਆਸ਼ਕ ਹੈਂ ਸ਼ਹਾਦਤ ਕੇ ਵੋਹ ਜੀਨਾ ਛੋੜ ਦੇਤੇ ਹੈਂ।*
*ਖਿਲੌਨਾ ਸਮਝ ਕਰ ਜਿਸਮ ਕੋ ਖੁਸ਼ੀ ਸੇ ਫੋੜ ਦੇਤੇ ਹੈਂ।*
*ਨਾ ਤਖਤੋ ਤਾਜ ਨਾ ਹੂਰੋਂ ਕੀ ਹਸਰਤ ਹੈ,*
*ਖੁਦਾ ਭੀ ਖੁਦਾਈ ਦੇ ਤੋ ਵਾਪਸ ਮੋੜ ਦੇਤੇ ਹੈਂ।*
*ਸ਼ਹੀਦ ਕੀ ਜੋ ਮੌਤ ਹੈ ਵੋਹ ਕੌਮ ਕੀ ਹਯਾਤ ਹੈ,*
*ਹਯਾਤ ਤੋ ਹਯਾਤ ਹੈ ਵੋਹ ਮੌਤ ਭੀ ਹਯਾਤ ਹੈ।*

ਸ਼ਹੀਦ ਦੁੱਖਾਂ ਕਸ਼ਟਾਂ ਤੋਂ ਨਹੀਂ ਡਰਦਾ ਉਹ ਤਾਂ ਕਹਿੰਦਾ ਹੈ :

*ਉਸੇ ਯੇ ਸ਼ੌਕ ਹੈ ਹਰਦਮ ਨਈ ਤਰਜ਼ੇ ਜ਼ਫਾ ਕਿਆ ਹੈ।*
*ਹਮੇਂ ਯੇ ਸ਼ੌਕ ਹੈ ਦੇਖੇਂ ਸਿਤਮ ਕੀ ਇੰਤਹਾ ਕਿਆ ਹੈ।*

ਸ਼ਹੀਦ ਮਰਦਾ ਨਹੀਂ ਸਗੋਂ ਆਪਣੇ ਵਰਗੇ ਅਨੇਕਾਂ ਸ਼ਹੀਦ ਪੈਦਾ ਕਰ ਦਿੰਦਾ ਹੈ :

*ਖੁਦਾ ਜਾਨੇ ਡੂਬਨੇ ਵਾਲੇ ਨੇ ਕਿਆ ਕਹਾ ਇਨ ਮੌਜੋਂ ਸੇ।*
*ਮੌਜੇਂ ਆਜ ਤਕ ਸਿਰ ਫੋੜਤੀ ਫਿਰਤੀ ਹੈਂ ਸਾਹਿਲ ਮੇਂ।*

ਸੱਚ ਨੂੰ ਪਰਖਣ ਵਾਲੇ ਤੇ ਸ਼ਹੀਦਾਂ ਦੇ ਅਸਥਾਨ ਦੀ ਮਹਾਨਤਾ ਸਮਝਣ ਵਾਲੇ ਇਕ ਸੱਜਣ ਕਹਿੰਦੇ ਹਨ :

*ਸ਼ਹੀਦੋਂ ਕੀ ਕਤਲਗਾਹ ਸੇ ਕਿਆ ਬਿਹਤਰ ਕਾਅਬਾ*
*ਸ਼ਹੀਦੋਂ ਕੀ ਖਾਕ ਪੇ ਤੋ ਖੁਦਾ ਭੀ ਕੁਰਬਾਨ ਹੋਤਾ ਹੈ।*

ਧਰਮ ਕਲਾ ਨਾਲ ਸਾਂਝ ਪਾਉਣ ਵਾਲਾ ਸ਼ਹੀਦ ਕਿਸੇ ਕਬੀਲੇ ਦਾ, ਕਿਸੇ ਇਲਾਕੇ ਦਾ ਜਾਂ ਕਿਸੇ ਇਕ ਮਜ਼ਹਬ ਦਾ ਸ਼ਹੀਦ ਨਹੀਂ ਹੁੰਦਾ, ਉਹ ਵਿਸ਼ਵ ਦੇ ਹੱਕ ਲਈ ਲੜਦਾ ਹੈ, ਉਹ ਵਿਸ਼ਵ ਦਾ ਸ਼ਹੀਦ ਹੁੰਦਾ ਹੈ।

❀ ❀ ❀

## ੧੫

# ਖਾਣਾ ਤੇ ਧਰਮ ਕਲਾ

ਸਾਰੀ ਸ੍ਰਿਸ਼ਟੀ ਦੇ ਜੀਵਾਂ ਨੂੰ ਧਿਆਨ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਖਾਂਦੇ ਤਾਂ ਸਭ ਹਨ ਕੀੜੀ ਤੋਂ ਲੈ ਕੇ ਹਾਥੀ ਤਕ, ਖੁਰਾਕ ਤਾਂ ਹਰ ਇਕ ਨੂੰ ਚਾਹੀਦੀ ਹੈ। ਕੀੜੀ ਦਾ ਪੇਟ ਛੋਟਾ ਹੈ, ਹਾਥੀ ਦਾ ਪੇਟ ਵੱਡਾ ਹੈ ਪਰ ਜਿਥੇ ਤਕ ਭੁੱਖ ਦਾ ਸਵਾਲ ਹੈ ਭੁੱਖ ਬਰਾਬਰ ਹੀ ਹੈ। ਦੋਹਾਂ ਨੂੰ ਭੁੱਖ ਲੱਗੇ ਤੇ ਕੁਝ ਖਾਣਾ ਪੈਂਦਾ ਹੈ, ਸਾਰੇ ਜੀਵ ਜੰਤੂ ਖਾਂਦੇ ਹਨ। ਮਨੁੱਖ ਨੂੰ ਵੀ ਪ੍ਰਮਾਤਮਾ ਨੇ ਪੇਟ ਲਗਾਇਆ ਹੈ ਇਹ ਵੀ ਖਾਂਦਾ ਹੈ ਪਰ ਪਸ਼ੂਆਂ ਦੇ ਤੇ ਮਨੁੱਖ ਦੇ ਖਾਣ ਵਿਚ ਇਕ ਫ਼ਰਕ ਹੈ, ਪਸ਼ੂ ਪੰਖੀ ਖਾਂਦੇ ਹਨ ਪਰ ਖਾਣ ਦੀ ਚਿੰਤਾ ਨਹੀਂ ਕਰਦੇ। ਪਰਿੰਦਿਆਂ ਕੋਲ ਨਾ ਘਰ ਹੈ, ਨਾ ਧਨ ਹੈ। ਦਰੱਖਤ ਤੇ ਪਾਣੀ ਦੀ ਆਸ ਕਰਕੇ ਆ ਜਾਂਦੇ ਹਨ ਤੇ ਪ੍ਰਮਾਤਮਾ! ਤੂੰ ਉਨ੍ਹਾਂ ਨੂੰ ਵੀ ਦੇਂਦਾ ਹੈਂ।

ਸਾਹਿਬ ਫ਼ਰਮਾਉਂਦੇ ਹਨ :

*ਪਰੰਦਏ ਨ ਗਿਰਾਹ ਜਰ ॥*
*ਦਰਖਤ ਆਬ ਆਸ ਕਰ ॥*
*ਦਿਹੰਦ ਸੁਈ ॥ ਏਕ ਤੁਈ ਏਕ ਤੁਈ ॥*

—ਮਾਝ ਵਾਰ, ਪੰਨਾ ੧੪੪

ਪਰ ਮਨੁੱਖ ਨੂੰ ਤਾਂ ਖਾਣ ਦੀ ਚਿੰਤਾ ਹੈ। ਮਨੁੱਖ ਤਾਂ ਪਹਿਲਾਂ ਹੀ ਤਿਆਰੀ ਕਰਦਾ ਹੈ, ਕੀ ਖਾਣਾ ਹੈ। ਕਈਆਂ ਸੱਜਣਾਂ ਦੀਆਂ ਮਹੀਨਿਆਂ ਦੀਆਂ ਹੀ ਲਿਸਟਾਂ ਬਣੀਆਂ ਹਨ। ਇੰਨੀ ਖਾਣ ਦੀ ਚਿੰਤਾ ਕਿਉਂ ਹੈ, ਪੇਟ ਨਾਲੋਂ ਮਨੁੱਖ ਜ਼ਬਾਨ ਦੇ ਚਸਕੇ ਦਾ ਗੁਲਾਮ ਜ਼ਿਆਦਾ ਹੋ ਗਿਆ ਹੈ। ਪੇਟ ਲਈ ਨਹੀਂ ਜ਼ਬਾਨ ਦੇ ਰਸ ਲਈ ਇਹ ਬਹੁਤ ਖਾਂਦਾ ਹੈ।

ਇਕ ਸਾਧੂ ਦੀ ਕਥਾ ਆਉਂਦੀ ਹੈ ਕਿ ਇਕ ਹਲਵਾਈ ਦੀ ਦੁਕਾਨ ਅੱਗੋਂ ਗੁਜ਼ਰ ਰਿਹਾ ਸੀ, ਸਾਧੂ ਨੇ ਕਹਿ ਦਿੱਤਾ ਮਠਿਆਈ ਤਾਜ਼ੀ ਹੀ ਬਣੀ ਹੈ? ਦੁਕਾਨਦਾਰ ਨੇ ਕਿਹਾ, 'ਹਾਂ ਹੁਣੇ ਹੀ ਬਣਾਈ ਹੈ। ਮਹਾਤਮਾ ਜੀ ਦੇਵਾਂ!' ਖ਼ਿਆਲ ਆ ਗਿਆ, ਮੇਰੇ ਪਾਸ ਤਾਂ ਪੈਸਾ ਹੀ ਕੋਈ ਨਹੀਂ। ਦੁਕਾਨਦਾਰ ਨੂੰ ਕਹਿਣ ਲੱਗਾ, ਨਹੀਂ ਮਠਿਆਈ

ਲੈਣੀ ਨਹੀਂ ਦਰਸ਼ਨ ਮੇਲੇ ਹੀ ਕਾਫੀ ਹਨ। ਇੰਨੀ ਗੱਲ ਕਹਿ ਕੇ ਅੱਗੇ ਤੁਰ ਪਿਆ। ਦੁਕਾਨਦਾਰ ਸਮਝ ਗਿਆ ਕਿ ਮਹਾਤਮਾ ਕੋਲ ਪੈਸੇ ਨਹੀਂ, ਕਹਿਣ ਲੱਗਾ, ਸੰਤ ਜੀ ਤੁਰ ਕਿਉਂ ਪਏ ਹੋ, ਲੈ ਜਾਓ, ਪੈਸੇ ਨਹੀਂ ਤਾਂ ਆਪਾਂ ਉਧਾਰ ਕਰ ਲੈਂਦੇ ਹਾਂ ਫਿਰ ਦੇ ਜਾਣਾ। ਮਹਾਂਪੁਰਖ ਕਹਿਣ ਲੱਗੇ ਆਪਾਂ ਹੋਰ ਸਲਾਹ ਬਣਾ ਲਈ ਹੈ। ਸੋਚਿਆ ਹੈ ਤੇਰੇ ਨਾਲ ਉਧਾਰ ਕੀ ਕਰਨਾ ਹੈ ਆਪਣੇ ਮਨ ਨਾਲ ਹੀ ਉਧਾਰ ਕਰ ਲੈਂਦੇ ਹਾਂ, ਫਿਰ ਸਹੀ, ਮੈਂ ਹੁਣੇ ਹੀ ਭੋਜਨ ਕਰਕੇ ਆਇਆ ਹਾਂ। ਮੈਂ ਸਮਝ ਲਿਆ ਹੈ ਪੇਟ ਨੂੰ ਹੁਣ ਕੋਈ ਲੋੜ ਨਹੀਂ ਸੀ, ਇਹ ਤਾਂ ਰਸਨਾ ਦਾ ਚਸਕਾ ਸੀ, ਇਹ ਤਾਂ ਮਨ ਦੀ ਵਾਸ਼ਨਾ ਸੀ। ਸਾਧੂ ਬਣ ਕੇ ਵੀ ਜੇ ਮੈਂ ਕਿਸੇ ਵਾਸ਼ਨਾ ਦਾ ਗ਼ੁਲਾਮ ਰਹਿਣਾ ਹੈ ਤਾਂ ਫਿਰ ਮੈਨੂੰ ਸਾਧੂ ਬਣਨ ਦਾ ਕੀ ਫ਼ਾਇਦਾ ਹੋਇਆ, ਅੱਗੋਂ ਲਈ ਮੈਂ ਤੇਰੇ ਕੋਲੋਂ ਕੁਝ ਮੰਗਾਂ ਵੀ ਤਾਂ ਮੈਨੂੰ ਜ਼ਰੂਰ ਯਾਦ ਕਰਵਾ ਦੇਣਾ ਕਿ ਉਧਾਰ ਮੇਰੇ ਨਾਲ ਕਰੋਗੇ ਜਾਂ ਆਪਣੇ ਮਨ ਨਾਲ।

ਸਿਆਣਿਆਂ ਦਾ ਕਥਨ ਹੈ ਕਿ ਅੱਧੇ ਭੋਜਨ ਨਾਲ ਬੰਦੇ ਦਾ ਪੇਟ ਭਰਦਾ ਹੈ ਅਤੇ ਅੱਧੇ ਨਾਲ ਡਾਕਟਰਾਂ ਤੇ ਵੈਦਾਂ ਦਾ। ਮੇਰੇ ਇਕ ਮਿੱਤਰ ਹਨ ਵੈਦ ਸਾਹਿਬ, ਮੈਂ ਉਨ੍ਹਾਂ ਦੇ ਘਰ ਪ੍ਰਸ਼ਾਦਾ ਛਕ ਰਿਹਾ ਸਾਂ, ਉਹ ਬੜੀ ਸ਼ਰਧਾ ਤੇ ਪਿਆਰ ਨਾਲ ਛਕਾ ਰਹੇ ਸਨ। ਜਦੋਂ ਮੈਂ ਕਿਹਾ ਬਸ, ਤਾਂ ਉਹ ਕਹਿਣ ਲੱਗੇ, ਤੁਸੀਂ ਰੱਜ ਕੇ ਛਕੋ ਬਾਅਦ ਵਿਚ ਮੈਂ ਤੁਹਾਨੂੰ ਐਸਾ ਚੂਰਨ ਦਿਆਂਗਾ ਕਿ ਸਭ ਕੁਝ ਹਜ਼ਮ ਹੋ ਜਾਏਗਾ।

ਮੇਰੇ ਕੋਲ ਐਸਾ ਚੂਰਨ ਹੈ ਕਿ ਠੀਕ ਇਕ ਘੰਟੇ ਬਾਅਦ ਤੁਸੀਂ ਫਿਰ ਖਾਣ ਲਈ ਕੁਝ ਮੰਗੋਗੇ। ਮੈਂ ਉਨ੍ਹਾਂ ਨੂੰ ਕਿਹਾ, ਤੁਸੀਂ ਕਿਸੇ ਦਿਨ ਇੰਨੇ ਧਨਵਾਨ ਹੋ ਜਾਵੋਗੇ ਕਿ ਦੌਲਤ ਤੁਹਾਡੇ ਪਾਸੋਂ ਸਾਂਭੀ ਨਹੀਂ ਜਾਣੀ। ਉਹ ਕਹਿਣ ਲੱਗੇ, ਕਿਵੇਂ? ਮੈਂ ਉਨ੍ਹਾਂ ਨੂੰ ਕਿਹਾ, ਤੁਹਾਡਾ ਚੂਰਨ ਤਾਂ ਸੰਜੀਵਨੀ ਬੂਟੀ ਹੈ, ਹਰ ਬੰਦਾ ਖਾ ਕੇ ਹੀ ਤਾਂ ਹਾਲੋਂ-ਬੇਹਾਲ ਹੋਇਆ ਹੈ, ਇਸ ਚੂਰਨ ਦੀ ਤਾਂ ਇੰਨੀ ਗਾਹਕੀ ਹੋਵੇਗੀ ਕਿ ਪੁੱਛੋ ਹੀ ਨਾ। ਹਨੂਮਾਨ ਸੰਜੀਵਨੀ ਬੂਟੀ ਲਿਆਇਆ ਸੀ, ਹੋ ਸਕੇ ਤਾਂ ਇਹਦਾ ਨਾਂ ਤੁਸੀਂ ਮਹਾਂਬੀਰ ਚੂਰਨ ਜਾਂ ਹਨੂਮਾਨ ਚੂਰਨ ਰੱਖੋ, ਬਲਕਿ ਇਸਦੇ ਖਾਣ ਦਾ ਢੰਗ ਇਹ ਦੱਸੋ ਕਿ ਇਕ ਵਾਰ ਬੰਦਾ ਖਾਣ ਤੋਂ ਪਹਿਲਾਂ ਖਾਏ, ਇਕ ਵਾਰ ਬਾਅਦ ਵਿਚ ਤੇ ਮੈਂ ਤੁਹਾਨੂੰ ਯਕੀਨ ਦੁਆਉਂਦਾ ਹਾਂ ਕਿ ਜਿਹੜਾ ਪਹਿਲੋਂ ਖਾ ਲਵੇਗਾ ਉਸ ਨੂੰ ਬਾਅਦ ਵਿਚ ਤਾਂ ਲਾਜ਼ਮੀ ਖਾਣਾ ਹੀ ਪਵੇਗਾ। ਪਹਿਲਾਂ ਖਾਣ ਨਾਲ ਜ਼ਰਾ ਭੁੱਖ ਜ਼ਿਆਦਾ ਲੱਗੇਗੀ ਤੇ ਬੰਦੇ ਤੋਂ ਇਹ ਆਸ ਹੈ ਹੀ ਕਿ ਇਹ ਫਿਰ ਦੂਣੀ ਰੋਟੀ ਖਾਏਗਾ। ਬੱਸ ਤੁਹਾਡੇ ਚੂਰਨ ਦੀ ਸ਼ੀਸ਼ੀ ਫਿਰ ਲੱਭਣੀ ਪਵੇਗੀ। ਮੇਰੇ ਇਹ ਕਹਿਣ ਤੋਂ ਉਹ ਸੱਜਣ ਥੋੜ੍ਹੇ ਹੱਸੇ ਵੀ ਤੇ ਕੁਝ ਹੈਰਾਨ ਵੀ ਹੋਏ। ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਅਸੀਂ ਪਹਿਲਾਂ ਆਪ ਹੀ ਬਿਮਾਰੀ ਨੂੰ ਜਨਮ ਦਿੰਦੇ ਹਾਂ ਤੇ ਫਿਰ ਆਪ ਹੀ ਉਸ ਦਾ ਇਲਾਜ ਕਰਦੇ ਹਾਂ।

ਇਕ ਬੱਚੇ ਨੂੰ ਕਿਸੇ ਸਿਆਣੇ ਮਹਾਤਮਾ ਨੇ ਪੁੱਛਿਆ ਸੀ, ਬੇਟਾ, ਪਾਪ ਮੁਕਾਉਣ

ਲਈ ਕੀ ਚਾਹੀਦਾ ਹੈ। ਮਹਾਤਮਾ ਨੇ ਸੋਚਿਆ ਹੋਵੇਗਾ, ਕਿ ਬੱਚਾ ਕਹੇਗਾ ਕਿ ਪਾਪ ਮੁਕਾਉਣ ਲਈ ਪਾਠ ਚਾਹੀਦਾ ਹੈ। ਪਰ ਉਸ ਬੱਚੇ ਨੇ ਬੜਾ ਨਿਰਾਲਾ ਉਤਰ ਦਿੱਤਾ ਕਹਿਣ ਲੱਗਾ, ਮਹਾਤਮਾ ਜੀ ਪਾਪ ਮੁਕਾਉਣ ਲਈ ਪਹਿਲਾਂ ਪਾਪ ਚਾਹੀਦਾ ਹੈ। ਪਾਪ ਹੋਇਆ ਹੀ ਨਾ ਤਾਂ ਮੁਕਾਵਾਂਗੇ ਕੀ? ਇਸੇ ਤਰ੍ਹਾਂ ਬਿਮਾਰੀ ਮੁਕਾਉਣ ਲਈ ਕੀ ਕਰਨਾ ਚਾਹੀਦਾ ਹੈ, ਪਹਿਲਾਂ ਬਿਮਾਰ ਚਾਹੀਦੇ ਹਨ। ਗਰੀਬੀ ਮੁਕਾਉਣ ਲਈ ਪਹਿਲਾਂ ਗਰੀਬ ਚਾਹੀਦੇ ਹਨ। ਚੂਰਨ ਵੇਚਣ ਲਈ ਪਹਿਲਾਂ ਕਿਸੇ ਦਾ ਪੇਟ ਆਫਰਿਆ ਚਾਹੀਦਾ ਹੈ, ਬਲਕਿ ਕਿਸੇ ਦੇ ਪੇਟ ਵਿਚ ਦਰਦ ਚਾਹੀਦੀ ਹੈ, ਰੱਬੀ ਹੋ ਜਾਵੇ ਤਾਂ ਠੀਕ ਹੈ, ਨਹੀਂ ਤਾਂ ਕੋਈ ਉਪਾਅ ਸੋਚੋ, ਨਹੀਂ ਤਾਂ ਹਨੂਮਾਨ ਚੂਰਨ ਕਿਸੇ ਨਹੀਂ ਲੈਣਾ।

ਅੱਜ ਪੜ੍ਹ ਰਹੇ ਬੱਚਿਆਂ ਦੀ ਲਾਲਸਾ ਹੈ ਕਿ ਮੈਂ ਡਾਕਟਰ ਬਣ ਜਾਵਾਂ, ਇਹ ਵੱਖਰੀ ਗੱਲ ਹੈ ਕਿ ਮਾਂ ਬਾਪ ਇੰਨਾ ਖਰਚਾ ਨਾ ਕਰ ਸਕਣ। ਬੰਦਿਆਂ ਦੇ ਹਸਪਤਾਲ ਬਹੁਤ ਹਨ, ਬੰਦਿਆਂ ਦਾ ਇਲਾਜ ਕਰਨ ਵਾਲੇ ਡਾਕਟਰ ਵੀ ਬਹੁਤ ਹਨ ਪਰ ਪਸ਼ੂਆਂ ਦੇ ਇੰਨੇ ਨਾ ਡਾਕਟਰ ਹਨ, ਨਾ ਹੀ ਪਸ਼ੂਆਂ ਦੇ ਇੰਨੇ ਹਸਪਤਾਲ ਹਨ। ਕਾਰਨ ਇਕ ਹੀ ਹੈ ਕਿ ਪਸ਼ੂਆਂ ਨੂੰ ਕੋਈ ਕੁਦਰਤੀ ਬਿਮਾਰੀ ਨਾ ਆ ਪਵੇ ਤਾਂ ਪਸ਼ੂ ਪੰਖੀ ਬਹੁਤ ਘੱਟ ਬਿਮਾਰ ਹੁੰਦੇ ਹਨ। ਸਭ ਤੋਂ ਜ਼ਿਆਦਾ ਬਿਮਾਰ ਹੁੰਦਾ ਹੈ ਚੌਰਾਸੀ ਦਾ ਸਰਦਾਰ। ਜ਼ਿਆਦਾ ਬਿਮਾਰ ਹੁੰਦਾ ਵੀ ਇਹ ਗ਼ਲਤ ਖਾਣ ਕਰਕੇ ਹੈ। ਦਿਨ ਰਾਤ ਸਿਆਣੇ ਸਮਝਾ ਰਹੇ ਹਨ ਕਿ ਤਮਾਕੂ ਦਾ ਸੇਵਨ ਨਾ ਕਰੋ, ਇਸ ਵਿਚ ਨਿਕੋਟੀਨ ਬਹੁਤ ਹੈ, ਇਸ ਸਿਗਰਟ-ਨੋਸ਼ੀ ਨਾਲ ਕੈਂਸਰ ਹੋ ਸਕਦਾ ਹੈ।

ਇਕ ਰਵਾਇਤ ਹੈ ਕਿ ਤਮਾਕੂ ਵਾਲੇ ਖੇਤ ਵਿਚੋਂ ਗੁਰੂ ਗੋਬਿੰਦ ਸਿੰਘ ਦਾ ਘੋੜਾ ਨਹੀਂ ਸੀ ਲੰਘਿਆ, ਇਕ ਗੱਲ ਤਾਂ ਮੈਂ ਆਪ ਅੱਖੀਂ ਵੇਖੀ ਸੀ ਕਿ ਇਕ ਖੇਤ ਵਿਚ ਕੁਝ ਗਾਵਾਂ ਦੌੜ ਕੇ ਪੈ ਗਈਆਂ, ਬੂਟੇ ਬੜੇ ਹਰੇ ਸਨ ਪਰ ਉਹ ਗਾਵਾਂ ਬੂਟਿਆਂ ਨੂੰ ਸੁੰਘ ਕੇ ਅੱਗੇ ਲੰਘ ਗਈਆਂ। ਮੈਂ ਗਾਈਆਂ ਵਾਲੇ ਨੂੰ ਪੁੱਛਿਆ ਕਿ ਇਹ ਬੂਟੇ ਬੜੇ ਹਰੇ ਸਨ ਗਾਵਾਂ ਨੇ ਇਸ ਖੇਤ ਵਿਚੋਂ ਕੋਈ ਬੂਟਾ ਨਹੀਂ ਖਾਧਾ। ਉਹ ਕਹਿਣ ਲੱਗਾ, ਕਿ ਇਹ ਬੂਟੇ ਹਨ ਤਮਾਕੂ ਦੇ, ਇਹ ਬਹੁਤ ਕੌੜੇ ਹਨ, ਗਾਵਾਂ ਸੁੰਘ ਕੇ ਛੱਡ ਗਈਆਂ ਹਨ। ਹੋਰ ਕੋਈ ਖੇਤ ਹੁੰਦਾ ਤਾਂ ਮੇਰੇ ਕੱਢਿਆਂ ਵੀ ਇਨ੍ਹਾਂ ਨਹੀਂ ਸੀ ਨਿਕਲਣਾ। ਹੈਰਾਨੀ ਦੀ ਗੱਲ ਹੈ ਜਿਸ ਤਮਾਕੂ ਨੂੰ ਪਸ਼ੂ ਵੀ ਪ੍ਰਵਾਨ ਨਹੀਂ ਕਰਦੇ, ਬੰਦਾ ਉਸ ਦਾ ਸੇਵਨ ਕਰਦਾ ਹੈ। ਇਕ ਹੁੱਕਾ ਪੀਣ ਵਾਲਾ ਜਿੱਥੇ ਰੋਜ਼ ਹੁੱਕੇ ਦਾ ਪਾਣੀ ਸੁਟੇ, ਉਸ ਥਾਂ ਦਾ ਹਰਿਆ ਘਾਹ ਵੀ ਸੜ ਜਾਂਦਾ ਹੈ, ਕਿਸੇ ਹਰੇ ਬੂਟੇ ਤੇ ਸੁਟੇ ਤਾਂ ਬੂਟਾ ਵੀ ਸੜ ਜਾਏਗਾ ਪਰ ਬੰਦੇ ਦੀ ਖੁਰਾਕ ਵੇਖੋ। ਅੱਜ ਸ਼ਰਾਬ ਬਾਰੇ ਸਪੱਸ਼ਟ ਕਿਹਾ ਜਾ ਰਿਹਾ ਹੈ ਕਿ ਇਹ ਜ਼ਹਿਰ ਹੈ, ਇਹ ਹਾਨੀਕਾਰਕ ਹੈ ਪਰ ਬੰਦਾ ਮੁੱਲ ਦੇ ਕੇ ਜ਼ਹਿਰ ਖਰੀਦਦਾ ਹੈ, ਪੀਂਦਾ ਹੈ। ਫਿਰ ਪਤਾ ਉਸ ਵੇਲੇ ਲੱਗਦਾ ਹੈ ਜਦੋਂ ਡਾਕਟਰ ਕਹਿੰਦੇ ਹਨ, ਸ੍ਰੀਮਾਨ ਜੀ ਤੁਹਾਨੂੰ ਦਮਾ ਹੋ ਗਿਆ ਹੈ ਜਾਂ ਤੁਹਾਨੂੰ ਕੈਂਸਰ ਹੋ ਗਿਆ ਹੈ।

ਅਕਲ ਮੱਤ ਤੋਂ ਬਿਨਾਂ ਤਾਂ ਸਵੱਛ ਭੋਜਨ ਵੀ ਜ਼ਹਿਰ ਸਾਬਤ ਹੁੰਦਾ ਹੈ। ਇਕ ਬੰਦਾ ਜ਼ਿਆਦਾ ਭੋਜਨ ਕਰੀ ਜਾਏ ਤਾਂ ਪੇਟ ਤਾਂ ਆਖ਼ਰ ਪੇਟ ਹੀ ਹੈ, ਵਿਚਾਰਾ ਕਿੰਨਾ ਕੁ ਜ਼ੁਲਮ ਬਰਦਾਸ਼ਤ ਕਰੇਗਾ। ਆਖ਼ਰ ਬੰਦਾ ਬਿਮਾਰ ਹੋਵੇਗਾ ਹੀ ਪਰ ਜਦੋਂ ਜੀਵਨ ਵਿਚ ਧਰਮ ਕਲਾ ਆ ਜਾਵੇ ਤਾਂ ਮਨੁੱਖ ਸੋਚਦਾ ਹੈ ਕਿ ਖ਼ੁਰਾਕ ਸਰੀਰ ਨੂੰ ਚੁੱਕਣ ਵਾਸਤੇ ਹੈ, ਸਰੀਰ ਖ਼ੁਰਾਕ ਚੁੱਕਣ ਵਾਸਤੇ ਨਹੀਂ। ਜਿਹੜੀ ਖ਼ੁਰਾਕ ਤੇਰੇ ਤੇ ਬੋਝ ਬਣੇ ਉਹ ਤਾਂ ਜ਼ਹਿਰ ਹੈ। ਐਸੀ ਖ਼ੁਰਾਕ ਤਾਂ ਸਰੀਰ ਦੀ ਦੁਸ਼ਮਣ ਹੈ। ਖ਼ੁਰਾਕ ਤਾਂ ਸਰੀਰ ਚਲਾਉਣ ਲਈ ਸਹਾਇਕ ਹੈ, ਬੋਝ ਨਹੀਂ। ਜਿਊਣ ਵਾਸਤੇ ਖਾਣਾ ਚਾਹੀਦਾ ਹੈ ਖਾਣ ਵਾਸਤੇ ਜਿਊਣਾ ਤਾਂ ਬੇਸਮਝਾਂ ਦਾ ਕੰਮ ਹੈ।

ਇਕ ਵਾਰ ਹਜ਼ਰਤ ਮੁਹੰਮਦ ਸਾਹਿਬ ਨੂੰ ਇਕ ਹਕੀਮ ਨੇ ਕਿਹਾ ਕਿ ਐ ਰਸੂਲ, ਮੈਨੂੰ ਜਾਪਦਾ ਹੈ ਕਿ ਤੇਰੀ ਉੱਮਤ ਨੇ ਮੇਰੀ ਸੇਵਾ ਪ੍ਰਵਾਨ ਨਹੀਂ ਕੀਤੀ, ਕੋਈ ਵੀ ਮੇਰੇ ਪਾਸ ਨਹੀਂ ਆਉਂਦਾ। ਹਜ਼ਰਤ ਨੇ ਕਿਹਾ ਕਿ ਜੇ ਤੂੰ ਇਨ੍ਹਾਂ ਦੀ ਸੇਵਾ ਕਰਨੀ ਹੈ ਤਾਂ ਤੈਨੂੰ ਕੋਈ ਹੋਰ ਸੇਵਾ ਹੀ ਕਰਨੀ ਪਵੇਗੀ, ਤੇਰੀ ਵੈਦਗੀ ਇਥੇ ਨਹੀਂ ਚੱਲਣੀ। ਮੈਂ ਇਨ੍ਹਾਂ ਨੂੰ ਸਮਝਾ ਦਿੱਤਾ ਹੈ ਕਿ ਜਦੋਂ ਬਹੁਤ ਭੁੱਖ ਲੱਗੇ ਤਾਂ ਖਾਣ ਵਾਸਤੇ ਬੈਠਣਾ। ਜਦੋਂ ਕੁਝ ਭੁੱਖ ਰਹਿੰਦੀ ਹੋਵੇ ਤਾਂ ਖਾਣਾ ਬੰਦ ਕਰ ਦੇਣਾ, ਇਸ ਲਈ ਏਥੇ ਬਿਮਾਰ ਹੀ ਕੋਈ ਨਹੀਂ ਹੁੰਦਾ। ਇਸ ਲਈ ਤੇਰੀ ਵੈਦਗੀ ਦੀ ਇੱਥੇ ਲੋੜ ਕੋਈ ਨਹੀਂ। ਜਦੋਂ ਜੀਵਨ ਵਿਚ ਧਰਮ ਕਲਾ ਆਵੇ ਫਿਰ ਮਨੁੱਖ ਲੋੜ ਅਨੁਸਾਰ ਹੀ ਖਾਂਦਾ ਹੈ, ਰਸਾਂ-ਕਸਾਂ ਦਾ ਮੁਹਤਾਜ ਹੋ ਕੇ ਨਹੀਂ ਖਾਂਦਾ।

ਖਾਣਾ ਤਾਂ ਸੀ ਪ੍ਰਾਣਾਂ ਨੂੰ ਚਲਾਉਣ ਲਈ ਨਾ ਕਿ ਪੇਟ ਵਧਾਉਣ ਲਈ। ਸਿਆਣਿਆਂ ਦਾ ਮਤ ਹੈ ਕਿ ਜੇਕਰ ਕਿੱਕਰ ਦੀਆਂ ਲੱਕੜਾਂ ਨਾਲ ਹੀ ਤੰਦੂਰ ਤਪ ਜਾਏ ਤਾਂ ਚੰਦਨ ਫੂਕਣਾ ਕੋਈ ਸਮਝਦਾਰੀ ਨਹੀਂ। ਪਹਿਲਾਂ ਤਾਂ ਰਸਾਂ-ਕਸਾਂ ਵਿਚ ਫਸਿਆ ਬੰਦਾ, ਦਸਾਂ ਬੰਦਿਆਂ ਦੀ ਖ਼ੁਰਾਕ ਇਕੱਲਾ ਖਾਏ ਫਿਰ ਸੌ ਬੰਦਿਆਂ ਦੀ ਖ਼ੁਰਾਕ ਦੇ ਪੈਸੇ ਕਿਸੇ ਡਾਕਟਰ ਨੂੰ ਦੇਵੇ, ਇਸ ਨੂੰ ਕੌਣ ਸਮਝਦਾਰ ਕਹੇਗਾ। ਪਰ ਇਕ ਗੱਲ ਤਾਂ ਸਾਨੂੰ ਮੰਨਣੀ ਹੀ ਪਵੇਗੀ ਕਿ ਚਉਰਾਸੀ ਦੇ ਸਰਦਾਰ ਨੂੰ ਖਾਣਾ ਕੋਈ ਨਹੀਂ ਆਇਆ। ਧਰਮ ਖਾਣ ਦੇ ਮਸਲੇ 'ਤੇ ਇਕ ਹੀ ਵਿਚਾਰ ਦੇਂਦਾ ਹੈ ਕਿ ਨਾ ਕਿਸੇ ਦੀ ਖ਼ੁਸ਼ੀ ਲਈ ਖਾਹ, ਨਾ ਆਪਣੀ ਖ਼ੁਸ਼ੀ ਲਈ ਖਾਹ, ਤੂੰ ਸਿਰਫ਼ ਆਪਣੇ ਪੇਟ ਦੀ ਲੋੜ ਵਾਸਤੇ ਖਾਹ।

ਰਹਿਤਨਾਮਿਆਂ ਵਿਚ ਲਿਖਿਆ ਹੈ ਕਿ :

*ਅੰਨ ਬਹੁਤ ਭੁਖ ਲਗੇ ਜੇਵਨਾ॥*
*ਅਮਲ ਪ੍ਰਸਾਦੇ ਦਾ ਰੱਖਣਾ॥*

ਛਤੀਹ ਅੰਮ੍ਰਿਤ ਖਾਹ ਪਰ ਖਾਂਦਿਆਂ ਇਕ ਗੱਲ ਯਾਦ ਰੱਖ ਕਿ :

*ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥*
*ਤਿਸੁ ਠਾਕੁਰ ਕਉ ਰਖੁ ਮਨ ਮਾਹਿ॥*

—ਸੁਖਮਨੀ, ਪੰਨਾ ੨੬੯

ਘੱਟੋ-ਘੱਟ ਬੰਦਾ ਇਕ ਹੀ ਹਿਸਾਬ ਰੱਖ ਲਵੇ ਕਿ ਜਿੰਨੇ ਕੁ ਦਾਣੇ ਖਾ ਰਿਹਾ ਹਾਂ, ਇੰਨੀ ਵਾਰੀ ਤਾਂ ਪ੍ਰਮਾਤਮਾ ਦਾ ਨਾਮ ਰਸਨਾ ਨਾਲ ਜਪਾਂ, ਖ਼ੁਰਾਕ ਆਪੇ ਹੀ ਠੀਕ ਹੋ ਜਾਏਗੀ। ਸਰੀਰ ਦੇ ਰਸਾਂ ਲਈ ਖਾਣ ਵਾਲੇ ਬੰਦੇ ਦੇ ਮਨ ਵਿਚ ਰੱਬ ਕਿਵੇਂ ਵੱਸ ਸਕਦਾ ਹੈ। ਬੰਦੇ ਦਾ ਸਾਰਾ ਸਰੀਰ ਤੇ ਮਨ ਖਾਣਾ ਤੇ ਖਾਣੇ ਦੀ ਚਿੰਤਾ ਨਾਲ ਭਰਿਆ ਪਿਆ ਹੈ, ਪ੍ਰਮਾਤਮਾ ਵਾਸਤੇ ਇਸ ਨੇ ਥਾਂ ਹੀ ਕਿੱਥੇ ਛੱਡੀ ਹੈ।

*ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥*

—ਸ੍ਰੀ ਰਾਗ, ਮ: ੧, ਪੰਨਾ ੧੫

ਜ਼ਿਆਦਾ ਖਾਣਾ ਤਾਂ ਨਿਕੰਮੇ ਬੰਦਿਆਂ ਦਾ ਕੰਮ ਹੈ। ਜਿਹੜੇ ਬੰਦੇ ਨੇ ਕੋਈ ਕੰਮ ਕਰਨਾ ਹੈ ਉਹ ਖਾਣ ਵੇਲੇ ਏਨਾ ਧਿਆਨ ਤਾਂ ਜ਼ਰੂਰ ਰੱਖਦਾ ਹੈ ਕਿ ਘੱਟੋ-ਘੱਟ ਤੁਰਨ ਜੋਗਾ ਤਾਂ ਰਹਾਂ।

ਮੈਂ ਸੁਣਿਆ ਹੈ, ਸਰਾਧਾਂ ਦੇ ਦਿਨ ਸਨ, ਕੁਝ ਬ੍ਰਾਹਮਣ ਇਕ ਘਰ ਭੋਜਨ ਛਕ ਰਹੇ ਸਨ। ਕੁਝ ਬ੍ਰਾਹਮਣ ਤਾਂ ਖਾਂਦੇ ਖਾਂਦੇ ਹੀ ਲੇਟ ਗਏ ਪਰ ਕੁਝ ਖਾ ਰਹੇ ਸਨ। ਘਰ ਵਾਲੇ ਦਾ ਰਾਸ਼ਨ ਮੁੱਕਣ 'ਤੇ ਆ ਗਿਆ। ਉਸ ਨੇ ਪੁੱਛਿਆ, ਕਿਉਂ ਮਹਾਰਾਜ ਰਜ ਗਏ ਹੋ ਜਾਂ ਮੈਂ ਹੋਰ ਫੁਲਕਾ ਲਿਆਵਾਂ। ਇਕ ਬ੍ਰਾਹਮਣ ਨੇ ਕਿਹਾ, ਰੱਜੇ ਤਾਂ ਔਹ ਡਿੱਗੇ ਪਏ ਹਨ, ਅਸੀਂ ਤਾਂ ਅਜੇ ਭੋਜਨ ਹੋਰ ਕਰਾਂਗੇ।

ਇਕ ਸੱਜਣ ਬਾਰੇ ਮੈਂ ਸੁਣਿਆ ਹੈ ਕਿ ਇਕ ਘਰ ਪ੍ਰਸ਼ਾਦਾ ਛਕਣ ਲਈ ਬੈਠੇ। ਬੀਬੀ ਨੇ ਪਤੀ ਨੂੰ ਕਿਹਾ ਪਹਿਲਾ ਆਟਾ ਖ਼ਤਮ ਹੋ ਗਿਆ ਹੈ ਪਰ ਜਾਪਦਾ ਹੈ ਕਿ ਆਇਆ ਮਹਿਮਾਨ ਅਜੇ ਸਮਾਪਤੀ ਕਰਨ ਲਈ ਤਿਆਰ ਨਹੀਂ। ਤੁਸੀਂ ਦੋ ਕੁ ਮਿੰਟ ਇਸ ਨੂੰ ਕਿਸੇ ਗੱਲੇ ਲਾਵੋ ਤਾਂ ਕਿ ਮੈਂ ਛੇਤੀ ਨਾਲ ਥੋੜ੍ਹਾ ਆਟਾ ਹੋਰ ਗੁੰਨ੍ਹ ਲਵਾਂ। ਉਸ ਨੇ ਮਹਿਮਾਨ ਨੂੰ ਕਿਹਾ, ਮਹਾਰਾਜ ਮੇਰਾ ਪ੍ਰਸ਼ਾਦਾ ਛਕਣ ਦਾ ਇਕ ਨਿਯਮ ਹੈ। ਮੈਨੂੰ ਕਿਸੇ ਵੈਦ ਨੇ ਦੱਸਿਆ ਸੀ ਜਦੋਂ ਦਾ ਮੈਂ ਉਸ ਨਿਯਮ ਦੀ ਪਾਲਣਾ ਕਰਨ ਲੱਗਾ ਹਾਂ ਮੈਂ ਕਦੀ ਬਿਮਾਰ ਨਹੀਂ ਹੋਇਆ। ਮਹਿਮਾਨ ਦਾ ਧਿਆਨ ਖਿੱਚਿਆ ਗਿਆ। ਉਸ ਨੇ ਪੁੱਛਿਆ ਮਹਾਂਰਾਜ ਉਹ ਕਿਹੜਾ ਨਿਯਮ ਹੈ। ਉਹ ਕਹਿਣ ਲੱਗੇ ਕਿ ਮੈਂ ਅੱਧ ਵਿਚ ਆ ਕੇ ਭਾਵ ਅੱਧਾ ਖਾਣਾ ਖਾ ਕੇ ਪਾਣੀ ਜ਼ਰੂਰ ਪੀਂਦਾ ਹਾਂ। ਮਹਿਮਾਨ ਨੇ ਕਿਹਾ, ਕਮਾਲ ਹੈ। ਇਹ ਨਿਯਮ ਤਾਂ ਮੇਰਾ ਵੀ ਹੈ, ਮੈਂ ਵੀ ਅੱਧ ਵਿਚ ਪਾਣੀ ਪੀਂਦਾ ਹਾਂ ਪਰ ਮੈਂ ਤਾਂ ਅਜੇ ਅੱਧ ਵਿਚ ਆਇਆ ਹੀ ਨਹੀਂ।

ਰੋਮ ਦੇ ਰਹਿਣ ਵਾਲੇ ਨੀਰੋ ਬਾਦਸ਼ਾਹ, ਲਖਨਊ ਦੇ ਵਾਜਦ ਅਲੀ ਅਤੇ ਪੁਰਾਣਿਆਂ ਯੁਗਾਂ ਵਿਚੋਂ ਕੁੰਭਕਰਨ ਦਾ ਨਾਂ ਬੜਾ ਪ੍ਰਸਿੱਧ ਸੀ ਕਿ ਬੜਾ ਖਾਂਦੇ ਸਨ। ਇਹ ਤਾਂ ਪ੍ਰਤੱਖ ਹੈ ਕਿ ਬਹੁਤ ਜ਼ਿਆਦਾ ਖਾਣ ਵਾਲਾ ਬੰਦਾ ਰੱਬੀ ਰਸ ਤੋਂ ਵਾਂਝਾ ਹੀ ਰਹਿ ਜਾਂਦਾ ਹੈ ਅਤੇ ਐਸੇ ਬੰਦੇ ਦੀ ਕੋਈ ਬਰੀਕ ਸੋਚਣੀ ਨਹੀਂ ਹੋ ਸਕਦੀ।

ਭਾਈ ਗੁਰਦਾਸ ਜੀ ਅਨੁਸਾਰ :

*ਹਉ ਤਿਸ ਘੋਲ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ॥*

ਅਤੇ ਗੁਰੂ ਗੋਬਿੰਦ ਸਿੰਘ ਜੀ ਫ਼ਰਮਾਉਂਦੇ ਹਨ :

*ਅਲਪ ਅਹਾਰ ਸੁਲਪ ਸੀ ਨਿੰਦ੍ਰਾ॥*
*ਦਇਆ ਛਿਮਾ ਤਨ ਪ੍ਰੀਤ॥*

ਸ਼ੇਖ਼ ਸਾਅਦੀ ਇਕ ਥਾਂ ਲਿਖਦੇ ਹਨ ਕਿ ਇਕ ਫ਼ਕੀਰ ਤੀਹ ਰੋਟੀਆਂ ਖਾਂ
ਸੀ ਤੇ ਤੀਹ ਵਾਰ ਨਮਾਜ਼ ਪੜ੍ਹਦਾ ਸੀ। ਦੂਸਰੇ ਸਿਆਣੇ ਫ਼ਕੀਰ ਨੇ ਕਿਹਾ ਇਹ
ਨਾਲੋਂ ਤਾਂ ਚੰਗਾ ਸੀ ਕਿ ਤੂੰ ਅੱਧੀ ਰੋਟੀ ਖਾਂਦਾ ਤੇ ਅਰਾਮ ਨਾਲ ਸੌਂ ਜਾਂਦਾ। ਭ
ਇਹ ਸੀ ਕਿ ਤੇਰੀਆਂ ਤੀਹ ਰੋਟੀਆਂ ਨੇ ਤੇਰੀਆਂ ਨਮਾਜ਼ਾਂ ਵੀ ਵਿਅਰਥ ਕਰ ਦਿੱਤੀ
ਹਨ। ਕੀ ਤੀਹ ਰੋਟੀਆਂ ਪੇਟ ਨਾਲ ਇਨਸਾਫ਼ ਹੈ ? ਤੂੰ ਜੇਕਰ ਪੇਟ ਨਾਲ ਜ਼ੁਲ
ਕਰ ਰਿਹਾ ਹੈਂ ਤਾਂ ਨਮਾਜ਼ ਨਾਲ ਕਿੰਨਾ ਕੁ ਇਨਸਾਫ਼ ਕਰੇਂਗਾ।

ਧਰਮੀ ਬੰਦਾ ਖ਼ੁਰਾਕ ਬੜੇ ਧਿਆਨ ਨਾਲ ਲਵੇ ਉਸ ਕੋਲੋਂ ਤਾਂ ਲੋਕਾਂ ਨੇ ਮੇ
ਲੈਣੀ ਹੈ। ਸਾਡੀ ਇਕ ਆਦਤ ਬਣ ਗਈ ਹੈ ਕਿ ਸਾਨੂੰ ਸਮੇਂ ਨਾਲ ਭੁੱਖ ਲੱਗ
ਹੈ, ਖਾਣੇ ਦਾ ਸਮਾਂ ਹੋ ਗਿਆ ਹੈ, ਪੇਟ ਨੂੰ ਤਾਂ ਪੁੱਛਦੇ ਹੀ ਨਹੀਂ ਕਿ ਤੈਨੂੰ ਵੀ ਲੋ
ਹੈ ਕਿ ਨਹੀਂ। ਲੋੜ ਨਾ ਵੀ ਹੋਵੇ ਬਸ ਸਮਾਂ ਹੋ ਗਿਆ ਹੈ। ਇਕ ਵਾਰ ਮੈਂ ਵੇਖਿਅ
ਇਕ ਬੱਚੇ ਨੇ ਟੋਸਟ ਉੱਤੇ ਬਹੁਤ ਸਾਰੀਆਂ ਮਿਰਚਾਂ ਲਗਾਈਆਂ, ਉਸ ਦੇ ਮਾਂ-ਬ
ਤ੍ਰਾਹ-ਤ੍ਰਾਹ ਕਰ ਰਹੇ ਸਨ ਕਿ ਇੰਨੀਆਂ ਮਿਰਚਾਂ ਤੇਰਾ ਮਿਹਦਾ ਕਿਵੇਂ ਪਚਾਏਗ
ਪਰ ਉਸ ਨੇ ਜਵਾਬ ਦਿੱਤਾ ਕਿ ਮੇਰੀ ਸੁਸਾਇਟੀ ਵਿਚ ਬੱਚੇ ਬੜੀ ਹੀ ਮਿਰਚੀ ਖਾ
ਹਨ। ਮੇਰਾ ਫਿਰ ਉਨ੍ਹਾਂ ਵਿਚ ਬੈਠਣਾ ਮੁਸ਼ਕਿਲ ਹੋ ਜਾਵੇਗਾ। ਮੈਂ ਤਾਂ ਪ੍ਰੈਕਟਸ ਕ
ਰਿਹਾ ਹਾਂ ਤਾਂਕਿ ਮਿਰਚ ਖਾਣ ਵਿਚ ਕੋਈ ਦਿੱਕਤ ਨਾ ਆਵੇ। ਇਹ ਬੱਚਾ ਸਾਥੀ
ਨੂੰ ਸਮਝਾਉਣ ਦੀ ਹਿੰਮਤ ਨਹੀਂ ਕਰਦਾ ਕਿ ਸਾਡੀ ਖ਼ੁਰਾਕ ਗ਼ਲਤ ਹੈ, ਸਗੋਂ ਉ
ਵਾਲੀ ਗ਼ਲਤੀ ਆਪ ਸ਼ੁਰੂ ਕਰ ਦਿੱਤੀ ਹੈ। ਸਾਡੀ ਇਕ ਹੋਰ ਵੀ ਆਦਤ ਬਣ ਗ
ਹੈ ਕਿ ਕੁਝ ਖਾਣਾ ਬਚਿਆ ਹੈ, ਆਮ ਸੱਜਣ ਕਹਿੰਦੇ ਹਨ ਕਿ ਖਾ ਲਵੋ, ਨਹ
ਤਾਂ ਖ਼ਰਾਬ ਹੋ ਜਾਵੇਗਾ। ਬਸ ਇਕ ਰੋਟੀ ਹੈ ਖਾ ਲਓ, ਖ਼ਰਾਬ ਹੋ ਜਾਵੇਗੀ। ਹੁ
ਕੋਈ ਪੁੱਛਣ ਵਾਲਾ ਹੋਵੇ ਕਿ ਬਾਹਰ ਤਾਂ ਇਹ ਰੋਟੀ ਖ਼ਰਾਬ ਹੋ ਜਾਣ ਦਾ ਡਰ
ਪਰ ਪੇਟ ਵਿਚ ਜਾ ਕੇ ਇਹ ਬੜੀ ਸੁਰੱਖਿਅਤ ਹੋ ਜਾਵੇਗੀ ? ਬਾਹਰ ਤਾਂ ਸਿਰ
ਰੋਟੀ ਹੀ ਖ਼ਰਾਬ ਹੋਵੇਗੀ ਪਰ ਪੇਟ ਵਿਚ ਤਾਂ ਦੋਹਰਾ ਨੁਕਸਾਨ ਹੋਵੇਗਾ, ਰੋਟੀ
ਨਹੀਂ ਬਚਣੀ ਤੇ ਪੇਟ ਦਾ ਵੀ ਕੁਝ ਨਹੀਂ ਰਹਿਣਾ। ਇਸ ਲਈ ਚੰਗਾ ਤਾਂ ਇ
ਹੈ ਕਿ ਬੰਦਾ ਰੋਟੀ ਜਾਂ ਤਾਂ ਕਿਸੇ ਲੋੜਵੰਦ ਨੂੰ ਦੇਵੇ ਨਹੀਂ ਤਾਂ ਬਾਹਰ ਹੀ ਖ਼ਰ
ਹੋ ਜਾਵੇ ਤਾਂ ਚੰਗਾ ਹੈ। ਜਿਸ ਦੇ ਜੀਵਨ ਵਿਚ ਧਰਮ ਕਲਾ ਹੈ, ਉਹ ਸੱਜਣ
ਭੁੱਖਾ ਰਹਿੰਦਾ ਹੈ ਅਤੇ ਨਾ ਹੀ ਵਰਤ ਰੱਖਦਾ ਹੈ। ਉਸ ਦਾ ਤਾਂ ਇਹ ਨਿਸਚਾ
ਕਿ :

*ਖਾਣਾ ਪੀਣਾ ਪਵਿਤ੍ਰ ਹੈ ਦਿਤੋਨ ਰਿਜਕ ਸੰਬਾਹਿ॥*

—ਵਾਰ ਆਸਾ, ਪੰਨਾ 4

ਖਾਣਾ ਹੈ ਪਰ ਲੋੜ ਅਨੁਸਾਰ, ਗੁਰੂ ਦੀ ਦੱਸੀ ਜੁਗਤ ਨਾਲ। ਉਹ ਜੁਗਤ ਕੀ ਹੈ।

*ਬਾਬਾ ਹੋਰੁ ਖਾਣਾ ਖੁਸੀ ਖੁਆਰੁ॥*
*ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥*

—ਸਿਰੀ ਰਾਗ ਮ: ੧, ਪੰਨਾ ੧੬

ਧ੍ਰਿਗਕਾਰ ਹੈ ਐਸੇ ਜੀਵਨ ਨੂੰ, ਸੁਰਤ ਰੱਬ ਵੱਲ ਤੁਰੇ ਹੀ ਨਾ ਸਿਰਫ਼ ਖਾ ਕੇ ਪੇਟ ਹੀ ਵਧਾ ਲਿਆ ਜਾਏ।

*ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥*

—ਵਾਰ ਸੂਹੀ ਪੰਨਾ ੭੯੦

*ਖਾਇਆ ਮੈਲੁ ਵਧਾਇਆ ਪੈਧੈ ਘਰ ਕੀ ਹਾਣਿ॥*

ਪ੍ਰਭਾਤੀ ਮ: ੧, ਪੰਨਾ ੧੩੩੧

ਸੁਆਦਾਂ ਲਈ ਨਹੀਂ ਖਾਣਾ, ਬਹੁਤੇ ਸੁਆਦਾਂ ਲਈ ਖਾਣਾ ਤਾਂ ਰੋਗਾਂ ਨੂੰ ਜਨਮ ਦੇਣ ਵਾਲੀ ਗੱਲ ਹੈ :

*ਅਧਿਕ ਸੁਆਦ ਰੋਗ ਅਧਿਕਾਈ ਬਿਨੁ ਗੁਰ ਸਹਜ ਨ ਪਾਇਆ॥*

—ਮਲਾਰ ਮ: ੧, ਪੰਨਾ ੧੨੫੫

*ਬਹੁ ਸਾਦਹੁ ਦੂਖ ਪਰਾਪਤ ਹੋਵੈ॥*
*ਭੋਗਹੁ ਰੋਗ ਸੁ ਅੰਤਿ ਵਿਗੋਵੈ॥*

—ਮਾਰੂ ਮ: ੧, ਪੰਨਾ ੧੦੩੪

*ਓਨੀ ਦੁਨੀਆ ਤੋੜੇ ਬੰਧਨਾ ਅੰਨ ਪਾਣੀ ਥੋੜਾ ਖਾਇਆ॥*

—ਵਾਰ ਆਸਾ, ਪੰਨਾ ੪੬੭

ਗੁਰੂ ਦੀ ਮਤਿ ਲੈਣ ਵਾਲਾ ਮਨੁੱਖ ਜ਼ਿਆਦਾ ਖਾ ਹੀ ਨਹੀਂ ਸਕਦਾ ਤੇ ਜਿਹੜੇ ਸਤਿਗੁਰੂ ਦਾ ਦੱਸਿਆ ਸਿਮਰਨ ਛੱਡ ਕੇ ਗੁਰੂ ਦੀ ਗੱਲ ਭੁਲਾ ਕੇ ਖਾਂਦੇ ਹਨ, ਪਹਿਣਦੇ ਹਨ, ਉਹ ਜਿਉਂਦੇ ਹੀ ਮਰੇ ਹਨ। ਉਹ ਤਾਂ ਕੋਹੜੇ ਹਨ :

*ਸੇ ਬਿਨੁ ਸਤਿਗੁਰ ਸੇਵੇ ਖਾਂਦੇ ਪੈਣਦੇ, ਸੇ ਮੁਏ ਮਰਿ ਜੰਮੇ ਕੋੜੇ॥*

—ਵਾਰ ਗਉੜੀ, ਪੰਨਾ ੩੦੬

ਸਤਿਗੁਰੂ ਅਮਰਦਾਸ ਜੀ ਨੇ ਆਪਣੇ ਦਰਬਾਰ ਵਿਚ ਲਿਖ ਕੇ ਲਗਾਇਆ ਸੀ ਕਿ ਪਹਿਲਾਂ ਪੰਗਤ ਫਿਰ ਸੰਗਤ। ਪਹਿਲਾਂ ਪੰਗਤਾਂ ਵਿਚ ਜਾਓ, ਲੰਗਰ ਛਕੋ। ਇਸ ਦਾ ਇਕ ਕਾਰਨ ਤਾਂ ਇਹ ਸੀ ਕਿ ਬੰਦਾ ਭੁੱਖ ਵਲੋਂ ਬੇਪ੍ਰਵਾਹ ਹੋ ਕੇ ਕਥਾ ਕੀਰਤਨ ਸੁਣਨ ਲਈ ਬੈਠੇ। ਦੂਸਰਾ ਜਿਨ੍ਹਾਂ ਲੋਕਾਂ ਨੇ ਖਾਣ ਨੂੰ ਵਹਿਮ ਭਰਮ ਬਣਾਇਆ ਸੀ, ਉੱਚੀ ਕੁਲ ਵਾਲੇ ਨੀਵਿਆਂ ਨਾਲ ਨਹੀਂ ਸਨ ਬੈਠਦੇ ਉਨ੍ਹਾਂ ਨੂੰ ਇਕੱਠੇ ਬਿਠਾਉਣ ਲਈ। ਤੀਸਰਾ ਉਨ੍ਹਾਂ ਨੂੰ ਮੱਤ ਦੇਣ ਲਈ, ਜਿਹੜੇ ਕਹਿੰਦੇ ਸਨ ਅਸੀਂ ਤਾਂ ਵਰਤ

ਰੱਖਿਆ ਹੈ, ਅਸੀਂ ਚਾਲੀ ਦਿਨ ਭੋਜਨ ਹੀ ਨਹੀਂ ਕਰਾਂਗੇ।

ਭੋਜਨ ਜੇਕਰ ਸਫਲ ਹੁੰਦਾ ਹੈ ਤਾਂ ਸਿਰਫ਼ ਉਸ ਪੇਟ ਵਿਚ ਜਾ ਕੇ, ਜਿਸ ਬੰਦੇ ਨੂੰ ਧਰਮ ਕਲਾ ਆ ਗਈ ਹੈ। ਨਹੀਂ ਤਾਂ ਬੰਦਾ ਐਵੇਂ ਦੇਵਤਿਆਂ ਨੂੰ ਵੀ ਭ੍ਰਿਸ਼ਟ ਹੀ ਕਰ ਰਿਹਾ ਹੈ :

*ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ॥*
*ਪੰਜਵਾਂ ਪਾਇਆ ਘਿਰਤੁ ਤਾਂ ਹੋਆ ਪਾਕੁ ਪਵਿਤੁ॥*
*ਪਾਪੀ ਸਿਉ ਤਨੁ ਗਡਿਆ ਥੁਕਾਂ ਪਈਆ ਤਿਤੁ॥*
*ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ॥*
*ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾਂ ਪਾਹਿ॥*

—ਵਾਰ ਆਸਾ, ਪੰਨਾ ੪੭੩

ਧਰਮ ਕਲਾ ਹੋਵੇ ਤਾਂ :

*ਤਿਨਕਾ ਖਾਧਾ ਪੈਧਾ ਮਾਇਆ ਸਭਿ ਪਵਿਤ ਹੈ ਜੋ ਨਾਮ ਹਰਿ ਰਾਤੇ॥*

—ਸੋਰਠਿ ਵਾਰ ਮ: ੪, ਪੰਨਾ ੬੪੮

❀ ❀ ❀

## ੧੯

# ਪਹਿਰਣ ਤੇ ਧਰਮ ਕਲਾ

ਖੋਜੀ ਸੱਜਣ ਕਹਿੰਦੇ ਹਨ ਕਿ ਮਨੁੱਖ ਪਹਿਲਾਂ ਨਗਨ ਰਹਿੰਦਾ ਸੀ। ਪਹਿਲਾਂ-ਪਹਿਲ ਇਸ ਨੇ ਰੁੱਖਾਂ ਦੇ ਪੱਤਿਆਂ ਨਾਲ ਤਨ ਕੱਜਿਆ ਫਿਰ ਜਾਨਵਰਾਂ ਦੀਆਂ ਖੱਲਾਂ ਉਤਾਰ ਕੇ ਪਹਿਨ ਲਈਆਂ। ਉਸ ਤੋਂ ਬਾਅਦ ਕੱਪੜਿਆਂ ਦੀ ਵਾਰੀ ਆਈ। ਅਜੋਕਾ ਮਨੁੱਖ ਪਹਿਰਣ ਦੀ ਤਰੱਕੀ ਵਿਚ ਕਿਥੇ ਤਕ ਜਾ ਪਹੁੰਚਿਆ ਹੈ ਇਹ ਗੱਲ ਕਿਸੇ ਤੋਂ ਲੁਕੀ ਛਿਪੀ ਨਹੀਂ। ਇਕ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਦੱਸੋ ਮਨੁੱਖ ਨੇ ਪਹਿਲਾਂ ਜਦੋਂ ਤਨ ਕੱਜਿਆ, ਭਾਵੇਂ ਖੱਲ ਨਾਲ ਜਾਂ ਰੁੱਖਾਂ ਦੇ ਪੱਤਿਆਂ ਨਾਲ, ਉਸ ਦਾ ਕਾਰਨ ਕੀ ਸੀ ? ਕੀ ਇਸ ਨੇ ਸਰਦੀ ਗਰਮੀ ਤੋਂ ਬਚਣ ਲਈ ਸਰੀਰ ਕੱਜਿਆ ਜਾਂ ਇਕ ਦੂਸਰੇ ਦੀ ਨਜ਼ਰ ਤੋਂ ਬਚਣ ਲਈ ?

ਈਸਾਈਅਤ ਵਿਚ ਇਕ ਕਹਾਣੀ ਪ੍ਰਸਿੱਧ ਹੈ ਕਿ ਆਦਮ ਤੇ ਹਵਾ ਬਹਿਸ਼ਤ ਵਿਚ ਰਹਿੰਦੇ ਸਨ। ਬੜਾ ਸੁੰਦਰ ਬਾਗ਼ ਸੀ, ਉਥੇ ਇਨ੍ਹਾਂ ਪਾਸ ਕੋਈ ਵਸਤੂ ਨਹੀਂ ਸੀ। ਖ਼ੁਦਾ ਨੇ ਇਨ੍ਹਾਂ ਨੂੰ ਕਿਹਾ ਸੀ, ਬਾਕੀ ਰੁੱਖਾਂ ਦਾ ਫਲ ਖਾ ਲੈਣਾ ਪਰ ਇਕ ਫਲ ਨਾ ਖਾਣਾ। ਇਹ ਖ਼ੁਦਾ ਦਾ ਹੁਕਮ ਮੰਨ ਰਹੇ ਸਨ। ਨਾ ਇਨ੍ਹਾਂ ਨੂੰ ਕੋਈ ਚਿੰਤਾ ਸੀ ਨਾ ਦੁੱਖ ਸੀ, ਬੜੀ ਪ੍ਰਸੰਨਤਾ ਨਾਲ ਇਹ ਰਹਿ ਰਹੇ ਸਨ। ਪਰ ਖ਼ੁਦਾ ਤੋਂ ਆਕੀ ਹੋਇਆ ਇਕ ਫ਼ਰਿਸ਼ਤਾ ਜਿਸ ਦਾ ਨਾਂ ਅਬਲੀਸ ਸ਼ੈਤਾਨ ਹੈ, ਉਸ ਨੇ ਇਨ੍ਹਾਂ ਦੋਹਾਂ ਨੂੰ ਕਿਹਾ, ਜਿਹੜਾ ਅਸਲ ਫਲ ਹੈ, ਇਹ ਤਾਂ ਤੁਸੀਂ ਖਾਂਦੇ ਹੀ ਨਹੀਂ, ਇਕ ਵਾਰ ਖਾ ਕੇ ਵੇਖੋ। ਇਨ੍ਹਾਂ ਨੇ ਕਿਹਾ ਕਿ ਇਹ ਫਲ ਅਸੀਂ ਕਿਵੇਂ ਖਾ ਸਕਦੇ ਹਾਂ, ਸਾਨੂੰ ਖ਼ੁਦਾ ਨੇ ਰੋਕਿਆ ਹੈ। ਸ਼ੈਤਾਨ ਨੇ ਕਿਹਾ, ਇਹੀ ਕਾਰਨ ਹੈ ਕਿ ਤੁਹਾਨੂੰ ਰੋਕਿਆ ਇਸ ਲਈ ਹੈ ਕਿ ਇਸ ਵਰਗਾ ਫਲ ਹੋਰ ਕੋਈ ਨਹੀਂ, ਇਹ ਫਲ ਤਾਂ ਆਪੂੰ ਖ਼ੁਦਾ ਖਾਂਦਾ ਹੈ, ਅਸੀਂ ਫ਼ਰਿਸ਼ਤੇ ਖਾਂਦੇ ਹਾਂ ਤੁਸੀਂ ਵੀ ਖਾਓ, ਜੋ ਅਨੰਦ ਤੁਹਾਨੂੰ ਅੱਜ ਤਕ ਨਹੀਂ ਮਿਲਿਆ ਉਹ ਹੁਣ ਮਿਲੇਗਾ। ਇਹ ਫਲ ਖਾਓ। ਸਿਆਣੇ ਚਿੰਤਕਾਂ ਇਸ ਗੱਲ ਨੂੰ ਬੜਾ ਵਿਚਾਰਿਆ ਹੈ, ਕਈ ਫ਼ੈਸਲੇ ਦਿੱਤੇ ਹਨ। ਕੋਈ ਕਹਿੰਦਾ ਹੈ ਕਣਕ ਦਾ ਦਾਣਾ ਸੀ, ਭਾਵ ਰਿਜ਼ਕ ਰੋਟੀ ਇਹ ਨਾ ਖਾਂਦੇ ਤਾਂ ਉਥੇ ਹੀ ਰਹਿਣਾ ਸੀ। ਕੁਝ ਸੱਜਣ ਕਹਿੰਦੇ ਹਨ ਉਹ ਗਿਆਨ ਦਾ ਫਲ ਸੀ, ਜਾਣਕਾਰੀ ਦਾ, ਜਿਸ ਨਾਲ ਬੁੱਧ ਜਾਗ ਪਈ, ਇਕ ਦੂਸਰੇ ਤੋਂ ਸ਼ਰਮਾਉਣ ਲੱਗ ਪਏ, ਰੁੱਖਾਂ ਦੇ ਉਹਲੇ ਛੁਪ ਗਏ। ਖ਼ੁਦਾ ਨੇ ਜਦੋਂ

ਸੱਦਿਆ ਤਾਂ ਉਸ ਦੇ ਸਾਹਮਣੇ ਜਾਣ ਤੋਂ ਸ਼ਰਮਾਉਣ ਲੱਗ ਪਏ। ਉਸ ਨੇ ਹੁਕਮ ਦਿੱਤਾ ਕਿ ਇਨ੍ਹਾਂ ਨੂੰ ਧਰਤੀ 'ਤੇ ਸੁੱਟ ਦਿਓ, ਉਥੇ ਜਾ ਕੇ ਬਸਤਰ ਪਹਿਨੋ ਤੇ ਰਹੋ, ਇਥੇ ਤੁਹਾਡੇ ਵਰਗਿਆਂ ਨੂੰ ਕੋਈ ਥਾਂ ਨਹੀਂ, ਹੁਣ ਤੁਹਾਨੂੰ ਨੇਕੀ-ਬਦੀ ਦਾ ਖ਼ਿਆਲ ਆ ਗਿਆ ਹੈ। ਮੇਰੇ ਦੇਸ਼ ਵਿਚ ਕੋਈ ਪਰਦਾ ਨਹੀਂ, ਪਰਦਾ ਕਰਨ ਵਾਲਾ ਇੱਥੇ ਨਹੀਂ ਰਹਿ ਸਕਦਾ।

ਜਿਥੇ ਤਕ ਮੈਂ ਸਮਝਿਆ ਹੈ ਉਹ ਕਿਹੜਾ ਫਲ ਸੀ, ਨਾ ਕਣਕ ਤੇ ਨਾ ਹੀ ਮੈਨੂੰ ਉਹ ਫਲ ਗਿਆਨ ਦਾ ਜਾਪਦਾ ਹੈ। ਗਿਆਨ ਤਾਂ ਪਹਿਲਾਂ ਹੀ ਸੀ, ਨਹੀਂ ਤਾਂ ਸ਼ੈਤਾਨ ਦੀ ਗੱਲ ਸਮਝਦੇ ਕਿਵੇਂ। ਜੇ ਪ੍ਰਮਾਤਮਾ ਨੇ ਬਾਕੀ ਫਲ ਖਾਣ ਲਈ ਛੁੱਟੀ ਦਿੱਤੀ ਸੀ ਤਾਂ ਕਣਕ ਵਿਚ ਕੀ ਬੁਰਾਈ ਹੈ। ਕੀ ਜਿਹੜੇ ਜਾਨਵਰ ਕਣਕ ਨਹੀਂ ਖਾਂਦੇ ਉਨ੍ਹਾਂ ਵਿਚ ਕੋਈ ਕਾਮ ਵਾਸ਼ਨਾ ਨਹੀਂ ? ਅਸਲ ਗੱਲ ਸੀ ਪ੍ਰਮਾਤਮਾ ਦੇ ਹੁਕਮ ਤੋਂ ਇਨਕਾਰ ਕਰਨ ਦੀ। ਜਦੋਂ ਪ੍ਰਮਾਤਮਾ ਦੇ ਹੁਕਮ ਤੋਂ ਮੂੰਹ ਮੋੜ ਲਿਆ ਤਾਂ ਮਨ ਬਦੀ ਨਾਲ ਭਰ ਗਿਆ ਫਿਰ ਲੁਕਣਾ ਪੈ ਗਿਆ। ਮਨ ਵਿਚ ਬਦੀ ਆ ਜਾਣ ਕਰਕੇ ਬੰਦਾ ਬੰਦੇ ਦੇ ਸਾਹਮਣੇ ਹੋਣ ਜੋਗਾ ਵੀ ਨਾ ਰਹਿ ਗਿਆ। ਉਸ ਦਿਨ ਤੋਂ ਬਾਅਦ ਬਸਤਰਾਂ ਦੇ ਤਿੰਨ ਕਾਰਨ ਬਣ ਗਏ।

ਪਹਿਲਾ ਕਾਰਨ ਦੁਨੀਆ ਦੀ ਨਜ਼ਰ ਤੋਂ ਗੁਪਤ ਅੰਗਾਂ ਨੂੰ ਬਚਾਉਣ ਵਾਸਤੇ ਪਰਦਾ।

ਦੂਸਰਾ ਸਰਦੀ ਗਰਮੀ ਤੋਂ ਬਚਣ ਵਾਸਤੇ।

ਤੀਸਰਾ ਲੋਕਾਂ ਵਿਚ ਸ਼ੋਭਾ ਲਈ, ਆਪਣੀ ਸ਼ਾਨ ਬਣਾਉਣ ਲਈ।

ਅੱਜ ਬਸਤਰ ਲੋੜ ਨਾਲੋਂ ਇੱਜ਼ਤ ਨਾਲ ਜ਼ਿਆਦਾ ਸੰਬੰਧਤ ਹੋ ਗਏ ਹਨ। ਅੱਜ ਅਸੀਂ ਕਿਸੇ ਨੂੰ ਸਨਮਾਨਤ ਕਰਨਾ ਹੋਵੇ ਤਾਂ ਕਹਿੰਦੇ ਹਾਂ ਇਸ ਨੂੰ ਸਿਰੋਪਾਉ ਦੇ ਦਿਓ। ਸਿਰੋਪਾਉ ਕੀ ਹੈ ? ਉਹ ਬਸਤਰ ਕਿ ਜਿਹੜਾ ਮਨੁੱਖ ਨੂੰ ਸਿਰ ਤੋਂ ਪੈਰਾਂ ਤਕ ਕੱਜ ਦੇਵੇ। ਬਰਾਦਰੀ ਨੇ ਕਿਸੇ ਨੂੰ ਸਨਮਾਨਤ ਕਰਨਾ ਹੋਵੇ ਤਾਂ ਉਸ ਨੂੰ ਬਰਾਦਰੀ ਵਲੋਂ ਪੱਗ ਦਿੱਤੀ ਜਾਂਦੀ ਹੈ। ਕਿਸੇ ਦੀ ਇੱਜ਼ਤ ਕਰਨੀ ਹੋਵੇ ਤਾਂ ਅਸੀਂ ਉਸ ਨੂੰ ਦਸਤਾਰ ਦੇ ਦਿੰਦੇ ਹਾਂ। ਕਿਸੇ ਦੀ ਇੱਜ਼ਤ ਲਾਹੁਣੀ ਹੋਵੇ ਤਾਂ ਅਸੀਂ ਉਸ ਦੀ ਪੱਗ ਲਾਹ ਦੇਂਦੇ ਹਾਂ। ਜਿਸ ਦੀ ਪੱਗ ਉਤਰ ਜਾਏ, ਸਮਝਿਆ ਜਾਂਦਾ ਹੈ ਇਸ ਦੀ ਬੇਇਜ਼ਤੀ ਹੋ ਗਈ। ਕਿਸੇ ਵੇਲੇ ਤਾਂ ਸਿਰ ਦਾ ਬਸਤਰ ਦਸਤਾਰ ਉਤਾਰ ਕੇ ਕੋਈ ਘਰ ਆ ਜਾਵੇ ਤਾਂ ਸਮਝਿਆ ਜਾਂਦਾ ਸੀ ਕਿ ਇਸ ਦਾ ਕੋਈ ਬੜਾ ਨਜ਼ਦੀਕੀ ਸੱਜਣ ਚੜ੍ਹਾਈ ਕਰ ਗਿਆ ਹੈ।

ਭਾਈ ਗੁਰਦਾਸ ਜੀ ਨੇ ਤਾਂ ਇਕ ਪਉੜੀ ਵਿਚ ਜ਼ਿਕਰ ਵੀ ਕੀਤਾ ਹੈ ਕਿ ਇਕ ਬਜ਼ੁਰਗ ਬੜੇ ਠੰਢੇ ਪਾਣੀ ਨਾਲ ਖੂਹ ਤੋਂ ਇਸ਼ਨਾਨ ਕਰ ਕੇ ਪੱਗ ਉਥੇ ਹੀ ਭੁਲ ਆਇਆ ਤੇ ਘਰ ਆ ਗਿਆ। ਜਦੋਂ ਉਸ ਦੀ ਨੂੰਹ ਨੇ ਵੇਖਿਆ ਕਿ ਮੇਰਾ ਸਹੁਰਾ ਨੰਗੇ ਸਿਰ ਆ ਗਿਆ ਹੈ, ਉਸ ਨੇ ਰੋਣਾ ਸ਼ੁਰੂ ਕਰ ਦਿੱਤਾ। ਰੋਣਾ ਸੁਣ ਕੇ ਨਗਰ

ਦੀਆਂ ਹੋਰ ਔਰਤਾਂ ਵੀ ਆ ਇਕੱਠੀਆਂ ਹੋ ਗਈਆਂ। ਇਸ ਬੀਬੀ ਨੂੰ ਪੁੱਛਿਆ ਕਿ ਤੂੰ ਕਿਉਂ ਰੋਂਦੀ ਹੈ। ਇਸ ਨੇ ਕਿਹਾ ਕਿ ਸਾਡੇ ਪਰਵਾਰ ਵਿਚੋਂ ਕੋਈ ਚੜ੍ਹਾਈ ਕਰ ਗਿਆ ਹੈ। ਇੰਨੇ ਚਿਰ ਨੂੰ ਪਿੰਡ ਦੀ ਨਾਇਣ ਆ ਗਈ। ਉਸ ਨੇ ਪੁੱਛਿਆ ਕਿ ਮੈਂ ਕਿਸ ਦੇ ਨਾਂ ਦੀ ਅਲਾਹੁਣੀ ਪਾਵਾਂ। ਨੂੰਹ ਨੇ ਆ ਕੇ ਸਹੁਰੇ ਨੂੰ ਪੁੱਛਿਆ ਕਿ ਸਾਡੇ ਘਰ ਵਿਚੋਂ ਕੌਣ ਮਰਿਆ ਹੈ? ਉਸ ਨੇ ਕਿਹਾ, ਕੋਈ ਵੀ ਨਹੀਂ। ਬੀਬੀ ਨੇ ਕਿਹਾ, ਫਿਰ ਤੁਸੀਂ ਨੰਗੇ ਸਿਰ ਕਿਉਂ ਆਏ ਹੋ? ਤੁਹਾਨੂੰ ਪਤਾ ਨਹੀਂ ਕਿ ਬਾਹਰੋਂ ਨੰਗੇ ਸਿਰ ਆਉਣਾ ਇਸ ਗੱਲ ਦੀ ਨਿਸ਼ਾਨੀ ਹੈ ਕਿ ਕੋਈ ਮਰ ਗਿਆ ਹੈ।

ਭਾਈ ਗੁਰਦਾਸ ਜੀ ਲਿਖਦੇ ਹਨ :

*ਠਡੇ ਖੂਹ ਨਹਾਇਕੇ ਪੱਗ ਉਤਾਰ ਆਇਆ ਸਿਰ ਨੰਗੇ॥*
*ਘਰ ਵਿਚ ਰੰਨਾਂ ਕਮਲੀਆਂ ਧੁਸੀ ਲੀਤੀ ਆਣ ਕੁਢੰਗੇ॥*
*ਲੋਕ ਸਿਆਪੇ ਆਇਆ ਰੰਨਾਂ ਪੁਰਸ਼ ਜੁੜੇ ਲੈ ਪੰਗੇ॥*
*ਨਾਇਣ ਪੁਛਦੀ ਪਿਟਦੀਆਂ ਕਿਸ ਦੇ ਨਾਉਂ ਅਲਾਹਣੀ ਅੰਗੇ॥*
*ਸਾਹੁਰੇ ਪੁਛਹੁ ਜਾਇਕੇ ਕੌਣ ਮੁਆ ਨੂੰਹ ਉਤਰ ਮੰਗੇ॥*
*ਕਾਵਾਂ ਰੌਲਾ ਮੂਰਖ ਸੰਗੇ॥*

ਬਸਤਰ ਖ਼ਾਸ-ਖ਼ਾਸ ਸਮਿਆਂ ਲਈ ਚਿੰਨ੍ਹ ਵੀ ਰਹੇ ਹਨ। ਸੂਹੇ ਰੰਗ ਦੇ ਬਸਤਰ ਵੇਖ ਕੇ ਦੂਰੋਂ ਹੀ ਪਤਾ ਲੱਗ ਜਾਂਦਾ ਹੈ ਕਿ ਇਸ ਬੀਬੀ ਦਾ ਨਵਾਂ ਹੀ ਵਿਆਹ ਹੋਇਆ ਹੈ। ਸਹੁਰੇ ਘਰ ਤੋਂ ਕੋਈ ਬੱਚੀ ਕੇਸ ਖੁਲ੍ਹੇ ਛੱਡ ਕੇ ਸਫ਼ੈਦ ਕੱਪੜੇ ਪਾ ਕੇ ਆ ਜਾਂਦੀ ਸੀ ਤਾਂ ਦੂਰੋਂ ਹੀ ਅੰਦਾਜ਼ਾ ਹੋ ਜਾਂਦਾ ਸੀ ਕਿ ਇਸ ਦੇ ਘਰ ਦਾ ਸੰਸਾਰ 'ਤੇ ਨਹੀਂ ਰਿਹਾ। ਅੱਜ ਵੀ ਕੋਈ ਪ੍ਰਾਣੀ ਚੜ੍ਹਾਈ ਕਰ ਜਾਏ ਤਾਂ ਸਸਕਾਰ ਜਾਂ ਉਠਾਲੇ ਤੇ ਲੋਕ ਚਿੱਟੇ ਸਫ਼ੈਦ ਕੱਪੜੇ ਪਾ ਕੇ ਹੀ ਜਾਂਦੇ ਹਨ। ਦਸ-ਵੀਹ ਬੀਬੀਆਂ ਸਫੈਦ ਬਸਤਰਾਂ ਵਿਚ ਹੋਣ ਤਾਂ ਅੰਦਾਜ਼ਾ ਇਹੀ ਹੁੰਦਾ ਹੈ ਕਿ ਜਾਂ ਤਾਂ ਕਿਸੇ ਸਸਕਾਰ ਤੋਂ ਆਈਆਂ ਹਨ ਜਾਂ ਉਠਾਲੇ ਤੋਂ। ਗੈਰਕ ਰੰਗ ਦੇ ਬਸਤਰ ਵੇਖ ਕੇ ਦੂਰੋਂ ਹੀ ਅੰਦਾਜ਼ਾ ਹੋ ਜਾਂਦਾ ਹੈ ਕਿ ਕੋਈ ਸਾਧੂ ਹੈ।

ਗੈਰਕ ਬਸਤਰ ਤਾਂ ਸਾਧੂਆਂ ਨਾਲ ਇੰਨੇ ਜੁੜ ਗਏ ਸਨ ਕਿ ਜਦੋਂ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਆ ਕੇ ਗੈਰਕ ਬਸਤਰ ਉਤਾਰ ਦਿੱਤੇ ਤੇ ਸੰਸਾਰੀ ਕੱਪੜੇ ਭਾਵ ਆਮ ਰੰਗ ਦੇ ਬਸਤਰ ਪਹਿਨ ਲਏ ਤਾਂ ਅਚਲ ਵਟਾਲੇ ਵਿਚ ਜੋਗੀਆਂ ਨੇ ਇੰਨਾ ਇਤਰਾਜ਼ ਕੀਤਾ ਸੀ ਕਿ ਉਨ੍ਹਾਂ ਕਹਿ ਹੀ ਦਿੱਤਾ ਸੀ, ਗੈਰਕ ਬਸਤਰ ਉਤਾਰਨ ਨਾਲ ਤੁਹਾਡੇ ਜੀਵਨ ਦੀ ਸਾਰੀ ਕਮਾਈ ਨਸ਼ਟ ਹੋ ਗਈ। ਭੰਗਰ ਨਾਥ ਜੋਗੀ ਨੇ ਤਾਂ ਇਥੋਂ ਤਕ ਕਹਿ ਦਿੱਤਾ ਸੀ ਕਿ ਜਿਵੇਂ ਇਕ ਸੁਆਣੀ ਸਾਰਾ ਦਿਨ ਦੁੱਧ ਇਕੱਠਾ ਕਰਦੀ ਰਹੇ ਪਰ ਜਦੋਂ ਜਾਗ ਲਾਉਣ ਲੱਗੇ ਤਾਂ ਦੁੱਧ ਵਿਚ ਕਾਂਜੀ ਪਾ ਬੈਠੇ। ਉਸ ਦਾ ਦੁੱਧ ਫੁਟ ਜਾਏਗਾ, ਉਸ ਨੂੰ ਮੱਖਣ ਨਹੀਂ ਮਿਲ ਸਕਦਾ, ਏਸੇ ਤਰ੍ਹਾਂ ਤੁਸੀਂ ਗੈਰਕ ਬਸਤਰ ਉਤਾਰ ਕੇ ਸਾਧੂਪੁਣਾ ਗਵਾ ਲਿਆ ਹੈ।

ਉਸ ਨੇ ਕਿਹਾ ਸੀ :

*ਪੁਛੇ ਜੋਗੀ ਭੰਗਰ ਨਾਥ ਤੁਹਿ ਦੁਧ ਵਿਚ ਕਿਉਂ ਕਾਂਜੀ ਪਾਈ॥*
*ਭੇਖ ਉਤਾਰ ਉਦਾਸ ਦਾ ਵਤ ਕਿਉਂ ਸੰਸਾਰੀ ਰੀਤ ਚਲਾਈ॥*
*ਫਿਟਿਆ ਚਾਟਾ ਦੁਧ ਦਾ ਰਿੜਕਿਆ ਮਖਣ ਹੱਥ ਨਾ ਆਈ॥*

ਗੁਰੂ ਨਾਨਕ ਦੇਵ ਜੀ ਨੇ ਇੰਨਾ ਹੀ ਕਿਹਾ ਸੀ ਕਿ ਤੇਰੀ ਮਾਂ ਕੁਚੱਜੀ ਸੀ, ਭਾਵ ਗੋਰਖ ਨਾਥ ਨੂੰ ਚੱਜ ਨਹੀਂ ਆਇਆ।

ਸਾਧੂ ਜੀਵਨ ਹੀ ਸਾਧਨਾ ਹੈ। ਸਾਧੂ ਸਾਧਿਆ ਹੋਇਆ ਜੀਵਨ ਹੈ, ਸਾਧੂ ਤਾਂ ਸਫ਼ਲ ਜੀਵਨ ਹੈ, ਸਾਧੂ ਤਾਂ ਪਰਉਪਕਾਰੀ ਸੁਭਾਅ ਹੈ ਨਾ ਕਿ ਸਾਧੂ ਬਸਤਰ ਹਨ। ਤੁਸੀਂ ਬਸਤਰ ਕਿਉਂ ਨਹੀਂ ਛੱਡ ਸਕਦੇ, ਤੁਹਾਨੂੰ ਪਤਾ ਹੈ ਕਿ ਹੋਰ ਤਾਂ ਸਾਡੇ ਪੱਲੇ ਹੈ ਕੁਝ ਨਹੀਂ, ਕੋਈ ਯੋਗਤਾ ਨਹੀਂ, ਜੇ ਗੈਰਕ ਬਸਤਰ ਵੀ ਉਤਾਰ ਦਿੱਤੇ ਤਾਂ ਰੋਟੀ ਤੋਂ ਵੀ ਭੁੱਖੇ ਮਰਾਂਗੇ। ਕੰਮ ਤਾਂ ਇਕ ਹੀ ਹੈ ਕਿ ਭੁੱਖ ਲੱਗੇ ਤਾਂ ਮੰਗਣ ਵਾਸਤੇ ਜਾਣਾ ਹੈ, ਜਦੋਂ ਤਕ ਗ੍ਰਹਿਸਤੀਆਂ ਨੇ ਕੁਝ ਹੱਥ 'ਤੇ ਨਾ ਰੱਖਿਆ ਹੱਥ ਖਾਲੀ ਹਨ ਫਿਰ ਇਹ ਬਸਤਰ ਵੀ ਉਤਾਰ ਦਿੱਤੇ ਤਾਂ ਭੁੱਖੇ ਮਰ ਜਾਵਾਂਗੇ। ਤੁਸੀਂ ਬਸਤਰ ਉਤਾਰ ਦਿਓ, ਕਿਸੇ ਘਰ ਮੰਗਣ ਜਾਓ, ਤੁਹਾਨੂੰ ਕਿਸੇ ਭਿੱਖਿਆ ਵੀ ਨਹੀਂ ਦੇਣੀ। ਮੈਂ ਬਸਤਰ ਨਹੀਂ ਸਾਂ, ਬਸਤਰ ਸਿਰਫ਼ ਮੇਰੀ ਪਹਿਚਾਣ ਸਨ। ਮੈਂ ਚਾਹੁੰਦਾ ਸਾਂ ਕਿ ਲੋਕ ਬਸਤਰ ਵੇਖ ਕੇ ਮੇਰੇ ਪਾਸ ਆ ਜਾਣ ਤਾਂਕਿ ਮੈਂ ਰੱਬ ਦੀ ਗੱਲ ਸੁਣ ਸਕਾਂ। ਹੁਣ ਉਸ ਪਹਿਚਾਣ ਦੀ ਲੋੜ ਨਾ ਰਹਿ ਗਈ, ਜਿਥੇ ਕਰਤਾਰਪੁਰ ਮੈਂ ਰਹਿੰਦਾ ਹਾਂ, ਸਾਰੇ ਹੀ ਮੈਨੂੰ ਜਾਣਦੇ ਹਨ ਫਿਰ ਮੈਂ ਕਿਸੇ ਦੇ ਘਰ ਭਿੱਖਿਆ ਮੰਗਣ ਵੀ ਨਹੀਂ ਜਾਣਾ। ਮੈਂ ਤਾਂ ਆਪ ਹਲ ਚਲਾਉਣਾ ਸ਼ੁਰੂ ਕਰ ਦਿੱਤਾ ਹੈ, ਹੁਣ ਮੈਨੂੰ ਗੈਰਕ ਬਸਤਰਾਂ ਦੀ ਜ਼ਰੂਰਤ ਨਹੀਂ।

ਭਾਈ ਗੁਰਦਾਸ ਜੀ ਲਿਖਦੇ ਹਨ ਕਿ :

*ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ॥*
*ਪਹਿਰ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ॥*

ਬਸਤਰ ਪਛਾਣ ਹਨ ਜਿਵੇਂ ਕਿ ਵਰਦੀ ਵੇਖ ਕੇ ਪਤਾ ਲੱਗ ਜਾਂਦਾ ਹੈ ਕਿ ਪੁਲਿਸ ਵਾਲਾ ਹੈ, ਵਰਦੀ ਵੇਖ ਕੇ ਪਤਾ ਲੱਗ ਜਾਂਦਾ ਹੈ ਕਿ ਮਿਲਟਰੀ ਵਾਲਾ ਹੈ, ਕੱਪੜਾ ਪਹਿਚਾਣ ਹੈ। ਜਿਥੇ ਤਕ ਤਨ ਕੱਜਣ ਦੀ ਗੱਲ ਹੈ ਕੱਪੜਾ ਠੀਕ ਹੈ, ਜਿਥੇ ਤਕ ਪਹਿਚਾਣ ਹੈ ਕੱਪੜਾ ਠੀਕ ਹੈ, ਜਿਥੇ ਤਕ ਗਰਮੀ ਸਰਦੀ ਤੋਂ ਤਨ ਬਚਾਉਣ ਦੀ ਗੱਲ ਹੈ, ਕੱਪੜਾ ਠੀਕ ਹੈ। ਪਰ ਜਿਹੜਾ ਬੰਦਾ ਇਹ ਸਮਝਦਾ ਹੈ ਕਿ ਸਭ ਕੁਝ ਕੱਪੜੇ ਹੀ ਹਨ, ਕਮਾਲ ਗੱਲ ਹੈ ਕਿ ਬੰਦਾ ਗਵਾਚ ਹੀ ਜਾਵੇ ਸਿਰਫ਼ ਕੱਪੜੇ ਹੀ ਰਹਿ ਜਾਣ।

ਕਈ ਸੱਜਣ ਐਸੇ ਹਨ ਕਿ ਸੂਟ ਦਾ ਰੰਗ ਜ਼ਰਾ ਠੀਕ ਨਹੀਂ ਰਲਿਆ ਤਾਂ ਮਜਬੂਰੀ ਸੀ ਪਰ ਇੰਜ ਜਾਪਦਾ ਹੈ ਕਿ ਅਸੀਂ ਤਾਂ ਘਰ ਹੀ ਰਹਿ ਗਏ ਹਾਂ। ਬੰਦਾ ਕੱਪੜਿਆਂ ਵਿਚ ਹੀ ਗੁਆਚ ਜਾਏ ਇਹ ਤਾਂ ਮਨੁੱਖਤਾ ਦੀ ਤੌਹੀਨ ਹੈ ਪਰ ਹਕੀਕਤ ਹੈ ਕਿ ਮਨੁੱਖ ਗਵਾਚ ਗਿਆ ਹੈ, ਕੱਪੜੇ ਹੀ ਕੱਪੜੇ ਵੇਖਦੇ ਹਾਂ।

ਮੈਂ ਸੁਣਿਆ ਹੈ ਕਿ ਕਵੀ ਗ਼ਾਲਿਬ ਨੂੰ ਬਹਾਦਰ ਸ਼ਾਹ ਜ਼ਫ਼ਰ ਨੇ ਬੁਲਾਇਆ। ਉਸ ਨੇ ਆਪਣੇ ਮਿੱਤਰਾਂ ਨੂੰ ਦੱਸਿਆ ਕਿ ਮੈਨੂੰ ਬਾਦਸ਼ਾਹ ਨੇ ਬੁਲਾਇਆ ਹੈ। ਮਿੱਤਰਾਂ ਨੇ ਕਿਹਾ, ਬੜੀ ਖ਼ੁਸ਼ੀ ਦੀ ਖ਼ਬਰ ਹੈ ਪਰ ਤੇਰੇ ਬਸਤਰ ਫਟੇ ਹੋਏ ਹਨ, ਤੂੰ ਇਸ ਤਰ੍ਹਾਂ ਜਾਵੇਂਗਾ ਤਾਂ ਬਾਦਸ਼ਾਹ ਦੇ ਮਨ 'ਤੇ ਕੋਈ ਚੰਗਾ ਅਸਰ ਨਹੀਂ ਪਵੇਗਾ। ਉਸ ਨੇ ਕਿਹਾ, ਫਿਰ ਮੈਂ ਕੀ ਕਰਾਂ? ਮਿੱਤਰਾਂ ਨੇ ਕਿਹਾ, ਹਾਲਤ ਤੇ ਸਾਡੀ ਵੀ ਕੋਈ ਚੰਗੀ ਨਹੀਂ ਫਿਰ ਵੀ ਰਲ ਮਿਲ ਕੇ ਤੇਰਾ ਕੰਮ ਚਲਾ ਦਿੰਦੇ ਹਾਂ। ਇਕ ਦੀ ਸ਼ੇਰਵਾਨੀ ਚੰਗੀ ਹੈ, ਇਹ ਲੈ ਜਾ। ਦੂਸਰੇ ਨੇ ਕਿਹਾ, ਮੇਰੀ ਪੱਗ ਠੀਕ ਹੈ, ਇਹ ਲੈ ਜਾ। ਤੀਸਰੇ ਨੇ ਕਿਹਾ, ਮੇਰਾ ਕੁੜਤਾ ਪਜਾਮਾ ਲੈ ਜਾ। ਕਵੀ ਫ਼ਕੀਰਾਨਾ ਤਬੀਅਤ ਦਾ ਸੀ, ਉਹ ਕਹਿਣ ਲੱਗਾ, ਪਹਿਲਾਂ ਮੈਨੂੰ ਇਕ ਗੱਲ ਦਾ ਉੱਤਰ ਦਿਓ, ਬਾਦਸ਼ਾਹ ਨੇ ਮੈਨੂੰ ਸੱਦਿਆ ਹੈ ਜਾਂ ਬਸਤਰਾਂ ਨੂੰ। ਮਿੱਤਰ ਉਸ ਦੇ ਸੁਭਾਅ ਨੂੰ ਜਾਣਦੇ ਸਨ, ਸਾਰੇ ਚੁੱਪ ਹੋ ਗਏ।

ਜਦੋਂ ਇਹ ਖਸਤਾ ਹਾਲਤ ਵਿਚ ਬਾਦਸ਼ਾਹ ਦੇ ਦਰਬਾਰ ਨੂੰ ਗਿਆ ਤਾਂ ਦਰਬਾਨ ਨੇ ਧੱਕੇ ਮਾਰ ਕੇ ਵਾਪਸ ਕਰ ਦਿੱਤਾ ਤੇ ਕਿਹਾ, ਤੂੰ ਆਇਆਂ ਹੈਂ ਬਾਦਸ਼ਾਹ ਨੂੰ ਮਿਲਣ ਤੇ ਆਪਣਾ ਲਿਬਾਸ ਵੇਖ। ਤੂੰ ਤਾਂ ਕੋਈ ਪਾਗ਼ਲ ਹੈਂ, ਜੋ ਇਕ ਪ੍ਰਸਿੱਧ ਸ਼ਾਇਰ ਦਾ ਨਾਂ ਲੈ ਕੇ ਅੱਗੇ ਜਾਣਾ ਚਾਹੁੰਦਾ ਹੈਂ, ਬਾਦਸ਼ਾਹ ਤੈਨੂੰ ਬੁਲਾਏਗਾ। ਇਹ ਵਾਪਸ ਆਇਆ, ਮਿੱਤਰਾਂ ਨੂੰ ਕਿਹਾ, ਮੈਥੋਂ ਭੁੱਲ ਹੋ ਗਈ ਹੈ, ਮੈਨੂੰ ਆਪਣੇ ਬਸਤਰ ਦੇਵੋ। ਚੰਗੀ ਤਰ੍ਹਾਂ ਸਜ ਧਜ ਕੇ ਜਦੋਂ ਇਹ ਗਿਆ ਤਾਂ ਉਹੀ ਦਰਬਾਨ ਹੈ, ਉਸ ਨੇ ਝੁਕ ਕੇ ਪ੍ਰਣਾਮ ਕੀਤੀ, ਬਾਦਸ਼ਾਹ ਤਕ ਲੈ ਗਿਆ। ਬਾਦਸ਼ਾਹ ਨੇ ਖਾਣਾ ਇਸ ਦੇ ਅੱਗੇ ਕੀਤਾ। ਇਸ ਨੇ ਆਪਣੀ ਪੱਗ ਲਾਹ ਕੇ ਅੱਗੇ ਕਰ ਦਿੱਤੀ ਤੇ ਕਹਿਣ ਲੱਗਾ, "ਮੇਰੀ ਪੱਗ ਨੂੰ ਖਵਾਓ।" ਬਾਦਸ਼ਾਹ ਸ਼ਾਇਰਾਂ ਦੇ ਅੰਦਾਜ਼ ਨੂੰ ਸਮਝਦਾ ਸੀ, ਉਸ ਨੇ ਕਿਹਾ ਕਿ ਮੇਰੀ ਸਮਝ ਵਿਚ ਨਹੀਂ ਆ ਰਿਹਾ, ਇਹ ਬੁਝਾਰਤ ਹੈ ਜ਼ਰਾ ਖੋਲ੍ਹੋ। ਉਸ ਸ਼ਾਇਰ ਨੇ ਕਿਹਾ ਕਿ ਮਹਾਰਾਜ ਇਨ੍ਹਾਂ ਕੱਪੜਿਆਂ ਦੀ ਬਰਕਤ ਤਕ ਤਾਂ ਮੈਂ ਤੁਹਾਡੇ ਤੱਕ ਪਹੁੰਚ ਗਿਆ ਹਾਂ, ਨਹੀਂ ਤਾਂ ਮੈਨੂੰ ਇਥੇ ਤੱਕ ਆਉਣ ਕੌਣ ਦਿੰਦਾ ਸੀ। ਬਾਦਸ਼ਾਹ ਨੇ ਦਰਬਾਨ ਨੂੰ ਵੀ ਸਮਝਾਇਆ ਤੇ ਸ਼ਾਇਰ ਨੂੰ ਵੀ ਕਿਹਾ ਕਿ ਹੈ ਠੀਕ, ਬੰਦਾ ਤਾਂ ਕਦੋਂ ਦਾ ਦਿੱਸਣਾ ਬੰਦ ਹੋ ਗਿਆ ਹੈ, ਹੁਣ ਤਾਂ ਬਸਤਰ ਹੀ ਦਿੱਸਦੇ ਹਨ। ਇਹ ਸ਼ਾਇਰਾਂ ਦਾ ਕੰਮ ਹੈ ਐਸਾ ਕਲਾਮ ਪੜ੍ਹਨ ਕਿ ਲੋਕਾਂ ਨੂੰ ਫਿਰ ਬੰਦਾ ਦਿੱਸਣਾ ਸ਼ੁਰੂ ਹੋ ਜਾਵੇ।

ਕੁਝ ਬੰਦਿਆਂ ਤਾਂ ਬਸਤਰ ਬਿਲਕੁਲ ਹੀ ਉਤਾਰ ਦਿੱਤੇ। ਉਨ੍ਹਾਂ ਕਿਹਾ, ਅਸੀਂ ਕੋਈ ਬਸਤਰ ਨਹੀਂ ਪਹਿਨਾਂਗੇ, ਜਿਵੇਂ ਸਾਨੂੰ ਪ੍ਰਮਾਤਮਾ ਨੇ ਭੇਜਿਆ ਹੈ ਅਸੀਂ ਉਸੇ ਤਰ੍ਹਾਂ ਹੀ ਰਹਾਂਗੇ। ਜੈਨੀਆਂ ਦਾ ਇਕ ਫ਼ਿਰਕਾ, ਜਿਸ ਨੂੰ ਦਿਗੰਬਰ ਕਹਿੰਦੇ ਹਾਂ, ਉਹ ਨਗਨ ਰਹਿੰਦੇ ਹਨ। ਸੂਫੀ ਫ਼ਕੀਰ ਵੀ ਕੁਝ ਕੁਝ ਨਗਨ ਰਹਿੰਦੇ ਸਨ ਜਿਵੇਂ ਕਿ ਸਰਮਦ। ਇਸ ਫ਼ਕੀਰ ਨੂੰ ਔਰੰਗਜ਼ੇਬ ਦੇ ਹੁਕਮ ਨਾਲ ਕਤਲ ਕਰ ਦਿੱਤਾ ਗਿਆ ਸੀ। ਇਹ ਨਗਨ ਰਹਿੰਦਾ ਸੀ ਅਤੇ ਕਹਿੰਦਾ ਸੀ ਕਿ ਮੇਰੇ ਕੋਲ ਕੱਜਣ ਵਾਸਤੇ ਕੁਝ ਨਹੀਂ। ਅਵਗੁਣੀਆਰੇ ਬੰਦੇ ਦਾ ਲਿਬਾਸ ਕੱਪੜਾ ਹੈ, ਬੇ-ਐਬਾਂ ਦਾ ਲਿਬਾਸ ਨੰਗ ਰਹਿਣਾ

ਹੀ ਹੈ। ਔਰੰਗਜ਼ੇਬ ਨੇ ਇਸ ਨੂੰ ਰੇਸ਼ਮੀ ਚੋਲਾ ਦਿੱਤਾ ਸੀ, ਇਸ ਨੇ ਅੱਗ ਲਾ ਕੇ ਸਾੜ ਦਿੱਤਾ ਸੀ। ਇਸ ਦੀ ਧਾਰਨਾ ਸੀ ਕਿ ਨੰਗੇ ਆਏ ਹਾਂ, ਇਸ ਤਰ੍ਹਾਂ ਹੀ ਜਿਊਣਾ ਹੈ, ਮੇਰੇ ਕੋਲ ਲੁਕਾਉਣ ਲਈ ਕੁਝ ਨਹੀਂ। ਕੁਝ ਜੋਗੀ ਵੀ ਐਸੇ ਸਨ ਜਿਹੜੇ ਨਗਨ ਰਹਿੰਦੇ ਹਨ, ਉਨ੍ਹਾਂ ਦਾ ਖ਼ਿਆਲ ਸੀ ਕਿ ਨਗਨ ਰਹਾਂਗੇ ਤਾਂ ਜੋਗ ਪ੍ਰਾਪਤ ਹੋਵੇਗਾ।

ਸਤਿਗੁਰਾਂ ਜੀਵਨ ਨੂੰ ਮਧ ਵਿਚ ਰੱਖਿਆ ਹੈ, ਬੰਦਾ ਨਗਨ ਵੀ ਨਾ ਰਹੇ। ਬਾਣੀ ਵਿਚ ਐਸੇ ਵਿਚਾਰ ਹਨ ਕਿ :

*ਨਗਨ ਫਿਰਤ ਜੌ ਪਾਈਐ ਜੋਗੁ॥*
*ਬਨਕਾ ਮਿਰਗੁ ਮੁਕਤਿ ਸਭੁ ਹੋਗੁ॥*
*ਕਿਆ ਨਾਗੇ ਕਿਆ ਬਾਧੇ ਚਾਮ॥*
*ਜਬ ਨਹੀ ਚੀਨਸਿ ਆਤਮ ਰਾਮ॥*

—ਗਉੜੀ ਕਬੀਰ ਜੀ, ਪੰਨਾ ੩੨੪

ਸਿੱਖ ਇਤਿਹਾਸ ਵਿਚ ਲਿਖਿਆ ਹੈ ਕਿ ਇਕ ਬੀਬੀ, ਜਿਸ ਨੂੰ ਸਿੱਖ ਇਤਿਹਾਸ ਨੇ ਮਾਤਾ ਭਾਗੋ ਦੇ ਨਾਮ ਨਾਲ ਯਾਦ ਕੀਤਾ ਹੈ, ਸੰਤ ਬਾਬਾ ਖੜਕ ਸਿੰਘ ਜੀ ਕਾਰ ਸੇਵਾ ਵਾਲਿਆਂ ਨੇ ਇਸ ਦੇ ਪਿੰਡ ਝਬਾਲ, ਅੰਮ੍ਰਿਤਸਰ ਵਿਚ ਇਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਬਣਵਾਇਆ ਸੀ। ਸੰਤ ਬਾਬਾ ਖੜਕ ਸਿੰਘ ਜੀ ਦੀ ਸਿੱਖ ਪੰਥ ਨੂੰ ਮਹਾਨ ਦੇਣ ਹੈ। ਸੰਤ ਬਾਬਾ ਖੜਕ ਸਿੰਘ ਜੀ ਦੇ ਜਾਨਸ਼ੀਨ ਸੰਤ ਬਾਬਾ ਦਰਸ਼ਨ ਸਿੰਘ ਜੀ, ਜੋ ਬਹੁਤ ਹੀ ਉਸਾਰੂ ਰੁਚੀ ਦੇ ਧਾਰਨੀ ਹਨ, ਬਹੁਤ ਹੀ ਦੂਰ-ਦ੍ਰਿਸ਼ਟੀ ਵਾਲੇ ਮਹਾਂਪੁਰਖ ਹਨ। ਗੁਰਦੁਆਰਿਆਂ ਦੇ ਨਾਲ ਕਾਲਜ ਬਣਨ, ਹਸਪਤਾਲ ਬਣਨ, ਐਸੀਆਂ ਰੁਚੀਆਂ ਨਾਲ ਮਨ ਭਰਪੂਰ ਹੈ, ਸੇਵਾ ਤੇ ਪਰਉਪਕਾਰ ਦੇ ਪੁੰਜ ਹਨ।

ਇਨ੍ਹਾਂ ਦੇ ਪਾਸ ਬੈਠਿਆਂ ਇਕ ਦਿਨ ਬਚਨ ਚੱਲ ਰਿਹਾ ਸੀ ਕਿ ਕੁਝ ਯਾਤਰੀ ਸਨ ਉਨ੍ਹਾਂ ਪੁੱਛਿਆ ਕਿ ਹੋਰ ਕਿਹੜੇ ਗੁਰਦੁਆਰੇ ਹਨ ਜਿਥੇ ਦਰਸ਼ਨ ਕਰੀਏ। ਬਾਬਾ ਜੀ ਕਹਿਣ ਲੱਗੇ ਕਿ ਇਥੇ ਝਬਾਲ ਜਾਓ, ਉਸ ਪਿੰਡ ਵਾਲਿਆਂ ਨੂੰ ਪੁੱਛਣਾ ਕਿ ਮਾਤਾ ਭਾਗੋ ਦਾ ਗੁਰਦੁਆਰਾ ਕਿੱਥੇ ਹੈ। ਕਮਾਲ ਜੁਗਤੀ ਸੀ ਮਹਾਂਪੁਰਖਾਂ ਦੀ। ਉਹ ਯਾਤਰੀ ਗਏ, ਉਨ੍ਹਾਂ ਪੁੱਛਿਆ, ਗੁਰਦੁਆਰਾ ਤਾਂ ਉਸ ਪਿੰਡ ਮਾਤਾ ਜੀ ਦੇ ਨਾਂ 'ਤੇ ਹੈ ਹੀ ਕੋਈ ਨਹੀਂ ਸੀ। ਨਗਰ ਨਿਵਾਸੀਆਂ ਨੂੰ ਬੜਾ ਮਹਿਸੂਸ ਹੋਇਆ, ਉਹ ਆਏ ਬਾਬਾ ਜੀ ਕੋਲ ਬੇਨਤੀ ਕੀਤੀ ਗੁਰਦੁਆਰਾ ਬਣ ਗਿਆ।

ਮਾਤਾ ਭਾਗੋ ਜੀ ਜਦੋਂ ਦਸਮੇਸ਼ ਪਿਤਾ ਕੋਲ ਪੁੱਜੇ ਸਨ ਤਾਂ ਇਨ੍ਹਾਂ ਦੀ ਉਮਰ ਤੀਹ ਸਾਲ ਦੀ ਸੀ। ਮਨ ਵਿਚ ਇੰਨਾ ਵੈਰਾਗ ਤੇ ਸੰਸਾਰ ਤੋਂ ਉਪਰਾਮਤਾ ਆਈ ਕਿ ਬਸਤਰਾਂ ਦਾ ਤਿਆਗ ਕਰ ਦਿੱਤਾ ਅਤੇ ਬਿਨਾਂ ਬਸਤਰਾਂ ਤੋਂ ਹੀ ਰਹਿਣ ਲੱਗ ਪਏ। ਸਤਿਗੁਰੂ ਕਲਗੀਧਰ ਪਾਤਸ਼ਾਹ ਨੇ ਇਕ ਦਿਨ ਪਾਸ ਬੁਲਾ ਕੇ ਕਿਹਾ ਕਿ ਹੇ ਮੇਰੀ ਪੁੱਤਰੀ ! ਮੈਂ ਮੰਨਦਾ ਹਾਂ ਕਿ ਤੂੰ ਤਾਂ ਰੱਬ ਵਰਗੀ ਪਵਿੱਤਰ ਹੋ ਗਈ ਹੈਂ, ਤੇਰੇ ਵੈਰਾਗ ਨੂੰ ਮੈਂ ਚੰਗੀ ਤਰ੍ਹਾਂ ਸਮਝਦਾ ਹਾਂ, ਤੈਨੂੰ ਕਿਸੇ ਪਰਦੇ ਦੀ ਲੋੜ ਨਹੀਂ

ਪਰ ਮੈਂ ਤੈਨੂੰ ਇਕ ਗੱਲ ਦੱਸਾਂ ਸਾਰੇ ਜਗਤ ਦੀ ਨਜ਼ਰ ਪਵਿੱਤਰ ਨਹੀਂ, ਇਸ ਲਈ ਤੂੰ ਲੋਕਾਂ ਲਈ ਹੀ, ਆਪਣੇ ਲਈ ਨਹੀਂ, ਸੰਸਾਰ ਲਈ ਹੀ ਬਸਤਰ ਪਹਿਨ। ਅੰਮ੍ਰਿਤਪਾਨ ਕਰੋ, ਬਸਤਰ ਪਹਿਨੋ। ਸਤਿਗੁਰਾਂ ਨੇ ਪੰਜ ਕਕਾਰਾਂ ਵਿਚ ਇਕ ਕਛਹਿਰਾ ਵੀ ਦਿੱਤਾ ਤੇ ਜਿਸ ਬਾਰੇ ਹੁਕਮ ਕੀਤਾ ਕਿ ਇਸ ਨੂੰ ਤਾਂ ਸਿੱਖ ਹਰ ਵੇਲੇ ਅੰਗ ਸੰਗ ਰੱਖੇ। ਜੀਵਨ ਵਿਚ ਧਰਮ ਕਲਾ ਹੋਵੇ ਤਾਂ ਜੀਵਨ ਦੀ ਹਰ ਲੋੜ ਕਿਸੇ ਮਰਯਾਦਾ ਵਿਚ ਹੋ ਸਕਦੀ ਹੈ। ਬਸਤਰ ਦਾ ਜੇ ਕੋਈ ਸਹੀ ਉਪਯੋਗ ਕਰ ਸਕਦਾ ਹੈ ਤਾਂ ਕੋਈ ਧਰਮੀ ਬੰਦਾ ਹੀ ਕਰ ਸਕਦਾ ਹੈ।

ਸਿਕੰਦਰਾਬਾਦ ਦਾ ਇਕ ਨਾਜ਼ਮ ਹੋਇਆ ਹੈ। ਉਸ ਨੇ ਸਾਰੀ ਉਮਰ ਇਹ ਨੇਮ ਨਿਬਾਹਿਆ ਕਿ ਜਿਹੜਾ ਬਸਤਰ ਇਕ ਵਾਰੀ ਪਹਿਨ ਲਿਆ, ਉਹ ਦੂਸਰੀ ਵਾਰ ਨਹੀਂ ਪਹਿਨਿਆ। ਉਸ ਦੇ ਮਨ ਵਿਚ ਅਤੇ ਉਸ ਦੇ ਨਜ਼ਦੀਕੀਆਂ ਦੇ ਮਨ ਵਿਚ ਸ਼ਾਇਦ ਇਸ ਗੱਲ ਦੀ ਬੜੀ ਵਡਿਆਈ ਹੋਵੇ ਪਰ ਮੈਨੂੰ ਤਾਂ ਇਹ ਅਤਿ ਜਾਪਦੀ ਹੈ ਜੋ ਸਦਾ ਚੱਲਣੀ ਮੁਸ਼ਕਿਲ ਹੈ। ਜੇਕਰ ਸਾਰੇ ਸੰਸਾਰ ਦੇ ਬੰਦੇ ਇਸ ਤਰ੍ਹਾਂ ਕਰਨ ਤਾਂ ਕੀ ਐਸਾ ਚੱਲ ਸਕੇਗਾ। ਦੂਸਰੇ ਕੁਝ ਬੰਦੇ ਐਸੇ ਹਨ ਕਿ ਕਰੋੜਾਂ ਰੁਪਏ ਕੋਲ ਹਨ ਪਰ ਨਾ ਬਜ਼ੁਰਗ ਨੇ ਆਪ ਚੰਗਾ ਬਸਤਰ ਪਾਉਣਾ ਹੈ ਨਾ ਹੀ ਕਿਸੇ ਬੱਚੇ ਨੂੰ ਚੰਗਾ ਕੱਪੜਾ ਪਾਉਣ ਦੇਣਾ ਹੈ, ਇਹ ਜੀਵਨ ਦੀ ਦੂਸਰੀ ਅਤਿ ਹੈ।

ਗੁਰਮਤਿ ਅਨੁਸਾਰ ਧਰਮ ਦੀ ਕਿਰਤ ਕਰ ਕੇ ਵਿੱਤ ਅਨੁਸਾਰ ਹਰ ਮਹਿੰਗਾ ਸਸਤਾ ਕੱਪੜਾ ਸਿੱਖ ਪਹਿਨ ਸਕਦਾ ਹੈ ਪਰ ਸਿੱਖ ਨੇ ਹਮੇਸ਼ਾ ਇਹ ਧਿਆਨ ਰੱਖਣਾ ਹੈ ਕਿ ਬਸਤਰਾਂ ਨੇ ਤਨ ਕੱਜਣਾ ਹੈ, ਗਰਮੀ ਸਰਦੀ ਤੋਂ ਮੈਨੂੰ ਬਚਾਉਣਾ ਹੈ, ਮੈਂ ਕੱਪੜਿਆਂ ਵਿਚ ਗੁਆਚ ਨਹੀਂ ਜਾਣਾ। ਮੇਰੀ ਸ਼ੋਭਾ ਬਸਤਰ ਨਹੀਂ, ਮੇਰੀ ਸ਼ੋਭਾ ਤਾਂ ਸ਼ੁਭ ਗੁਣ ਹਨ।

ਸਤਿਗੁਰਾਂ ਦੀ ਬਾਣੀ ਵਿਚੋਂ ਇਸ ਵਿਸ਼ੇ ਲਈ ਕੁਝ ਪੰਗਤੀਆਂ ਲਿਖ ਰਹੇ ਹਾਂ :

*ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥*
*ਨੀਲੀ, ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥*
*ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥*
*ਬਾਬਾ ਹੋਰੁ ਪੈਨਣ ਖੁਸੀ ਖੁਆਰ ॥*
*ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥*

—ਸਿਰੀ ਰਾਗ ਮ: ੧, ਪੰਨਾ ੧੬

ਐਸਾ ਰੰਗ, ਐਸਾ ਕੱਪੜਾ ਨਾ ਪਹਿਨਣਾ ਕਿ ਜਿਸ ਦਾ ਰੰਗ ਆਪਣੇ ਅਤੇ ਵੇਖਣ ਵਾਲੇ ਦੇ ਮਨ ਵਿਚ ਵਿਕਾਰ ਪੈਦਾ ਕਰੇ, ਤਨ ਨੂੰ ਪੀੜਾ ਹੋਵੇ। ਗਰਮੀ ਵਿਚ ਬਸਤਰ ਦੁਖਦਾਈ ਹੋਵੇ, ਸਿਰਫ਼ ਰੰਗ ਵੇਖ ਕੇ ਹੀ ਪਾ ਲੈਣਾ ; ਸਰਦੀ ਵਿਚ ਸਰਦੀ ਨਾ ਰੋਕੇ ਸਿਰਫ ਰੰਗ ਵੇਖ ਕੇ ਹੀ ਪਾ ਲੈਣਾ; ਇਹ ਮਨਮਤ ਹੈ ਅਤੇ ਦੁਖਦਾਈ ਹੈ। ਕੀ ਸ਼ੋਖ਼ ਰੰਗਾਂ ਨਾਲ ਜ਼ਿਆਦਾ ਇੱਜ਼ਤ ਬਣ ਜਾਂਦੀ ਹੈ।

*ਪੈਨਣਾ ਰਖੁ ਪਤਿ ਪਰਮੇਸਰ ਫਿਰਿ ਨਾਗੇ ਨਾਹੀ ਥੀਵਨਾ॥*

—ਮਾਰੂ ਮ: ੫, ਪੰਨਾ ੧੦੧੯

*ਪੈਨਣੁ ਸਿਫਤਿ ਸਨਾਇ ਹੈ, ਸਦਾ ਸਦਾ*
*ਓਹ ਊਜਲਾ ਮੈਲਾ ਕਦੇ ਨਾ ਹੋਇ॥*

—ਮਹਲਾ ੩, ਪੰਨਾ ੧੦੯੨

*ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ॥*

—ਗੂਜਰੀ ਮ: ੫, ਪੰਨਾ ੪੯੬

*ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥*
*ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ॥*

—ਸਿਰੀ ਰਾਗ ਮ: ੪, ਪੰਨਾ ੭੯

ਇਨ੍ਹਾਂ ਕੱਪੜਿਆਂ ਨੇ ਸਰੀਰ ਦਾ ਪਰਦਾ ਕੱਜਣਾ ਹੈ ਅਤੇ ਸਰੀਰ ਦੀ ਰੱਖਿਆ ਕਰਨੀ ਹੈ ਜਾਂ ਇਹ ਯੂਨੀਫਾਰਮ ਬਣ ਕੇ ਮਨੁੱਖ ਦੀ ਪਹਿਚਾਣ ਹਨ, ਇਸ ਤੋਂ ਜ਼ਿਆਦਾ ਇਨ੍ਹਾਂ ਦੀ ਹੋਰ ਕੋਈ ਥਾਂ ਨਾ ਸਮਝਣੀ।

ਜੇ ਕਿਸੇ ਕੱਪੜੇ ਇੱਜ਼ਤ ਬਣਾਉਣੀ ਹੈ, ਪਰਦਾ ਕੱਜਣਾ ਹੈ, ਪ੍ਰਲੋਕ ਵਿਚ ਨਾਲ ਜਾਣਾ ਹੈ ਉਹ ਹੈ :

*ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ॥*

—ਸਲੋਕ ਮ: ੫, ਪੰਨਾ ੫੨੦

ਮਨੁੱਖ ਰਾਜ ਗੱਦੀ 'ਤੇ ਬੈਠਾ ਹੋਵੇ, ਕੀਮਤੀ ਤੋਂ ਕੀਮਤੀ ਬਸਤਰ ਹੋਣ, ਮਨੁੱਖ 'ਤੇ ਬਸਤਰ ਨਾ ਛਾ ਜਾਣ। ਮਨੁੱਖ ਵਿਚ ਇੰਨੇ ਗੁਣ ਚਾਹੀਦੇ ਹਨ ਕਿ ਉਹ ਬਸਤਰਾਂ 'ਤੇ ਛਾਇਆ ਰਹੇ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਬਸਤਰ ਮੇਰੇ ਵਾਸਤੇ ਹਨ, ਮੈਂ ਬਸਤਰਾਂ ਵਾਸਤੇ ਨਹੀਂ। ਦੂਸਰੀ ਗੱਲ ਕਿ ਪਾਟੇ ਬਸਤਰ ਵੀ ਹੋਣ ਤਾਂ ਵੀ ਬੰਦੇ ਦੇ ਗੁਣ ਚਮਕਦੇ ਨਜ਼ਰ ਆਉਣੇ ਚਾਹੀਦੇ ਹਨ :

*ਬਸਤ੍ਰਾ ਤੂਟੀ ਝੂੰਪੜੀ ਚੀਰ ਸਭਿ ਛਿੰਨਾ॥*
*ਜਾਤਿ ਨਾ ਪਤਿ ਨਾ ਆਦਰੋ ਉਦਿਆਨ ਭ੍ਰਮਿੰਨਾ॥*
*ਮਿਤ੍ਰ ਨਾ ਇਠ ਧਨ ਰੂਪ ਹੀਣ ਕਿਛੁ ਸਾਕੁ ਨਾ ਸਿੰਨਾ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥*
*ਤਿਸਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁ ਪ੍ਰਸੰਨਾ॥*

—ਜੈਤਸਰੀ ਵਾਰ, ਪੰਨਾ ੭੦੭

ਧਰਮ ਕਲਾ ਇਕ ਗੱਲ ਸਿਖਾਉਂਦੀ ਹੈ ਕਿ ਬਸਤਰ ਗੁਜ਼ਰਾਨ ਹਨ, ਲਖਸ਼ ਨਹੀਂ।

❀ ❀ ❀

## ੧੭

# ਆਚਾਰ ਤੇ ਧਰਮ ਕਲਾ

ਕੁਝ ਸੱਜਣਾਂ ਦੀ ਰਾਇ ਹੈ ਕਿ ਬੰਦੇ ਦਾ ਆਚਰਨ ਠੀਕ ਹੋਣਾ ਚਾਹੀਦਾ ਹੈ, ਧਰਮ ਦੀ ਕੀ ਲੋੜ ਹੈ। ਉਨ੍ਹਾਂ ਦੇ ਖ਼ਿਆਲ ਮੁਤਾਬਿਕ ਧਰਮ ਕੀ ਹੈ ? ਕਿਸੇ ਧਾਰਮਕ ਅਸਥਾਨ 'ਤੇ ਜਾਣਾ, ਪੂਜਾ ਅਰਚਨਾ ਕਰਨੀ, ਸਵੇਰੇ ਉੱਠਣਾ, ਪਾਠ ਕਰਨਾ। ਪਰ ਇਹ ਗੱਲ ਕਦੀ ਨਹੀਂ ਭੁੱਲਣੀ ਚਾਹੀਦੀ ਕਿ ਇਕ ਦਿਨ ਕੋਈ ਧਾਰਮਕ ਗ੍ਰੰਥ ਨਹੀਂ ਸੀ, ਕੋਈ ਧਾਰਮਕ ਅਸਥਾਨ ਨਹੀਂ ਸੀ, ਕੋਈ ਧਾਰਮਕ ਰਹੁ-ਰੀਤ ਨਹੀਂ ਸੀ, ਧਰਮ ਤਾਂ ਵੀ ਸੀ। ਧਰਮ ਹੈ ਕੀ ? ਪ੍ਰਮਾਤਮਾ ਦੀ ਉਹ ਪਵਿੱਤਰ ਮਰਯਾਦਾ ਜਿਸ ਰਾਹੀਂ ਉਸ ਨੇ ਸਾਰੀ ਸ੍ਰਿਸ਼ਟੀ ਨੂੰ ਧਾਰਨ ਕੀਤਾ ਹੋਇਆ ਹੈ। ਸਾਰੀ ਸ੍ਰਿਸ਼ਟੀ ਨੂੰ ਮਰਯਾਦਾ ਦੇ ਸੂਤਰ ਵਿਚ ਬੰਨ੍ਹਿਆ ਹੈ ਅਤੇ ਹਰ ਜੀਵ ਉਸ ਮਰਯਾਦਾ ਵਿਚ ਜੰਮਦਾ, ਮਰਦਾ ਤੇ ਜਿਊਂਦਾ ਹੈ। ਜੀਵ ਦੇ ਮਨ ਵਿਚ ਪ੍ਰਮਾਤਮਾ ਲਈ ਸ਼ਰਧਾ ਪਿਆਰ, ਹਮੇਸ਼ਾ ਉਸ ਦੀ ਯਾਦ, ਉਸ ਧਰਮ ਸ਼ਕਤੀ ਦਾ ਅਹਿਸਾਸ ਤੇ ਵਿਸ਼ਵਾਸ ਹੋਣ ਤੋਂ ਬਿਨਾਂ ਤਾਂ ਮਨੁੱਖ ਇਕੱਲਾ ਹੋਵੇਗਾ। ਇਹ ਇਕੱਲਾ ਤਾਂ ਬੜਾ ਕਮਜ਼ੋਰ ਹੈ। ਪ੍ਰਮਾਤਮਾ ਬਿਨਾਂ ਇਸ ਦਾ ਕੀ ਆਚਰਨ ਹੋ ਸਕਦਾ ਹੈ, ਹਾਂ ਆਚਾਰ ਦਾ ਪਾਖੰਡ ਜ਼ਰੂਰ ਹੋ ਸਕਦਾ ਹੈ।

ਆਚਾਰ ਤਾਂ ਇਕ ਫੁੱਲ ਹੈ, ਜੋ ਧਰਮ ਦੇ ਬੂਟੇ ਨੂੰ ਲੱਗਦਾ ਹੈ ਅਤੇ ਰੱਬੀ ਵਿਸ਼ਵਾਸ ਇਸ ਬੂਟੇ ਦੀ ਜੜ੍ਹ ਹੈ। ਪਰ ਬੰਦਾ ਸਮਾਜ ਵਿਚ ਰਹਿੰਦਾ ਹੈ, ਸਮਾਜ ਵਿਚ ਰਹਿਣਾ ਇਸ ਦੇ ਜੀਵਨ ਦਾ ਅੰਗ ਬਣ ਗਿਆ ਹੈ, ਇਕੱਲਾ ਇਹ ਰਹਿ ਨਹੀਂ ਸਕਦਾ। ਸਮਾਜ ਵਿਚ ਦੂਸਰਿਆਂ ਨਾਲ ਵਾਹ ਪੈਣਾ ਹੈ, ਇਹ ਚਾਹੁੰਦਾ ਹੈ ਜਿੰਨਾ ਕੁ ਚਿਰ ਮੈਨੂੰ ਦੂਸਰੇ ਵੇਖਦੇ ਹਨ ਉੱਨਾ ਕੁ ਚਿਰ ਮੈਂ ਜੀਵਨ ਦਾ ਕਰਮ, ਜੋ ਬਾਹਰੋਂ ਨਜ਼ਰ ਆਉਂਦਾ ਹੈ, ਇਨ੍ਹਾਂ ਦੇ ਅਨੁਕੂਲ ਬਣਾ ਲਵਾਂ। ਅੰਦਰਲਾ ਤਾਂ ਸਮਾਜ ਦੇ ਅਨੁਕੂਲ ਵੀ ਨਹੀਂ। ਜਦੋਂ ਇਹ ਚਿੰਤਾ ਮੁੱਕ ਗਈ ਕਿ ਹੁਣ ਕੋਈ ਨਹੀਂ ਵੇਖਦਾ ਫਿਰ ਬੰਦਾ ਅੰਦਰੋਂ ਬਾਹਰੋਂ ਇਹੋ-ਜਿਹਾ ਹੋ ਜਾਂਦਾ ਹੈ ਕਿ ਇਸ ਵਿਚ ਤੇ ਪਸ਼ੂ ਵਿਚ ਕੋਈ ਫ਼ਰਕ ਨਹੀਂ ਰਹਿ ਜਾਂਦਾ। ਜਿਸ ਨੂੰ ਮਨੁੱਖ ਆਚਾਰ ਕਹਿ ਰਿਹਾ ਹੈ, ਇਹ ਇਸਦੇ ਅੰਦਰੋਂ ਨਹੀਂ ਆਇਆ। ਇਹ ਤਾਂ ਉਧਾਰ ਹੈ, ਇਹ ਆਚਾਰ ਆਪਣਾ ਨਹੀਂ, ਇਹ ਤਾਂ ਇਸੇ ਕਰਕੇ ਹੈ। ਇਕ ਬੰਦਾ ਅੰਦਰੋਂ ਗ਼ਮਗੀਨ ਹੈ, ਪ੍ਰੇਸ਼ਾਨ ਹੈ, ਬੜਾ ਉਦਾਸ ਹੈ, ਇੰਨਾ ਕਿ ਅੰਦਰੋਂ

ਰੋ ਹੀ ਰਿਹਾ ਹੈ ਪਰ ਅਚਾਨਕ ਕੋਈ ਬੰਦਾ ਸਾਹਮਣੇ ਆ ਜਾਂਦਾ ਹੈ ਤਾਂ ਇਹ ਫੌਰਨ ਮੁਸਕਰਾ ਦੇਂਦਾ ਹੈ, ਹੱਸ ਪੈਂਦਾ ਹੈ। ਇਹ ਹਾਸਾ ਆਪਣਾ ਨਹੀਂ, ਆਪਣੀ ਤਾਂ ਉਦਾਸੀ ਸੀ, ਪ੍ਰੇਸ਼ਾਨੀ ਸੀ, ਆਪਣਾ ਤਾਂ ਰੋਣਾ ਸੀ, ਇਹ ਮੁਸਕਰਾਹਟ ਤਾਂ ਉਧਾਰ ਹੈ, ਕਿਸੇ ਦੇ ਕਾਰਨ ਹੈ। ਅਗਰ ਉਹ ਬੰਦਾ ਨਾ ਮਿਲਦਾ ਤਾਂ ਇਸਦੀ ਉਦਾਸੀ ਦਾ ਪ੍ਰਵਾਹ ਲਗਾਤਾਰ ਚੱਲ ਰਿਹਾ ਸੀ, ਇਸੇ ਤਰ੍ਹਾਂ ਇਸ ਨੂੰ ਕੋਈ ਖ਼ੁਸ਼ੀ ਮਿਲ ਗਈ ਪਰ ਅਚਾਨਕ ਹੀ ਉਹ ਬੰਦਾ ਮਿਲ ਗਿਆ ਹੈ ਜਿਸ ਦਾ ਪੁੱਤਰ ਮਰ ਗਿਆ ਹੈ, ਇਹ ਅਚਾਨਕ ਹੀ ਉਦਾਸ ਚਿਹਰਾ ਬਣਾ ਲੈਂਦਾ ਹੈ, ਬੜਾ ਗ਼ਮਗੀਨ ਚਿਹਰਾ ਬਣਾ ਕੇ ਅਫ਼ਸੋਸ ਕਰਦਾ ਹੈ ਪਰ ਉਸ ਦੇ ਅੱਖੋਂ ਉਹਲੇ ਹੋਣ ਦੀ ਦੇਰੀ ਹੈ, ਫਿਰ ਫੇਰ ਕੁਝ ਗੁਣਗੁਣਾਉਣ ਲੱਗ ਪੈਂਦਾ ਹੈ। ਗ਼ਮ ਸ਼ੋਕ ਅੰਦਰੋਂ ਨਹੀਂ ਆਇਆ ਮਿਲਣ ਵਾਲੇ ਦੇ ਕਾਰਨ ਸੀ, ਇਹ ਹੈ ਇਸ ਮਨੁੱਖ ਦਾ ਆਚਰਨ।

ਇਹੀ ਹਾਲ ਇਸਦੇ ਦਾਨ ਦਾ ਹੈ, ਦੂਸਰੇ ਦਾਨ ਕਰਦੇ ਪਏ ਸਨ ਇਹ ਵੀ ਪੰਜ ਰੁਪਏ ਦੇ ਬੈਠਾ ਪਰ ਦੇ ਕੇ ਕੋਈ ਖ਼ੁਸ਼ੀ ਨਹੀਂ ਹੋਈ। ਇਕ ਵਾਰ ਇਕ ਵਿਧਵਾ ਮਾਈ, ਜਿਸ ਦੀ ਬੱਚੀ ਦੀ ਸ਼ਾਦੀ ਸੀ, ਇਕ ਹੀ ਬੱਚੀ, ਘਰ ਕਮਾਉਣ ਵਾਲਾ ਕੋਈ ਨਹੀਂ ਸੀ, ਵਿਚਾਰੀ ਨੇ ਮਿਹਨਤ ਕਰਕੇ ਬੱਚੀ ਨੂੰ ਪਾਲਿਆ, ਥੋੜ੍ਹਾ ਪੜ੍ਹਾਇਆ ਵੀ, ਸ਼ਾਦੀ ਵਾਸਤੇ ਉਸ ਦੇ ਮਨ ਵਿਚ ਖ਼ਿਆਲ ਆਇਆ ਕਿ ਕਿਉਂ ਨਾ ਗੁਰਦੁਆਰੇ ਅਪੀਲ ਕਰ ਦਿਆਂ। ਗੁਰਦੁਆਰੇ ਅਪੀਲ ਕੀਤੀ। ਉਸ ਬੱਚੀ ਦੇ ਭਾਗਾਂ ਨੂੰ ਲੋਕਾਂ ਦਿਲ ਖੋਲ੍ਹ ਕੇ ਮਾਇਆ ਦਿੱਤੀ। ਇਕ ਸੱਜਣ, ਜਿਨ੍ਹਾਂ ਕਦੀ ਮਰੀ ਜੂੰ ਨਹੀਂ ਸੀ ਦਿੱਤੀ ਉਨ੍ਹਾਂ ਪੰਜਾਹ ਰੁਪਏ ਦਾ ਨੋਟ ਦੇ ਦਿੱਤਾ। ਮੈਂ ਹੈਰਾਨ ਸਾਂ ਕਿ ਇਹ ਅੱਜ ਕਲਯੁਗ ਵਿਚ ਸਤਯੁਗ ਕਿਥੋਂ ਆ ਗਿਆ। ਆਖ਼ਰ ਕੁਝ ਦਿਨਾਂ ਬਾਅਦ ਮੈਂ ਪੁੱਛ ਹੀ ਲਿਆ ਕਿ ਉਸ ਦਿਨ ਤੁਸੀਂ ਬੜਾ ਪਰਉਪਕਾਰ ਦਾ ਕੰਮ ਕੀਤਾ ਹੈ, ਤੁਸੀਂ ਇਕ ਗ਼ਰੀਬ ਬੱਚੀ ਦੀ ਸ਼ਾਦੀ ਲਈ ਪੰਜਾਹ ਰੁਪੈ ਦੇ ਦਿੱਤੇ। ਉਹ ਸੱਜਣ ਕਹਿਣ ਲੱਗੇ, ਬਸ ਐਵੇਂ ਦਿੱਤੇ ਹੀ ਗਏ, ਮੈਂ ਉਨ੍ਹਾਂ ਦੇ ਚਿਹਰੇ ਵੱਲ ਵੇਖਿਆ ਬੜੀ ਉਦਾਸੀ ਸੀ। ਮੇਰੇ ਗੱਲ ਦੁਹਰਾਉਣ ਤੋਂ ਪਹਿਲਾਂ ਹੀ ਉਹ ਬੋਲੇ, ਇਹੋ ਜਿਹੀਆਂ ਹੇਰਾ ਫੇਰੀਆਂ ਨਿੱਤ ਹੁੰਦੀਆਂ ਹਨ ਪਰ ਮੈਂ ਉਸ ਦਿਨ ਮਜਬੂਰ ਸਾਂ। ਜਿਥੇ ਮੈਂ ਲੜਕੀ ਦੀ ਕੁੜਮਾਈ ਕੀਤੀ ਹੈ, ਮੇਰਾ ਕੁੜਮ ਵੀ ਕੋਲ ਬੈਠਾ ਸੀ। ਉਸਨੇ ਪੰਜਾਹ ਰੁਪਏ ਦੇ ਦਿੱਤੇ ਫਿਰ ਮੈਨੂੰ ਵੀ ਦੇਣੇ ਪਏ। ਮੈਨੂੰ ਕਹਿਣਾ ਪਿਆ ਫਿਰ ਇਹ ਦਾਨ ਤੂੰ ਕਿਸੇ ਗ਼ਰੀਬ ਨੂੰ ਨਹੀਂ ਦਿੱਤਾ, ਤੂੰ ਤਾਂ ਆਪਣੇ ਕੁੜਮ ਨੂੰ ਹੀ ਦਿੱਤਾ ਹੈ। ਵਰਨਾ ਤੇਰਾ ਮਨ ਤਾਂ ਜ਼ਰੂਰ ਲੋਚਦਾ ਹੋਵੇਗਾ ਕਿ ਜਿਹੜੇ ਇਸ ਵਿਧਵਾ ਨੂੰ ਪੈਸੇ ਮਿਲ ਰਹੇ ਹਨ ਕਿਤੇ ਇਹ ਵੀ ਸਾਰੇ ਮਿਲ ਜਾਣ। ਹੁਣ ਵੇਖਣ ਵਾਲੇ ਤਾਂ ਕਹਿ ਰਹੇ ਹੋਣਗੇ ਕਿ ਕਮਾਲ ਹੈ ਕਿ ਕਿਸੇ ਚੰਗੇ ਆਚਾਰ ਵਾਲਾ ਦਾਨੀ ਪੁਰਸ਼ ਹੈ, ਇਕ ਗ਼ਰੀਬ ਲੜਕੀ ਦੀ ਸ਼ਾਦੀ ਵਾਸਤੇ ਇਸ ਨੇ ਪੰਜਾਹ ਰੁਪਏ ਦਿੱਤੇ ਹਨ।

ਇਕ ਨਦੀ ਵਿਚ ਇਕ ਬੱਚਾ ਡੁੱਬ ਰਿਹਾ ਸੀ। ਅਚਾਨਕ ਹੀ ਇਕ ਸੱਜਣ ਨੇ ਛਾਲ ਮਾਰੀ ਉਸ ਬੱਚੇ ਨੂੰ ਬਾਹਰ ਕੱਢ ਲਿਆਇਆ। ਲੋਕਾਂ ਉਸ ਦਾ ਬੜਾ ਸਤਿਕਾਰ ਕੀਤਾ। ਸਭ ਨੇ ਬੜੀ ਉਪਮਾ ਕੀਤੀ। ਸਭ ਨੇ ਕਿਹਾ, ਤੇਰੇ ਵਰਗਾ ਬਹਾਦਰ ਬੰਦਾ

ਅਸੀਂ ਅੱਜ ਤਕ ਨਹੀਂ ਵੇਖਿਆ। ਜਦੋਂ ਸਾਰੇ ਪ੍ਰਸੰਸਾ ਕਰ ਚੁੱਕੇ ਤਾਂ ਇਹ ਕਹਿਣ ਲੱਗਾ, ਤੁਸੀਂ ਜੋ ਕਹਿਣਾ ਸੀ ਕਹਿ ਲਿਆ ਹੈ ਹੁਣ ਇਕ ਗੱਲ ਮੈਂ ਪੁੱਛਾਂ। ਸਾਰੇ ਲੋਕਾਂ ਕਿਹਾ, ਹਾਂ, ਜ਼ਰੂਰ ਪੁੱਛੋ। ਕਹਿਣ ਲੱਗਾ, ਮੈਨੂੰ ਸੱਚ ਸੱਚ ਦੱਸੋ ਮੈਨੂੰ ਨਦੀ ਵਿਚ ਧੱਕਾ ਕਿਸ ਨੇ ਦਿੱਤਾ ਸੀ। ਸਾਰੇ ਹੈਰਾਨ ਹੋ ਗਏ ਕਿ ਅਸੀਂ ਤਾਂ ਸਮਝਦੇ ਸਾਂ ਕਿ ਤੂੰ ਬੜਾ ਬਹਾਦਰ ਪੁਰਸ਼ ਹੈਂ ਤੇਰਾ ਬੜਾ ਚੰਗਾ ਆਚਾਰ ਹੈ ਪਰ ਤੇਰਾ ਆਚਾਰ ਵੀ ਕਿਸੇ ਦੇ ਧੱਕੇ ਨਾਲ ਹੀ ਚੱਲ ਰਿਹਾ ਹੈ। ਸਮਾਜ ਜਿਸ ਨੂੰ ਆਚਾਰ ਕਹਿੰਦਾ ਹੈ ਇਹ ਵੀ ਸਮਾਜ ਦੇ ਧੱਕੇ ਨਾਲ ਹੀ ਚੱਲ ਰਿਹਾ ਹੈ। ਇਕ ਗੱਲ ਧੱਕਾ ਲਗਾ ਰਹੀ ਹੈ ਕਿ ਇਹ ਕੰਮ ਹੁਣ ਨਾ ਕੀਤਾ ਤਾਂ ਲੋਕੀਂ ਕੀ ਆਖਣਗੇ ?

ਕਈ ਵਾਰ ਜਿਨ੍ਹਾਂ ਰਸਮਾਂ ਰੀਤਾਂ ਨੂੰ ਮਨ ਬਿਲਕੁਲ ਨਹੀਂ ਚਾਹੁੰਦਾ, ਉਹ ਵੀ ਦੂਸਰਿਆਂ ਵਾਸਤੇ ਕਰਨੀਆਂ ਪੈ ਰਹੀਆਂ ਹਨ। ਧਾਰਮਕ ਅਸਥਾਨਾਂ 'ਤੇ ਐਸੇ ਬੰਦੇ ਮਿਲਣਗੇ ਜਿਹੜੇ ਮਨ ਕਰਕੇ ਨਹੀਂ ਆਏ, ਸਮਾਜ ਦੇ ਧੱਕੇ ਦੇ ਕਾਰਨ ਆਏ ਹਨ। ਉਨ੍ਹਾਂ ਧਨਵਾਨਾਂ ਦੇ ਘਰ ਗੁਰੂ ਮਹਾਰਾਜ ਦਾ ਪ੍ਰਕਾਸ਼ ਹੈ, ਸੁੰਦਰ ਕਮਰਾ, ਸੁੰਦਰ ਰੁਮਾਲ। ਜਿਨ੍ਹਾਂ ਨਾ ਕਦੀ ਪ੍ਰਕਾਸ਼ ਕੀਤਾ ਹੈ, ਨਾ ਹੀ ਸੁਖਆਸਨ, ਨਾ ਹੀ ਕਦੀ ਹੁਕਮ ਲਿਆ, ਨਾ ਹੀ ਇੰਨੀ ਫ਼ੁਰਸਤ ਹੈ। ਗ੍ਰੰਥੀ ਸਿੰਘ ਰੱਖੇ ਹਨ ਜੋ ਆਉਣ ਸੇਵਾ ਕਰਨ, ਐਸੇ ਬੰਦੇ ਸਮਾਜ ਦੇ ਧੱਕੇ ਨਾਲ ਚੱਲ ਰਹੇ ਹਨ। ਬਾਹਰੋਂ ਆਏ ਨੇ ਤਾਂ ਸਿਰਫ਼ ਇਹੀ ਵੇਖਣਾ ਹੈ ਕਿ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ, ਸਭ ਕੁਝ ਹੀ ਉਧਾਰ, ਸਭ ਕੁਝ ਹੀ ਬੇਗਾਨਾ। ਆਪਣਾ ਆਚਾਰ ਕਿੱਥੋਂ ? ਜਿਹੜਾ ਕੰਮ ਦੂਸਰੇ ਦੇ ਕਾਰਨ ਮੈਂ ਕਰਾਂ, ਉਹ ਮੇਰਾ ਆਪਣਾ ਤਾਂ ਨਾ ਹੋਇਆ। ਸਗੋਂ ਐਸੇ ਆਚਾਰ ਪਾਖੰਡ ਤਾਂ ਹੈ ਹੀ, ਸਗੋਂ ਇਕ ਬਹੁਤ ਵੱਡੀ ਬਿਮਾਰੀ ਹੈ ਕਿ ਮਨੁੱਖ ਜਿਸ ਗੱਲ ਨਾਲ ਅੰਦਰੋਂ ਸਹਿਮਤ ਨਹੀਂ ਉਹ ਕੰਮ ਕਰਨਾ ਪੈ ਰਿਹਾ ਹੈ, ਇਹ ਘੱਟ ਪਾਪ ਨਹੀਂ। ਮਨੁੱਖ ਦੇ ਅੰਦਰ ਬਾਹਰ ਵਿਚ ਫ਼ਰਕ ਪੈ ਜਾਏ ਇਹ ਬਹੁਤ ਵੱਡਾ ਪਾਪ ਹੈ। ਇਥੇ ਇਕ ਪ੍ਰਸ਼ਨ ਪੈਦਾ ਹੋ ਸਕਦਾ ਹੈ ਕਿ ਚਲੋ ਵੇਖੋ ਵੇਖੀ ਹੀ ਸਹੀ, ਬੰਦਾ ਵੇਖੋ ਵੇਖੀ ਸਮਾਜ ਦੇ ਧੱਕੇ ਨਾਲ ਹੀ ਸਹੀ ਚੰਗਾ ਕੰਮ ਤਾਂ ਹੋ ਗਿਆ। ਪਰ ਇਸ ਗੱਲ ਨੂੰ ਕਦੀ ਨਾ ਭੁੱਲਣਾ ਐਸੇ ਬੰਦੇ ਜਿਨ੍ਹਾਂ ਨੂੰ ਮਜਬੂਰਨ ਕੁਝ ਚੰਗੇ ਕੰਮ ਕਰਨੇ ਪੈਂਦੇ ਹਨ ਕਿ ਲੋਕ ਲਾਜ ਰਹਿ ਜਾਏ, ਐਸੇ ਬੰਦੇ ਅੰਦਰ ਖਾਤੇ ਸਮਾਜ ਦਾ ਏਨਾ ਵੱਡਾ ਨੁਕਸਾਨ ਕਰ ਜਾਂਦੇ ਹਨ ਕਿ ਸਮਾਜ ਨੂੰ ਇਨ੍ਹਾਂ ਦੇ ਅਖੌਤੀ ਪਰਉਪਕਾਰ ਬੜੇ ਮਹਿੰਗੇ ਪੈਂਦੇ ਹਨ। ਇਹ ਐਸੇ ਬੰਦੇ ਹਨ ਜੋ ਉਪਰੋਂ ਰੁੱਖ ਨੂੰ ਪਾਣੀ ਪਾ ਜਾਣ ਪਰ ਥੱਲਿਉਂ ਉਸ ਦੀਆਂ ਜੜ੍ਹਾਂ ਕੱਟ ਜਾਣ। ਰੁੱਖ ਦੇ ਪੱਤੇ ਧੋਤਿਆਂ ਰੁੱਖ ਦਾ ਸੰਵਰਦਾ ਕੁਝ ਨਹੀਂ ਪਰ ਰੁੱਖ ਦੀਆਂ ਜੜ੍ਹਾਂ ਕੱਟਿਆਂ ਰੁੱਖ ਦਾ ਰਹਿੰਦਾ ਕੁਝ ਨਹੀਂ।

ਐਸੇ ਬੰਦਿਆਂ ਬਾਰੇ ਮੈਨੂੰ ਇਕ ਉਦਾਹਰਨ ਲਿਖਣੀ ਪਈ ਹੈ ਕਿ ਇਕ ਹਿੰਦੂ ਤੇ ਇਕ ਮੁਸਲਮਾਨ ਦੋਵੇਂ ਸ਼ਰਾਬੀ ਸਨ। ਇਕੱਠੇ ਬੈਠ ਕੇ ਸ਼ਰਾਬ ਪੀਣੀ, ਇਕ ਦਿਨ ਦੋਵੇਂ ਹੀ ਪ੍ਰੇਸ਼ਾਨ। ਹਿੰਦੂ ਵੀਰ ਨੇ ਪੁੱਛਿਆ, ਤੂੰ ਪ੍ਰੇਸ਼ਾਨ ਕਿਉਂ ਹੈਂ। ਉਸ ਨੇ ਕਿਹਾ, ਅੱਜ ਭੁੱਲ ਨਾਲ ਮਸੀਤੇ ਚਲਾ ਗਿਆ ਸਾਂ, ਮੁੱਲਾਂ ਦੇ ਉਪਦੇਸ਼ ਦਾ ਅਸਰ ਹੋ ਗਿਆ,

ਮੈਂ ਕਸਮ ਪਾ ਬੈਠਾ ਹਾਂ ਕਿ ਅੱਜ ਤੋਂ ਬਾਅਦ ਸ਼ਰਾਬ ਮੇਰੇ ਲਈ ਸੂਰ ਹੈ। ਮੈਂ ਹੁਣ ਕੀ ਕਰਾਂ ? ਹਿੰਦੂ ਵੀਰ ਨੇ ਕਿਹਾ ਇਹ ਬਿਪਤਾ ਮੇਰੇ 'ਤੇ ਵੀ ਆਈ ਹੈ। ਮੈਂ ਭੁੱਲ ਕੇ ਮੰਦਰ ਚਲਾ ਗਿਆ, ਕਦੀ ਨਹੀਂ ਸੀ ਗਿਆ ਪਰ ਮੰਦੇ ਭਾਗ ਮੈਂ ਚਲਾ ਗਿਆ। ਇਕ ਮਹਾਤਮਾ ਨੇ ਐਸਾ ਉਪਦੇਸ਼ ਕੀਤਾ ਕਿ ਮੈਂ ਵੀ ਸੁਗੰਧ ਪਾ ਦਿੱਤੀ ਕਿ ਅੱਜ ਤੋਂ ਬਾਅਦ ਸ਼ਰਾਬ ਮੇਰੇ ਲਈ ਗਾਂ ਦਾ ਮਾਸ ਹੈ। ਮੁਸਲਮਾਨ ਨੇ ਕਿਹਾ ਮੈਂ ਤਾਂ ਬੜਾ ਪਛਤਾ ਰਿਹਾ ਹਾਂ ਕਿ ਮੈਂ ਮਸੀਤੇ ਕਿਉਂ ਗਿਆ। ਹਿੰਦੂ ਨੇ ਕਿਹਾ ਮੈਂ ਵੀ ਪਛਤਾ ਰਿਹਾ ਹਾਂ ਕਿ ਮੈਂ ਮੰਦਰ ਕਿਉਂ ਗਿਆ। ਹਿੰਦੂ ਵੀਰ ਨੇ ਕਿਹਾ ਕੋਈ ਜੁਗਤੀ ਕੱਢੀਏ, ਕੁਝ ਸੋਚੀਏ, ਸ਼ਰਾਬ ਵੀ ਮਿਲ ਜਾਏ, ਸੁਗੰਧ ਵੀ ਨਾ ਟੁੱਟੇ। ਫਿਰ ਬੜੇ ਬੜੇ ਦਿਮਾਗ਼ੀ ਬੰਦੇ ਹਨ ਜਿਹੜੇ ਕਹਿੰਦੇ ਹਨ ਕਿ :

*ਮੈ ਭੀ ਪੀਊ ਹੋਟਲ ਮੇ ਚੰਦਾ ਭੀ ਦੋ ਮਸਜਦ ਮੇਂ।*
*ਸ਼ੇਖ਼ ਭੀ ਖ਼ੁਸ਼ ਰਹੇ ਸ਼ੈਤਾਨ ਭੀ ਬੇਜ਼ਾਰ ਨਾ ਹੋ।*

ਹਿੰਦੂ ਵੀਰ ਨੇ ਕਿਹਾ, ਤੂੰ ਸੂਰ ਨਹੀਂ ਖਾ ਸਕਦਾ, ਗਾਂ ਦਾ ਕੋਈ ਹਰਜ ਨਹੀਂ। ਮੈਂ ਗਾਂ ਨਹੀਂ ਖਾ ਸਕਦਾ, ਸੂਰ ਦੀ ਕੋਈ ਮਨਾਹੀ ਨਹੀਂ। ਇੰਜ ਕਰ ਮੈਂ ਤੈਨੂੰ ਗਾਂ ਲਿਆ ਦਿੰਦਾ ਹਾਂ, ਮੇਰੇ ਪਿਆਲੇ ਨੂੰ ਤੂੰ ਗਾਂ ਸਮਝ ਲਵੀਂ, ਤੇਰੇ ਪਿਆਲੇ ਨੂੰ ਮੈਂ ਸੂਰ ਸਮਝ ਲਵਾਂਗਾ। ਕਿੰਨਾ ਸੁਹਣਾ ਹੈ ਆਚਾਰ। ਸ਼ਰਾਬ ਵੀ ਮਿਲ ਗਈ ਅਤੇ ਧਰਮ ਵੀ ਬਚ ਗਿਆ। ਜਿਨ੍ਹਾਂ ਬੰਦਿਆਂ ਆਚਾਰ ਦਾ ਸੰਬੰਧ ਸਿਰਫ਼ ਦੂਸਰਿਆਂ ਦੀਆਂ ਅੱਖਾਂ ਨਾਲ ਹੀ ਸਮਝਿਆ ਹੈ, ਉਹ ਬੜੇ ਭੁਲੇਖੇ ਵਿਚ ਹਨ, ਧਰਮ ਦੀ ਸ਼ਕਤੀ ਜਦੋਂ ਜੀਵਨ ਦੀ ਪਹਿਰੇਦਾਰ ਬਣਦੀ ਹੈ ਤਾਂ ਆਚਾਰ ਦਾ ਸੰਬੰਧ ਜਨਤਾ ਦੀਆਂ ਅੱਖਾਂ ਨਾਲ ਨਹੀਂ ਹੁੰਦਾ ਸਗੋਂ ਆਪਣੇ ਮਨ ਨਾਲ ਬਣਦਾ ਹੈ। ਬੰਦਾ ਆਪਣੇ ਪ੍ਰਤੀ ਸਚਿਆਰ ਹੋ ਜਾਂਦਾ ਹੈ। ਏਨਾ ਪਵਿੱਤਰ ਹੋ ਜਾਂਦਾ ਹੈ ਕਿ ਉਹ ਕਹਿ ਸਕਦਾ ਹੈ :

*ਮਨਿ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ॥*
*ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥*

—ਬਿਲਾਵਲ ਮ: ੧, ਪੰਨਾ ੭੯੫

ਜਦੋਂ ਤਕ ਮਨੁੱਖ ਦੇ ਪ੍ਰਾਣਾਂ ਵਿਚ ਗੁਰੂ ਦਾ ਹੁਕਮ ਸ਼ਬਦ ਨਾ ਵੱਸਿਆ ਹੋਵੇਗਾ ਆਚਾਰ ਕਿਥੋਂ ਆਵੇਗਾ। ਜਿਸ ਦੇ ਪਾਸ ਸਤਿਗੁਰੂ ਦਾ ਸ਼ਬਦ ਨਹੀਂ ਉਸ ਦਾ ਆਚਾਰ ਇਕ ਪਾਖੰਡ ਹੈ।

ਸਤਿਗੁਰੂ ਬਾਣੀ ਵਿਚ ਫ਼ਰਮਾਉਂਦੇ ਹਨ :

*ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ।*

—ਮਲਾਰ ਵਾਰ, ਪੰਨਾ ੧੨੮੫

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਇਤਿਹਾਸ ਵਿਚ ਇਕ ਕਥਾ ਹੈ ਜੋ ਇਸ ਵਿਸ਼ੇ ਨੂੰ ਸਮਝਣ ਲਈ ਸਹਾਇਕ ਹੋ ਸਕਦੀ ਹੈ। ਗੋਇੰਦਵਾਲ ਪਹਿਲੇ ਉਜੜਿਆ ਨਗਰ ਸੀ, ਗੁਰੂ ਅੰਗਦ ਦੇਵ ਜੀ ਨੇ ਗੋਂਦੇ ਦੀ ਬੇਨਤੀ ਮੰਨ ਕੇ ਅਮਰਦਾਸ ਜੀ

ਨੂੰ ਭੇਜਿਆ ਸੀ। ਸਤਿਗੁਰਾਂ ਦੀ ਬਰਕਤ ਨਾਲ ਇਹ ਅਸਥਾਨ ਐਸਾ ਬਣਿਆ ਕਿ ਭੱਟਾਂ ਕਹਿ ਦਿੱਤਾ ਕਿ ਗੋਇੰਦਵਾਲ ਤਾਂ ਬੈਕੁੰਠ ਧਾਮ ਦੇ ਬਰਾਬਰ ਹੈ।

*ਗੋਬਿੰਦਵਾਲੁ ਗੋਬਿੰਦ ਪੁਰੀ ਸਮ ਜਲੵਨਤੀਰਿ ਬਿਪਾਸ ਬਨਾਯਉ॥*

—ਸਵੇਯੇ, ਪੰਨਾ ੧੪੦੦

ਇਥੇ ਇਕ ਤਪਾ ਰਹਿੰਦਾ ਸੀ, ਜਿਸਦਾ ਨਾਮ ਸੀ ਹਰੀ ਰਾਮ। ਅਕਸਰ ਇਹ ਸਤਿਗੁਰਾਂ ਦੀ ਵਿਰੋਧਤਾ ਕਰਦਾ ਹੀ ਰਹਿੰਦਾ ਸੀ ਪਰ ਗੋਂਦੇ ਦੇ ਜਿਊਂਦਿਆਂ ਇਸ ਦੀ ਕੋਈ ਵਾਹ ਪੇਸ਼ ਨਾ ਗਈ। ਜਦੋਂ ਗੋਂਦੇ ਦਾ ਦਿਹਾਂਤ ਹੋ ਗਿਆ ਤਾਂ ਇਸਨੇ ਗੋਂਦੇ ਦੇ ਪੁੱਤਰ ਨੂੰ ਬੜਾ ਚੁੱਕਿਆ ਤੇ ਕਿਹਾ ਕਿ ਜਿਵੇਂ ਵੀ ਹੋ ਸਕੇ ਗੁਰੂ ਅਮਰਦਾਸ ਜੀ ਨੂੰ ਇਸ ਨਗਰ ਵਿਚੋਂ ਬਾਹਰ ਕੱਢੇ। ਗੋਂਦੇ ਦੇ ਪੁੱਤਰ ਨੇ ਅਕਬਰ ਅੱਗੇ ਫ਼ਰਿਆਦ ਵੀ ਕੀਤੀ ਪਰ ਮੁਕੱਦਮਾ ਹਾਰਨਾ ਪਿਆ।

ਇਕ ਵਾਰ ਸਤਿਗੁਰਾਂ ਨੇ ਉਚੇਚੇ ਤੌਰ 'ਤੇ ਸਭ ਨੂੰ ਲੰਗਰ ਵਾਸਤੇ ਸੱਦਾ ਦਿੱਤਾ। ਗੁਰੂ ਕਾ ਲੰਗਰ ਜਿਥੇ ਭੁੱਖ ਤੋਂ ਤ੍ਰਿਪਤ ਕਰਦਾ ਹੈ ਮਨੁੱਖਤਾ ਨੂੰ ਦਿਲ ਕਰਕੇ ਇਕੱਠੇ ਬਿਠਾਂਉਣ ਲਈ ਵੀ ਬੜੀ ਵੱਡੀ ਕਰਾਮਾਤ ਹੈ। ਇਕੱਠੇ ਬੈਠ ਕੇ ਲੰਗਰ ਛੱਕਿਆਂ, ਦਿਲਾਂ ਦੀ ਦੂਰੀ ਮੁੱਕਦੀ ਹੈ। ਬਾਕੀ ਤਾਂ ਆਏ ਪਰ ਹਰੀ ਰਾਮ ਤਪੇ ਨੇ ਕਿਹਾ ਕਿ ਮੇਰਾ ਕੋਈ ਆਚਾਰ ਹੈ, ਕੋਈ ਅਸੂਲ ਹੈ ਮੈਂ ਨਹੀਂ ਜਾਵਾਂਗਾ। ਸਾਹਿਬਾਂ ਨੇ ਇਸ ਦੇ ਆਚਾਰ ਦੀ ਕੀਮਤ ਪਾਉਣ ਵਾਸਤੇ ਕਸਵੱਟੀ ਰੱਖ ਦਿੱਤੀ ਤੇ ਕਿਹਾ, ਜਿਹੜੇ ਸਾਧੂ ਸੰਤ ਆਉਣਗੇ ਇਕ-ਇਕ ਰੁਪਿਆ ਦੇਵਾਂਗੇ ਉਹ ਨਹੀਂ ਆਇਆ। ਫਿਰ ਕਿਹਾ ਪੰਜ ਪੰਜ ਦਿਆਂਗੇ ਪਰ ਹਰੀ ਰਾਮ ਦਾ ਆਚਾਰ ਕਾਇਮ ਹੈ। ਸਤਿਗੁਰਾਂ ਕਿਹਾ, ਇਕ ਇਕ ਸੋਨੇ ਦੀ ਮੋਹਰ ਦਿਆਂਗਾ। ਬਸ ਤਪੇ ਦਾ ਆਚਾਰ ਡੋਲ ਗਿਆ, ਇਸ ਨੇ ਇਕ ਜੁਗਤੀ ਬਣਾਈ ਜੈਸਾ ਕਿ ਆਚਾਰ ਦਾ ਪਾਖੰਡ ਕਰਨ ਵਾਲੇ ਕਰਦੇ ਆਏ ਹਨ, ਆਪਣੇ ਪੁੱਤਰ ਨੂੰ ਕਹਿਣ ਲੱਗਾ ਮੈਂ ਤਾਂ ਨਹੀਂ ਜਾਣਾ ਪਰ ਤੂੰ ਚਲਾ ਜਾ। ਇਸ ਦਾ ਪੁੱਤਰ ਆ ਗਿਆ। ਸਿਆਣਿਆਂ ਨੇ ਵੇਖਿਆ ਤਾਂ ਹੱਸਣ ਲੱਗੇ ਕਿ ਇਸਦੇ ਆਚਾਰ ਦੇ ਦਮਗਜੇ ਬਸ ਇੰਨੇ ਹੀ ਸਨ। ਐਸਾ ਹੋਵੇਗਾ ਹੀ, ਹਿਰਦੇ ਵਿਚ ਧਰਮ ਨਹੀਂ ਤਾਂ ਇਕੱਲਾ ਬੰਦਾ ਕੀ ਕਰੇ। ਪੰਜ ਰੁਪਏ 'ਤੇ ਨਹੀਂ ਡਿੱਗੇਗਾ ਤਾਂ ਪੰਜ ਸੌ 'ਤੇ ਡਿੱਗ ਪਵੇਗਾ। ਆਚਰਨ ਬਾਹਰੋਂ ਲੋਕਾਂ ਦੀਆਂ ਨਜ਼ਰਾਂ ਵਿਚੋਂ ਨਹੀਂ ਆਉਂਦਾ, ਆਚਰਨ ਆਉਂਦਾ ਹੈ ਮਨ ਵਿਚੋਂ, ਮਨ ਨੂੰ ਅਡੋਲ ਕਰਨ ਲਈ ਗੁਰੂ ਦਾ ਸ਼ਬਦ ਹੀ ਥੰਮ੍ਹ ਹੈ।

ਸਤਿਗੁਰੂ ਰਾਮਦਾਸ ਜੀ ਨੇ ਆਚਰਨ ਦਾ ਪਾਖੰਡ ਕਰਨ ਵਾਲਿਆਂ ਨੂੰ ਮਤਿ ਦੇਣ ਲਈ ਇਸ ਘਟਨਾ ਦਾ ਵਰਨਣ ਬਾਣੀ ਵਿਚ ਕੀਤਾ ਹੈ।

*ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ॥*
*ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ*
*ਪਿਛੋ ਦੇ ਪਛੁਤਾਇਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ॥*

*ਪੰਚ ਲੋਗ ਸਭ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ॥*
*ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ॥*
*ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ॥*
*ਭਾਈ ਏਹ ਤਪਾ ਨ ਹੋਵੀ ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ॥*
*ਸਤ ਪੁਰਖ ਕੀ ਤਪਾ ਨਿੰਦਾ ਕਰੈ, ਸੰਸਾਰੈ ਕੀ ਉਸਤਤਿ ਵਿਚਿ ਹੋਵੈ॥*
*ਏਤ ਦੋਖੈ ਤਪਾ ਦਯਿ ਮਾਰਿਆ॥* —ਸਲੋਕ ਮ: ੪, ਪੰਨਾ ੩੧

ਪਰ ਜਦੋਂ ਆਚਾਰ ਦਾ ਆਸਰਾ ਸ਼ਬਦ ਹੁੰਦਾ ਹੈ ਫਿਰ ਮਾਇਆ ਨਹੀਂ ਡੁਲ
ਸਕਦੀ। ਜਦੋਂ ਆਚਾਰ ਦੀ ਟੇਕ ਮਾਇਆ ਹੈ ਫਿਰ ਤਾਂ ਬੰਦਾ ਡੋਲੇਗਾ ਹੀ। ਥੋੜ੍
ਮਾਇਆ ਤੇ ਨਹੀਂ ਡੋਲੇਗਾ ਤਾਂ ਬਹੁਤੀ 'ਤੇ ਡੋਲ ਜਾਏਗਾ। ਮਨ ਵਿਚ ਨਿਸ਼ਾਨ
ਮਾਇਆ ਦਾ ਸੀ, ਬਾਹਰਲਾ ਆਚਾਰ, ਜੋ ਦੁਨੀਆ ਨੂੰ ਵਿਖਾ ਰਿਹਾ ਸੀ, ਉਸ ਦ
ਟੇਕ ਤਾਂ ਮਾਇਆ ਸੀ।

ਇਕ ਬੜੀ ਸੁੰਦਰ ਗਾਥਾ ਹੈ ਕਿ ਇਕ ਵਾਰ ਇਕ ਬਾਦਸ਼ਾਹ ਦੇ ਕੋਲ ਬੈਠ
ਇਕ ਫ਼ਕੀਰ ਨਮਾਜ਼ ਪੜ੍ਹ ਰਿਹਾ ਸੀ। ਅੱਜ ਇਸ ਨੇ ਨਮਾਜ਼ ਤਾਂ ਬਹੁਤ ਹੀ ਲੰਮ
ਪੜ੍ਹੀ ਤੇ ਜਦੋਂ ਖਾਣੇ ਦਾ ਸਮਾਂ ਆਇਆ ਇਸ ਖਾਣਾ ਬਿਲਕੁਲ ਘੱਟ ਖਾਧਾ। ਇਸਦ
ਪੁੱਤਰ ਨੇ ਪੁੱਛਿਆ ਕਿ ਹੇ ਮੇਰੇ ਬਾਪ ਅੱਜ ਤੂੰ ਨਮਾਜ਼ ਬੜੀ ਲੰਮੀ ਪੜ੍ਹੀ ਹੈ ਅਤ
ਖਾਣਾ ਬੜਾ ਘੱਟ ਖਾਧਾ, ਜਾਂ ਤਾਂ ਤੈਨੂੰ ਚਾਹੀਦਾ ਸੀ ਨਮਾਜ਼ ਵੀ ਪੂਰੀ ਪੜ੍ਹਦਾ ਅਤ
ਖਾਣਾ ਵੀ ਪੂਰਾ ਖਾਂਦਾ ਜਾਂ ਫਿਰ ਨਮਾਜ਼ ਘੱਟ ਪੜ੍ਹ ਲੈਂਦਾ ਖਾਣਾ ਵੱਧ ਖਾਂਦਾ। ਮੈ
ਵੇਖਿਆ ਹੈ ਕਿ ਤੇਰੀ ਇੰਨੀ ਲੰਮੀ ਨਮਾਜ਼ ਕਾਰਨ ਮੈਂ ਤਾਂ ਦੁਖੀ ਹੋਇਆ ਹੀ ਹ
ਰਾਜਾ ਵੀ ਔਖਾ ਸੀ। ਉਹ ਵੀ ਸੋਚ ਰਿਹਾ ਸੀ ਕਿ ਅੱਜ ਕਿਥੇ ਫਸ ਗਏ ਹਾਂ। ਫਿ
ਤੇਰੇ ਥੋੜ੍ਹਾ ਖਾਣ ਕਾਰਨ ਮੈਂ ਵੀ ਭੁੱਖਾ ਰਿਹਾ, ਰਾਜਾ ਵੀ ਭੁੱਖਾ ਰਿਹਾ, ਕਿਉਂਕਿ
ਧਿਆਨ ਤੇਰੇ ਵੱਲ ਸੀ। ਕੀ ਗੱਲ ਰਾਜੇ ਕੋਲ ਆ ਕੇ ਨਾ ਨਮਾਜ਼ ਦੀ ਮਰਯਾਦ
ਰਹੀ ਨਾ ਖਾਣੇ ਦੀ।

ਫ਼ਕੀਰ ਨੇ ਆਪਣੇ ਪੁੱਤਰ ਨੂੰ ਕਿਹਾ ਬੇਸਮਝ ਚੁੱਪ ਰਹਿ ਤੈਨੂੰ ਅਜੇ ਤਕ ਅਕਲ
ਨਹੀਂ, ਤੈਨੂੰ ਕੀ ਪਤਾ ਹੈ ਦੁਨੀਆ ਵਿਚ ਫ਼ਕੀਰੀ ਦਾ ਪ੍ਰਭਾਵ ਪਾਉਣ ਲਈ ਮੈਨੂੰ
ਕੀ-ਕੀ ਕਰਨਾ ਪਿਆ ਹੈ। ਮੈਂ ਕਿੰਨੇ-ਕਿੰਨੇ ਦਿਨ ਭੁੱਖਾ ਰਿਹਾ ਹਾਂ, ਮੈਂ ਕਿੰਨੀਆਂ ਲੰਮੀਅ
ਨਮਾਜ਼ਾਂ ਪੜ੍ਹੀਆਂ ਹਨ ਪਰ ਦੁਨੀਆ ਤੇ ਪ੍ਰਭਾਵ ਪੈਣ ਨਾਲ ਸਿਰਫ਼ ਦੋ ਚੀਜ਼ਾਂ ਹ
ਮਿਲ ਸਕਦੀਆਂ ਹਨ, ਇਕ ਧਨ ਤੇ ਦੂਜਾ ਸਨਮਾਨ। ਜਿਹੜਾ ਆਚਰਨ ਧਨ ਤੇ
ਸਨਮਾਨ 'ਤੇ ਖੜ੍ਹਾ ਹੈ ਉਸ ਆਚਰਨ ਵਿਚ ਸੱਚ ਕਿਥੋਂ ਆਏਗਾ। ਐਸਾ ਆਚਰ
ਜੋ ਧਨ ਚਾਹੁੰਦਾ ਹੈ ਜਾਂ ਸਨਮਾਨ ਚਾਹੁੰਦਾ ਹੈ, ਉਹ ਤਾਂ ਭਾਵੇਂ ਕੋਈ ਹੱਥਕੰਡਾ ਵਰਤੇ
ਝੂਠ ਬੋਲਣਾ ਪਵੇ, ਭੁੱਖਾ ਰਹਿਣਾ ਪਵੇ, ਮਨ ਦੇ ਨਾ ਚਾਹੁੰਦਿਆਂ ਵੀ ਲੰਮੀਆਂ ਸਮਾਧੀਅ
ਲਾਉਣੀਆਂ ਪੈਣ, ਸਿਰਫ਼ ਇਕ ਆਸ ਨਾਲ ਹੀ ਚਾਦਰ ਲਪੇਟੀ ਫਿਰਨਾ ਕਿ ਪੁੱਤ
ਪੋਤਰਿਆਂ ਲਈ ਬੇਅੰਤ ਰੇਸ਼ਮ ਇਕੱਠਾ ਕਰ ਜਾਵਾਂ, ਐਸਾ ਆਚਾਰ ਪ੍ਰਮਾਤਮਾ ਦ

ਹਜ਼ੂਰੀ ਵਿਚ ਦੋ ਕੌਡੀਆਂ ਦਾ ਵੀ ਨਹੀਂ।

ਸਿੱਖ ਭਾਵੇਂ ਰੇਸ਼ਮ ਪਹਿਨੇ ਭਾਵੇਂ ਖੱਦਰ ਰਹਿਤਨਾਮਿਆਂ ਵਿਚ ਬੜਾ ਸੁੰਦਰ ਕਿਹਾ ਹੈ ਚਾਦਰ ਵੇਖ ਕੇ ਪੈਰ ਪਸਾਰੋ। ਕਰਜ਼ਾ ਚੁਕ ਕੇ ਐਸ਼ ਕਰਨੀ ਸਿੱਖੀ ਨਹੀਂ ਅਤੇ ਸਾਦਗੀ ਦਾ ਆਡੰਬਰ ਕਰਨਾ ਵੀ ਸਿੱਖੀ ਨਹੀਂ। ਆਚਾਰ ਦਾ ਪਾਖੰਡ ਕਰਨਾ ਸਿੱਖੀ ਨਹੀਂ। ਆਚਾਰ ਸੱਚ ਵਿਚੋਂ ਨਿਕਲਿਆ ਹੋਵੇ, ਜੀਵਨ ਦਾ ਹਰ ਕਰਮ ਗੰਗਾ ਦੇ ਪ੍ਰਵਾਹ ਵਾਂਗੂ ਪਵਿੱਤਰ ਹੋਵੇ :

ਐਸੇ ਆਚਾਰ ਬਾਰੇ ਸਾਹਿਬ ਕਹਿੰਦੇ ਹਨ :

*ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ॥*

—ਸਿਰੀ ਰਾਗ ਮ: ੧, ਪੰਨਾ ੬੨

ਜੇਕਰ ਚਾਹੁੰਦਾ ਹੈਂ ਕਿ ਸੱਚੇ ਸੁਖ ਦੀ ਪ੍ਰਾਪਤੀ ਹੋਵੇ ਤਾਂ ਸੱਚਾ ਆਚਾਰ ਕਰ :

*ਕਰ ਅਚਾਰੁ ਸਚ ਸੁਖ ਹੋਈ॥*

—ਰਾਮਕਲੀ ਦਖਣੀ ਮ: ੧, ਪੰਨਾ ੯੩੧

ਗੁਰੂ ਦੀ ਮੱਤ ਲੈ ਕੇ ਸਤਿਗੁਰੂ ਕੋਲੋਂ ਸੰਸਾਰ ਨਾਲ ਵਰਤਨ ਦਾ ਚੱਜ ਆਚਾਰ ਸਿਖ ਲਵੇਂ ਤਾਂ ਤੇਰੇ ਜੀਵਨ ਵਿਚ ਕਦੀ ਦੁੱਖ ਨਾ ਆਵੇ।

*ਗੁਰ ਮਿਲਿ ਚਜੁ ਅਚਾਰ, ਸਿਖੁ ਤੁਧੁ ਕਦੇ ਨਾ ਲਗੈ ਦੁਖੁ॥*

—ਸਿਰੀ ਰਾਗ ਮ: ੫, ਪੰਨਾ ੫੦

ਮਨੁੱਖ ਨੇ ਆਚਾਰ ਸਿੱਖਣਾ ਹੀ ਹੈ ਤਾਂ ਗੁਰੂ ਕੋਲੋਂ ਗੁਰ ਸ਼ਬਦ ਰਾਹੀਂ ਇਹ ਆਚਾਰ ਸਿੱਖੇ ਕਿ ਸਾਧ ਸੰਗਤ ਦੀ ਸੇਵਾ ਤੇ ਪ੍ਰਮਾਤਮਾ ਨੂੰ ਸਰਬ ਵਿਆਪਕ ਵੇਖਣਾ। ਮਨ ਨੂੰ ਨਾਮ ਵਿਚ ਰੰਗਣਾ, ਸਿਆਣਪ ਚਤੁਰਾਈਆਂ ਦਾ ਤਿਆਗ। ਪ੍ਰਭ ਨੂੰ ਅੰਗ ਸੰਗ ਸਮਝਣਾ, ਉਸਦਾ ਹੁਕਮ ਮੰਨਣਾ, ਉਸ ਤੋਂ ਬਿਨਾਂ ਕਿਸੇ ਹੋਰ ਦੀ ਟੇਕ ਨਾ ਹੋਣੀ। ਇਹ ਕੀਤੀ ਬੰਦਗੀ ਲਈ ਪਾਚਨ ਸ਼ਕਤੀ ਚੂਰਨ ਹੈ, ਇਹ ਪਾਠ ਗੁਰ ਸ਼ਬਦ ਦਾ ਦੀਵਾ, ਸਤ ਦੀ ਸੇਜ ਅੱਠੇ ਪਹਿਰ ਅਦਬ ਵਿਚ ਰਹਿਣਾ। ਉਸ ਨੂੰ ਭਾਅ ਜਾਣਾ ਇਹੀ ਤਾਂ ਆਚਾਰ ਹੈ। ਜਿਹੜੀ ਇਸਤਰੀ ਰੱਬ ਨੂੰ ਭਾਅ ਜਾਏ ਉਸ ਦਾ ਆਚਾਰ ਪਤੀ ਨੂੰ ਕਿਉਂ ਨਾ ਪਿਆਰਾ ਲੱਗੇਗਾ। ਜਿਹੜਾ ਪਤੀ ਰੱਬ ਨੂੰ ਭਾਅ ਜਾਏ ਉਹ ਪਤਨੀ ਨੂੰ ਕਿਉਂ ਨਾ ਭਾਏਗਾ। ਜਿਹੜਾ ਮਨੁੱਖ ਰੱਬ ਨੂੰ ਭਾਅ ਜਾਏ ਉਹ ਸਾਰੇ ਜਗਤ ਨੂੰ ਭਾਅ ਜਾਏਗਾ।

ਗੁਰੂ ਅਰਜਨ ਦੇਵ ਜੀ ਆਸਾ ਰਾਗ ਵਿਚ ਲਿਖਦੇ ਹਨ :

*ਸੰਤਾਂ ਕੀ ਹੋਇ ਦਾਸਰੀ ਇਹੁ ਅਚਾਰਾ ਸਿਖੁ ਰੀ॥*
*ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨਾ ਪਿਖੁ ਰੀ॥*
*ਇਹੁ ਮਨੁ ਸੁੰਦਰ ਆਪਣਾ ਹਰਿ ਨਾਮਿ ਮਜੀਠੈ ਰੰਗਿ ਰੀ॥*

*ਤਿਆਗਿ ਸਿਆਣਪ ਚਾਤੁਰੀ ਤੂੰ ਜਾਣੁ ਗੁਪਾਲਹਿ ਸੰਗਿ ਰੀ॥*
*ਭਰਤਾ ਕਹੈ ਸੁ ਮਾਨੀਐ ਏਹੁ ਸੀਗਾਰੁ ਬਣਾਇ ਰੀ॥*
*ਦੂਜਾ ਭਾਉ ਵਿਸਾਰੀਐ ਏਹੁ ਤੰਬੋਲਾ ਖਾਇ ਰੀ॥*
*ਗੁਰ ਕਾ ਸਬਦੁ ਕਰਿ ਦੀਪਕੋ ਇਹ ਸਤ ਕੀ ਸੇਜ ਬਿਛਾਇ ਰੀ॥*
*ਆਠ ਪਹਿਰ ਕਰ ਜੋੜਿ ਰਹੁ ਤਉ ਭੇਟੈ ਹਰਿ ਰਾਇ ਰੀ॥*
*ਤਿਸਹੀ ਚਜੁ ਸੀਗਾਰੁ ਸਭੁ ਸਾਈ ਰੂਪਿ ਅਪਾਰਿ ਰੀ॥*
*ਸਾਈ ਸੋਹਾਗਣਿ ਨਾਨਕਾ ਜੋ ਭਾਣੀ ਕਰਤਾਰਿ ਰੀ॥*

—ਆਸਾ ਮ: ੫, ਪੰਨਾ ੪੦੦

ਅਸਲ ਆਚਾਰ ਹੈ ਕੀ ?

*ਉਸਤਤਿ ਮਨ ਮਹਿ ਕਰਿ ਨਿਰੰਕਾਰ॥*
*ਕਰਿ ਮਨ ਮੇਰੇ ਸਤਿ ਬਿਉਹਾਰ॥*

—ਗਉੜੀ ਸੁਖਮਨੀ, ਪੰਨਾ ੨੮੧

ਮਨ ਵਿਚ ਸਤ ਦੀ ਉਸਤਤ ਹੋਵੇਗੀ ਤਾਂ ਹੀ ਬਾਹਰ ਸੱਚਾ ਆਚਾਰ ਹੋਵੇਗਾ। ਜਦੋਂ ਜੀਵਨ ਵਿਚ ਧਰਮ ਕਲਾ ਆ ਜਾਏ ਫਿਰ ਬੰਦਾ ਆਪਣੇ ਆਚਾਰ ਲਈ ਕਸਵੱਟੀ ਲੋਕਾਂ ਦੀ ਨਜ਼ਰ ਨਹੀਂ, ਸਗੋਂ ਪ੍ਰਮਾਤਮਾ ਦੀ ਨਜ਼ਰ ਬਣਾਂਦਾ ਹੈ।

ਐਸੇ ਆਚਾਰ ਵਾਲਾ ਮਨੁੱਖ ਆਪ ਤਾਂ ਅਡੋਲ ਹੁੰਦਾ ਹੀ ਹੈ ਉਹ ਤਾਂ ਅਨੇਕਾਂ ਡਿੱਗਦਿਆਂ ਡੋਲਦਿਆਂ ਨੂੰ ਥੰਮ੍ਹ ਲੈਂਦਾ ਹੈ। ਐਸਾ ਮਨੁੱਖ ਨਾ ਹੀ ਪਰਾਏ ਧਨ ਤੇ ਡੋਲਦਾ ਹੈ, ਨਾ ਹੀ ਪਰਾਏ ਰੂਪ ਤੇ, ਨਾ ਹੀ ਕਿਸੇ ਮਾਣ ਸਨਮਾਨ ਤੇ, ਨਾ ਹੀ ਉਸਤਤ ਵਿਚ ਡੋਲਦਾ ਹੈ, ਨਾ ਹੀ ਉਹ ਨਿੰਦਾ ਵਿਚ ਡੋਲਦਾ ਹੈ, ਨਾ ਹੀ ਉਸ ਨੂੰ ਦੁਨੀਆ ਦੀ ਇੱਜ਼ਤ ਦੀ ਪ੍ਰਵਾਹ ਹੈ, ਨਾ ਹੀ ਬੇਇੱਜ਼ਤੀ ਦਾ ਫ਼ਿਕਰ ਹੁੰਦਾ ਹੈ। ਐਸਾ ਮਨੁੱਖ ਤਾਂ ਇੰਨਾ ਅਡੋਲ ਹੁੰਦਾ ਹੈ ਕਿ ਉਹ ਕਹਿ ਸਕਦਾ ਹੈ।

*ਰਾਜੁ ਨਾ ਚਾਹਉ ਮੁਕਤਿ ਨਾ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥*

—ਦੇਵਗੰਧਾਰੀ ਮ: ੫, ਪੰਨਾ ੫੩੪

ਸਿੱਖ ਇਤਿਹਾਸ ਵਿਚ ਇਕ ਸਾਖੀ ਹੈ ਕਿ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਪੰਜਾਬ ਵਿਚ ਇਕ ਜੋਗੀ ਆ ਗਿਆ। ਉਸ ਨੇ ਨਗਰ ਵਿਚ ਡੌਂਡੀ ਪਿਟਵਾ ਦਿੱਤੀ ਕਿ ਮੈਨੂੰ ਭਗਵਾਨ ਦੇ ਸਾਖਯਾਤ ਦਰਸ਼ਨ ਹੋਏ ਹਨ ਅਤੇ ਭਗਵਾਨ ਨੇ ਮੈਨੂੰ ਵਰ ਦਿੱਤਾ ਹੈ ਕਿ ਜਿਹੜਾ ਤੇਰੇ ਦਰਸ਼ਨ ਕਰੇਗਾ ਉਸ ਨੂੰ ਦੋ ਫਲ ਮਿਲਣਗੇ। ਇਕ ਤਾਂ ਇਹ ਕਿ ਉਸ ਨੇ ਜ਼ਿੰਦਗੀ ਵਿਚ ਜਿੰਨੇ ਵੀ ਪਾਪ ਕੀਤੇ ਹਨ ਸਾਰੇ ਹੀ ਬਖ਼ਸ਼ੇ ਜਾਣਗੇ ਅਤੇ ਦੂਸਰਾ ਇਹ ਕਿ ਉਸ ਨੂੰ ਇਕ ਸਾਲ ਵਾਸਤੇ ਬੈਕੁੰਠ ਧਾਮ ਮਿਲੇਗਾ। ਭਾਵੇਂ ਕੁਝ ਵੀ ਨਾ ਹੋਵੇ ਪਰ ਜਿਹੜੀ ਚੀਜ਼ ਮੁਫ਼ਤ ਮਿਲੇ ਕੌਣ ਛੱਡਦਾ ਹੈ। ਕਿਥੇ ਬੈਕੁੰਠ ਧਾਮ ਦਾ ਇੰਨਾ ਚਰਚਾ ਕਿ ਕਈ ਜਨਮ ਤਪ ਕਰਕੇ ਵੀ ਪਤਾ ਨਹੀਂ ਕਿ ਮਿਲੇ ਕਿ ਨਾ ਪਰ ਹੁਣ ਤਾਂ ਨਾਥ ਦੇ ਦਰਸ਼ਨਾਂ ਨਾਲ ਹੀ ਮਿਲਦਾ ਪਿਆ ਸੀ। ਬੜੀ ਭੀੜ ਹੋ ਗਈ

ਉਚੇਚੇ ਪ੍ਰਬੰਧ ਕਰਨੇ ਪਏ ਪਰ ਆਖ਼ਰ ਦਰਸ਼ਨ ਕਰਨ ਵਾਲਿਆਂ ਦਾ ਹੜ੍ਹ, ਜਦੋਂ ਉੱਤਰਿਆ ਤਾਂ ਨਾਥ ਨੂੰ ਪਤਾ ਲੱਗਾ ਕਿ ਇਕ ਆਦਮੀ ਦਰਸ਼ਨ ਕਰਨ ਨਹੀਂ ਆਇਆ। ਇਸ ਨੇ ਪੁੱਛਿਆ ਕਿ ਕੀ ਮੇਰੇ ਐਲਾਨ ਦਾ ਉਸ ਨੂੰ ਪਤਾ ਨਹੀਂ। ਇਸ ਦੇ ਚੇਲਿਆਂ ਨੇ ਕਿਹਾ ਪਤਾ ਤਾਂ ਹੈ ਪਰ ਉਹ ਕਹਿੰਦਾ ਹੈ :

*ਬਾਗੇ ਫਰਦੋਸ ਹੈ ਮੰਜ਼ਲ ਕੁਛ ਥਕੇ ਹਾਰੋਂ ਕੀ,*
*ਯੇ ਠਹਿਰਨੇ ਵਾਲੇ ਠਹਿਰ ਜਾਏਂ ਹਮ ਚਲਨੇ ਵਾਲੇ ਚਲਤੇ ਹੈਂ॥*

ਉਹ ਕਹਿੰਦਾ ਹੈ ਬੈਕੁੰਠ ਤਾਂ ਥੱਕਿਆਂ ਟੁੱਟਿਆਂ ਦਾ ਟਿਕਾਣਾ ਹੈ, ਆਰਾਮਗਾਹ ਹੈ, ਆਪਾਂ ਥੱਕੇ ਹੀ ਨਹੀਂ। ਨਾਥ ਨੇ ਕਿਹਾ ਉਸ ਨੂੰ ਬੁਲਾਓ ਉਸ ਦੇ ਮੈਂ ਦਰਸ਼ਨ ਕਰਨੇ ਚਾਹੁੰਦਾ ਹਾਂ। ਭਾਈ ਤਿਲਕੂ ਨੇ ਕਿਹਾ, ਐਸੇ ਝੂਠੇ ਬੰਦੇ ਦੇ ਮੈਂ ਦਰਸ਼ਨ ਨਾ ਕਰਨੇ ਹਨ ਨਾ ਦੇਣੇ ਹਨ। ਨਾਥ ਚੱਲ ਕੇ ਆਪ ਆਇਆ ਤੇ ਕਹਿਣ ਲੱਗਾ, ਤੈਨੂੰ ਇੰਨਾ ਅਡੋਲ ਕਿਸ ਨੇ ਕਰ ਦਿੱਤਾ ਹੈ। ਭਾਈ ਤਿਲਕੂ ਨੇ ਕਿਹਾ, ਸਤਿਗੁਰੂ ਅਰਜਨ ਦੇਵ ਜੀ ਨੇ। ਤੂੰ ਤਾਂ ਇਕ ਸਾਲ ਲਈ ਬੈਕੁੰਠ ਦੀ ਗੱਲ ਹੀ ਕਰਦਾ ਹੈਂ। ਹਾਲਾਂਕਿ ਤੈਨੂੰ ਆਪ ਬੈਕੁੰਠ ਪਾਸ ਦਾ ਕੋਈ ਪਤਾ ਨਹੀਂ ਪਰ ਮੇਰੇ ਸਤਿਗੁਰੂ ਦਾ ਤਾਂ ਹੁਕਮ ਹੈ :

*ਕਈ ਬੈਕੁੰਠ ਨਾ ਹੀ ਲਵੈ ਲਾਗੇ॥*
*ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥*

—ਮਾਰੂ ਮ:੫, ਪੰਨਾ ੧੦੭੮

ਸਾਧੂ ਤੇਰੇ ਅੰਦਰ ਵੀ ਕੋਈ ਭੁੱਖ ਹੈ ਤੂੰ ਆਪਣੇ ਆਚਾਰ ਦੇ ਪਾਖੰਡ ਨੂੰ ਚੰਗੀ ਤਰ੍ਹਾਂ ਜਾਣਦਾ ਹੈਂ, ਨਹੀਂ ਤਾਂ ਤੂੰ ਚੱਲ ਕੇ ਮੇਰੇ ਕੋਲ ਕਦੀ ਨਾ ਆਉਂਦਾ। ਜਿਸ ਦੇ ਹੱਥ ਵਿਚ ਬੈਕੁੰਠ ਹੋਣ ਉਹ ਕਿਉਂ ਦਰ-ਦਰ ਭਟਕਦਾ ਫਿਰੇ ਤੇ ਜੇਕਰ ਜੀਵਨ ਸਵਾਰਨੇ ਚਾਹੁੰਦਾ ਹੈਂ ਤਾਂ ਲੋਕਾਂ ਦੀ ਵਾਹ-ਵਾਹ ਤਿਆਗ ਕੇ ਸਤਿਗੁਰੂ ਅਰਜਨ ਦੇਵ ਦੀ ਸ਼ਰਨ ਵਿਚ ਚੱਲ ਤਾਂ ਕਿ ਤੈਨੂੰ ਪਤਾ ਲੱਗੇ ਧਰਮ ਕਲਾ ਕੀ ਹੈ। ਆਚਾਰ ਨਾਲ ਸੰਸਾਰ ਪ੍ਰਸੰਨ ਕਰਨਾ ਹੈ ਕਿ ਕਰਤਾਰ ਖ਼ੁਸ਼ ਕਰਨਾ ਹੈ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਐਸੇ ਮਨੁੱਖ ਦਾ ਸੁੱਚਾ ਆਚਾਰ ਮੰਨਦੇ ਹਨ ਕਿ ਜਿਹੜਾ ਅੰਦਰੋਂ ਬਾਹਰੋਂ ਇਕ ਹੋਵੇ, ਐਸਾ ਨਾ ਹੋਵੇ ਕਿ ਮਨੁੱਖ ਦੇ ਪੇਟ ਵਿਚ ਕੁਝ ਹੋਰ ਹੋਵੇ ਤੇ ਮੂੰਹ ਵਿਚ ਕੁਝ ਹੋਰ ਹੋਵੇ।

*ਹਮੂ ਮਰਦ ਸ਼ਵੱਦ ਸੁਖਨਵਰ॥*
*ਨਾ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ॥*

—ਜ਼ਫਰਨਾਮਾ

ਜੀਵਨ ਵਿਚ ਧਰਮ ਕਲਾ ਹੋਵੇ ਤਾਂ ਆਚਾਰ ਪਾਖੰਡ ਤੇ ਨਹੀਂ ਸਗੋਂ ਸੱਚ ਤੇ ਆਧਾਰਤ ਹੁੰਦਾ ਹੈ।

✿ ✿ ✿

# ੧੮

# ਜਪ ਤਪ ਤੇ ਧਰਮ ਕਲਾ

ਭਾਈ ਗੁਰਦਾਸ ਜੀ ਨੇ ਮਨੁੱਖੀ ਅੰਗਾਂ ਦੀ ਗ਼ਲਤ ਵਰਤੋਂ ਬਾਰੇ ਮਨੁੱਖਤਾ ਨੂੰ ਸੁਚੇਤ ਕੀਤਾ ਹੈ। ਭਾਈ ਸਾਹਿਬ ਜੀ ਲਿਖਦੇ ਹਨ :

*ਧ੍ਰਿਗ ਸਿਰ ਜੋ ਗੁਰ ਨਾ ਨਿਵੈ ਗੁਰ ਲਗੈ ਨਾ ਚਰਨੀ॥*
*ਧ੍ਰਿਗ ਸ੍ਰਵਣ ਉਪਦੇਸ਼ ਬਿਨ ਸੁਣ ਸੁਰਤ ਨਾ ਧਰਨੀ॥*
*ਧ੍ਰਿਗ ਲੋਇਣ ਗੁਰ ਦਰਸ ਬਿਨ ਦੇਖੈ ਪਰ ਤਰਨੀ॥*
*ਧ੍ਰਿਗ ਜਿਹਵਾ ਗੁਰਮੰਤ੍ਰ ਬਿਨ ਹੋਰ ਮੰਤ੍ਰ ਸਿਮਰਨੀ॥*
*ਪੀਰ ਮੁਰੀਦਾ ਪਿਰਹੜੀ ਸੁਖ ਸਤਿਗੁਰ ਸਰਨੀ॥*

ਐਸੀ ਜ਼ਬਾਨ ਨੂੰ ਧ੍ਰਿਗਕਾਰ ਹੈ, ਜਿਹੜੀ ਜ਼ਬਾਨ ਨਾਲ ਮਨੁੱਖ ਗੁਰੂ ਦਾ ਮੰਤਰ ਛੱਡ ਕੇ ਹੋਰ ਮੰਤਰਾਂ ਦਾ ਜਾਪ ਕਰਦਾ ਹੈ। ਇਹ ਬਚਨ ਭਾਈ ਸਾਹਿਬ ਨੂੰ ਇਸ ਲਈ ਕਹਿਣਾ ਪਿਆ ਕਿ ਅਨੇਕਾਂ ਬੰਦੇ ਕੁਰਾਹੇ ਪਏ ਸਨ, ਵੱਖ-ਵੱਖ ਮੰਤਰ, ਵੱਖ-ਵੱਖ ਉਨ੍ਹਾਂ ਦੇ ਜਾਪ ਦੇ ਢੰਗ ਸਨ ਕੋਈ ਬੀਰ ਵਸ ਵਿਚ ਕਰ ਰਿਹਾ ਸੀ, ਕੋਈ ਭੂਤ ਕੋਈ ਚੁੜੇਲਾਂ, ਫਿਰ ਉਨ੍ਹਾਂ ਤੋਂ ਕਰਵਾਉਣਾ ਕੀ ਹੈ ? ਲੋਕਾਂ ਦਾ ਬੁਰਾ। ਭੂਤਾਂ ਪ੍ਰੇਤਾਂ ਪਾਸੋਂ ਵੀ ਕਿਸੇ ਦਾ ਭਲਾ ਹੋਇਆ ਹੈ। ਇਕ ਮੁਰਦਾ ਸੜ ਰਿਹਾ ਹੈ, ਸਾਧੂ ਨੇ ਜਾਪ ਸ਼ੁਰੂ ਕਰ ਦਿੱਤਾ ਹੈ। ਭਾਵਨਾ ਇਹ ਹੈ ਕਿ ਇਹ ਮਰਿਆ ਬੰਦਾ ਮੁਕਤ ਨਾ ਹੋ ਜਾਵੇ, ਇਸ ਦੀ ਆਤਮਾ ਮੈਂ ਆਪਣੇ ਵਸ ਵਿਚ ਕਰ ਲਵਾਂ। ਫਿਰ ਇਸ ਪਾਸੋਂ ਮਨਮਾਨੀ ਕਰਵਾਵਾਂਗੇ, ਲੋਕਾਂ ਨੂੰ ਡਰਾਵਾਂਗੇ, ਲੋਕਾਂ ਦਾ ਧਨ ਲਿਆ ਕੇ ਇਹ ਮੈਨੂੰ ਦੇ ਦੇਣਗੇ।

ਭਰਥਰੀ ਜੀ ਨੇ ਆਪਣੇ ਗ੍ਰੰਥ 'ਵੈਰਾਗ ਸ਼ਤਕ' ਵਿਚ ਆਪਣੀ ਬੀਤੀ 'ਤੇ ਪਛਤਾਵਾ ਕਰਦਿਆਂ ਲਿਖਿਆ ਹੈ ਕਿ ਮੈਂ ਆਪਣਾ ਸਮਾਂ ਬਹੁਤ ਬਰਬਾਦ ਕੀਤਾ ਹੈ। ਉਹ ਲਿਖਦੇ ਹਨ :

*ਕਰ ਚਿਤ ਇਕਾਗਰ ਕੁਮੰਤ੍ਰ ਜਪੇ ਸ਼ਮਸਾਨਨ ਮੇਂ ਨਿਸ ਖੁੰਜ ਖਪੇ॥*
*ਕਰਹੋ ਜਬਹੀ ਵਸ ਭੂਤਨ ਕੋ ਪਰਕੀ ਹਿਰ ਦੇਹ ਵਿਭੂਤਨ ਕੋ॥*

ਪਰ ਉਹ ਕਹਿੰਦੇ ਹਨ ਕਿ ਇਹ ਸਾਰਾ ਪਖੰਡ ਹੀ ਨਿਕਲਿਆ, ਮੈਨੂੰ ਤਾਂ ਇਹਨਾਂ ਮੰਤਰਾਂ ਦੇ ਜਾਪ ਵਿਚੋਂ ਕਾਣੀ ਕੌਡੀ ਵੀ ਨਹੀਂ ਲੱਭੀ। ਭਰਥਰੀ ਰਾਜ ਛੱਡ ਕੇ ਯੋਗੀ

ਬਣੇ ਸਨ, ਉਸ ਨੇ ਧਨ, ਮਾਨ ਸਨਮਾਨ, ਦੁਨੀਆ ਦੇ ਸਾਰੇ ਸੁਖ ਵੇਖੇ ਸਨ, ਹੁਣ ਮਨ ਵਿਚ ਕੋਈ ਵੀ ਲਾਲਸਾ ਨਹੀਂ ਸੀ। ਭਰਥਰੀ ਐਸਾ ਖੋਜੀ ਪੁਰਸ਼ ਸੀ ਜੋ ਉਸਨੇ ਵੇਖਿਆ ਕਹਿ ਦਿੱਤਾ। ਜਿਹੜਾ ਬੰਦਾ ਆਪਣੇ ਘਰ ਦੀ ਐਸੀ ਗੱਲ ਵੀ ਲਿਖ ਦੇਂਦਾ ਹੈ ਕਿ ਜੋ ਇਕ ਇੱਜ਼ਤਦਾਰ ਰਾਜੇ ਵਾਸਤੇ ਕਹਿਣੀ ਮੁਸ਼ਕਿਲ ਹੈ, ਲੋਕ ਐਸੀ ਗੱਲ ਦਬਾ ਦੇਂਦੇ ਹਨ, ਪਰ ਉਸ ਨੇ ਸਪੱਸ਼ਟ ਕਿਹਾ ਹੈ ਕਿ ਮੈਨੂੰ ਵੈਰਾਗ ਉਸ ਵੇਲੇ ਹੋਇਆ ਜਦੋਂ ਮੈਨੂੰ ਪਤਾ ਲੱਗਾ ਕਿ ਮੇਰੀ ਰਾਣੀ ਮੇਰੇ ਨਾਲ ਧੋਖਾ ਕਰ ਰਹੀ ਹੈ, ਮਹਾਵਤ ਰਾਣੀ ਨਾਲ ਧੋਖਾ ਕਰ ਰਿਹਾ ਹੈ। ਵੇਸ਼ਵਾ ਮਹਾਵਤ ਨਾਲ ਧੋਖਾ ਕਰ ਰਹੀ ਹੈ। ਇਥੇ ਤਾਂ ਸਾਰਾ ਜਗਤ ਹੀ ਇਕ ਦੂਸਰੇ ਤੋਂ ਕੁਝ ਲੁਕਾ ਰਿਹਾ ਹੈ। ਸਾਰਿਆਂ ਦੇ ਹੀ ਚਿਹਰੇ ਝੂਠੇ ਹਨ, ਕੋਈ ਐਸੀ ਦੁਨੀਆ ਨਹੀਂ ਜਿਥੇ ਬੰਦਾ ਆਪਣਾ ਪਾਪ ਪੁੰਨ ਸਪੱਸ਼ਟ ਕਹਿ ਸਕੇ।

ਭਰਥਰੀ ਲਿਖਦੇ ਹਨ :

*ਜਿਨਕੋ ਨਿਤਮੈ ਚਿਤਮੈ ਚਿਤਮੋ ਤਿਨਕੀ ਗਤਿ ਸੋ ਤਨ ਮਾਂਹਿ ਰਤੀਨਾ॥*
*ਵੋਹ ਔਰ ਪੁਮਾਨ ਕੇ ਸੰਗਿ ਰਤੀ ਪੁਨ ਤਾਂ ਮਨ ਮੈ ਗਨਕਾ ਗ੍ਰਿਹ ਕੀਨਾ॥*
*ਧਿਕ ਹੈ ਅਬਲਾ ਬ੍ਰਿਤ ਕੰਦ੍ਰਪ ਪੈ ਅਰੁ ਮੋਹਿ ਧਿੱਕਾਰ ਜੋ ਮਾਰ ਅਧੀਨਾ॥*
*ਇਸ ਗਤੀ ਸਮੂਹ ਕੀ ਪ੍ਰੀਤਿ ਤਜੀ ਨ੍ਰਿਪ ਹੋਇ ਜੋਗੀਸ਼ਰ ਈਸੁਰੰ ਚੀਨਾ॥*

—ਵੈਰਾਗ ਸ਼ੁਤਕ

ਭਰਥਰੀ ਐਸੇ ਖੋਜੀ ਸਨ ਕਿ ਜੋ ਅੰਤ ਵਿਚ ਪਰਿਣਾਮ ਹੱਥ ਵਿਚ ਆਇਆ ਉਨ੍ਹਾਂ ਉਹ ਜਗਤ ਨੂੰ ਦੱਸ ਦਿੱਤਾ, ਉਹ ਕਹਿੰਦੇ ਹਨ ਕਿ ਮੈਂ ਭੂਤ ਪ੍ਰੇਤ ਵਸ ਵਿਚ ਕਰਨ ਲਈ ਕੁਮੰਤਰ ਜਪਦਾ ਰਿਹਾ, ਦਿਨ ਰਾਤ ਸ਼ਮਸ਼ਾਨ ਭੂਮੀ ਵਿਚ ਬਿਤਾ ਦਿੱਤੇ। ਭਰਥਰੀ ਨੇ ਜੋ ਕੀਤਾ ਹੈ ਪੂਰਾ ਤਾਨ ਲਗਾ ਕੇ ਕੀਤਾ ਹੈ, ਐਸਾ ਨਹੀਂ ਕਿ ਉਨ੍ਹਾਂ ਜਿਹੜਾ ਜਪ ਕੀਤਾ ਉਹ ਅਧੂਰਾ ਕੀਤਾ। ਉਹ ਕਹਿੰਦੇ ਹਨ :

*ਇਉਂ ਆਉ ਬ੍ਰਿਥਾ ਮਮ ਹੰਤ ਸਭੀ॥*
*ਮੁਹਿ ਕਾਨਿ ਵਿਰਾਟਕ ਭੀ ਨਾ ਲਭੀ॥*

ਭਰਥਰੀ ਜੀ ਦੇ ਖ਼ਿਆਲ ਅਨੁਸਾਰ ਜੋ ਉਨ੍ਹਾਂ ਨੇ ਆਪਣੇ ਜ਼ਾਤੀ ਤਜਰਬੇ ਦੇ ਆਧਾਰ 'ਤੇ ਬਣਾਇਆ ਹੈ, ਕਹਿੰਦੇ ਹਨ ਕਿ ਮੈਨੂੰ ਤਾਂ ਇਨ੍ਹਾਂ ਮੰਤਰਾਂ ਦੇ ਜਾਪ ਵਿਚੋਂ ਕੁਝ ਵੀ ਨਹੀਂ ਮਿਲਿਆ, ਐਵੇਂ ਆਪਣੀ ਉਮਰਾ ਹੀ ਬਿਰਥਾ ਗਵਾ ਲਈ ਹੈ।

ਰਾਮਾਇਣ ਵਿਚ ਇਕ ਕਥਾ ਹੈ ਕਿ ਕੌਸ਼ੱਲਿਆ ਨੇ ਭਰਤ ਨੂੰ ਕਿਹਾ, ਲੈ ਬੇਟਾ ਤੇਰੀ ਤੇ ਤੇਰੀ ਮਾਂ ਦੀ ਮਨਸ਼ਾ ਪੂਰੀ ਹੋ ਗਈ ਹੈ, ਹੁਣ ਤੂੰ ਰਾਜ ਕਰ ਤੇ ਸੁਖ ਮਾਣ। ਰਾਮ ਤੇ ਲਛਮਨ ਚੌਦਾਂ ਸਾਲ ਲਈ ਬਨਵਾਸ ਨੂੰ ਚਲੇ ਗਏ ਹਨ, ਚੌਦਾਂ ਸਾਲਾਂ ਤਕ ਪਤਾ ਨਹੀਂ ਕੌਣ ਜੀਵੇਗਾ। ਭਰਤ ਨੇ ਉਸ ਵੇਲੇ ਮਾਤਾ ਕੌਸ਼ੱਲਿਆ ਨੂੰ ਭਰੋਸਾ ਦਿਵਾਉਣ ਵਾਸਤੇ ਬੜੀਆਂ ਕਸਮਾਂ-ਸੁਗੰਧਾਂ ਚੁੱਕੀਆਂ ਸਨ ਕਿ ਮੇਰੀ ਇਸ ਗੱਲ ਵਿਚ ਕੋਈ ਰੈਅ ਨਹੀਂ। ਉਹ ਕਹਿੰਦੇ ਹਨ ਕਿ ਮੈਨੂੰ ਰੱਬ ਵੇਸ਼ਵਾ-ਗਾਮੀਆਂ ਦੀ ਗਤੀ ਦੇਵੇ, ਮੈਨੂੰ ਵੱਡੇ

ਤੋਂ ਵੱਡੇ ਪਾਪੀਆਂ ਦੀ ਗਤੀ ਦੇਵੇ, ਕੋਈ ਪਾਪ ਉਨ੍ਹਾਂ ਗਿਣਨੋਂ ਨਹੀਂ ਛੱਡਿਆ। ਮੈਨੂੰ ਬ੍ਰਹਮ ਹੱਤਿਆ ਦਾ ਪਾਪ ਲੱਗੇ, ਸਾਰੇ ਪਾਪ ਗਿਣ ਕੇ ਕਹਿੰਦੇ ਹਨ ਜਿਹੜੇ ਬੰਦੇ ਪ੍ਰਮਾਤਮਾ ਦੇ ਚਰਨ ਛੱਡ ਕੇ ਭੂਤਾਂ ਪ੍ਰੇਤਾਂ ਦੇ ਮੰਤਰਾਂ ਦਾ ਜਾਪ ਕਰਦੇ ਹਨ, ਪ੍ਰਮਾਤਮਾ ਮੈਨੂੰ ਉਨ੍ਹਾਂ ਬੰਦਿਆਂ ਦੀ ਗਤੀ ਦੇਵੇ। ਇਨ੍ਹਾਂ ਮੰਤਰਾਂ ਦੇ ਜਾਪ ਨੂੰ ਭਰਤ ਜੀ ਬੜਾ ਘੋਰ ਪਾਪ ਸਮਝਦੇ ਹਨ।

ਤੁਲਸੀ ਲਿਖਦੇ ਹਨ :

*ਜਿਹਿ ਪਰਹਰ ਹਰਿ ਹਰਿ ਚਰਨ ਭਜਹਿ ਭੂਤ ਗਨ ਘੋਰ॥*
*ਤਿੰਨ ਕੀ ਬਿਧਿ ਮੋਹਿ ਦੇਇ ਗਤਿ ਜੇ ਜਨਨੀ ਮਤਮੋਰ॥*

ਤੁਲਸੀ ਦਾਸ ਭਰਤ ਜੀ ਦੇ ਮੂੰਹੋਂ ਭੂਤ ਮੰਤਰ ਨੂੰ ਬੜਾ ਹੀ ਨਖਿਧ ਕਰਮ ਦੱਸਦੇ ਹਨ, ਬੜਾ ਘੋਰ ਪਾਪ ਦੱਸਦੇ ਹਨ।

ਭਾਈ ਸੰਤੋਖ ਸਿੰਘ ਜੀ ਸੱਤਵੀਂ ਰਾਸ ਅੰਸੂ ਨੰਬਰ ਬਤਾਲੀ ਵਿਚ ਲਿਖਦੇ ਹਨ ਕਿ ਗੁਰੂ ਸਰ ਮਰਾਝ ਦੀ ਜੰਗ ਵੇਲੇ ਜਦੋਂ ਲਲਾ ਬੇਗ ਸ਼ਾਹੀ ਫ਼ੌਜ ਲੈ ਕੇ ਆਇਆ ਤਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਬਹਿਲੋ ਨੂੰ ਆਖਿਆ ਕਿ ਭਾਈ ਬਹਿਲੋ ਸਾਰੇ ਭੂਤ ਪ੍ਰੇਤ ਤੇਰੇ ਵੱਸ ਵਿਚ ਹਨ, ਕੋਈ ਇਕ ਬੀਰ ਭੇਜ ਜਿਹੜਾ ਪਤਾ ਕਰਕੇ ਆਵੇ ਕਿ ਸ਼ਾਹੀ ਫ਼ੌਜ ਕਿਥੇ ਕੁ ਹੈ। ਭਾਈ ਬਹਿਲੋ ਨੇ ਇਕ ਬੀਰ ਭੇਜਿਆ ਜਿਸ ਨੇ ਆ ਕੇ ਕਿਹਾ ਕਿ ਫ਼ੌਜ ਨਦੀ ਦੇ ਕਿਨਾਰੇ ਆ ਪੁੱਜੀ ਹੈ। ਸਤਿਗੁਰੂ ਵਿਸ਼ਰਾਮ ਕਰਕੇ ਉਠੇ ਤੇ ਕਹਿਣ ਲੱਗੇ ਕਿ ਭਾਈ ਬਹਿਲੋ ਹੁਣ ਪਤਾ ਕਰ। ਭਾਈ ਬਹਿਲੋ ਨੇ ਇਕ ਭੂਤਨੀ ਭੇਜੀ ਜਿਸ ਨੂੰ ਲਸ਼ਕਰ ਵਿਚ ਇਕ ਮੁੱਲਾਂ ਨੇ ਬੰਨ੍ਹ ਲਿਆ ਜੋ ਕਿ ਭੂਤਾਂ ਦਾ ਇਲਮ ਜਾਣਦਾ ਸੀ। ਸਤਿਗੁਰੂ ਪੁੱਛਦੇ ਹਨ ਕਿ ਭਾਈ ਬਹਿਲੋ ਕੀ ਖ਼ਬਰ ਹੈ, ਤਾਂ ਭਾਈ ਜੀ ਨੇ ਕਿਹਾ ਕਿ ਸਤਿਗੁਰੂ ਜਦੋਂ ਫ਼ੌਜ ਤੁਰੇਗੀ ਸਾਨੂੰ ਖ਼ਬਰ ਮਿਲ ਜਾਏਗੀ। ਸਤਿਗੁਰਾਂ ਕਿਹਾ ਕਿ ਤੇਰੀ ਭੂਤਨੀ ਤਾਂ ਮੰਤਰਾਂ ਨਾਲ ਮੁੱਲਾਂ ਨੇ ਬੰਨ੍ਹ ਲਈ ਹੈ, ਖ਼ਬਰ ਕਿਸ ਨੇ ਦੇਣੀ ਹੈ, ਫ਼ੌਜ ਤਾਂ ਭਾਈ ਬਹਿਲੋ ਬਿਲਕੁਲ ਨਜ਼ਦੀਕ ਆ ਗਈ ਹੈ। ਇਹ ਸਾਖੀ ਭੂਤ ਪ੍ਰੇਤ ਮੰਨਣ ਵਾਲਿਆਂ ਦਾ ਮਖੌਲ ਉਡਾਉਣ ਵਾਸਤੇ ਹੈ, ਸਿੱਖਾਂ ਨੂੰ ਮਤਿ ਦੇਣ ਵਾਸਤੇ ਹੈ, ਜਿਸ ਕੌਮ ਨੇ ਐਸੇ ਮੰਤਰਾਂ ਦਾ ਸਹਾਰਾ ਲਿਆ ਹੈ, ਉਹ ਹਮੇਸ਼ਾ ਹੀ ਧੋਖਾ ਖਾਂਦੇ ਰਹੇ ਹਨ।

ਪੰਜਵੀਂ ਰੁਤ ਅੰਸ਼ ਨੰਬਰ ੨੭ (ਸਤਾਈ) ਵਿਚ ਭਾਈ ਸਾਹਿਬ ਲਿਖਦੇ ਹਨ ਕਿ ਭਾਈ ਨੰਦ ਸਿੰਘ ਨੇ ਦਸਮੇਸ਼ ਪਿਤਾ ਨੂੰ ਕਿਹਾ ਕਿ ਸਤਿਗੁਰੂ ਜੀ ਮੈਂ ਸਰਾਂ ਵਿਚ ਇਕ ਸਿੱਖ ਵੇਖਿਆ ਹੈ ਜਿਸ ਨੂੰ ਪ੍ਰੇਤ ਚੰਬੜਿਆ ਹੈ :

*ਇਤਨੇ ਬਿਖੈ ਨੰਦ ਸਿੰਘ ਕਹਿਯੋ॥*
*ਮਹਾਰਾਜ ਮੈਂ ਅਚਰਜ ਲਹਿਯੋ॥*
*ਬੀਚ ਸਰਾਏ ਕੇ ਇਕ ਸਿਖ ਹੇਰਾ॥*
*ਤਿਸ ਮਹਿ ਪ੍ਰਵਸ਼ਿਉ ਪ੍ਰੇਤ ਬਢੇਰਾ॥*

*ਤਬ ਸ੍ਰੀ ਮੁਖ ਤੇ ਉਤਰ ਕਹਿਯੋ॥*
*ਪ੍ਰੇਤ ਲਗਿਯੋ ਜਿਹ ਸਿਖ ਕੋ ਲਹਿਯੋ॥*
*ਸੋ ਨਹਿ ਪੜਤ ਹੋਤ ਜਪ ਰਸਨਾ॥*
*ਜਿਨਹੁ ਕੰਠ ਤਿਨ ਪਰ ਕਛ ਬਸਨਾ॥*

—ਗੁ: ਪ੍ਰ: ਸੂ: ਗ੍ਰੰ:

ਭਾਈ ਨੰਦ ਸਿੰਘ ਦਾ ਬਚਨ ਸੁਣ ਕੇ ਸਤਿਗੁਰਾਂ ਕਿਹਾ ਕਿ ਨੰਦ ਸਿੰਘ ਤੂੰ ਕਹਿੰਦਾ ਹੈਂ ਕਿ ਸਿੱਖ ਨੂੰ ਪ੍ਰੇਤ ਲੱਗਿਆ ਹੈ, ਉਹ ਸਿੱਖ ਜਪ ਨਹੀਂ ਪੜ੍ਹਦਾ ਹੋਣਾ, ਉਸ ਨੂੰ ਜਪੁਜੀ ਕੰਠ ਨਹੀਂ ਹੋਵੇਗਾ। ਜਪੁਜੀ ਦਾ ਨਾ ਪੜ੍ਹਨਾ, ਜਪੁਜੀ ਦਾ ਨਾ ਯਾਦ ਹੋਣਾ, ਇਹ ਹੀ ਸਭ ਤੋਂ ਵੱਡਾ ਪ੍ਰੇਤ ਹੈ।

*ਜੈ ਤਨਿ ਬਾਣੀ ਵਿਸਰਿ ਜਾਇ॥*
*ਜਿਉ ਪਕਾ ਰੋਗੀ ਵਿਲਲਾਇ॥*

—ਧਨਾਸਰੀ ਮ: ੧, ਪੰਨਾ ੬੬੧

ਜਿਨ੍ਹਾਂ ਬੰਦਿਆਂ ਨੇ ਐਸੇ ਜਪ ਕੀਤੇ ਹਨ ਕਿ ਕੋਈ ਭੂਤ ਪ੍ਰੇਤ ਵੱਸ ਵਿਚ ਹੋ ਜਾਏ, ਭੂਤ ਤਾਂ ਵੱਸ ਵਿਚ ਕੋਈ ਨਹੀਂ ਹੋਇਆ, ਹਾਂ ! ਉਹ ਬੰਦੇ ਆਪ ਜ਼ਰੂਰ ਭੂਤਨੇ ਬਣਦੇ ਗਏ। ਕਲਯੁਗੀ ਸੁਭਾਅ ਦੇ ਬੰਦੇ ਆਪ ਹੀ ਭੂਤਨੇ ਹਨ, ਕਲਯੁਗੀ ਬੰਦਿਆਂ ਦੇ ਹੁੰਦਿਆਂ ਹੋਰ ਭੂਤਾਂ ਦੀ ਲੋੜ ਵੀ ਕਿਹੜੀ ਹੈ।

ਸਤਿਗੁਰੂ ਬਾਣੀ ਵਿਚ ਫ਼ਰਮਾਉਂਦੇ ਹਨ ਦੇਵਤਾ ਤਾਂ ਕੋਈ ਜੰਮਦਾ ਹੀ ਨਹੀਂ, ਪਰਿਵਾਰਾਂ ਦੇ ਪਰਿਵਾਰ ਭੂਤਾਂ ਦੇ ਹੀ ਪੈਦਾ ਹੋ ਰਹੇ ਹਨ :

*ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰ॥*
*ਪੁਤੁ ਜਿਨੂਰਾ ਧੀ ਜਿਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥*

—ਬਿਹਾਗੜਾ ਵਾਰ ਮ: ੪, ਪੰਨਾ ੫੫੬

ਭੂਤ ਵਿੱਦਿਆ ਵਾਲੇ ਕਹਿੰਦੇ ਹਨ ਕਿ ਉਪਾਅ ਹੋ ਜਾਏ ਤਾਂ ਭੂਤ ਬੰਦੇ ਨੂੰ ਛੱਡ ਜਾਂਦਾ ਹੈ ਪਰ ਬੰਦਾ ਤਾਂ ਸੱਤ ਪੀੜ੍ਹੀਆਂ ਤਕ ਵੀ ਵੈਰ ਤੇ ਬਦਲੇ ਲੈਣ ਦੀ ਭਾਵਨਾ ਮਨ ਵਿਚੋਂ ਨਹੀਂ ਕੱਢਦਾ, ਫਿਰ ਕਹਿਣਾ ਪਵੇਗਾ ਕਿ ਸਭ ਤੋਂ ਵੱਡਾ ਭੂਤ ਤਾਂ ਬੰਦਾ ਹੀ ਹੈ। ਇਸ ਨੇ ਵੱਸ ਵਿਚ ਕਰਨਾ ਹੀ ਹੈ ਤਾਂ ਆਪਣਾ ਮਨ ਭੂਤ ਵੱਸ ਵਿਚ ਕਰ ਲਵੇ, ਭੂਤ ਵੱਸ ਵਿਚ ਕਰਨ ਵਾਲਿਆਂ ਤਾਂ ਐਵੇਂ ਸ਼ਮਸ਼ਾਨ ਭੂਮੀ ਦੀ ਸਵਾਹ ਹੀ ਸਿਰ ਵਿਚ ਪਵਾਈ ਹੈ ਮਿਲਿਆ ਤਾਂ ਕੁਝ ਨਹੀਂ, ਹਾਂ, ਮਨ ਵੱਸ ਵਿਚ ਕਰਨ ਵਾਲਿਆਂ ਨੇ ਪ੍ਰਮਾਤਮਾ ਦਾ ਨਾਮ ਸਿਮਰਿਆ ਹੈ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਪ੍ਰਮਾਤਮਾ ਦੀ ਪੂਰਨ ਤੌਰ 'ਤੇ ਕਿਰਪਾ ਹੋਵੇ ਤਾਂ ਹੀ ਮਨ ਵੱਸ ਵਿਚ ਆ ਸਕਦਾ ਹੈ :

*ਮਨੁ ਵਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥*

ਉਹ ਰਸ ਨਾਲ ਜਪ ਕਰਦੇ ਹਨ ਤੇ ਕਹਿੰਦੇ ਹਨ :

*ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾ॥*

—ਕਾਨੜਾ ਮ: ੫, ਪੰਨਾ ੧੨੯੮

ਉਨ੍ਹਾਂ ਦੀ ਰਸਨਾ ਤੇ ਹਮੇਸ਼ਾ ਤੂਹੀ ਤੂਹੀ ਦਾ ਜਾਪ ਰਹਿੰਦਾ ਹੈ :

*ਰਸਨਾ ਜਪਤੀ ਤੂਹੀ ਤੂਹੀ॥*
*ਮਾਤ ਗਰਭ ਤੁਮਹੀ ਪ੍ਰਤਿਪਾਲਕ ਮ੍ਰਿਤ ਮੰਡਲ ਇਕ ਤੁਹੀ॥*

—ਸਾਰੰਗ ਮ: ੫, ਪੰਨਾ ੧੨੧੫

ਉਹ ਤਾਂ ਜਾਪ ਲਈ ਰਸਨਾ ਨੂੰ ਇੰਨਾ ਜ਼ਿੰਮੇਵਾਰ ਠਹਿਰਾਉਂਦੇ ਹਨ ਕਿ :

*ਰਸਨਾ ਜਪੈ ਨਾ ਨਾਮੁ ਤਿਲੁ ਤਿਲੁ ਕਰ ਕਟੀਐ॥*

—ਫੁਨਹੇ ਮ: ੫, ਪੰਨਾ ੧੩੬੨

ਜਿਥੇ ਰਸਨਾ ਨਾਲ ਜਪਦੇ ਹਨ ਫਿਰ ਮਨ ਨਾਲ ਵੀ ਜਾਪ ਸ਼ੁਰੂ ਹੋ ਜਾਂਦਾ ਹੈ ਜੋ ਸਦਾ ਹੀ ਚਲਦਾ ਹੈ :

*ਜਪਿ ਮਨ ਸਤਿਨਾਮੁ ਸਦਾ ਸਤਿਨਾਮੁ॥*
*ਹਲਤਿ ਪਲਤਿ ਮੁਖ ਊਜਲ ਹੋਈ ਹੈ*
*ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥*

—ਧਨਾਸਰੀ ਮ: ੪, ਪੰਨਾ ੬੭੦

ਧਰਮ ਕਲਾ ਜੀਵਨ ਵਿਚ ਆਵੇ ਤਾਂ ਪ੍ਰਮਾਤਮਾ ਦੇ ਨਾਮ ਦਾ ਜਾਪ ਹੋਵੇਗਾ, ਭੂਤਾਂ ਪ੍ਰੇਤਾਂ ਦਾ ਨਹੀਂ ਇਸੇ ਲਈ ਐਸੇ ਥਾਵਾਂ 'ਤੇ ਜਾਣ ਵਾਲਿਆਂ ਨੂੰ ਸਿੱਖੀ ਵਿਚੋਂ ਖਾਰਜ ਸਮਝਿਆ ਗਿਆ ਹੈ, ਸਿੱਖ ਦਾ ਜਾਪ ਹੈ :

*ਜਾਗਤ ਜੋਗ ਜਪੈ ਨਿਸ ਬਾਸੁਰ॥*
*ਏਕ ਬਿਨਾ ਮਨਿ ਨੈਕ ਨਾ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨਾ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤਿ ਜਗੈ ਘਟਿ ਮਹਿ ਤਬ ਖਾਲਸਾ ਤਾਹਿ ਨਖਾਲਸ ਜਾਨੈ॥*

ਸਿੱਖ ਨੇ ਜਪ ਕਰਨਾ ਹੈ ਪ੍ਰਮਾਤਮਾ ਦਾ ਤੇ ਤਪ ਕਰਨਾ ਹੈ ਸਾਧ ਸੰਗਤ ਦਾ। ਸਾਧ ਸੰਗਤ ਦਾ ਤਪ ਕੀ ਹੈ :

*ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ॥*

—ਆਸਾ ਮ: ੩, ਪੰਨਾ ੪੨੩

ਗੁਰੂ ਦੀ ਸੇਵਾ ਤਪਾਂ ਸਿਰ ਸ੍ਰੇਸ਼ਟ ਤਪ ਹੈ। ਗੁਰੂ ਦੀ ਸੇਵਾ ਸਾਧ ਸੰਗਤ ਦੀ ਸੇਵਾ ਹੈ।

ਪੁਰਾਣੇ ਤਪੀਸਰਾਂ ਦੀਆਂ ਕਹਾਣੀਆਂ ਬੜੀਆਂ ਪ੍ਰਸਿੱਧ ਹਨ ਕਿ ਉਹਨਾਂ ਬੜੇ ਤਪ

ਸਾਧੇ ਪਰ ਹੰਕਾਰੀ ਹੋ ਗਏ, ਕ੍ਰੋਧੀ ਹੋ ਗਏ, ਅਤੇ ਥੋੜ੍ਹੀ ਥੋੜ੍ਹੀ ਗੱਲ ਤੋਂ ਕ੍ਰੋਧ ਕਰਕੇ ਲੋਕਾਂ ਨੂੰ ਸਰਾਪ ਦੇ ਦਿੰਦੇ ਸਨ। ਦੁਰਵਾਸਾ ਰਿਸ਼ੀ ਬੜਾ ਤਪੀਸਰ ਸੀ ਪਰ ਕ੍ਰੋਧੀ ਇਨਾ ਸੀ ਕਿ ਯਾਦਵਾਂ ਦੇ ਬੱਚਿਆਂ ਦਾ ਥੋੜ੍ਹਾ ਜਿਹਾ ਮਜ਼ਾਕ ਬਰਦਾਸ਼ਤ ਨਹੀਂ ਕਰ ਸਕਿਆ। ਯਾਦਵਾਂ ਦੇ ਬੱਚਿਆਂ ਨੇ ਇਕ ਲੜਕੇ ਦੇ ਪੇਟ 'ਤੇ ਇਕ ਬਰਤਨ ਬੰਨ੍ਹ ਦਿੱਤਾ ਤੇ ਕਹਿਣ ਲੱਗੇ, ਦੱਸੋ ਮਹਾਰਾਜ ਇਸ ਬੀਬੀ ਦੇ ਘਰ ਲੜਕਾ ਹੋਵੇਗਾ ਜਾਂ ਲੜਕੀ। ਗੱਲ ਕਿਹੜੀ ਸੀ ਬੱਚਿਆਂ ਵਿਚ ਬੱਚੇ ਬਣ ਕੇ ਹੱਸ ਕੇ ਵੀ ਗੱਲ ਟਾਲੀ ਜਾ ਸਕਦੀ ਸੀ। ਦੁਰਵਾਸਾ ਹੱਸ ਹੀ ਪੈਂਦੇ ਤਾਂ ਬੱਚੇ ਸ਼ਰਮਸਾਰ ਹੋ ਜਾਂਦੇ, ਭੁੱਲ ਮੰਨ ਲੈਂਦੇ। ਹੁੱਜਤਾਂ ਤਾਂ ਗੁਰੂ ਸਾਹਿਬਾਂ ਨਾਲ ਵੀ ਹੋਈਆਂ ਪਰ ਉਨ੍ਹਾਂ ਗੁੱਸਾ ਨਹੀਂ ਕੀਤਾ, ਉਸਦਾ ਜੁਆਬ ਮਜ਼ਾਕ ਵਿਚ ਹੀ ਦਿੱਤਾ।

ਭਾਈ ਦਾਨਾ ਸਤਿਗੁਰਾਂ ਨੂੰ ਕਹਿਣ ਲੱਗਾ, ਮਹਾਰਾਜ ਕੇਸ ਰੱਖਣੇ ਕਿਉਂ ਜ਼ਰੂਰੀ ਹਨ। ਸਤਿਗੁਰੂ ਕਹਿਣ ਲੱਗੇ ਕਿ ਜਦੋਂ ਤੂੰ ਭਵਸਾਗਰ ਵਿਚ ਡੁਬਣ ਲੱਗੇਂਗਾ ਪਹਿਚਾਣ ਕੇ ਕੱਢ ਲਵਾਂਗੇ। ਦਾਨਾ ਛੇਤੀ ਨਾਲ ਕਹਿਣ ਲੱਗਾ ਕਿ ਸਿਰ ਦੇ ਕੇਸ ਨਾ ਸਹੀ ਦਾੜ੍ਹੀ ਤਾਂ ਹੈ, ਇਸ ਤੋਂ ਪਹਿਚਾਣ ਲੈਣਾ। ਹੈ ਤਾਂ ਇਹ ਹੁਜਤ ਹੀ ਸੀ ਪਰ ਦਸਮੇਸ਼ ਪਿਤਾ ਨੇ ਕਿਹਾ ਦਾੜ੍ਹੀ ਤੋਂ ਫੜਿਆ ਤਾਂ ਥੱਲੇ ਹੀ ਜਾਵੇਂਗਾ, ਅਸੀਂ ਤੈਨੂੰ ਉੱਪਰ ਲਿਆਉਣਾ ਹੈ। ਏਨੇ ਨਾਲ ਗੱਲ ਮੁੱਕ ਗਈ। ਪਰ ਦੁਰਵਾਸਾ ਤਾਂ ਬੜਾ ਕ੍ਰੋਧੀ ਸੀ ਉਸ ਨੇ ਯਾਦਵਾਂ ਨੂੰ ਕਿਹਾ ਇਸ ਬੀਬੀ ਦੇ ਘਰ ਉਹ ਪੈਦਾ ਹੋਵੇਗਾ ਜੋ ਤੁਹਾਡੀ ਕੁਲ ਦਾ ਨਾਸ਼ ਕਰੇਗਾ। ਇਕ ਵਾਰ ਇਸ ਨੂੰ ਅੰਬਰੀਕ ਰਾਜੇ ਨੇ ਪ੍ਰਸ਼ਾਦ ਛਕਣ ਲਈ ਕਹਿ ਦਿੱਤਾ। ਇਸ ਨੂੰ ਛਕਾਇਆਂ ਬਿਨਾਂ ਉਹ ਵਿਚਾਰਾ ਇਕ ਘੁੱਟ ਪਾਣੀ ਹੀ ਪੀ ਬੈਠਾ। ਇਸਦਾ ਫਲ ਉਸ ਨੂੰ ਕੀ ਮਿਲਿਆ। ਦੁਰਵਾਸਾ ਨੇ ਪਹਿਲਾਂ ਬੜੇ ਕਬੋਲ ਬੋਲੇ ਅਤੇ ਫਿਰ ਆਪਣੇ ਸਿਰ ਵਿਚੋਂ ਇਕ ਜਟਾ ਪੁੱਟ ਕੇ ਧਰਤੀ ਤੇ ਮਾਰੀ ਉਹ ਚੁੜੇਲ ਬਣ ਗਈ। ਉਹ ਰਾਜੇ ਅੰਬਰੀਕ ਨੂੰ ਖਾਣ ਵਾਸਤੇ ਦੌੜੀ। ਕਮਾਲ ਗੱਲ ਹੈ ਤਪੱਸਵੀ ਨੇ ਸਿਰ ਵਿਚ ਜਟਾਵਾਂ ਨਹੀਂ ਚੁੜੇਲਾਂ ਹੀ ਵਸਾਈਆਂ ਹਨ। ਜਿਸ ਦੇ ਸਿਰ ਵਿਚ ਚੁੜੇਲਾਂ ਦੀ ਕਾਲੋਨੀ ਵੱਸਦੀ ਹੋਵੇ ਐਸੇ ਬੰਦੇ ਕੋਲੋਂ ਸੰਸਾਰ ਦਾ ਕੀ ਭਲਾ ਹੋਵੇਗਾ। ਮੰਦੇ ਭਾਗ ਹਨ ਉਸ ਘਰ ਦੇ ਜਿਥੇ ਇਹੋ ਜਿਹੇ ਤਪੀਸਰ ਆ ਕੇ ਦਰਸ਼ਨ ਦੇਣ, ਤਾਂ ਘਰ ਵਾਲਾ ਤਾਂ ਉੱਨਾ ਚਿਰ ਵਿਚਾਰਾ ਸਹਿਮਿਆ ਹੀ ਰਹਿੰਦਾ ਹੋਣਾ ਹੈ ਕਿ ਇਹ ਸ਼ੰਕਰ ਦੇ ਅਵਤਾਰ ਮਹਾਂ ਪੁਰਖ ਰਾਜ਼ੀ ਖੁਸ਼ੀ ਘਰੋਂ ਚਲੇ ਜਾਣ ਪਤਾ ਨਹੀਂ ਕਦੋਂ ਨਾਰਾਜ਼ ਹੋ ਜਾਣੇ ਹਨ ਅਤੇ ਵਰਦਾਨ ਦੀ ਤਾਂ ਆਸ ਨਹੀਂ, ਸਰਾਪ ਹੀ ਦੇ ਜਾਣ।

ਸਾਖੀ ਐਸੀ ਹੈ ਕਿ ਵਿਸ਼ਨੂੰ ਨੇ ਤਪੀਸਰ ਦੀ ਚੁੜੇਲ ਤੋਂ ਅੰਬਰੀਕ ਨੂੰ ਬਚਾਉਣ ਲਈ ਸੁਦਰਸ਼ਨ ਚੱਕਰ ਚਲਾਇਆ। ਉਸ ਨੇ ਪਹਿਲਾਂ ਤਾਂ ਉਸ ਚੁੜੇਲ ਨੂੰ ਮਾਰਿਆ ਫਿਰ ਉਹ ਚੱਕਰ ਦੁਰਵਾਸਾ ਦੇ ਮਗਰ ਹੋਇਆ। ਦੁਰਵਾਸਾ ਸਾਰੇ ਦੇਵਤਿਆਂ ਦੀ ਸ਼ਰਨ ਵਿਚ ਗਿਆ ਪਰ ਕਿਸੇ ਨਹੀਂ ਬਚਾਇਆ। ਆਖ਼ਰ ਅੰਬਰੀਕ ਦੀ ਸ਼ਰਨ ਵਿਚ ਆਇਆ। ਫਿਰ ਅੰਬਰੀਕ ਨੇ ਪ੍ਰਭੂ ਅੱਗੇ ਪ੍ਰਾਰਥਨਾ ਕਰਕੇ ਇਸ ਨੂੰ ਬਚਾਇਆ। ਇਕ

ਸੰਸਾਰ ਪ੍ਰਸਿੱਧ ਤਪੀਸਰ ਦਾ ਇਹ ਕਰੈਕਟਰ ਹੈ, ਇਹ ਕਰਤੱਵ ਹੈ, ਕੀ ਕੋਈ ਗਈ ਗੁਜ਼ਰੀ ਅਦਾਲਤ ਵੀ ਐਸੇ ਫ਼ੈਸਲੇ ਕਰ ਸਕਦੀ ਹੈ ਕਿ ਕੋਈ ਬੰਦਾ ਕਿਸੇ ਨੂੰ ਘਰ ਸੱਦ ਕੇ ਉਸ ਦੇ ਆਉਣ ਤੋਂ ਪਹਿਲਾਂ ਦੋ ਘੁੱਟ ਪਾਣੀ ਪੀ ਲਵੇ ਤੇ ਉਸ ਨੂੰ ਇਸ ਪਾਣੀ ਪੀਣ ਦੀ ਸਜ਼ਾ ਮੌਤ ਦਿੱਤੀ ਜਾਵੇ। ਇਹ ਇਕ ਤਪੀਸਰ ਨੂੰ ਸੋਭਦਾ ਹੈ? ਅਸਲ ਵਿਚ ਇਨ੍ਹਾਂ ਤਪੀਸਰਾਂ ਪਾਸ ਧਰਮ ਕਲਾ ਨਹੀਂ ਸੀ, ਸਿਰਫ਼ ਤਪ ਦੀ ਤਪਸ਼ ਸੀ। ਅੰਦਰ ਬਾਹਰ ਤਪਸ਼ ਹੀ ਤਪਸ਼ ਸੀ, ਸ਼ੰਕਰ ਤਪ ਕਰਦੇ ਹਨ ਕਈਆਂ ਯੁਗਾਂ ਤੀਕ ਪਰ ਜਦੋਂ ਗੁੱਸਾ ਆਉਂਦਾ ਹੈ ਆਪਣੇ ਪੁੱਤਰ ਦਾ ਹੀ ਸਿਰ ਉਤਾਰ ਦਿੰਦੇ ਹਨ। ਤਪ ਆਖਰ ਤਪ ਹੀ ਹੈ। ਸਤਿਗੁਰਾਂ ਨੇ ਇਸੇ ਵਾਸਤੇ ਬਾਬਾ ਫ਼ਰੀਦ ਜੀ ਦੇ ਇਸ ਸਲੋਕ ਦੀ ਵਿਆਖਿਆ ਕਰਦਿਆਂ ਕਿਹਾ ਸੀ ਤਨ ਤਪਾਉਣ ਦੀ ਕੋਈ ਲੋੜ ਨਹੀਂ ਸਿਰ ਤੇ ਪੈਰਾਂ ਨੇ ਕੀ ਵਿਗਾੜਿਆ ਹੈ, ਇਨ੍ਹਾਂ ਨੂੰ ਕਸ਼ਟ ਦੇ ਰਿਹਾ ਹੈਂ, ਆਪਣੇ ਅੰਦਰ ਹੀ ਉਸ ਪਿਆਰੇ ਨੂੰ ਯਾਦ ਕਰੋ।

ਬਾਬਾ ਫ਼ਰੀਦ ਜੀ ਦਾ ਕਥਨ ਸੀ :

*ਤਨ ਤਪੈ ਤਨੂਰ ਜਿਉ ਬਾਲਣੁ ਹਡ ਬਾਲੰਨ੍ਹਿ॥*
*ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨ੍ਹਿ॥*
*ਤਨੁ ਨਾ ਤਪਾਇ ਤਨੂਰ ਜਿਉ ਬਾਲਣੁ ਹਡ ਨਾ ਬਾਲਿ॥*
*ਸਿਰ ਪੈਰੀ ਕਿਆ ਫੇੜਿਆ ਅੰਦਰ ਪਿਰੀ ਸੰਮਾਲ॥*

ਗੁਰੂ ਗੋਬਿੰਦ ਸਿੰਘ ਜੀ ਅਕਾਲ ਉਸਤਤ ਵਿਚ ਲਿਖਦੇ ਹਨ :

*ਤਾਪਕੇ ਸਹੇ ਤੇ ਜੋ ਪੈ ਪਾਈਐ ਅਤਾਪ ਨਾਥ।*
*ਤਾਪਨਾ ਅਨੇਕ ਤਨ ਘਾਇਲ ਸਹਤ ਹੈ॥*
*ਜਾਪਕੇ ਕੀਏ ਤੇ ਜੋ ਪੈ ਪਾਯਤ ਅਜਾਪ ਦੇਵ।*
*ਪੂਦਨਾ ਸਦੀਵ ਤੁਹੀ ਤੁਹੀ ਉਚਰਤ ਹੈ॥*

ਅਨੇਕਾਂ ਸਾਧੂਆਂ ਨੇ ਤਨ ਤਪਾਇਆ। ਦਸਮ ਗ੍ਰੰਥ ਵਿਚ ਜਿਕਰ ਹੈ :

*ਵਡੇ ਵਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨ ਤਾਇਆ॥*
*ਕਿਨੀ ਤੇਰਾ ਅੰਤ ਨਾ ਪਾਇਆ॥*

ਕਈਆਂ ਨੇ ਗਰਮੀ ਦੀ ਰੁੱਤ ਵਿਚ ਧੂਣੀਆਂ ਬਾਲ ਕੇ, ਵਿਚ ਬੈਠ ਕੇ ਸਰੀਰ ਤਪਾਇਆ ਪਰ ਇਨ੍ਹਾਂ ਨੂੰ ਕੌਣ ਸਮਝਾਵੇ ਕਿ ਅਗਰ ਤਪਣ ਨਾਲ ਹੀ ਰੱਬ ਮਿਲਦਾ ਤਾਂ ਤਵੇ ਨੂੰ ਹੀ ਮਿਲਦਾ, ਜਿਹੜਾ ਵਿਚਾਰਾ ਸੁਬ੍ਹਾ ਸ਼ਾਮ ਚੁੱਲ੍ਹੇ ਉੱਤੇ ਸੜਦਾ ਹੈ। ਇਹ ਸਭ ਤਪ ਦੇ ਅੰਗ ਸਨ, ਇਸ਼ਨਾਨ ਨਾ ਕਰਨਾ, ਸਵਾਹ ਮਲਣੀ, ਸ਼ਮਸਾਨ ਘਾਟ ਰਹਿਣਾ, ਉਜਾੜਾਂ ਵਿਚ ਰਹਿਣਾ, ਜਤੀ ਰਹਿਣਾ, ਮੌਨ ਰਹਿਣਾ, ਠੰਢ ਗਰਮੀ ਸਹਾਰਨੀ, ਭੁੱਖੇ ਪਿਆਸੇ ਰਹਿਣਾ। ਗੁਰੂ ਗੋਬਿੰਦ ਸਿੰਘ ਜੀ ਐਸੇ ਬੰਦਿਆਂ ਨੂੰ ਸਮਝਾਂਦੇ ਹਨ : ਗੰਦੇ ਮੈਲੇ ਰਹਿਣਾ ਹੀ ਤਪ ਹੈ ਤਾਂ ਸੂਰ ਮੈਲਾ ਹੀ ਖਾਂਦਾ ਹੈ, ਹਾਥੀ ਤੇ

ਗਧਾ ਬੜੀ ਖ਼ਾਕ ਆਪਣੇ ਉੱਤੇ ਪਾਉਂਦੇ ਹਨ, ਬਿੱਜੂ ਹਮੇਸ਼ਾ ਸ਼ਮਸ਼ਾਨ ਘਾਟ ਹੀ ਰਹਿੰਦਾ ਹੈ। ਮੱਠਾਂ ਵਿਚ ਰਿਹਾਂ ਮਿਲੇ ਤਾਂ ਉੱਲੂ ਖੋਲਿਆਂ ਵਿਚ ਹੀ ਬੈਠੇ ਰਹਿੰਦੇ ਹਨ, ਦਰੱਖਤ ਚੁੱਪ ਹੀ ਹਨ ਬੜੇ ਮੋਨੀ ਹਨ, ਮਨੁੱਖ ਦੇ ਮੋਨ ਟੁੱਟਣ ਦਾ ਖ਼ਤਰਾ ਹੈ ਪਰ ਦਰੱਖਤਾਂ ਦਾ ਇਹ ਖ਼ਤਰਾ ਵੀ ਨਹੀਂ। ਜਤੀ ਰਿਹਾਂ ਮਿਲੇ ਤਾਂ ਹੀਜੜੇ ਦੇ ਜਤ ਤੇ ਤਾਂ ਕੋਈ ਸ਼ੱਕ ਵੀ ਨਹੀਂ ਹੋ ਸਕਦਾ, ਪੈਰੋਂ ਨੰਗੇ ਫਿਰਿਆਂ ਮਿਲੇ ਤਾਂ ਬਾਂਦਰਾਂ ਕਦੀ ਜੁੱਤੀ ਪਾਈ ਹੀ ਨਹੀਂ।

ਜਿਨ੍ਹਾਂ ਦੀ ਸੁਰਤ ਵਿਚ ਕਾਮ ਹੈ, ਜਿਹੜੇ ਇਸਤਰੀ ਤੋਂ ਡਰਦੇ ਨੱਸੇ ਹਨ, ਅਸਲ ਵਿਚ ਉਹ ਐਸੇ ਹੀ ਹਨ ਜਿਵੇਂ ਕਿ ਇਕ ਕਾਮੀ ਪੁਰਸ਼ ਇਸਤਰੀ ਤੋਂ ਡਰਦਾ ਹੈ ਕਿ ਕਿਤੇ ਨਾਰਾਜ਼ ਨਾ ਹੋ ਜਾਵੇ, ਕਾਮੀ ਤੇ ਤਿਆਗੀ ਦੋਹਾਂ ਦੇ ਮਨ ਵਿਚ ਕੇਂਦਰ ਤਾਂ ਇਸਤਰੀ ਹੀ ਹੈ ਐਸੇ ਬੰਦੇ ਕਾਮਨਾ ਦੇ ਅਧੀਨ ਹਨ। ਕਾਮੀ ਕ੍ਰੋਧੀ ਹਨ ਤੇ ਕਾਮ ਕ੍ਰੋਧ ਵਿਚ ਬੜੇ ਚਤੁਰ ਹਨ, ਗੁਰੂ ਗਿਆਨ ਤੋਂ ਸੱਖਣੇ ਹੋਣ ਕਰਕੇ ਇਹ ਕਿਵੇਂ ਤਰ ਸਕਦੇ ਹਨ।

ਸਾਹਿਬ ਲਿਖਦੇ ਹਨ :

*ਖ਼ੂਕ ਮਲਹਾਰੀ ਗਾਜ ਸਦਹਾ ਬਿਭੂਤਧਾਰੀ,*
*ਗਿਦੂਆ ਮਸਾਨ ਬਾਸ ਕਰਿਉਈ ਕਰਤ ਹੈ॥*
*ਘੁਘੂ ਮਠ ਬਾਸੀ ਲਗੇ ਡੋਲਤ ਉਦਾਸੀ ਮ੍ਰਿਗ,*
*ਤਰਵਰ ਸਦੀਵ ਮੋਨ ਸਾਧੇ ਈ ਮਰਤ ਹੈ॥*
*ਬਿੰਦ ਕੇ ਸਧਯਾ ਤਾਂਹਿ ਹੀਜ ਕੀ ਬਡੱਯਾ ਦੇਤ,*
*ਬੰਦਰਾ ਸਦੀਵ ਪਾਂਇ ਨਾਂਗੇ ਈ ਫਿਰਤ ਹੈ॥*
*ਅੰਗਨਾ ਅਧੀਨ ਕਾਮ ਕ੍ਰੋਧ ਮੈਂ ਪ੍ਰਬੀਨ,*
*ਏਕ ਗਿਆਨ ਕੇ ਬਿਹੀਨ ਛੀਨ ਕੈਸੇ ਕੈ ਤਰਤ ਹੈ॥*

ਇਕ ਸੱਜਣ ਨੇ ਆਪਣੀ ਹੱਡ ਬੀਤੀ ਸੁਣਾਈ ਕਿ ਸਰਦੀ ਦੀ ਰੁੱਤ ਸੀ ਤੇ ਇਕ ਦੰਪਤੀ ਨਾਲ ਗੋਦ ਵਿਚ ਮਾਸੂਮ ਬੱਚਾ ਸੀ। ਇਕ ਤਪੀਸਰ ਨੇ ਧੂਣੀ ਦੇ ਪਾਸ ਇਸ ਲਈ ਨਹੀਂ ਬੈਠਣ ਦਿੱਤਾ ਕਿ ਤੁਹਾਡਾ ਬੱਚਾ ਰੋਂਦਾ ਹੈ, ਮੇਰੀ ਸਮਾਧੀ ਵਿਚ ਵਿਘਨ ਪੈਂਦਾ ਹੈ। ਉਹ ਕਹਿਣ ਲੱਗੇ ਜਦੋਂ ਅਸੀਂ ਆਖਿਆ ਕਿ ਰਾਹੋਂ ਭੁੱਲ ਗਏ ਹਾਂ ਹੋਰ ਕੋਈ ਟੇਕ ਆਸਰਾ ਨਹੀਂ, ਰਾਤ ਕੱਟ ਲਈਏ ਤਾਂ ਜੁਆਬ ਮਿਲਿਆ ਸਭ ਕੁਝ ਮਿਥਿਆ ਹੈ, ਤੁਸੀਂ ਮਿਥਿਆ, ਗ੍ਰਹਿਸਤ ਮਿਥਿਆ, ਇਹ ਬੱਚਾ ਮਿਥਿਆ, ਮਰ ਵੀ ਜਾਏ ਤਾਂ ਕੋਈ ਫ਼ਰਕ ਨਹੀਂ ਪੈਂਦਾ ਪਰ ਮੈਂ ਤਾਂ ਸਮਾਧੀ ਦਾ ਅਨੰਦ ਮਾਣਨਾ ਹੈ। ਤੁਹਾਡੇ ਬੱਚੇ ਹੀ ਆਪਣੇ ਧੂਣੇ ਕੋਲ ਰਵਾਉਣੇ ਸਨ ਤਾਂ ਆਪਣੇ ਛੱਡ ਕੇ ਕਿਉਂ ਭੱਜਣਾ ਸੀ, ਉਹ ਕਹਿਣ ਲੱਗੇ, ਉਸ ਨੇ ਸਾਨੂੰ ਉਠਾ ਕੇ ਹੀ ਛੱਡਿਆ।

ਇਕ ਅਦੀਬ ਕਹਿੰਦੇ ਹਨ ਜਿਹੜਾ ਜਪ ਤਪ ਤੈਨੂੰ ਦਇਆਵਾਨ ਹੀ ਨਾ ਰਹਿਣ ਦੇਵੇ ਉਹ ਜਪ ਤਪ ਕਿਸ ਕੰਮ ਹੈ। ਮਨੁੱਖ ਨੂੰ ਤਾਂ ਪੈਦਾ ਹੀ ਇਸ ਲਈ ਕੀਤਾ ਗਿਆ

ਹੈ ਕਿ ਇਹ ਖਾਲਕ ਦੀ ਬੰਦਗੀ ਕਰੇ ਤੇ ਖਲਕਤ ਨਾਲ ਪਿਆਰ ਕਰੇ। ਨਿਰਾ ਜਪ ਕਰਨ ਵਾਸਤੇ, ਬੰਦਗੀ ਕਰਨ ਵਾਸਤੇ, ਅੱਗੇ ਫ਼ਰਿਸ਼ਤੇ ਥੋੜ੍ਹੇ ਸਨ।

*ਦਰਦੇ ਦਿਲ ਕੇ ਵਾਸਤੇ ਪੈਦਾ ਕੀਆ ਇਨਸਾਨ ਕੋ।*
*ਵਰਨਾ ਤਾਇਤ ਕੇ ਲੀਏ ਕੁਛ ਕਮ ਨਾ ਥੇ ਕਰੋਬਿਆ॥*

ਪਰਮਾਤਮਾ ਦੀ ਹਸ਼ਤੀ ਦਾ ਇਕਰਾਰ ਹੋਣਾ ਤੇ ਇਹ ਮੰਨਣਾ ਕਿ ਮੈਂ ਤੇਰੇ ਕਰਕੇ ਹਾਂ ਤੂੰ ਮੇਰੇ ਕਰਕੇ ਨਹੀਂ। ਇਹ ਧਾਰਨਾ ਹਿਰਦੇ ਵਿਚ ਹੋਵੇ ਬੰਦਾ ਬਾਣੀ ਜਪੇ, ਵਾਹਿਗੁਰੂ ਜਪੇ, ਰਸਨਾ ਨਾਲ ਜਪੇ, ਮਨ ਨਾਲ ਜਪੇ ਇਹ ਜਾਪ ਹੈ। ਤਪ ਕੀ ਹੈ, ਧੁੱਪੇ ਖੜ੍ਹੇ ਹੋਣਾ ਹੀ ਹੈ ਤਾਂ ਸੰਗਤਾਂ ਦੀ ਸੇਵਾ ਲਈ ਹੋ, ਸਰੀਰ ਤਪਾਉਣਾ ਹੀ ਹੈ ਤਾਂ ਲੰਗਰ ਵਿਚ ਕਿਸੇ ਲੋਹ ਪਾਸ ਬੈਠ ਕੇ ਪ੍ਰਸ਼ਾਦੇ ਪਕਾ, ਇਹ ਸ੍ਰੇਸ਼ਟ ਤਪ ਹੈ। ਇਹ ਤਪ ਕਰਦਿਆਂ ਇਤ੍ਰ ਪਿਆਰ ਪੈਦਾ ਹੁੰਦਾ ਹੈ ਕਿ ਜਿਨ੍ਹਾਂ ਨੂੰ ਛਕਾਉਣਾ ਹੈ ਉਹ ਗੁਰੂ ਦਾ ਰੂਪ ਹਨ, ਇਹ ਪ੍ਰਸ਼ਾਦੇ ਗੁਰੂ ਨੇ ਛਕਣੇ ਹਨ। ਧਰਮ ਕਲਾ ਤੋਂ ਵਿਹੂਣਾ ਜਪ ਤਪ ਮਨੁੱਖ ਨੂੰ ਸਵਾਰਥੀ, ਹੰਕਾਰੀ ਤੇ ਕ੍ਰੋਧੀ ਬਣਾਏਗਾ। ਪਰ ਧਰਮ ਕਲਾ ਦੇ ਆਸਰੇ ਕੀਤਾ ਜਪ ਤਪ ਮਨੁੱਖ ਨੂੰ ਪ੍ਰੇਮੀ, ਸੇਵਾਦਾਰ ਤੇ ਦਇਆਲੂ ਬਣਾਏਗਾ।

✿ ✿ ✿

## ੧੯

# ਸੱਜਣਤਾਈ ਤੇ ਧਰਮ ਕਲਾ

ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਪ੍ਰਮਾਤਮਾ ਦੇ ਘਰ ਵਿਚ ਸਭ ਕੁਝ ਹੈ, ਉਹ ਸਾਰੇ ਜਗਤ ਦਾ ਰਿਜ਼ਕ ਦਾਤਾ ਹੈ, ਸਾਰੇ ਜਗਤ ਦੀ ਭੁੱਖ ਮੁਕਾਉਣ ਵਾਲਾ ਹੈ ਪਰ ਇਕ ਭੁੱਖ ਪ੍ਰਮਾਤਮਾ ਨੂੰ ਵੀ ਹੈ, ਉਹ ਕਿਹੜੀ ਭੁੱਖ ਹੈ।

*ਗੋਬਿੰਦ ਭਾਉ ਭਗਤਿ ਦਾ ਭੁਖਾ॥*

ਹਰ ਇਨਸਾਨ ਦੀ ਦਿਲੀ ਖਾਹਿਸ਼ ਹੈ ਕਿ ਮੇਰਾ ਕੋਈ ਦਿਲੀ ਮਿੱਤਰ ਹੋਵੇ, ਜਿਸ ਅੱਗੇ ਮੈਂ ਆਪਣਾ ਦੁੱਖ ਸੁਖ ਰੱਖ ਸਕਾਂ। ਅਸਲ ਵਿਚ ਮਿੱਤਰਤਾ ਦੀ ਜੜ੍ਹ ਨੂੰ ਧਿਆਨ ਨਾਲ ਵੇਖੀਏ ਤਾਂ ਮਿੱਤਰਤਾ ਵਿਚ ਜੋ ਅਨੰਦ ਹੈ, ਉਹ ਦੋ ਤੋਂ ਇਕ ਹੋਣ ਦਾ ਅਨੰਦ ਹੈ। ਦੋ ਦਿਲ ਇਕ ਹੋ ਜਾਣ ਤਾਂ ਇਕ ਅਨੋਖਾ ਹੀ ਅਨੰਦ ਹੈ, ਜੋ ਇਕੱਲੇ ਨੂੰ ਨਹੀਂ ਆ ਸਕਦਾ। ਸ਼ਾਇਦ ਏਸੇ ਅਨੰਦ ਵਾਸਤੇ ਹੀ ਪ੍ਰਮਾਤਮਾ ਇਕ ਤੋਂ ਅਨੇਕ ਹੋਇਆ ਹੈ ਅਤੇ ਅਨੇਕਤਾ ਵਿਚੋਂ ਫਿਰ ਏਕਤਾ ਦਾ ਅਨੰਦ ਲੈ ਰਿਹਾ ਹੈ :

*ਏਕ ਹੈ ਅਨੇਕ ਹੈ ਅਨੇਕ ਹੈ ਫਿਰ ਏਕ ਹੈ॥* —ਜਾਪੁ ਸਾਹਿਬ

ਭਗਤ ਨੂੰ ਪ੍ਰਮਾਤਮਾ ਵਿਚ ਲੀਨ ਹੋਣ ਦਾ ਜੋ ਅਨੰਦ ਆ ਰਿਹਾ ਹੈ, ਇਕੱਲੇ ਨੂੰ ਨਹੀਂ। ਪਰ ਇਹ ਅਨੰਦ ਐਸਾ ਹੀ ਹੈ ਜਿਵੇਂ ਚਿਰਾਂ ਦਾ ਵਿਛੜਿਆ ਪੁੱਤਰ ਬਾਪ ਨੂੰ ਮਿਲਦਾ ਹੈ ਤਾਂ ਇਸ ਮੇਲ ਦਾ ਅਨੰਦ ਇਕੱਲਾ ਪੁੱਤਰ ਹੀ ਨਹੀਂ ਲੈ ਰਿਹਾ, ਇਹ ਅਨੰਦ ਬਾਪ ਨੂੰ ਵੀ ਹੈ। ਦੋ ਤੋਂ ਇਕ ਹੋਣ ਦਾ ਅਨੰਦ ਨਿਰਾਲਾ ਹੈ। ਦੋ ਮੂਰਤਾਂ ਹੋਣ, ਇਕ ਜੋਤਿ ਹੋ ਜਾਣ, ਇਹ ਅਨੰਦ ਨਿਰਾਲਾ ਹੀ ਹੈ।

ਜ਼ਫ਼ਰਨਾਮੇ ਵਿਚ ਲਿਖਿਆ ਹੈ :

*ਜੁਦਾਈ ਤੁਰਾ ਅਜ਼ ਮਰ ਕਤਰਹ ਨੇਸਤ॥*
*ਬਾ ਦੀਦਨ ਦੋ ਕਾਲਬ ਬਾ ਗੁਫ਼ਤਨ ਯਕੇਸਤ॥*

ਭਾਵ ਹੇ ਪਿਆਰੇ ! ਤੇਰੇ ਤੇ ਮੇਰੇ ਵਿਚ ਜ਼ਰਾ ਜਿੰਨੀ ਵੀ ਜੁਦਾਈ ਨਹੀਂ, ਵੇਖਣ ਨੂੰ ਅਸੀਂ ਦੋ ਸਰੀਰ ਦਿੱਸਦੇ ਹਾਂ ਪਰ ਕਹਿਣ ਵਿਚ ਤਾਂ ਅਸੀਂ ਇਕ ਹਾਂ। ਅਸੀਂ ਜਦੋਂ ਦੋ ਬੰਦਿਆਂ ਨੂੰ ਇਕੱਠੇ ਤੁਰਦੇ-ਫਿਰਦੇ, ਖਾਂਦੇ-ਪੀਂਦੇ, ਹੱਸਦੇ-ਖੇਡਦੇ ਵੇਖੀਏ ਤਾਂ ਕਹਿ ਦਿੰਦੇ ਹਾਂ ਇਹ ਦੋਵੇਂ ਇਕ ਹੀ ਹਨ। ਇਹ ਇਕ ਕਿਵੇਂ ਹਨ ? ਇਨ੍ਹਾਂ

ਦਾ ਸੁਭਾਅ ਰਲਦਾ ਹੈ, ਇਨ੍ਹਾਂ ਦੇ ਵਿਚਾਰ ਦੋ ਨਹੀਂ, ਇਸ ਲਈ ਇਹ ਇਕ ਹਨ। ਸੱਚ ਤਾਂ ਇਹ ਹੈ ਕਿ ਜਿਥੇ ਵਿਚਾਰਾਂ ਦੀ ਸਾਂਝ ਹੋ ਜਾਏ, ਵਿਚਾਰਾਂ ਦੀ ਏਕਤਾ ਹੋ ਜਾਏ ਉਥੇ ਮਿੱਤਰਤਾ ਹੋ ਜਾਂਦੀ ਹੈ ਤੇ ਜਿਥੇ ਵਿਚਾਰ ਨਾਲ ਵਿਚਾਰ ਟਕਰਾ ਜਾਏ ਉਥੇ ਦੁਸ਼ਮਣੀ ਪੈਦਾ ਹੋ ਜਾਂਦੀ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਮਿੱਤਰਾਂ ਦਾ ਮਿੱਤਰਾਂ ਬਾਰੇ ਜੋ ਗਿਲਾ ਹੈ ਉਸ ਨੇ ਸਾਰੇ ਸੰਸਾਰ ਦੇ ਸਾਹਿਤ ਉੱਤੇ ਬੜਾ ਅਸਰ ਪਾਇਆ ਹੈ। ਅੱਛੇ ਅੱਛੇ ਕਵੀਆਂ ਨੇ ਇਸ ਵਿਸ਼ੇ ਤੇ ਬਹੁਤ ਕੁਝ ਲਿਖਿਆ ਹੈ।

ਇਕ ਅਦੀਬ ਲਿਖਦੇ ਹਨ :

*ਦੋਸਤੋਂ ਸੇ ਇਸ ਕਦਰ ਸਦਮੇ ਸਹੇ ਹੈਂ ਜਾਨ ਪਰ*
*ਦਿਲ ਸੇ ਦੁਸ਼ਮਨ ਕੀ ਅਦਾਵਤ ਕਾ ਗਿਲਾ ਜਾਤਾ ਰਹਾ।*

ਮਿੱਤਰਾਂ ਦੀ ਬੇ-ਵਫ਼ਾਈ ਦਾ ਇਕ ਹੋਰ ਸੱਜਣ ਜ਼ਿਕਰ ਕਰਦੇ ਹਨ :

*ਲੋਗ ਗ਼ੈਰੋਂ ਕੀ ਬਾਤ ਕਰਤੇ ਹੈਂ ਹਮ ਨੇ ਅਪਨੇ ਭੀ ਆਜ਼ਮਾਏ ਹੈਂ।*
*ਲੋਗ ਕਾਂਟੋਂ ਸੇ ਬਚ ਕੇ ਚਲਤੇ ਹੈਂ ਹਮ ਨੇ ਫੂਲੋਂ ਸੇ ਜ਼ਖ਼ਮ ਖਾਏ ਹੈਂ।*

ਇਕ ਹੋਰ ਵਿਦਵਾਨ ਦਾ ਕਥਨ ਹੈ ਕਿ ਅੱਜ ਕਲ੍ਹ ਦੇ ਮਿੱਤਰ ਅਨਾਰ ਦੀ ਕਲੀ ਵਾਂਗੂ ਹਨ। ਅਨਾਰ ਦੀ ਕਲੀ ਸੁੰਦਰ ਬੜੀ ਹੈ, ਰੰਗ ਬੜਾ ਹੀ ਸੁੰਦਰ ਹੈ ਪਰ ਸੁਗੰਧੀ ਕੋਈ ਨਹੀਂ, ਇਸੇ ਤਰ੍ਹਾਂ ਮਿੱਤਰਾਂ ਕੋਲ ਗੱਲਾਂ ਤਾਂ ਬੜੀਆਂ ਚੋਪੜੀਆਂ ਹਨ ਪਰ ਇਨ੍ਹਾਂ ਵਿਚ ਪਿਆਰ ਦੀ ਸੁਗੰਧੀ ਕੋਈ ਨਹੀਂ।

*ਦੋਸਤ ਈ ਜ਼ਮਾਨਾ ਮਿਸਲੇ ਗੁਲੇ ਅਨਾਰ ਅੰਦ॥*
*ਖ਼ੁਸ਼ ਰੰਗ ਖ਼ੁਸ਼ ਰੂ ਬੂਏ ਵਫ਼ਾ ਨਾ ਦਾਰਦ॥*

ਇਹ ਗਿਲਾ ਤਾਂ ਧੁਰ ਕੀ ਬਾਣੀ ਵਿਚ ਬਾਬਾ ਫ਼ਰੀਦ ਜੀ ਨੇ ਵੀ ਕੀਤਾ ਹੈ। ਉਹ ਕਹਿੰਦੇ ਹਨ ਕਿ ਗੱਲਾਂ ਨਾਲ ਤਾਂ ਵੀਹ ਸੱਜਣ ਬਣ ਜਾਂਦੇ ਹਨ ਪਰ ਜਦੋਂ ਮੈਂ ਢੂੰਡ ਕੀਤੀ, ਪਰਖ ਕੀਤੀ ਕਿ ਇਨ੍ਹਾਂ ਵਿਚ ਸੱਚਾ ਸੱਜਣ ਕਿਹੜਾ ਹੈ ? ਤਾਂ ਉਨ੍ਹਾਂ ਵਿਚੋਂ ਕੋਈ ਵੀ ਸੱਚਾ ਸੱਜਣ ਨਹੀਂ ਨਿਕਲਿਆ ਪਰ ਮੇਰੇ ਅੰਦਰ ਉਸ ਸੱਜਣ ਦੀ ਤਾਂਘ ਹੈ, ਤਾਂ ਸੱਜਣ ਵੀ ਜ਼ਰੂਰ ਹੋਵੇਗਾ। ਇਹ ਤਾਂਘ ਤੜਪ ਹੀ ਦੱਸਦੀ ਹੈ ਕਿ ਉਹ ਜ਼ਰੂਰ ਹੈ। ਜੇ ਉਸ ਨੇ ਤੜਪ ਭੇਜੀ ਹੈ ਤਾਂ ਇਕ ਦਿਨ ਆਪ ਵੀ ਜ਼ਰੂਰ ਆਵੇਗਾ। ਮੈਂ ਮਲੀਹ, ਗੋਹਿਆਂ ਦਾ ਚੂਰਾ ਉਸ ਵਾਂਗੂ ਧੁਖ ਰਹੀ ਹਾਂ ਕਿ ਸੱਚਾ ਸੱਜਣ ਮੈਨੂੰ ਕਦੋਂ ਮਿਲੇ।

*ਫਰੀਦਾ ਗਲੀਂ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ॥*
*ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨ੍ਹਾ ਮਾ ਪਿਰੀ॥*

—ਪੰਨਾ ੧੩੮੨

ਸਤਿਗੁਰੂ ਫ਼ਰਮਾਉਂਦੇ ਹਨ :

*ਮਿਤ੍ਰ ਘਣੇਰੇ ਕਰਿ ਥਕੀ ਮੇਰਾ ਦੁਖੁ ਕਾਟੈ ਕੋਇ॥*

—ਸਿਰੀ ਰਾਗ ਮ: ੩, ਪੰਨਾ ੩੭

ਜਿਥੇ ਮਿੱਤਰ ਲਈ ਇਤਨੀ ਤਾਂਘ ਹੈ ਫਿਰ ਗਿਲਾ ਕਿਉਂ ਹੈ ? ਕਾਰਨ ਕੀ ਹੈ ? ਸਤਿਗੁਰਾਂ ਨੇ ਬਾਣੀ ਵਿਚ ਉਸ ਬਿਮਾਰੀ ਦਾ ਜ਼ਿਕਰ ਕੀਤਾ ਹੈ ਜੋ ਘੁਣ ਵਾਂਗੂ ਮਿੱਤਰਤਾ ਨੂੰ ਲੱਗੀ ਹੋਈ ਹੈ।

ਸਤਿਗੁਰੂ ਫ਼ਰਮਾਉਂਦੇ ਹਨ :

*ਮਨਮੁਖਾਂ ਕੇਰੀ ਦੋਸਤੀ ਮਾਇਆ ਕਾ ਸਨਬੰਧੁ ॥*
*ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ ॥*
*ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ ॥*
*ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ ॥*

—ਰਾਮਕਲੀ ਵਾਰ ਮ: ੫, ਪੰਨਾ ੯੫੯

ਇਸ ਸ਼ਬਦ ਵਿਚ ਸਾਰਾ ਹੀ ਰਾਜ਼ ਖੁਲ੍ਹ ਗਿਆ ਹੈ ਕਿ ਜਿਹੜੇ ਮਿੱਤਰ ਦਾ ਸੰਬੰਧ ਮਾਇਆ ਦਾ ਹੈ ਉਸ ਦੇ ਮੇਲ ਦਾ ਜੋ ਫਲ ਅਖ਼ੀਰ ਨੂੰ ਮਿਲਣਾ ਹੈ ਉਹ ਹੈ 'ਗੰਦ'। ਸੰਬੰਧ ਮਾਇਆ ਦਾ ਹੈ ਤਾਂ ਅੰਤ ਪੱਲੇ ਗੰਦ ਹੀ ਪਵੇਗਾ। ਸੰਬੰਧ ਦਿਲ ਦਾ ਹੈ ਤਾਂ ਅੰਤ ਪੱਲੇ ਅਨੰਦ ਪਵੇਗਾ।

ਜਿਨ੍ਹਾਂ ਬੰਦਿਆਂ ਨੇ ਮਿੱਤਰਾਂ 'ਤੇ ਗਿਲਾ ਕੀਤਾ ਹੈ ਉਨ੍ਹਾਂ ਦੇ ਪੱਲੇ ਗੰਦ ਪਿਆ ਹੈ। ਚਾਹੁੰਦੇ ਸਨ ਝੋਲੀ ਵਿਚ ਪ੍ਰੇਮ ਪਵੇ ਪਰ ਝੋਲੀ ਵਿਚ ਗੰਦ ਪਿਆ। ਇਕ ਮਨੁੱਖ ਨੇ ਝੋਲੀ ਫੈਲਾਈ ਹੋਵੇ ਤੇ ਆਸ ਬਣਾਈ ਹੋਵੇ ਕਿ ਮੇਰੀ ਝੋਲੀ ਵਿਚ ਫੁੱਲ ਪੈਣਗੇ ਪਰ ਅਚਾਨਕ ਹੀ ਮਾਲੀ ਆ ਕੇ ਫੁੱਲਾਂ ਦੀ ਬਜਾਏ ਉਸ ਦੀ ਝੋਲੀ ਵਿਚ ਵਿਸ਼ਟਾ ਪਾ ਦੇਵੇ ਤਾਂ ਉਸ ਮਨੁੱਖ ਦੀ ਮਾਨਸਿਕ ਹਾਲਤ ਕੀ ਹੋਵੇਗੀ। ਜਿਨ੍ਹਾਂ ਬੰਦਿਆਂ ਨੇ ਇਹ ਆਸ ਬਣਾਈ ਸੀ ਕਿ ਜ਼ਿੰਦਗੀ ਵਿਚ ਜਦੋਂ ਬਹੁਤ ਵੱਡੀ ਮੁਸ਼ਕਿਲ ਆਵੇਗੀ ਤਾਂ ਦੋਸਤ ਮਿੱਤਰ ਮੇਰੇ ਕੰਮ ਆਉਣਗੇ ਪਰ ਅਚਾਨਕ ਹੀ ਪਤਾ ਲੱਗੇ ਕਿ ਮਿੱਤਰ ਹੀ ਦੁਸ਼ਮਣ ਬਣ ਗਏ ਹਨ ਤਾਂ ਮਨੁੱਖ ਸੋਚਦਾ ਹੈ ਕਿ ਮੈਂ ਹੁਣ ਕੀ ਕਰਾਂ।

ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਜਦੋਂ ਮਿੱਤਰ ਦੁਸ਼ਮਣ ਬਣ ਜਾਏ ਤਾਂ ਸੈਂਕੜੇ ਦੁਸ਼ਮਣ ਇੰਨਾ ਨੁਕਸਾਨ ਨਹੀਂ ਕਰ ਸਕਦੇ ਜਿੰਨਾ ਕਿ ਮਿੱਤਰ ਕਰ ਜਾਂਦਾ ਹੈ। ਇਸ ਦਾ ਕਾਰਨ ਇਕ ਹੀ ਹੈ ਕਿ ਮਿੱਤਰ ਸਾਰੇ ਭੇਤਾਂ ਤੋਂ ਜਾਣੂ ਹੁੰਦਾ ਹੈ। ਉਸ ਨੂੰ ਦਿਲ ਦੀ ਹਰ ਗੱਲ ਦੱਸੀ ਹੁੰਦੀ ਹੈ। ਈਰਾਨ ਦੇ ਪ੍ਰਸਿੱਧ ਵਿਦਵਾਨ ਸ਼ੇਖ਼ ਸਾਅਦੀ ਕਹਿੰਦੇ ਹਨ ਕਿ ਜਦੋਂ ਤੂੰ ਮਿੱਤਰ ਨਾਲ ਦੁਖ-ਸੁਖ ਫੋਲੇਂ ਤਾਂ ਇਹ ਗੱਲ ਤੈਨੂੰ ਕਦੀ ਨਹੀਂ ਭੁੱਲਣੀ ਚਾਹੀਦੀ ਕਿ ਮਿੱਤਰ ਨੂੰ ਇੰਨਾ ਭੇਦ ਨਾ ਦੇ ਕਿ ਕਲ੍ਹ ਨੂੰ ਉਹ ਤੇਰਾ ਦੁਸ਼ਮਣ ਬਣ ਜਾਏ ਤੇ ਤੇਰਾ ਰਹਿਣ ਹੀ ਕੁਝ ਨਾ ਦੇਵੇ ਪਰ ਸਾਅਦੀ ਦੂਸਰਾ ਪੱਖ ਛੱਡ ਗਏ ਹਨ। ਇਹ ਰਾਜਨੀਤੀ ਹੋ ਸਕਦੀ ਹੈ ਕਿ ਕਿਸੇ ਨੂੰ ਮਿੱਤਰ ਵੀ ਕਹਿ ਪਰ ਉਸ ਨੂੰ ਪੂਰਾ ਦਿਲ ਵੀ ਨਾ ਦੇਹ ਪਰ ਮਜਬੂਰੀ ਇਹ ਹੈ ਕਿ ਮਿੱਤਰਤਾ ਪੂਰਾ ਦਿਲ ਅੱਗੇ ਰੱਖੇ ਬਿਨਾਂ ਹੋ ਹੀ ਨਹੀਂ ਸਕਦੀ।

ਬਾਬਾ ਫ਼ਰੀਦ ਜੀ ਤਾਂ ਇਥੇ ਤਕ ਕਹਿੰਦੇ ਹਨ ਕਿ ਹੇ ਮੇਰੇ ਆਏ ਹੋਏ ਮਿੱਤਰ

ਮੈਂ ਤੇਰੇ ਕੋਲੋਂ ਕੁਝ ਵੀ ਲੁਕਾ ਕੇ ਰੱਖਾਂ ਤਾਂ ਮੇਰੇ ਸਰੀਰ ਦਾ ਮਾਸ ਇੰਜ ਸੜੇ ਜਿਵੇਂ ਅੰਗਿਆਰਾਂ 'ਤੇ ਮਜੀਠ ਸੜਦਾ ਹੈ। ਮਜੀਠਾ ਰੰਗ ਚਾੜ੍ਹਨ ਵਾਸਤੇ ਬੜਾ ਉਬਾਲਣਾ ਪੈਂਦਾ ਹੈ :

*ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ ॥*
*ਹੇੜਾਂ ਜਲੈ ਮਜੀਠ ਜਿਉ ਉਪਰ ਅੰਗਾਰਾਂ ॥*

—ਸਲੋਕ ਫਰੀਦ, ਪੰਨਾ ੧੩੭੯

ਮਿੱਤਰ ਘਾਤ ਕਰਨਾ ਇਕ ਘੋਰ ਪਾਪ ਹੈ। ਕਿਸੇ ਨੇ ਵਿਸ਼ਵਾਸ ਕੀਤਾ ਆਪਣਾ ਸਭ ਕੁਝ ਮਿੱਤਰ ਸਮਝ ਕੇ ਅੱਗੇ ਰੱਖ ਦਿੱਤਾ। ਹੀਰਿਆਂ ਪੰਨਿਆਂ ਤੋਂ ਅਮੁੱਲ ਦਿਲ ਅੱਗੇ ਰੱਖ ਦਿੱਤਾ ਪਰ ਮਿੱਤਰ ਘਾਤ ਕਰਨ ਵਾਲੇ ਨੇ ਅਮੁੱਲ ਹਿਰਦੇ ਨੂੰ ਠੋਕਰ ਮਾਰ ਦਿੱਤੀ, ਰੱਬ ਦਾ ਘਰ ਢਾਹ ਦਿੱਤਾ। ਇਹ ਕੋਈ ਅਤਿ ਕਥਨੀ ਨਹੀਂ ਕਿ ਜਿਹੜਾ ਬੰਦਾ ਮਿੱਤਰ ਧ੍ਰੋਹ ਕਰਦਾ ਹੈ ਭਾਵੇਂ ਉਹ ਕਰੋੜਾਂ ਪਾਠ ਕਰੇ, ਕਰਾਏ, ਕਰੋੜਾਂ ਰੁਪਏ ਦਾਨ ਕਰੇ, ਭਾਵੇਂ ਸਾਰੇ ਤੀਰਥ ਨਹਾ ਆਵੇ ਪਰ ਜਿਹੜਾ ਪਾਪ ਉਸ ਨੇ ਕੀਤਾ ਹੈ, ਇਹ ਉਤਰਨ ਵਾਲਾ ਨਹੀਂ। ਗੁਰੂ ਗੋਬਿੰਦ ਸਿੰਘ ਜੀ ਫ਼ੈਸਲਾ ਦਿੰਦੇ ਹਨ ਕਿ ਜਿਨ੍ਹਾਂ ਪ੍ਰੇਮ ਕੀਤਾ ਉਨ੍ਹਾਂ ਨੇ ਪ੍ਰਭੂ ਪਾਇਆ ਹੈ। ਪਰ ਪ੍ਰੇਮ ਨੂੰ ਠੋਕਰ ਮਾਰਨ ਵਾਲਾ ਬੰਦਾ, ਪ੍ਰੇਮ ਦੇ ਨਾਂ 'ਤੇ ਧੋਖਾ ਕਰਨ ਵਾਲਾ ਬੰਦਾ ਪ੍ਰਮਾਤਮਾ ਦੀ ਹਜ਼ੂਰੀ ਵਿਚ ਕਿਵੇਂ ਪ੍ਰਵਾਨ ਹੋਵੇਗਾ।

ਸਤਿਗੁਰੂ ਪਾਤਸ਼ਾਹ ਕਹਿੰਦੇ ਹਨ ਕਿ ਸੱਜਣ ਕਿਹੋ ਜਿਹਾ ਚਾਹੀਦਾ ਹੈ :

*ਆਦਿ ਮਧਿ ਜੋ ਅੰਤ ਨਿਬਾਹੈ ॥ ਸੋ ਸਾਜਨੁ ਮੇਰਾ ਮਨ ਚਾਹੈ ॥*

—ਗਉੜੀ ਮ: ੫, ਪੰਨਾ ੨੪੦

ਸੱਜਣ ਉਹ ਨਹੀਂ ਜੋ ਜਿਊਂਦਿਆਂ ਹੀ ਮੂੰਹ ਮੋੜ ਜਾਏ। ਸੱਜਣ ਤਾਂ ਉਹ ਹੈ ਜਿਹੜਾ ਲੋਕ ਪ੍ਰਲੋਕ ਵਿਚ ਵੀ ਨਾ ਵਿਛੜੇ।

ਐਸਾ ਮਿੱਤਰ ਸੰਗੀ ਸਾਥੀ ਚਾਹੀਦਾ ਹੈ :

*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*

—ਧਨਾਸਰੀ ਮ: ੫, ਪੰਨਾ ੬੭੭

ਸਾਨੂੰ ਸੁਚੇਤ ਕੀਤਾ ਹੈ ਕਿ ਮਿੱਤਰ ਬਣਾਉਣ ਲੱਗਿਆਂ ਇਹ ਜ਼ਰੂਰ ਵੇਖ, ਇਸ ਦੇ ਦਰਸ਼ਨ ਕੀਤਿਆਂ ਰੱਬ ਯਾਦ ਆਉਂਦਾ ਹੈ ਕਿ ਨਹੀਂ—

*ਓਇ ਸਾਜਨ ਓਇ ਮੀਤ ਪਿਆਰੇ ॥*
*ਜੋ ਹਮ ਕਉ ਹਰਿ ਨਾਮੁ ਚਿਤਾਰੇ ॥*

—ਸੂਹੀ ਮ: ੫, ਪੰਨਾ ੭੩੯

ਜੇ ਤੂੰ ਸੰਸਾਰ ਦੇ ਸੁਆਰਥੀ ਬੰਦਿਆਂ ਨੂੰ ਮਿੱਤਰ ਬਣਾ ਲਵੇਂਗਾ ਤਾਂ ਉਹ ਆਉਣਗੇ, ਤੇਰੇ ਪਾਸ ਬੈਠਣਗੇ, ਗੱਲਾਂ ਮਿੱਤਰਤਾ ਦੀਆਂ ਕਰਨਗੇ ਪਰ ਨਿਸ਼ਾਨਾ

ਤਾਂ ਉਨ੍ਹਾਂ ਦਾ ਆਪਣਾ ਸੁਆਰਥ ਹੀ ਹੋਵੇਗਾ। ਜਦੋਂ ਉਨ੍ਹਾਂ ਨੇ ਵੇਖਿਆ ਕਿ ਇਥੋਂ ਸਾਡਾ ਸੁਆਰਥ ਪੂਰਾ ਨਹੀਂ ਹੋ ਰਿਹਾ ਤਾਂ ਉਸ ਦਿਨ ਉਨ੍ਹਾਂ ਤੇਰੇ ਨੇੜੇ ਨਹੀਂ ਢੁੱਕਣਾ। ਫਿਰ ਬੰਦੇ ਦੀ ਵਾਸ਼ਨਾ ਕੀ ਮੁੱਕਣ ਵਾਲੀ ਹੈ, ਇਹਦਾ ਮਨ ਕੀ ਰੱਜਣ ਵਾਲਾ ਹੈ ; ਤੂੰ ਸੁਆਰਥੀ ਬੰਦੇ ਨੂੰ ਕਿਥੇ ਤਕ ਤ੍ਰਿਪਤ ਕਰੇਂਗਾ।

ਸਾਹਿਬ ਫ਼ਰਮਾਉਂਦੇ ਹਨ :

*ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ*
*ਤੇ ਸਭ ਅਪਨੈ ਸੁਆਇ ਮਿਲਾਸਾ॥*
*ਜਿਤੁ ਦਿਨਿ ਉਨ ਕਾ ਸੁਆਉ ਹੋਇ ਨ ਆਵੈ*
*ਤਿਤੁ ਦਿਨਿ ਨੇੜੈ ਕੋ ਨ ਢੁਕਾਸਾ॥*

—ਗੋਂਡ ਮ: ੪, ਪੰਨਾ ੮੬੦

ਫਿਰ ਮਿੱਤਰ ਤਾਂ ਇਹੋ ਜਿਹਾ ਚਾਹੀਦਾ ਹੈ ਜਿਸ ਕੋਲੋਂ ਅੱਜ ਤਕ ਕੋਈ ਖ਼ਾਲੀ ਨਾ ਮੁੜਿਆ ਹੋਵੇ :

*ਐਸਾ ਮੀਤੁ ਕਰਹੁ ਸਭੁ ਕੋਇ॥*
*ਜਾ ਤੇ ਬਿਰਥਾ ਕੋਇ ਨ ਹੋਇ॥*

—ਗਉੜੀ ਮ: ੫, ਪੰਨਾ ੧੯੫

ਸਤਿਗੁਰੂ ਫ਼ਰਮਾਉਂਦੇ ਹਨ, ਕੱਚਿਆਂ ਨੇ ਜੇ ਤੈਨੂੰ ਛੱਡ ਜਾਣਾ ਹੈ, ਤੂੰ ਕੱਚਿਆਂ ਨਾਲੋਂ ਆਪ ਹੀ ਤੋੜ ਲੈ। ਸੱਜਣ ਲੱਭਣੇ ਹਨ ਤਾਂ ਸੱਜਣ ਤਾਂ ਸਿਰਫ਼ ਸੰਤ ਜਨ, ਸਤਸੰਗੀ ਹੀ ਹਨ। ਜਿਨ੍ਹਾਂ ਨੇ ਸਤਿਗੁਰ ਨਾਲ ਨਿਭਾਈ ਹੈ, ਉਨ੍ਹਾਂ 'ਤੇ ਭਰੋਸਾ ਹੋ ਸਕਦਾ ਹੈ ਕਿ ਇਹ ਗੱਲ ਦੇ ਪੱਕੇ ਹਨ, ਵਾਅਦੇ ਦੇ ਪੱਕੇ ਹਨ। ਇਹ ਬਚਨ ਦੇ ਬਲੀ ਹਨ, ਇਹ ਤੇਰੇ ਨਾਲ ਨਿਭਾਹੁਣਗੇ। ਤੂੰ ਪੱਕਿਆਂ ਨਾਲ ਮਿੱਤਰਤਾ ਬਣਾ :

*ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥*
*ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥*

—ਵਾਰ ਮਾਰੂ, ਪੰਨਾ ੧੧੦੨

ਉਹ ਜਿਊਂਦੇ ਵਿਛੜੇ ਹੀ ਨਹੀਂ ਸਗੋਂ ਬੜੇ ਵੱਡੇ ਦੁਸ਼ਮਣ ਬਣ ਗਏ।

ਇਕ ਅਦੀਬ ਕਹਿੰਦੇ ਹਨ ਕਿ ਮਿੱਤਰਾਂ ਨੂੰ ਮੈਂ ਤਾਂ ਆਪਣੀ ਸ਼ਾਨ ਵਾਸਤੇ ਗਲੇ ਦਾ ਹਾਰ ਬਣਾਇਆ ਸੀ। ਮੈਂ ਸਮਝਿਆ ਸੀ ਸੁੰਦਰ ਹਾਰ ਗਲੇ ਦਾ ਸ਼ਿੰਗਾਰ ਨਹੀਂ ਸਗੋਂ ਚੰਗੇ ਮਿੱਤਰਾਂ ਦਾ ਗਲ ਲੱਗ ਕੇ ਮਿਲਣਾ ਹੀ ਸਾਡੀ ਸ਼ੋਭਾ ਹੈ ਪਰ ਉਹ ਤਾਂ ਮੈਨੂੰ ਡੰਗਣ ਵਾਸਤੇ ਕਾਲੇ ਨਾਗ ਹੀ ਬਣ ਬੈਠੇ ਹਨ :

*ਜਿਨਕੋ ਹਾਰ ਸਮਝਾ ਥਾ ਗਲਾ ਅਪਨਾ ਸਜਾਨੇ ਕੋ।*
*ਵੋਹ ਕਾਲੇ ਨਾਗ ਬਣ ਬੈਠੇ ਮੇਰੇ ਹੀ ਕਾਟ ਖਾਨੇ ਕੋ॥*

ਤੁਲਸੀ ਕਹਿੰਦੇ ਹਨ ਜਿਹੜਾ ਬੰਦਾ ਮਿੱਤਰ ਦੇ ਦੁਖ ਵਿਚ ਦੁਖੀ ਨਹੀਂ ਹੋ ਜਾਂਦਾ

ਐਸੇ ਬੰਦੇ ਦਾ ਦਰਸ਼ਨ ਕਰਨਾ ਪਾਪ ਹੈ, ਭਾਰੀ ਪਾਪ ਹੈ। ਆਪਣਾ ਦੁੱਖ ਪਹਾੜ ਜਿੰਨਾ ਵੀ ਹੋਵੇ ਉਸ ਨੂੰ ਰਾਈ ਜਿੰਨਾ ਸਮਝਣਾ ਚਾਹੀਦਾ ਹੈ, ਮਿੱਤਰਾਂ ਦਾ ਦੁੱਖ ਰਾਈ ਜਿੰਨਾ ਹੋਵੇ ਉਸ ਨੂੰ ਪਹਾੜ ਜਿੰਨਾ ਸਮਝਣਾ ਚਾਹੀਦਾ ਹੈ।

ਤੁਲਸੀ ਲਿਖਦੇ ਹਨ :

*ਜਿਹ ਨਾ ਮਿਤ੍ਰ ਦੁਖ ਹੋਇ ਦੁਖਾਰੀ॥*
*ਤਿਨਹ ਬਿਲੋਕਤ ਪਾਤਕ ਭਾਰੀ॥*
*ਨਿਜ ਦੁਖ ਗਿਰਸਮ ਰਜ ਕੋ ਜਾਨਾ॥*
*ਮਿਤ੍ਰ ਕੋ ਦੁਖ ਰਜ ਮੇਰ ਸਮਾਨਾ॥*

ਭਾਈ ਗੁਰਦਾਸ ਜੀ ਕਹਿੰਦੇ ਹਨ ਐਸੀ ਮਿੱਤਰਤਾ ਦੀ ਆਸ ਕਿਸੇ ਸੰਤ ਜਨ ਤੋਂ ਹੀ ਹੋ ਸਕਦੀ ਹੈ। ਸਾਧੂ ਦੀ ਸੱਜਣਤਾਈ ਤਾਂ ਇੰਜ ਹੈ ਜਿਵੇਂ ਪੱਥਰ 'ਤੇ ਲੀਕ ਹੁੰਦੀ ਹੈ। ਸਾਧੂ ਨਾਲ ਵੈਰ ਹੋਵੇ ਤਾਂ ਇੰਜ ਹੁੰਦਾ ਹੈ ਜਿਵੇਂ ਪਾਣੀ ਵਿਚ ਲੀਕ ਹੈ; ਭਾਵ ਸੰਤ ਜਨ ਮੂੰਹ ਤੋਂ ਚੁੱਪ ਹੋ ਗਏ ਤੇ ਨਾਰਾਜ਼ਗੀ ਵੀ ਨਾਲ ਹੀ ਖ਼ਤਮ ਹੋ ਗਈ। ਨਰਾਜ਼ਗੀ ਬੋਲਣ ਤਕ ਹੀ ਸੀ ਪਰ ਮਨ ਦਾ ਖੋਟਾ ਦੁਰਜਨ ਜ਼ਬਾਨ ਤਕ ਹੀ ਵੈਰ ਨਹੀਂ ਰੱਖਦਾ, ਉਸ ਦਾ ਵੈਰ ਤਾਂ ਹਿਰਦੇ ਵਿਚ ਸਮਾਇਆ ਹੈ। ਸਾਧੂ ਦਾ ਵੈਰ ਜ਼ੁਬਾਨ ਤਕ ਹੈ, ਮਿੱਤਰਤਾ ਹਿਰਦੇ ਵਿਚ ਹੈ। ਪਰ ਸਾਕਤ ਬੰਦੇ ਦੀ ਮਿੱਤਰਤਾ ਜ਼ਬਾਨ ਤਕ ਹੈ, ਵੈਰ ਹਿਰਦੇ ਵਿਚ ਹੈ। ਇਸੇ ਲਈ ਇਸ ਦੀ ਮਿੱਤਰਤਾ ਪਾਣੀ ਦੀ ਲੀਕ ਹੈ ਪਰ ਵੈਰ ਪੱਥਰ ਦੀ ਲੀਕ ਹੈ। ਜਿਵੇਂ ਲੱਕੜੀ ਤੇ ਅੱਗ ਇਕੱਠੇ ਰਹਿੰਦੇ ਹਨ, ਹਰ ਰੁੱਖ ਵਿਚ ਅਗਨੀ ਹੈ ਪਰ ਸੁਭਾਅ ਉਲਟਾ ਹੈ। ਲੱਕੜ ਅੱਗ ਨੂੰ ਪਾਲਦੀ ਹੈ ਪਰ ਅੱਗ ਲੱਕੜੀ ਨੂੰ ਸਾੜ ਦਿੰਦੀ ਹੈ। ਗੰਗਾ ਵਿਚ ਸ਼ਰਾਬ ਪਾ ਦੇਈਏ ਤਾਂ ਉਹ ਸ਼ਰਾਬ ਵੀ ਗੰਗਾ ਬਣ ਗਈ ਪਰ ਗੰਗਾ ਦਾ ਪਾਣੀ ਲਿਆ ਕੇ ਸ਼ਰਾਬ ਵਿਚ ਮਿਲਾ ਦਿੱਤਾ ਉਸ ਨੇ ਗੰਗਾ ਜਲੀ ਨੂੰ ਵੀ ਬਦਨਾਮ ਕਰ ਦਿੱਤਾ, ਗੰਗਾ ਜਲੀ ਵੀ ਸ਼ਰਾਬ ਬਣ ਗਈ। ਖੋਟੀ ਨੀਯਤ ਵਾਲਾ ਬੰਦਾ ਤੇ ਗੁਰੂ ਦੀ ਮੱਤ ਵਾਲਾ ਬੰਦਾ ਬੱਕਰੀ ਤੇ ਸੱਪ ਵਾਂਗੂੰ ਹਨ। ਗੁਰਮੁਖ ਬੱਕਰੀ ਵਰਗਾ ਹੈ ਜਿਸ ਦਾ ਸਾਰਾ ਜੀਵਨ ਹੀ ਪਰਉਪਕਾਰ ਦਾ ਹੈ ਪਰ ਸੱਪ ਨੂੰ ਦੁਧ ਪਿਆਈਏ ਤਾਂ ਵੀ ਡੰਗ ਹੀ ਮਾਰਦਾ ਹੈ।

ਭਾਈ ਸਾਹਿਬ ਜੀ ਲਿਖਦੇ ਹਨ :

*ਸਾਧ ਕੀ ਸਜਣਤਾਈ ਪਾਹਣ ਕੀ ਰੇਖ ਪ੍ਰੀਤਿ*
*ਬੈਰ ਜਲ ਰੇਖ ਹੁਇ ਬਿਸੇਖ ਸਾਧ ਸੰਗ ਮੇ॥*
*ਦੁਰਜਨ ਅਸਾਧ ਕੀ ਪ੍ਰੀਤਿ ਜਲ ਰੇਖ*
*ਅਰਬੈਰ ਤੌ ਪਖਾਣ ਰੇਖ ਸੇਖ ਅੰਗ ਅੰਗ ਮੇ॥*
*ਕਾਸਟ ਅਗਨਿ ਗਤਿ ਪ੍ਰੀਤਿ ਬਿਪਰੀਤ*
*ਸੁਰਸਰੀ ਜਲਬਾਰੁਨੀ ਸਰੂਪ ਜਲ ਗੰਗ ਮੇ॥*

*ਦੁਰਮਤਿ ਗੁਰਮਤਿ ਅਜਾ ਸਰਪ ਗਤਿ*
*ਉਪਕਾਰੀ ਔ ਬਿਕਾਰੀ ਢੰਗ ਹੀ ਕੁਢੰਗ ਮੈ॥*

ਗੱਲਾਂ ਨਾਲ ਤਾਂ ਸੱਜਣ ਬਹੁਤ ਹਨ। ਗੁਰੂ ਨਾਨਕ ਦੇਵ ਜੀ ਨੇ ਕਿੰਨਾ ਸੁੰਦਰ ਬਚਨ ਕਿਹਾ ਸੀ ਤੁਲੰਬੇ ਵਿਚ ਉਸ ਠੱਗ ਨੂੰ ਜਿਸ ਨੂੰ ਜਗਤ ਸ਼ੇਖ਼ ਸੱਜਣ ਕਹਿ ਰਿਹਾ ਸੀ। ਸਾਹਿਬਾਂ ਨੇ ਕਿਹਾ ਸੀ, ਸੱਜਣ ਐਸੇ ਤਾਂ ਮਿਲਦੇ ਹਨ ਜੋ ਬਾਹਰੋਂ ਕੈਂਹ ਦੇ ਭਾਂਡੇ ਵਾਂਗੂੰ ਚਮਕਦੇ ਹਨ ਪਰ ਜਦੋਂ ਕੈਂਹ ਦੇ ਭਾਂਡੇ ਨੂੰ ਰਗੜਿਆ ਘਸਾਇਆ ਤਾਂ ਵਿਚੋਂ ਕਾਲਖ ਨਿਕਲ ਆਉਂਦੀ ਹੈ ਤਾਂ ਉਸ ਦੀ ਚਮਕ ਦੀ ਵੀ ਕੋਈ ਕਦਰ ਨਹੀਂ ਰਹਿ ਜਾਂਦੀ। ਸੱਜਣਾਂ ਨੂੰ ਪਰਖੀਏ ਤਾਂ ਉਹ ਜਿੰਦ ਦੇ ਵੈਰੀ ਨਿਕਲਣ ਤਾਂ ਬੰਦਾ ਕਿਥੇ ਜਾਏ। ਚੋਰਾਂ ਤੋਂ, ਠੱਗਾਂ ਤੋਂ ਡਰਦਾ ਬੰਦਾ ਧਰਮਸਾਲ ਵਿਚ ਆਵੇ, ਸਰਾਂ ਵਿਚ ਆਵੇ ਪਰ ਇਥੇ ਵੀ ਠੱਗ ਹੀ ਹੋਣ ਤਾਂ ਦੱਸੋ ਬੰਦਾ ਕਿਥੇ ਜਾਏ। ਇਸੇ ਵਿਸ਼ੇ 'ਤੇ ਭਾਈ ਗੁਰਦਾਸ ਜੀ ਨੇ ਇਕ ਬੜਾ ਸੁੰਦਰ ਬਚਨ ਕਿਹਾ ਹੈ, ਮਿੱਤਰ ਤਾਂ ਮਾਂ ਵਰਗਾ ਪਿਆਰਾ ਹੈ, ਮਿੱਤਰ ਤਾਂ ਪਹਿਰੇਦਾਰ ਹੈ, ਮਿੱਤਰ ਤਾਂ ਮਲਾਹ ਹੈ, ਮਿੱਤਰ ਤਾਂ ਆਗੂ ਹੈ, ਮਿੱਤਰ ਤਾਂ ਖੇਤ ਲਈ ਵਾੜ ਹੈ, ਮਿੱਤਰ ਤਾਂ ਮਨ ਦਾ ਰਾਜਾ ਹੈ, ਮਿੱਤਰ ਤਾਂ ਵੈਦ ਹੈ। ਕਿਸੇ ਹੱਦ ਤਕ ਬੰਦਾ ਮਿੱਤਰ ਨੂੰ ਰਹਿਨੁਮਾ ਵੀ ਮੰਨਦਾ ਹੈ, ਇਹ ਸਾਰੇ ਹੀ ਧੋਖਾ ਕਰ ਜਾਣ ਤਾਂ ਬੰਦੇ ਦਾ ਕਿਹੜਾ ਟਿਕਾਣਾ ਹੈ। ਮਾਂ ਹੀ ਪੁੱਤਰ ਨੂੰ ਜ਼ਹਿਰ ਦੇ ਦੇਵੇ, ਪਹਿਰੇਦਾਰ ਹੀ ਘਰ ਲੁੱਟ ਲਵੇ ਤਾਂ ਕੌਣ ਬਚਾ ਸਕਦਾ ਹੈ? ਮਲਾਹ ਹੀ ਬੇੜੀ ਡੋਬ ਦੇਵੇ ਤਾਂ ਕਿਵੇਂ ਪਾਰ ਲੰਘੀਏ ? ਆਗੂ ਹੀ ਡਾਕੂ ਹੋਵੇ, ਗਰੀਬ ਕਿਥੇ ਪੁਕਾਰ ਕਰੇ ? ਖੇਤ ਨੂੰ ਵਾੜ ਹੀ ਖਾ ਜਾਏ ਤਾਂ ਖੇਤੀ ਕੌਣ ਬਚਾ ਸਕਦਾ ਹੈ ? ਰਾਜਾ ਹੀ ਅਨਿਆਂ ਕਰਨ ਤੇ ਤੁਲਿਆ ਹੋਵੇ ਤਾਂ ਗਵਾਹ ਦੀ ਕੌਣ ਸੁਣਦਾ ਹੈ ? ਮਰੀਜ਼ ਨੂੰ ਵੈਦ ਹੀ ਮਾਰਨਾ ਚਾਹੇ, ਮਿੱਤਰ ਹੀ ਧੋਖਾ ਕਰ ਜਾਏ, ਗੁਰੂ ਹੀ ਨਾ ਮੁਕਤ ਕਰੇ ਤਾਂ ਹੋਰ ਬੰਦਾ ਕਿਥੇ ਮਨ ਦੀ ਇੱਛਾ ਆਖੇ।

*ਜਨਨਿ ਜੋ ਸੁਤਹ ਬਿਖ ਦੇਤ ਹੇਤ ਕੌਨ ਰਾਖੈ,*
*ਘਰ ਮੂਸੇ ਪਾਹਰੂਆ ਕਹੋ ਕੈਸੇ ਰਾਖੀਐ॥*
*ਕਰੀਆ ਜੋ ਬੋਰੇ ਨਾਵ ਕਹੋ ਕੈਸੇ ਪਾਵੈ ਪਾਰ,*
*ਆਗੂਆਉ ਵਾਟ ਪਾਰੈ ਕਾਂ ਪੈ ਦੀਨ ਭਾਖੀਐ॥*
*ਖੇਤ ਕਉ ਜਉ ਖਾਇ ਬਾਰ ਕੌਣ ਤਾਹਿ ਰਖਣਹਾਰ,*
*ਚਕ੍ਵੈ ਕਰੈ ਅਨਿਆਏ ਪੂਛੈ ਕਉਨ ਸਾਖੀਐ॥*
*ਰੋਗੀਐ ਜੋ ਮਾਰੈ ਬੈਦ ਮਿਤ੍ਰ ਜੋ ਕਰੇ ਦ੍ਰੋਹ,*
*ਗੁਰ ਨਾ ਮੁਕਤ ਕਰੇ ਕਾਂਪੈ ਅਭਿਲਾਖੀਐ॥*

ਮਿੱਤਰਤਾ ਵਿਚ ਉਮਰ ਦਾ ਵੀ ਸਵਾਲ ਨਹੀਂ, ਗਰੀਬ ਅਮੀਰ ਦਾ ਵੀ ਸਵਾਲ ਨਹੀਂ। ਮਿੱਤਰਤਾ ਵਿਚ ਇਕ ਹੀ ਗੱਲ ਜ਼ਰੂਰੀ ਹੈ ਕਿ ਦਿਲ ਪਵਿੱਤਰ ਹੋਣ। ਸਤਿਗੁਰੂ ਰਾਮਦਾਸ ਜੀ ਕਹਿੰਦੇ ਹਨ, ਗੁਰੂ ਮੇਰਾ ਗੁਰੂ ਤਾਂ ਹੈ ਪਰ ਮੇਰਾ ਤਾਂ ਬਾਲ ਸਖਾਈ

ਮਿੱਤਰ ਵੀ ਹੈ। ਰਾਮਦਾਸ ਜੀ ਸੱਤ ਸਾਲ ਦੇ ਸਨ ਜਦੋਂ ਦੀ ਗੁਰੂ ਅਮਰਦਾਸ ਜੀ ਨਾਲ ਮਿੱਤਰਤਾ ਬਣ ਗਈ।

*ਸਤਿਗੁਰੂ ਮਿਤ੍ਰ ਮੇਰਾ ਬਾਲ ਸਖਾਈ॥*
*ਹਉ ਰਹਿ ਨਾ ਸਕਾਂ ਬਿਨੁ ਦੇਖੇ ਮੇਰੀ ਮਾਈ॥*
*ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ॥*
*ਜਨ ਨਾਨਕ ਹਰਿ ਧਨੁ ਪਲੈ ਜੀਉ॥*

—ਮਾਝ ਮ: ੪, ਪੰਨਾ ੯੪

ਨਵਧਾ ਭਗਤੀ ਵਿਚੋਂ ਇਕ ਭਗਤੀ ਹੈ ਸਖਾ ਭਾਵ, ਭਾਵ ਕਿ ਪ੍ਰਮਾਤਮਾ ਨਾਲ ਮਿੱਤਰਤਾ ਬਣਾਉਣੀ ਹੈ। ਮੈਂ ਤਾਂ ਸਖਾ ਭਗਤੀ ਬਾਰੇ ਇਸ ਨਤੀਜੇ 'ਤੇ ਅੱਪੜਿਆ ਹਾਂ ਕਿ ਰੱਬ ਦੀ ਖਲਕਤ ਨਾਲ ਪਿਆਰ ਕਰਨਾ ਹੀ ਸਖਾ ਭਾਵ ਹੈ, ਉਸ ਦੇ ਬੰਦਿਆਂ ਨੂੰ ਪਿਆਰ ਕਰਨਾ ਹੀ ਉਸ ਦੀ ਸਖਾ ਭਾਵ ਦੀ ਭਗਤੀ ਹੈ। ਉਸ ਦੀ ਮੂਰਤੀ ਬਣਾ ਕੇ ਕੋਈ ਸਖਾ ਭਾਵ ਪੈਦਾ ਕਰ ਰਿਹਾ ਹੈ ਤਾਂ ਉਹ ਆਪਣਾ ਸਮਾਂ ਬਰਬਾਦ ਕਰ ਰਿਹਾ ਹੈ, ਉਸ ਦੀਆਂ ਜਿਉਂਦੀਆਂ ਜਾਗਦੀਆਂ ਮੂਰਤੀਆਂ ਉਸ ਦੇ ਬੰਦੇ ਹਨ।

ਸਤਿਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਾਤਸ਼ਾਹ ! ਤੂੰ ਆਪਣੇ ਬੰਦਿਆਂ ਵਿਚ ਵੱਸਦਾ ਹੈਂ ਸੰਗਤ ਰੂਪ ਵਿਚ। ਤੈਨੂੰ ਪਾਣੀ ਚਾਹੀਦਾ ਹੋਵੇ ਤਾਂ ਮੈਂ ਪਾਣੀ ਦੇਵਾਂ, ਤੈਨੂੰ ਪ੍ਰਸ਼ਾਦੇ ਚਾਹੀਦੇ ਹੋਣ ਤਾਂ ਮੈਂ ਆਟਾ ਪੀਸਣ ਵਾਸਤੇ ਚਲਾ ਜਾਵਾਂ। ਮੈਂ ਪੱਖਾ ਫੇਰਾਂ, ਪੈਰ ਮਲਦਾ ਰਹਾਂ, ਤੇਰਾ ਨਾਮ ਜਪਦਾ ਰਹਾਂ।

*ਪੀਅਹਿ ਤਾ ਪਾਣੀ ਆਣੀ ਮੀਰਾ ਖਾਹਿ ਤਾ ਪੀਸਣ ਜਾਉ॥*
*ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ॥*

ਸੱਜਣ ਬਿਨਾਂ ਤਾਂ ਜੀਵਨ ਅਧੂਰਾ ਹੈ, ਜੀਵਨ ਸੱਖਣਾ ਹੈ, ਖ਼ਾਲੀ ਹੈ, ਬੇ-ਰੌਣਕਾ ਜੀਵਨ ਹੈ। ਫਿਰ ਸੱਜਣਤਾਈ ਦੀ ਨੀਂਹ ਕਿਵੇਂ ਰੱਖੀਏ ? ਧਰਮ ਕਲਾ ਸਾਨੂੰ ਇਹ ਗੁਰ ਦੇਂਦੀ ਹੈ ਕਿ ਮਿੱਤਰਤਾ ਵੀ ਨਿਭਾ ਤੇ ਤੈਨੂੰ ਪਛਤਾਉਣਾ ਵੀ ਨਾ ਪਵੇ। ਤੇਰਾ ਰੱਬ ਵੀ ਮਿੱਤਰ ਚਾਹੀਦਾ ਹੈ ਰੱਬ ਦੇ ਬੰਦੇ ਵੀ, ਤੇਰਾ ਗੁਰੂ ਵੀ ਮਿੱਤਰ ਚਾਹੀਦਾ ਹੈ, ਗੁਰੂ ਦੀ ਸਾਧ ਸੰਗਤ ਵੀ। ਪ੍ਰਮਾਤਮਾ ਤਾਂ ਇਕ ਹੀ ਹੈ ਉਸ ਨੂੰ ਮਿੱਤਰ ਬਣਾ। ਬੰਦਿਆਂ ਵਿਚੋਂ ਮਿੱਤਰ ਉਸ ਨੂੰ ਬਣਾ ਜਿਸ ਨੂੰ ਵੇਖੇਂ ਤੇ ਰੱਬ ਯਾਦ ਆ ਜਾਵੇ। ਗੁਰੂ ਤਾਂ ਇਕ ਹੀ ਹੈ, ਗੁਰੂ ਨੂੰ ਮਿੱਤਰ ਬਣਾ ਤੇ ਸਿੱਖਾਂ ਵਿਚੋਂ ਉਨ੍ਹਾਂ ਨੂੰ ਮਿੱਤਰ ਬਣਾ ਜਿਨ੍ਹਾਂ ਨੂੰ ਮਿਲਿਆਂ ਦੁਰਮਤਿ ਦਾ ਨਾਸ ਹੋਵੇ, ਖੋਟੀ ਮੱਤ ਦੂਰ ਚਲੀ ਜਾਵੇ। ਹੈਣ ਤਾਂ ਐਸੇ ਮਿੱਤਰ ਥੋੜ੍ਹੇ ਹੀ ਪਰ ਅਣਹੋਂਦ ਨਹੀਂ।

*ਆਵੈ ਸਾਹਿਬ ਚਿਤਿ ਤੇਰਿਆ ਭਗਤਾ ਡਿਠਿਆ॥*

—ਗੁਜਰੀ ਵਾਰ, ਪੰਨਾ ੫੨੦

*ਜਿਨ੍ਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥*

*ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ॥*

—ਗੁਜਰੀ ਵਾਰ, ਪੰਨਾ ੫੨੦

ਸੱਚਾ ਮਿੱਤਰ ਹੈ ਪ੍ਰਮਾਤਮਾ, ਸੱਚੇ ਮਿੱਤਰ ਹਨ ਪ੍ਰਮਾਤਮਾ ਦੇ ਭਗਤ, ਪ੍ਰਮਾਤਮਾ ਮਿੱਤਰ ਦਾ ਸੰਗ ਸਾਥ ਕੈਸਾ ਹੈ—

*ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ॥*
*ਗੁਰ ਕਿਰਪਾ ਤੇ ਹਰਿ ਮਨਿ ਵਸੈ ਹੋਰਤੁ ਬਿਧਿ ਲਇਆ ਨ ਜਾਈ॥*

—ਸੂਹੀ ਮਹਲਾ ੪, ਪੰਨਾ ੭੩੩

ਤੇ ਉਸ ਦੇ ਪਿਆਰੇ ਕੈਸੇ ਮਿੱਤਰ ਹਨ। ਭਾਈ ਬਿਧੀ ਚੰਦ ਨੂੰ ਸਾਈਂ ਬੁਢਣ ਸ਼ਾਹ ਦੇ ਮੁਰੀਦ ਸੁੰਦਰ ਸ਼ਾਹ ਨੇ ਕਿਹਾ ਸੀ, ਭਾਈ ਬਿਧੀ ਚੰਦ ਕੋਈ ਐਸਾ ਵੀ ਹੈ ਜੋ ਮਿੱਤਰ ਬਣ ਕੇ ਏਥੇ ਵੀ ਜੀਵਨ ਵਿਚ ਰੌਣਕ ਬਣਾਈ ਰੱਖੇ ਅਤੇ ਅੱਗੇ ਵੀ ਨਾਲ ਚੱਲੇ।

ਗੁਰੂ ਨਾਨਕ ਦੇਵ ਜੀ ਦਾ ਬਚਨ ਹੈ :

*ਸਜਣ ਸੇਈ ਨਾਲਿ ਮੈ ਚਲਦਿਆ ਨਾਲ ਚਲੰਨਿ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥*

—ਸੂਹੀ ਮ: ੧, ਪੰਨਾ ੭੨੯

ਭਾਈ ਬਿਧੀ ਚੰਦ ਨੇ ਤਾਂ ਸਾਈਂ ਸੁੰਦਰ ਸ਼ਾਹ ਨਾਲ ਵਾਅਦਾ ਹੀ ਕਰ ਲਿਆ ਸੀ ਕਿ ਮੈਂ ਤੇਰਾ ਸਾਥ ਅੱਗੇ ਵੀ ਦਿਆਂਗਾ। ਜਦੋਂ ਸੁੰਦਰ ਸ਼ਾਹ ਜੀ ਦਾ ਅੰਤ ਆਇਆ ਤਾਂ ਅਯੁਧਿਆ ਦੇ ਪਾਸ ਦੇਉ ਨਗਰ ਵਿਚ ਭਾਈ ਸੁੰਦਰ ਸ਼ਾਹ ਜੀ ਨੇ ਭਾਈ ਬਿਧੀ ਚੰਦ ਨੂੰ ਯਾਦ ਕੀਤਾ। ਭਾਈ ਬਿਧੀ ਚੰਦ ਨੇ ਸਤਿਗੁਰਾਂ ਪਾਸੋਂ ਆਗਿਆ ਮੰਗੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਿਹਾ ਸੀ, ਭਾਈ ਬਿਧੀ ਚੰਦ ਜੀ ਤੁਸੀਂ ਧੰਨ ਹੋ, ਸਤਿਗੁਰੂ ਦੀ ਪੰਗਤੀ ਨੂੰ ਅਮਲੀ ਰੂਪ ਦੇਣ ਲਈ ਤੁਸੀਂ ਸੁੰਦਰ ਸ਼ਾਹ ਨਾਲ ਅੱਗੇ ਦੀ ਤਿਆਰੀ ਕਰ ਲਈ, ਉਸ ਨੂੰ ਤਾਂ ਸੱਚਾ ਮਿੱਤਰ ਮਿਲ ਗਿਆ ਪਰ ਸਾਡੇ ਦਰਬਾਰ ਵਿਚ ਤਾਂ ਇਕ ਮਿੱਤਰ ਦੀ ਥਾਂ ਖ਼ਾਲੀ ਹੋ ਗਈ।

ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਸਤਿਗੁਰਾਂ ਦੇ ਨੇਤਰ ਭਰ ਆਏ ਅਤੇ ਕਹਿਣ ਲੱਗੇ, ਜਿਹੜਾ ਤੇਰੇ ਮੇਰੇ ਵਿਚ ਫ਼ਰਕ ਸਮਝੇਗਾ ਉਸ ਨੂੰ ਸਿੱਖੀ ਪ੍ਰਾਪਤ ਨਹੀਂ ਹੋਵੇਗੀ। ਤੇਰੇ ਮੇਰੇ ਫ਼ਰਕ ਦਾ ਭਾਵ ਕੀ ਹੈ ? ਸਤਿਗੁਰੂ ਸਿੱਖ ਦੇ ਮਿੱਤਰ ਬਣ ਜਾਂਦੇ ਹਨ, ਉਨ੍ਹਾਂ ਨੇ ਸਿੱਖਾਂ ਨੂੰ ਬਾਣੀ ਵਿਚ ਥਾਂ-ਥਾਂ ਮਿੱਤਰ ਕਿਹਾ ਹੈ :

*ਆਵਹੁ ਮੀਤ ਪਿਆਰੇ॥ ਮੰਗਲ ਗਾਵਹੁ ਨਾਰੇ॥*

—ਸੂਹੀ ਮ: ੧, ਛੰਤ ਪੰਨਾ ੭੬੪

*ਕਰਉ ਬੇਨਤੀ ਸੁਨਹੁ ਮੇਰੇ ਮੀਤਾ ਸੰਤ ਟਹਿਲ ਕੀ ਬੇਲਾ॥*

ਮਿੱਤਰ ਭਾਵ ਦਾ ਸਤਿਗੁਰਾਂ ਤੇ ਏਨਾ ਅਸਰ ਹੈ ਕਿ ਉਹ ਕਹਿੰਦੇ ਹਨ, ਮਿੱਤਰਤਾ

ਤੋਂ ਬਿਨਾਂ ਨਿਸਤਾਰਾ ਹੀ ਨਹੀਂ, ਮਨ ਨੂੰ ਵੀ ਮਿੱਤਰ ਹੀ ਬਣਾਉਂਦੇ ਹਨ :

*ਮਨ ਪਿਆਰਿਆ ਜੀਉ ਮਿਤ੍ਰਾ ਕਰਿ ਸੰਤਾ ਸੰਗਿ ਨਿਵਾਸੋ॥*

—ਸ੍ਰੀ ਰਾਗ ਛੰਤ, ਪੰਨਾ ੭੯

ਪ੍ਰਮਾਤਮਾ ਨੂੰ ਵੀ ਮਿੱਤਰ ਹੀ :

*ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ॥*

ਜੀਵਨ ਵਿਚ ਧਰਮ ਕਲਾ ਨਾ ਆਈ ਤਾਂ ਮਨੁੱਖ ਮਿੱਤਰਤਾ ਵਾਸਤੇ ਸੱਜਣਤਾਈ ਵਾਸਤੇ ਭਟਕੇਗਾ, ਦੁਖੀ ਹੋਵੇਗਾ ਪਰ ਸੱਜਣ ਮਿਲੇਗਾ ਕੋਈ ਨਹੀਂ। ਜੀਵਨ ਵਿਚ ਧਰਮ ਕਲਾ ਆ ਜਾਵੇ ਤਾਂ ਫਿਰ ਪ੍ਰਮਾਤਮਾ ਨੂੰ ਮਿੱਤਰ ਬਣਾਵੇਗਾ, ਉਸ ਦੇ ਬੰਦਿਆਂ ਨੂੰ ਮਿੱਤਰ ਬਣਾਵੇਗਾ, ਉਹ ਸੱਜਣ ਕਦੀ ਵਿਛੜੇਗਾ ਨਹੀਂ। ਇਸ ਦੀ ਸ਼ੋਭਾ ਹੈ ਹੀ ਉਸ ਦੇ ਪਾਸ ਬੈਠਿਆਂ :

*ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ॥*
*ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾ ਦਾ ਵੇਸਾਹੁ॥*

—ਸਲੋਕ ਮ: ੫, ਪੰਨਾ ੧੪੨੬

✿ ✿ ✿

## ੨੦

# ਜਾਗਰਣ ਤੇ ਧਰਮ ਕਲਾ

ਅਧਿਆਤਮਕ ਦੁਨੀਆ ਵਿਚ ਅੰਮ੍ਰਿਤ ਵੇਲੇ ਜਾਗਣ ਦੀ ਬੜੀ ਮਹਾਨਤਾ ਹੈ ਤੇ ਅੰਮ੍ਰਿਤ ਵੇਲਾ ਕਿਹੜਾ ਹੈ ? ਰਾਤ ਦਾ ਚਉਥਾ ਪਹਿਰ। ਜਿਵੇਂ ਕਿ ਧੁਰ ਕੀ ਬਾਣੀ ਵਿਚ ਫ਼ਰਮਾਨ ਹੈ :

*ਚਉਥੈ ਪਹਿਰ ਸਬਾਹ ਕੈ ਸੁਰਤਿਆ ਉਪਜਿਆ ਚਾਉ॥*

ਛੇ ਵਜੇ ਤੋਂ ਨੌਂ ਵਜੇ ਤਕ ਪਹਿਲਾ ਪਹਿਰ ਹੈ, ਨੌਂ ਵਜੇ ਤੋਂ ਬਾਰਾਂ ਵਜੇ ਤਕ ਦੂਜਾ ਪਹਿਰ ਹੈ, ਬਾਰਾਂ ਵਜੇ ਤੋਂ ਤਿੰਨ ਵਜੇ ਤਕ ਤੀਜਾ ਪਹਿਰ ਹੈ ਅਤੇ ਤਿੰਨ ਵਜੇ ਤੋਂ ਛੇ ਵਜੇ ਤੱਕ ਚੌਥਾ ਪਹਿਰ ਹੈ।

ਹਰ ਮਨੁੱਖ ਦੀ ਖ਼ੁਰਾਕ ਵੀ ਇਕੋ ਜਿਹੀ ਨਹੀਂ। ਹਰ ਮਨੁੱਖ ਦੀ ਨੀਂਦ ਵੀ ਇਕੋ ਜਿਹੀ ਨਹੀਂ, ਬੱਚਿਆਂ ਦੀ ਨੀਂਦ ਬਹੁਤ ਜ਼ਿਆਦਾ ਹੈ। ਜੰਮਦਾ ਬੱਚਾ ਦਿਨ ਰਾਤ ਹੀ ਸੁੱਤਾ ਰਹਿੰਦਾ ਹੈ ਪਰ ਜਿਉਂ-ਜਿਉਂ ਉਮਰਾ ਵੱਡੀ ਹੁੰਦੀ ਹੈ ਨੀਂਦਰ ਘਟਦੀ ਜਾਂਦੀ ਹੈ। ਜਵਾਨੀ ਵਿਚ ਹੋਰ ਘਟ ਜਾਂਦੀ ਹੈ, ਬਜ਼ੁਰਗੀ ਵਿਚ ਨੀਂਦ ਬਹੁਤ ਹੀ ਘੱਟ ਹੋ ਜਾਂਦੀ ਹੈ। ਬਜ਼ੁਰਗੀ ਵਿਚ ਕਈ ਫ਼ਿਕਰ ਚਿੰਤਾ ਹੋਣ ਕਰਕੇ ਮਨ ਵਿਚ ਕੋਈ ਖ਼ਾਸ ਸਮੱਸਿਆ ਹੋਵੇ ਤਾਂ ਨੀਂਦ ਬਿਲਕੁਲ ਹੀ ਨਹੀਂ ਆਉਂਦੀ। ਨੀਂਦ ਸਰੀਰ ਲਈ ਉੱਨੀ ਹੀ ਜ਼ਰੂਰੀ ਹੈ ਜਿੰਨੀ ਕਿ ਸਰੀਰ ਲਈ ਖ਼ੁਰਾਕ ਜ਼ਰੂਰੀ ਹੈ। ਨੀਂਦ ਉਹ ਖ਼ੁਰਾਕ ਹੈ ਜਿਸ ਨੇ ਸਰੀਰ ਨੂੰ ਭਲਕ ਲਈ ਤਿਆਰ ਕਰਨਾ ਹੈ ਕਿ ਇਹ ਕੰਮ ਕਾਰ ਕਰ ਸਕੇ। ਰੋਗੀ ਦੇ ਰੋਗ ਨਾਲੋਂ ਵੀ ਵੱਡਾ ਫ਼ਿਕਰ ਇਹ ਹੁੰਦਾ ਹੈ ਕਿ ਇਹ ਸੁੱਤਾ ਹੈ ਕਿ ਨਹੀਂ। ਪਰ ਜਿਵੇਂ ਲੋੜ ਤੋਂ ਵੱਧ ਖਾਣਾ ਵੀ ਜ਼ਹਿਰ ਹੈ, ਬਿਮਾਰੀ ਹੈ, ਏਸੇ ਤਰ੍ਹਾਂ ਲੋੜ ਤੋਂ ਵੱਧ ਸੌਣ ਨਾਲ ਵੀ ਨੁਕਸਾਨ ਹੁੰਦਾ ਹੈ। ਅੰਮ੍ਰਿਤ ਵੇਲੇ ਦਾ ਜਾਗਣਾ ਅੰਮ੍ਰਿਤ ਹੈ, ਅੰਮ੍ਰਿਤ ਵੇਲੇ ਦਾ ਸੌਣਾ ਜ਼ਹਿਰ ਹੈ। ਕੁਝ ਸਿਆਣਿਆਂ ਅੰਮ੍ਰਿਤ ਵੇਲਾ ਵੀ ਤਿੰਨ ਪ੍ਰਕਾਰ ਦਾ ਦੱਸਿਆ ਹੈ, ਜਿਵੇਂ ਕਿ ਜਦੋਂ ਸਤਸੰਗ ਮਿਲ ਜਾਏ ਉਹ ਅੰਮ੍ਰਿਤ ਵੇਲਾ ਹੈ। ਦੂਸਰਾ ਜਦੋਂ ਇਕਾਗਰ ਹੋ ਕੇ ਸੁਰਤ ਪ੍ਰਮਾਤਮਾ ਨਾਲ ਜੁੜ ਜਾਏ ਉਹ ਵੀ ਅੰਮ੍ਰਿਤ ਵੇਲਾ ਹੈ। ਪਰ ਪਿਛਲੀ ਰਾਤ ਤਿੰਨ ਵਜੇ ਤੋਂ ਛੇ ਵਜੇ ਤਕ ਦੇ ਸਮੇਂ ਦਾ ਨਾਂ ਹੀ ਅੰਮ੍ਰਿਤ ਵੇਲਾ ਹੈ, ਇਸ ਵੇਲੇ ਦਾ ਜਾਗਣਾ ਭਾਗਾਂ ਨਾਲ ਨਸੀਬ ਹੁੰਦਾ ਹੈ।

ਭਾਈ ਨੰਦ ਲਾਲ ਜੀ ਲਿਖਦੇ ਹਨ ਕਿ ਰੱਬੀ ਖੋਜੀ ਸਮਝਦੇ ਹਨ ਕਿ ਸਵੇਰੇ

ਜਾਗਣਾ ਹੀ ਸਾਡੀ ਜ਼ਿੰਦਗੀ ਹੈ, ਇਸੇ ਲਈ ਮੈਂ ਅੱਗੇ ਤੋਂ ਅੰਮ੍ਰਿਤ ਵੇਲੇ ਦਾ ਸੌਣਾ ਹਰਾਮ ਕਰ ਦਿੱਤਾ ਹੈ।

*ਬੇਦਾਰੀ ਅਸਤ ਜ਼ਿੰਦਗੀ-ਏ ਆਰਫ਼ਾਨੇ ਸ਼ੌਕ*
*ਗੋਇਆ ਹਰਾਮ ਕਰਦਮ ਅਜ਼ ਆਇੰਦਾ ਖ਼ਾਬੇ ਸੁਬਹੋ॥*

ਇਹ ਇੰਨਾ ਪਿਆਰਾ ਸਮਾਂ ਹੈ ਕਿ ਬਹੁਤਾ ਯਤਨ ਕਰਨ ਤੋਂ ਬਿਨਾਂ ਹੀ ਸੁਭਾਵਕ ਹੀ ਬੰਦਾ ਰੱਬ ਦੀ ਯਾਦ ਵਿਚ ਜੁੜ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਜਿਵੇਂ ਕੋਈ ਮਹਿਮਾਨ ਘਰ ਵਿਚ ਆਵੇ ਤੇ ਪਹਿਲਾਂ ਉਸ ਦੇ ਸਾਹਮਣੇ ਕੁਝ ਰੱਖਦੇ ਹਾਂ ਫਿਰ ਹੱਥ ਜੋੜ ਕੇ ਮਿੱਠੀ ਜ਼ਬਾਨ ਨਾਲ ਕਹਿੰਦੇ ਹਾਂ ਕਿ ਤੁਸੀਂ ਬੜੇ ਮਹਾਨ ਹੋ, ਅੱਜ ਤਾਂ ਕੀੜੀ ਦੇ ਘਰ ਨਰਾਇਣ ਆਏ ਹਨ, ਧੰਨ ਭਾਗ ਹਨ ਤੁਸੀਂ ਇਸ ਗ਼ਰੀਬਖ਼ਾਨੇ ਚਰਨ ਪਾਏ ਹਨ, ਇਹ ਜੋ ਰੁੱਖਾ ਮਿੱਸਾ ਤੁਹਾਡਾ ਹੀ ਬਖ਼ਸ਼ਿਆ ਹੈ ਪ੍ਰਵਾਨ ਕਰ ਲੈਣਾ। ਇਸੇ ਤਰ੍ਹਾਂ ਅੰਮ੍ਰਿਤ ਵੇਲਾ ਉਸਦੀ ਭੇਟ ਕਰਨਾ ਹੈ ਅਤੇ ਮੂੰਹ ਤੋਂ ਉਹ ਵਿਚਾਰ ਕਰਨੇ ਹਨ ਜੋ ਉਸ ਦੀਆਂ ਵਡਿਆਈਆਂ ਨਾਲ ਭਰਪੂਰ ਹਨ ਫਿਰ ਉਸ ਦੇ ਦਰਬਾਰ ਦੇ ਦਰਸ਼ਨ ਹੋਣਗੇ :

*ਅੰਮ੍ਰਿਤ ਵੇਲਾ ਸਚ ਨਾਉ ਵਡਿਆਈ ਵੀਚਾਰ॥*

—ਜਪੁ, ਪੰਨਾ ੧

ਮਨੁੱਖ ਦੀ ਹਮੇਸ਼ਾ ਇਹ ਕਮਜ਼ੋਰੀ ਰਹੀ ਹੈ ਕਿ ਇਹ ਜੋ ਵੀ ਕਰਦਾ ਹੈ, ਮੰਦੇ ਨਾਲ ਦੂਸਰੇ ਦਾ ਨਾਂ ਤੇ ਚੰਗੇ ਨਾਲ ਆਪਣਾ ਨਾਮ ਜੋੜ ਦਿੰਦਾ ਹੈ। ਬੁਰੇ ਕੰਮ ਨਾਲ ਆਪਣੀ ਮਜਬੂਰੀ ਅਤੇ ਭਲੇ ਕੰਮ ਨਾਲ ਆਪਣੀ ਹਉਮੈ ਜੋੜ ਦਿੰਦਾ ਹੈ ਅਤੇ ਕਰਤਾਰ ਦਾ ਇਹ ਅਟੱਲ ਨਿਯਮ ਹੈ ਕਿ ਜਿਹੜੇ ਕੰਮ ਨਾਲ ਇਹ ਆਪਣੀ ਹਉਮੈ ਜੋੜ ਦੇਵੇ ਉਹ ਕੰਮ ਅੰਮ੍ਰਿਤ ਵਰਗਾ ਹੋਵੇ ਤਾਂ ਵੀ ਜ਼ਹਿਰ ਬਣ ਜਾਂਦਾ ਹੈ। ਅੰਮ੍ਰਿਤ ਵੇਲੇ ਜਾਗਣਾ ਅੰਮ੍ਰਿਤ ਸੀ ਪਰ ਕਈਆਂ ਨੇ ਅੰਮ੍ਰਿਤ ਵੇਲੇ ਜਾਗਣ ਨਾਲ ਆਪਣੀ ਹਉਮੈ ਜੋੜ ਕੇ ਅੰਮ੍ਰਿਤ ਵੇਲੇ ਦਾ ਜਾਗਣਾ ਵੀ ਹਉਮੈ ਦੀ ਖ਼ੁਰਾਕ ਬਣਾ ਲਈ, ਸਤਿਗੁਰਾਂ ਨੂੰ ਏਸੇ ਲਈ ਕਹਿਣਾ ਪਿਆ ਕਿ :

*ਜਾਗਨਾ ਜਾਗਨ ਨੀਕਾ ਹਰਿ ਕੀਰਤਨ ਮਹਿ ਜਾਗਨਾ॥*

ਜਾਗਣ ਦੀ ਵੀ ਦੌੜ ਲੱਗ ਗਈ। ਹੰਕਾਰ ਸਿਰਫ਼ ਦੌੜਦਾ ਹੈ ਪੁਜਦਾ ਕਿਤੇ ਵੀ ਨਹੀਂ। ਕੁਝ ਨੇ ਦਿਆਂ ਸੋਚਿਆ ਤਿੰਨ ਵਜੇ ਤਾਂ ਸਾਰੇ ਹੀ ਜਾਗਦੇ ਹਨ, ਸਾਡੀ ਕੀ ਵਿਸ਼ੇਸ਼ਤਾ ਹੋਈ। ਉਨ੍ਹਾਂ ਕਿਹਾ, ਜ਼ਰਾ ਇਨ੍ਹਾਂ ਤੋਂ ਅੱਗੇ ਹੋਵੇ, ਦੋ ਵਜੇ ਜਾਗੋ। ਪਰ ਉਨ੍ਹਾਂ ਨਾਲੋਂ ਵੀ ਤੇਜ਼ ਦੌੜਣ ਵਾਲੇ ਸਨ ਉਨ੍ਹਾਂ ਕਿਹਾ, ਇਕ ਵਜੇ। ਪਰ ਉਨ੍ਹਾਂ ਨਾਲੋਂ ਵੀ ਅੱਗੇ ਜਾਣ ਵਾਲੇ ਸਨ ਜਿਨ੍ਹਾਂ ਕਿਹਾ, ਅਸੀਂ ਸਾਰੀ ਰਾਤ ਹੀ ਨਹੀਂ ਸੌਂਦੇ। ਫਿਰ ਜਾਗਣ ਦਾ ਫਲ, ਇਸ਼ਨਾਨ ਦਾ ਫਲ, ਲੋਭ ਦੇਣ ਵਾਲਿਆਂ ਵੀ ਕਮਾਲ ਕੀਤੀ ਹੈ। ਅੰਮ੍ਰਿਤ ਵੇਲੇ ਜਾਗਣ ਦਾ ਇਕ ਮਣ ਸੋਨਾ ਦਾਨ ਕਰਨ ਦਾ ਫਲ ਹੈ, 'ਇਸ਼ਨਾਨ ਕਰਨ ਦਾ ਕਿੰਨੇ ਮਣ ਸੋਨਾ ਦਾਨ ਕਰਨ ਦਾ ਫਲ ਹੈ। ਕਈ ਐਸੇ ਸੱਜਣ ਭਾਈ ਗੁਰਦਾਸ

ਜੀ ਦੀ ਇਕ ਪੰਗਤੀ ਪੜ੍ਹ ਲੈਂਦੇ :

*ਕਰਨ ਸੁ ਕੰਚਨ ਦਾਨ ਕਰਿ ਅੰਤ ਪਛੋਤਾਨਾ॥*

ਕਰਨ ਰਾਜੇ ਨੂੰ ਸੋਨਾ ਦਾਨ ਕਰਕੇ ਅੰਤ ਪਛਤਾਣਾ ਪਿਆ। ਸੋਨਾ ਦਾਨ ਕਰਨ ਦਾ ਕੋਈ ਫਲ ਨਹੀਂ, ਅੰਮ੍ਰਿਤ ਵੇਲੇ ਜਾਗ ਕੇ ਬਾਣੀ ਪੜ੍ਹਨ ਦਾ ਫਲ ਹੈ। ਬਾਣੀ ਪੜ੍ਹਨ ਦਾ ਫਲ ਕੋਈ ਬਾਣੀ ਤੋਂ ਵੀ ਅੱਗੇ ਹੋਣਾ ਚਾਹੀਦਾ ਹੈ ਨਾ ਕਿ ਸੋਨਾ ਹੋਣਾ ਚਾਹੀਦਾ ਹੈ। ਬਾਣੀ ਤੋਂ ਅੱਗੇ ਦਾ ਕੀ ਫਲ ਹੈ ? ਮੈਂ ਤਾਂ ਇਹ ਸਮਝਦਾ ਹਾਂ ਕਿ ਅੰਮ੍ਰਿਤ ਵੇਲੇ ਜਾਗ ਕੇ ਬਾਣੀ ਪੜ੍ਹ ਕੇ ਇਸ ਤੋਂ ਅੱਗੇ ਕੁਝ ਮਿਲਦਾ ਹੈ ਤਾਂ ਇਹ ਹੈ ਕਿ ਜਿਸ ਦੀ ਬਾਣੀ ਹੈ ਉਹ ਮਿਲਦਾ ਹੈ। ਬਾਣੀ ਨਿਰੰਕਾਰ ਦੀ ਹੈ, ਬਾਣੀ ਧੁਰ ਕੀ ਹੈ, ਬਾਣੀ ਪ੍ਰਮਾਤਮਾ ਦੀ ਹੈ, ਬਾਣੀ ਪੜ੍ਹਨ ਨਾਲ ਬੰਦਾ ਸੋਨੇ ਤਕ ਆ ਗਿਆ ਤਾਂ ਬਹੁਤ ਪਿੱਛੇ ਆ ਗਿਆ। ਬਾਣੀ ਪੜ੍ਹਨ ਨਾਲ ਬਾਣੀ ਵਾਲਾ ਮਿਲਦਾ ਹੈ, ਕਈ ਬੰਦੇ ਇਸ ਲਾਲਚ ਨਾਲ ਅੰਮ੍ਰਿਤ ਵੇਲੇ ਜਾਗੇ ਤਾਂ ਸਹੀ ਪਰ ਅੰਮ੍ਰਿਤ ਸਰੂਪ ਪ੍ਰਭੂ ਨੂੰ ਯਾਦ ਕਰਨ ਦੀ ਬਜਾਏ ਹਉਕੇ ਹੀ ਭਰਦੇ ਰਹੇ। ਜਾਗਣ ਸੌਣ ਦੇ ਵੀ ਬੜੇ ਪ੍ਰਕਾਰ ਹਨ, ਕਈਆਂ ਦਾ ਜਾਗਣਾ ਵੀ ਠੀਕ ਨਹੀਂ, ਕਈਆਂ ਦਾ ਸੌਣਾ ਵੀ ਉਤਮ ਹੈ।

ਕਬੀਰ ਜੀ ਨੇ ਜਾਗਣ ਦਾ ਸਹੀ ਅਰਥ ਸਮਝਾਉਂਦਿਆਂ ਇਹ ਬਚਨ ਕੀਤਾ ਸੀ :

*ਜਾਗਤ ਸੋਵਤ ਬਹੁ ਪ੍ਰਕਾਰ॥ ਗੁਰਮੁਖਿ ਜਾਗੈ ਸੋਈ ਸਾਰੁ॥*

—ਬਸੰਤ ਕਬੀਰ ਜੀ, ਪੰਨਾ ੧੧੯੪

ਜਾਗਣਾ ਹੈ ਕੀ ? ਜਿਸ ਪ੍ਰਭੂ ਨਾਲੋਂ ਤੂੰ ਟੁੱਟਾ ਹੋਇਆ ਹੈਂ ਉਸ ਪ੍ਰਮਾਤਮਾ ਨਾਲ ਜੁੜ ਜਾ, ਇਹ ਜਾਗਣ ਦਾ ਮਕਸਦ ਹੈ।

*ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ॥*
*ਜਾ ਕੇ ਸੰਗ ਤੇ ਬੀਛਰਾ ਤਾਹੀ ਕੇ ਸੰਗ ਲਾਗੁ॥*

ਇਹ ਸੱਚ ਹੈ ਕਿ ਕਈਆਂ ਦੇ ਜਾਗਣ ਬਾਅਦ ਸਿਰਫ ਅੱਖਾਂ ਹੀ ਸੁੱਜੀਆਂ ਹੁੰਦੀਆਂ ਹਨ ਹੋਰ ਕੁਝ ਵੀ ਨਹੀਂ। ਮੈਂ ਸੁਣਿਆ ਹੈ ਕਿ ਜਿਵੇਂ ਸੰਸਾਰ ਵਿਚ ਮੁਕਾਬਲੇ ਹੁੰਦੇ ਹਨ, ਖਿਡਾਰੀਆਂ ਨੂੰ ਇਨਾਮ ਵੰਡੇ ਜਾ ਰਹੇ ਹਨ। ਕਿਸੇ ਨੂੰ ਪਹਿਲਾ ਨੰਬਰ, ਕਿਸੇ ਨੂੰ ਦੂਜਾ, ਕਿਸੇ ਨੂੰ ਤੀਜਾ, ਪਾਣੀ ਵਿਚ ਤਰ ਕੇ ਅੱਗੇ ਕੌਣ ਲੰਘ ਗਿਆ ਹੈ, ਉੱਚੀ ਛਾਲ ਕਿਸ ਨੇ ਮਾਰੀ ਹੈ, ਭਾਰ ਜ਼ਿਆਦਾ ਕਿਸ ਨੇ ਚੁਕਿਆ ਹੈ।

ਇਕ ਦਿਨ ਜ਼ਿਆਦਾ ਚਿਰ ਜਾਗਣ ਵਾਲਿਆਂ ਦਾ ਮੁਕਾਬਲਾ ਹੋ ਗਿਆ ਕਿ ਸਭ ਤੋਂ ਵਧੀਕ ਕੌਣ ਜਾਗਿਆ ਹੈ, ਸਭ ਤੋਂ ਘੱਟ ਕੌਣ ਸੁੱਤਾ ਹੈ। ਰੱਬ ਦੀ ਦਰਗਾਹ ਵਿਚ ਫ਼ੈਸਲਾ ਹੋਣਾ ਸੀ ਕਿ ਕਿਹੜੇ ਬਹੁਤ ਜਾਗੇ ਸਨ। ਅਨੇਕਾਂ ਬੰਦਿਆਂ ਦੇ ਮਨ ਵਿਚ ਹੰਕਾਰ ਸੀ ਕਿ ਅਸੀਂ ਸਾਰੀ ਸਾਰੀ ਰਾਤ ਜਾਗਦੇ ਰਹੇ ਹਾਂ ਤੇ ਤੇਰਾ ਨਾਮ ਪੁਕਾਰਦੇ ਰਹੇ ਹਾਂ। ਪਰ ਕਮਾਲ ਦੀ ਗੱਲ ਇਹ ਹੈ ਕਿ ਪ੍ਰਮਾਤਮਾ ਜਦੋਂ ਇਨਾਮ ਵੰਡਣ ਲੱਗਾ ਤਾਂ ਪਹਿਲਾ ਇਨਾਮ ਕਿਸੇ ਸਾਧੂ ਸੰਤ ਨੂੰ ਨਹੀਂ ਮਿਲਿਆ। ਪਹਿਲਾ ਇਨਾਮ ਇਕ

ਰੋਗੀ ਨੂੰ ਮਿਲ ਗਿਆ ਤੇ ਪ੍ਰਮਾਤਮਾ ਨੇ ਸਾਰਿਆਂ ਨੂੰ ਮੁਖ਼ਾਤਬ ਕਰ ਕੇ ਕਿਹਾ, ਤੁਸੀਂ ਜਾਗਣ ਦਾ ਤੇ ਪੁਕਾਰਨ ਦਾ ਮਾਨ ਲੈ ਕੇ ਆਏ ਹੋ, ਤੁਸੀਂ ਤਾਂ ਫਿਰ ਵੀ ਸੌਂ ਜਾਂਦੇ ਸੀ, ਪੁਕਾਰਦੇ ਸੀ ਪਰ ਇਸ ਰੋਗੀ ਦਾ ਕੋਈ ਮੁਕਾਬਲਾ ਨਹੀਂ। ਇਹ ਰੋਗ ਨਾਲ ਇੰਨਾ ਦੁਖੀ ਸੀ ਕਿ ਇਸ ਨੇ ਕਦੀ ਅੱਖ ਨਹੀਂ ਲਾਈ ਫਿਰ ਤਕਲੀਫ਼ ਨਾਲ ਇਹ ਉੱਚੀ ਉੱਚੀ ਕਹਿੰਦਾ ਸੀ ਹਾਏ ਰੱਬਾ! ਹਾਏ ਰੱਬਾ!! ਜੇ ਤਾਂ ਸਿਰਫ਼ ਜਾਗਣ ਤੇ ਪੁਕਾਰਨ ਦੀ ਗੱਲ ਹੈ ਤਾਂ ਫਿਰ ਤਾਂ ਇਸ ਦਾ ਮੁਕਾਬਲਾ ਕੋਈ ਨਹੀਂ ਅਤੇ ਜਾਗਣ ਵਿਚ ਤਾਂ ਚੋਰ ਨੇ ਕਾਫ਼ੀ ਹਿੱਸਾ ਪਾਇਆ ਹੈ, ਸਾਰੀ-ਸਾਰੀ ਰਾਤ ਜਾਗਦਾ ਰਿਹਾ ਹੈ। ਰਾਤ ਜਾਗਣ ਦੀ ਹੀ ਗੱਲ ਹੈ ਤਾਂ ਰਾਤ ਨੂੰ ਚੱਲਣ ਵਾਲੀਆਂ ਬੱਸਾਂ ਦੇ ਡਰਾਈਵਰ ਸਾਰੀ-ਸਾਰੀ ਰਾਤ ਜਾਗਦੇ ਹਨ। ਜਿਨ੍ਹਾਂ ਫੈਕਟਰੀਆਂ ਵਿਚ ਰਾਤ ਨੂੰ ਕੰਮ ਹੁੰਦਾ ਹੈ ਉਥੇ ਕੰਮ ਕਰਨ ਵਾਲੇ ਕਾਮੇ ਸਾਰੀ-ਸਾਰੀ ਰਾਤ ਜਾਗਦੇ ਹਨ। ਅਨੇਕਾਂ ਬੰਦੇ ਐਸੇ ਹਨ ਜੋ ਦਿਨੇ ਸੌਂਦੇ ਹਨ ਤੇ ਰਾਤ ਨੂੰ ਜਾਗਦੇ ਹਨ, ਪਹਿਰੇਦਾਰ ਸਾਰੀ ਰਾਤ ਹੀ ਜਾਗਦਾ ਰਹਿੰਦਾ ਹੈ। ਜਾਗਣੇ ਨੂੰ ਤਾਂ ਅੱਧੀ ਦੁਨੀਆ ਕੰਮ ਧੰਦੇ ਲਈ ਸਾਰੀ ਰਾਤ ਹੀ ਜਾਗਦੀ ਹੈ ਇਸ ਤਰ੍ਹਾਂ ਜਾਗਣ ਦੀ ਕੀਮਤ ਦੇ ਕੇ ਕੋਈ ਆਖੇ, ਮੈਂ ਪ੍ਰਮਾਤਮਾ ਨੂੰ ਖ਼ਰੀਦ ਲਵਾਂ ਤਾਂ ਇਹ ਉਸ ਦੀ ਭੁੱਲ ਹੋਵੇਗੀ।

ਅਸਲ ਵਿਚ ਜੋ ਅਸੀਂ ਅੰਮ੍ਰਿਤ ਵੇਲੇ ਵੀ ਜਾਗਣਾ ਹੈ, ਉਹ ਸਰੀਰ ਕਰਕੇ ਹੀ ਨਹੀਂ ਜਾਗਣਾ, ਉਸ ਵੇਲੇ ਵੀ ਇਕ ਹੋਰ ਕੰਮ ਕਰਨਾ ਹੈ। ਕਿਸੇ ਵਿਰਲੇ ਭਾਗਾਂ ਵਾਲੇ ਦਾ ਹੀ ਉਸ ਪਾਸੇ ਧਿਆਨ ਜਾਂਦਾ ਹੈ ਨਹੀਂ ਤਾਂ ਅਨੇਕਾਂ ਬੰਦੇ ਅੰਮ੍ਰਿਤ ਵੇਲੇ ਜਾਗ ਕੇ ਵੀ ਅੰਮ੍ਰਿਤ ਪ੍ਰਾਪਤ ਨਹੀਂ ਕਰ ਸਕਦੇ। ਅੰਮ੍ਰਿਤ ਵੇਲੇ ਜਾਗ ਕੇ ਉਹ ਕਿਹੜਾ ਖ਼ਾਸ ਕੰਮ ਹੈ ਜੋ ਕਰਨਾ ਹੈ, ਜਿਸ ਨਾਲ ਅੰਮ੍ਰਿਤ ਵੇਲੇ ਜਾਗਿਆ ਥਾਇ ਪੈ ਜਾਵੇ? ਅੰਮ੍ਰਿਤ ਵੇਲੇ ਜਾਗ ਕੇ ਅਸੀਂ ਅੰਦਰਲੇ ਨੂੰ ਜਗਾਉਣਾ ਹੈ, ਜੋ ਜਨਮਾਂ-ਜਨਮਾਂ ਦਾ ਸੁੱਤਾ ਹੋਇਆ ਹੈ, ਉਸ ਕੁੰਭਕਰਨ ਦੀ ਨੀਂਦਰ ਸੁੱਤੇ ਨੂੰ ਅੰਮ੍ਰਿਤ ਵੇਲੇ ਆਵਾਜ਼ਾਂ ਮਾਰਨੀਆਂ ਹਨ ਅਤੇ ਪੁਕਾਰ-ਪੁਕਾਰ ਕੇ ਕਹਿਣਾ ਹੈ ਕਿ :

*ਜਾਗਿ ਲੇਹੁ ਰੇ ਮਨਾ ਜਾਗਿ ਲੇਹੁ ਕਹਾਂ ਗਾਫ਼ਲ ਸੋਇਆ ॥*
*ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗ ਨਾ ਹੋਇਆ ॥*

—ਤਿਲੰਗ ਮਹਲਾ ੯, ਪੰਨਾ ੭੨੬

ਅੰਮ੍ਰਿਤ ਵੇਲੇ ਜਾਗ ਕੇ ਮਨ ਨੂੰ ਜਗਾਉਣ ਲਈ ਕਹਿਣਾ ਹੈ :

*ਕਿਆ ਸੋਵਹਿ ਨਾਮੁ ਵਿਸਾਰਿ ਗਾਫਲ ਗਹਿਲਿਆ ॥*
*ਕਿਤੀ ਇਤੁ ਦਰੀਆਇ ਵੰਞਨਿ ਵਹਦਿਆ ॥*
*ਬੋਹਿਥੜਾ ਹਰਿ ਚਰਣ ਮਨ ਚੜਿ ਲੰਘੀਐ ॥*
*ਆਠ ਪਹਰ ਗੁਣ ਗਾਇ ਸਾਧੂ ਸੰਗੀਐ ॥*

—ਆਸਾ ਮ: /੫, ਪੰਨਾ ੩੯੮

ਅੰਮ੍ਰਿਤ ਵੇਲੇ ਮਨ ਨੂੰ ਕਹਿਣਾ ਹੈ :

*ਜਾਗੁ ਰੇ ਮਨ ਜਾਗਨਹਾਰੇ॥*
*ਬਿਨੁ ਹਰਿ ਅਵਰੁ ਨ ਆਵਸਿ ਕਾਮਾ॥*
*ਝੂਠਾ ਮੋਹੁ ਮਿਥਿਆ ਪਸਾਰੇ॥*

—ਆਸਾ ਮ: ੫, ਪੰਨਾ ੩੮੭

ਸੰਤ ਜਨ ਜੋ ਜਾਗਦੇ ਹਨ, ਉਹ ਜਾਗਣਾ ਕੀ ਹੈ ? ਉਸ ਬਾਰੇ ਤਾਂ ਲਿਖਿਆ ਹੈ ਕਿ ਸੰਤ ਜਨ ਸਦਾ ਹੀ ਜਾਗਦੇ ਹਨ। ਉਹ ਜਾਗਣਾ ਸਰੀਰ ਦਾ ਨਹੀਂ, ਸਰੀਰ ਨੂੰ ਚੌਵੀ ਘੰਟਿਆਂ ਵਿਚ ਛੇ ਘੰਟੇ ਨੀਂਦ ਲਾਜ਼ਮੀ ਹੈ, ਨਹੀਂ ਤਾਂ ਸਰੀਰਕ ਤੇ ਦਿਮਾਗ਼ੀ ਸੰਤੁਲਨ ਠੀਕ ਰਹਿਣਾ ਮੁਸ਼ਕਿਲ ਹੈ।

ਸੰਤ ਜਨ ਸਦਾ ਹੀ ਜਾਗਦੇ ਹਨ :

*ਭਿੰਨੀ ਰੈਨੜੀਏ ਚਾਮਕਨਿ ਤਾਰੇ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥*

—ਆਸਾ ਮ: ੫, ਛੰਤ ਪੰਨਾ ੪੫੯

ਜਿਸ ਸੌਣ ਤੋਂ ਧਰਮ ਕਲਾ ਵਰਜਦੀ ਹੈ, ਉਹ ਸੌਣਾ ਕੀ ਹੈ ? ਉਹ ਸੌਣਾ ਹੰਕਾਰ ਦਾ ਸੌਣਾ ਹੈ :

*ਜੋਗੀ ਗ੍ਰਿਹੀ ਪੰਡਿਤ ਭੇਖਧਾਰੀ॥ ਏ ਸੂਤੇ ਆਪਣੈ ਅਹੰਕਾਰੀ॥*
*ਮਾਇਆ ਮਦਿ ਮਾਤਾ ਰਹਿਆ ਸੋਇ॥ ਜਾਗਤ ਰਹੈ ਨਾ ਮੂਸੈ ਕੋਇ॥*
*ਸੋ ਜਾਗੈ ਜਿਸੁ ਸਤਿਗੁਰੁ ਮਿਲੈ॥ ਪੰਚ ਦੂਤ ਓਹੁ ਵਸਗਤਿ ਕਰੈ॥*
*ਸੋ ਜਾਗੈ ਜੋ ਤਤੁ ਬੀਚਾਰੈ॥ ਆਪਿ ਮਰੈ ਅਵਰਾ ਨਾ ਮਾਰੈ॥*
*ਸੋ ਜਾਗੈ ਜੋ ਏਕੋ ਜਾਣੈ॥ ਪਰਕਿਰਤਿ ਛੋਡੈ ਤਤੁ ਪਛਾਣੈ॥*
*ਚਹੁ ਵਰਨਾ ਵਿਚਿ ਜਾਗੈ ਕੋਇ॥ ਜਮੈ ਕਾਲੈ ਤੇ ਛੂਟੈ ਸੋਇ॥*
*ਕਹਤ ਨਾਨਕ ਜਨੁ ਜਾਗੈ ਸੋਇ॥ ਗਿਆਨ ਅੰਜਨੁ ਜਾਕੀ ਨੇਤ੍ਰੀ ਹੋਇ॥*

—ਭੈਰਉ ਮ: ੩, ਪੰਨਾ ੧੧੨੮

ਇਸ ਸ਼ਬਦ ਵਿਚ ਸਪੱਸ਼ਟ ਹੋ ਗਿਆ ਹੈ ਕਿ ਗਿਆਨ ਦਾ ਅੰਜਨ ਸੁਰਤ ਦੇ ਨੇਤ੍ਰਾਂ ਵਿਚ ਹੈ ਤਾਂ ਮਨੁੱਖ ਜਾਗ ਰਿਹਾ ਹੈ। ਅਗਿਆਨਤਾ ਦੀ ਨੀਂਦ ਵਿਚ ਮਨ ਸੁੱਤਾ ਹੈ ਤਾਂ ਬੰਦਾ ਸਰੀਰਕ ਤੌਰ 'ਤੇ ਜਾਗ ਕੇ ਵੀ ਸੁੱਤਾ ਹੋਇਆ ਹੈ। ਸਤਿਗੁਰੂ ਦੀ ਮਤਿ ਨਾਲ ਜਦੋਂ ਮਨ ਨਿਰਮਲ ਹੁੰਦਾ ਹੈ, ਆਤਮਾ ਨੂੰ ਪੱਕਾ ਰੰਗ ਚੜ੍ਹ ਜਾਂਦਾ ਹੈ ਤਾਂ ਮਨ ਜਾਗਦਾ ਹੈ, ਹਿਰਦਾ ਕੇਵਲ ਖਿੜ ਜਾਂਦਾ ਹੈ। ਨਿਰਭੈ ਪ੍ਰਮਾਤਮਾ ਹਿਰਦੇ ਵਿਚੋਂ ਹੀ ਲੱਭ ਪੈਂਦਾ ਹੈ, ਇਹ ਰੰਗ ਲੱਗਦਾ ਹੈ ਸਤ ਸੰਗਤ ਵਿਚੋਂ :

*ਸਤਿਗੁਰ ਮਤਿ ਗੂੜ੍ਹ ਬਿਮਲ ਸਤਸੰਗਤਿ। ਆਤਮ ਰੰਗ ਚਲੂਲੁ ਭਯਾ॥*
*ਜਾਗ੍ਯਾ ਮਨੁ ਕਵਲ ਸਹਜ ਪਰਕਾਸ੍ਯਾ। ਅਭੈ ਨਿਰੰਜਨੁ ਘਰਹਿ ਲਹਾ॥*

—ਸਵਈਏ ਮ: ੪ ਕੇ, ਪੰਨਾ ੧੩੯੬

ਆਮ ਬੋਲ ਚਾਲ ਵਿਚ ਅਸੀਂ ਇਕ ਗੱਲ ਆਮ ਕਰਦੇ ਹਾਂ। ਜਦੋਂ ਕੋਈ ਬੰਦਾ ਧਿਆਨ ਨਾਲ ਗੱਲ ਨਾ ਸੁਣੇ ਜਾਂ ਉਸ ਨੂੰ ਕੋਈ ਕੰਮ ਕਿਹਾ ਹੋਵੇ, ਉਹ ਨਾ ਕਰੇ, ਉਸ ਦੇ ਜ਼ੁੰਮੇ ਕੋਈ ਫ਼ਰਜ਼ ਲਗਾਇਆ ਹੋਵੇ ਤੇ ਉਹ ਸਮਾਂ ਲੰਘ ਜਾਵੇ ਤਾਂ ਅਸੀਂ ਕਹਿੰਦੇ ਹਾਂ, ਤੂੰ ਸੁੱਤਾ ਸੈਂ ਹਾਲਾਂਕਿ ਉਹ ਬੰਦਾ ਜਾਗਦਾ ਸੀ, ਸੁੱਤਾ ਨਹੀਂ ਸੀ। ਫਿਰ ਅਸੀਂ ਉਸ ਨੂੰ ਕਿਉਂ ਕਹਿੰਦੇ ਹਾਂ, ਤੂੰ ਸੁੱਤਾ ਸੈਂ। ਅਸਲ ਵਿਚ ਸੁਰਤ ਦਾ ਸੌਂ ਜਾਣਾ ਹੀ ਸੌਣਾ ਹੈ।

ਜਦੋਂ ਬੰਦੇ ਦੇ ਅੰਦਰ ਖਾਹਿਸ਼ਾਂ ਵਾਸ਼ਨਾਵਾਂ ਦੇ ਬਹੁਤ ਸੁਪਨੇ ਹੋਣ ਤਾਂ ਬੰਦਾ ਅਸਲ ਕੰਮ ਵਲੋਂ ਸੁੱਤਾ ਹੀ ਰਹਿ ਜਾਂਦਾ ਹੈ, ਸੁਪਨੇ ਤਾਂ ਪੂਰੇ ਹੁੰਦੇ ਹੀ ਨਹੀਂ। ਅਸੀਂ ਸੰਸਾਰ ਦੇ ਏਨੇ ਸੁਪਨੇ ਲੈਂਦੇ ਹਾਂ ਕਿ ਜਿਸ ਕੰਮ ਲਈ ਸਾਨੂੰ ਪ੍ਰਮਾਤਮਾ ਨੇ ਇਥੇ ਭੇਜਿਆ ਹੈ, ਉਹ ਕੰਮ ਪਿਆ ਹੀ ਰਹਿ ਜਾਂਦਾ ਹੈ।

ਇਕ ਬੜੀ ਪਿਆਰੀ ਕਥਾ ਹੈ ਕਿ ਇਕ ਨੌਜਵਾਨ ਘਰ ਦੀਆਂ ਮਜਬੂਰੀਆਂ ਤੋਂ ਤੰਗ ਆ ਕੇ ਸਾਧੂਆਂ ਦੇ ਸਾਥ ਵਿਚ ਆ ਮਿਲਿਆ। ਮਨ ਦੀ ਕਾਮਨਾ ਤਾਂ ਸਾਧੂ ਬਣਨ ਦੀ ਹੈ ਨਹੀਂ ਸੀ, ਮਨ ਦੀ ਕਾਮਨਾ ਤਾਂ ਇਹ ਸੀ ਕਿ ਕ੍ਰਿਸਾਣੀ ਦਾ ਕੰਮ ਬੜਾ ਮੁਸ਼ਕਿਲ ਹੈ, ਚਾਹੀਦੀ ਰੋਟੀ ਹੈ, ਕਿਹੜਾ ਗਰਮੀ ਸਰਦੀ ਸਹਾਰ ਕੇ ਖੇਤਾਂ ਵਿਚ ਕੰਮ ਕਰੇ। ਸਾਧੂਆਂ ਦੇ ਸੰਗ ਵਿਚ ਬੜੇ ਅਰਾਮ ਨਾਲ ਦੋ ਵੇਲੇ ਲੰਗਰ ਮਿਲ ਜਾਂਦਾ ਸੀ। ਕਾਫ਼ੀ ਸਮਾਂ ਇੰਜ ਬਤੀਤ ਹੋ ਗਿਆ, ਘਰ ਦੀ ਯਾਦ ਆਈ, ਸਾਧੂਆਂ ਤੋਂ ਅੱਖ ਬਚਾ ਕੇ ਨਿਕਲ ਆਇਆ। ਬੜੀ ਦੇਰ ਹੋ ਚੁਕੀ ਸੀ। ਨਗਰ ਵਿਚ ਆਇਆ ਲੋਕਾਂ ਬੜਾ ਸਨਮਾਨ ਕੀਤਾ ਕਿ ਇਹ ਸੰਤ ਬਣ ਗਿਆ ਸੀ। ਨਗਰ ਨਿਵਾਸੀਆਂ ਨੇ ਕਿਹਾ, ਸੰਤ ਜੀ ਹੁਣ ਇਥੇ ਹੀ ਰਹੋ, ਅਸੀਂ ਤੁਹਾਡੀ ਪੂਜਾ ਕਰਾਂਗੇ, ਤੁਸੀਂ ਧੰਨ ਹੋ, ਦੁਨੀਆ ਦੀ ਮਮਤਾ ਤੋਂ ਤੁਸੀਂ ਪਿੱਛਾ ਛੁਡਾ ਲਿਆ ਹੈ, ਸਾਰੇ ਮੱਥੇ ਟੇਕਣ ਲੱਗੇ। ਹੁਣ ਤਾਂ ਇਹ ਫਸ ਗਿਆ, ਇਸ ਨੇ ਵੇਖਿਆ ਕਿ ਭਰਾਵਾਂ ਦੇ ਬੱਚੇ ਜੁਆਨ ਹੋ ਗਏ ਹਨ, ਬੜੇ ਸੁੰਦਰ ਪਰਿਵਾਰ ਹਨ। ਮਨ ਵਿਚ ਫੁਰਨਾ ਫੁਰਿਆ ਕਿ ਮੈਂ ਕੀ ਲਿਆ ਹੈ ਸਿਰ ਵਿਚ ਸਵਾਹ ਪਾ ਕੇ? ਜੇ ਘਰ ਵਿਚ ਰਹਿੰਦਾ ਤਾਂ ਅੱਜ ਮੇਰਾ ਵੀ ਪਰਿਵਾਰ ਹੁੰਦਾ। ਅੱਜ ਇਹ ਇਕ ਦਰੱਖਤ ਦੇ ਥੱਲੇ ਖੂਹ ਦੇ ਕਿਨਾਰੇ ਇਹੋ ਜਿਹੇ ਸੁਪਨੇ ਲੈ ਰਿਹਾ ਸੀ।

ਖ਼ਿਆਲਾਂ ਦੇ ਸੁਪਨਿਆਂ ਵਿਚ ਹੀ ਅੱਖ ਲੱਗ ਗਈ ਤੇ ਸੁਪਨੇ ਵਿਚ ਇਸ ਦੀ ਸ਼ਾਦੀ ਹੋ ਗਈ, ਪਤਨੀ ਬੜੀ ਸੁੰਦਰ ਸੀ। ਰੱਬ ਨੇ ਸੁਪਨੇ ਵਿਚ ਹੀ ਪੁੱਤਰ ਵੀ ਦੇ ਦਿੱਤਾ। ਪਤਨੀ ਨੇ ਕਿਹਾ, ਮੈਂ ਜ਼ਰਾ ਘਰ ਦਾ ਕੰਮ ਕਾਰ ਵੇਖ ਲਵਾਂ, ਤੁਸੀਂ ਕਾਕੇ ਨੂੰ ਨਾਲ ਪਾ ਲਓ। ਕਾਕੇ ਨੂੰ ਨਾਲ ਪਾਉਣ ਵਾਸਤੇ ਸੰਤਾਂ ਜ਼ਰਾ ਕੁ ਪਾਸਾ ਪਰਤਿਆ ਤਾਂ ਖੂਹ ਵਿਚ ਡਿੱਗ ਪਏ। ਆਲੇ-ਦੁਆਲੇ ਦੇ ਲੋਕ ਭੱਜੇ ਆਏ, ਇਕ ਸੰਤ ਦੂਸਰੇ ਰਿਸ਼ਤੇਦਾਰ। ਸਾਰੇ ਲੋਕਾਂ ਬੜੀ ਜਲਦੀ ਸੰਤਾਂ ਨੂੰ ਬਾਹਰ ਕੱਢਿਆ ਤੇ ਪਹਿਲਾਂ ਪੁੱਛਿਆ ਕਿ ਮਹਾਰਾਜ ਕੋਈ ਚੋਟ ਤਾਂ ਨਹੀਂ ਆਈ। ਫਿਰ ਬੇ-ਫ਼ਿਕਰ ਹੋ ਕੇ ਪੁਛਣ ਲੱਗੇ, ਮਹਾਰਾਜ ਦੱਸੋ ਕਿ ਤੁਸੀਂ ਖੂਹ ਵਿਚ ਕਿਵੇਂ ਡਿੱਗ ਪਏ ? ਵਿਚਾਰਾ ਕੀ ਦੱਸੇ। ਅਖ਼ੀਰ

ਕਹਿਣ ਲੱਗਾ ਕਿ ਕੀ ਦੱਸਾਂ, ਅਸਲ ਗੱਲ ਇਹ ਹੈ ਕਿ ਅਣਜੰਮੇ ਪਰਿਵਾਰ ਨੇ ਹੀ ਖੂਹ ਵਿਚ ਸੁੱਟ ਦਿੱਤਾ ਹੈ, ਕਾਕੇ ਨੂੰ ਨਾਲ ਪਾਉਣ ਲੱਗਾ ਹੀ ਮੈਂ ਖੂਹ ਵਿਚ ਡਿੱਗ ਪਿਆ ਹਾਂ। ਇਹ ਹੈ ਸੰਤ ਬੰਦੇ ਦੀ ਵਿਆਖਿਆ। ਲਗਭਗ ਹਰ ਮਨੁੱਖ ਹੀ ਅੱਗੇ ਦੇ ਸੁਪਨੇ ਲੈਂਦਾ ਹੈ ਅਤੇ ਖੂਹ ਵਿਚ ਤਾਂ ਇਕ ਸੰਤ ਡਿਗਿਆ ਸੀ।

ਜਿਸ ਖੂਹ ਦਾ ਭਗਤ ਰਵਿਦਾਸ ਜੀ ਜ਼ਿਕਰ ਕਰਦੇ ਹਨ, ਉਹ ਕਹਿੰਦੇ ਹਨ ਕਿ ਐਸੇ ਵਾਸ਼ਨਾ ਗ੍ਰਸਤ ਬੰਦਿਆਂ ਨਾਲ ਸਾਰਾ ਖੂਹ ਹੀ ਭਰਿਆ ਪਿਆ ਹੈ, ਜਿਵੇਂ ਡੱਡੂਆਂ ਨਾਲ ਖੂਹ ਭਰਿਆ ਹੁੰਦਾ ਹੈ ਇਸੇ ਤਰ੍ਹਾਂ ਹੀ ਹੁਣ ਤਾਂ ਬਾਹਰ ਨਿਕਲਣ ਦਾ ਵੀ ਕੋਈ ਰਾਹ ਨਹੀਂ ਲੱਭ ਰਿਹਾ ਕਿ ਇਥੇ ਆ ਤਾਂ ਪਏ ਹਾਂ ਪਰ ਇਸ ਖੂਹ ਵਿਚੋਂ ਬਾਹਰ ਕਿਵੇਂ ਨਿਕਲੀਏ।

ਭਗਤ ਰਵਿਦਾਸ ਜੀ ਫ਼ਰਮਾਉਂਦੇ ਹਨ :

*ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ।*
*ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾਪਾਰੁ ਨ ਸੂਝ॥*

—ਗਉੜੀ ਰਵਿਦਾਸ ਜੀ, ਪੰਨਾ ੩੪੬

ਜਨਕ ਰਾਜੇ ਬਾਰੇ ਇਕ ਬੜੀ ਸੁੰਦਰ ਗਾਥਾ ਹੈ ਕਿ ਜਨਕ ਸੌਂ ਗਏ, ਸੁਪਨੇ ਵਿਚ ਹੀ ਸ਼ਿਕਾਰ ਖੇਲਣੇ ਚਲੇ ਗਏ। ਅਚਾਨਕ ਹੀ ਇਕ ਗਿੱਦੜ ਆਇਆ ਤੇ ਰਾਜੇ ਜਨਕ ਨੂੰ ਕੱਟ ਕੇ ਦੌੜ ਗਿਆ। ਜਨਕ ਨੇ ਸੁਣਿਆ ਸੀ ਕਿ ਜਿਸ ਨੂੰ ਗਿੱਦੜ ਕੱਟ ਜਾਏ, ਉਸ ਦਾ ਹਲਕਾਅ ਹੋ ਕੇ ਮਰ ਜਾਣ ਦਾ ਡਰ ਹੈ। ਰਾਜਾ ਜਨਕ ਇਕ ਵੈਦ ਦੇ ਪਾਸ ਗਿਆ, ਦਵਾਈ ਮੰਗੀ। ਵੈਦ ਨੇ ਕਿਹਾ, ਦੋ ਪੈਸੇ ਦਿਓ। ਜਨਕ ਨੇ ਕਿਹਾ, ਮੇਰੇ ਨਾਲ ਉਧਾਰ ਕਰ ਲਵੋ, ਮੇਰੇ ਪਾਸ ਹੁਣ ਪੈਸਾ ਨਹੀਂ, ਫਿਰ ਦੇ ਦਿਆਂਗਾ। ਪਰ ਵੈਦ ਨੇ ਕਿਹਾ, ਮੈਂ ਤਾਂ ਤੈਨੂੰ ਜਾਣਦਾ ਹੀ ਨਹੀਂ। ਰਾਜਾ ਜਨਕ ਘਰ ਘਰ ਮੰਗਦਾ ਫਿਰਦਾ ਹੈ। ਇਕ ਮਾਤਾ ਨੇ ਜਦੋਂ ਇਸ ਦੇ ਹੱਥ ਤੇ ਦੋ ਪੈਸੇ ਰੱਖੇ ਤਾਂ ਇਸ ਦੀ ਅੱਖ ਖੁਲ੍ਹ ਗਈ। ਇਹ ਹੈਰਾਨ ਹੋ ਗਿਆ। ਵਿਦਵਾਨਾਂ ਨੂੰ ਸੱਦਿਆ ਤੇ ਪੁੱਛਿਆ ਕਿ ਇਹ ਸੱਚਾ ਕਿ ਉਹ ਸੱਚਾ, ਭਾਵ ਉਹ ਰਾਤ ਦਾ ਭਿਖਾਰੀ ਸੱਚਾ ਸੀ ਜਾਂ ਹੁਣ ਦਾ ਰਾਜਾ ਜਨਕ। ਸਿਰਫ਼ ਅਸ਼ਟਾਵਕਰ ਨੇ ਕਿਹਾ ਸੀ, ਰਾਜਾ ਉਹ ਵੀ ਝੂਠਾ, ਇਹ ਵੀ ਝੂਠਾ। ਉਹ ਸੁੱਤਿਆਂ ਦਾ ਸੁਪਨਾ ਸੀ, ਤੂੰ ਜਾਗ ਕੇ ਕਹਿ ਰਿਹਾ ਹੈਂ ਉਹ ਸੁਪਨਾ ਸੀ, ਹੁਣ ਮੈਂ ਤੈਨੂੰ ਇਥੋਂ ਵੀ ਜਗਾਵਾਂਗਾ, ਤੂੰ ਆਖੇਂਗਾ ਇਹ ਵੀ ਝੂਠਾ ਹੈ।

ਜਦੋਂ ਸਤਿਗੁਰੂ ਜਗਾ ਦਿੰਦੇ ਹਨ ਜਿਵੇਂ ਕਿ ਕਬੀਰ ਜਾਗ ਪਏ ਸਨ :

*ਪੈਗੀ ਟੂੰਬ ਉਠਾਲਿਆ ਬੋਲਹੁ ਰਾਮ ਸਿਖ ਸਮਝਾਈ॥*

ਅਤੇ ਜਿਵੇਂ ਸਤਿਗੁਰੂ ਨਾਨਕ ਦੇਵ ਜੀ ਨੇ ਸੂਈ ਦੇ ਕੇ ਦੁਨੀ ਚੰਦ ਨੂੰ ਜਗਾ ਦਿੱਤਾ ਸੀ, ਉਸ ਦੀ ਜਾਗ ਖੁਲ੍ਹੀ ਤਾਂ ਕਹਿਣ ਲੱਗਾ, ਨਾਲ ਕੁਝ ਵੀ ਨਹੀਂ ਜਾਣਾ।

ਭਗਤ ਰਵਿਦਾਸ ਜੀ ਕਹਿੰਦੇ ਹਨ, ਅਸੀਂ ਸਾਂ ਤੇ ਰਾਜੇ ਪਰ ਸੌਣ ਕਰਕੇ ਭਿਖਾਰੀ ਬਣ ਗਏ ਹਾਂ। ਜਿਵੇਂ ਇਕ ਰਾਜਾ ਸਿੰਘਾਸਨ 'ਤੇ ਬੈਠਾ ਹੈ ਪਰ ਨੀਂਦ ਆ ਗਈ,

ਸੁਪਨੇ ਵਿਚ ਭਿਖਾਰੀ ਬਣ ਗਿਆ :

*ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥*

—ਸੋਰਠਿ ਰਵਿਦਾਸ ਜੀ, ਪੰਨਾ ੬੫੭

ਅਸੀਂ ਰਾਜਿਆਂ ਤੋਂ ਭਿਖਾਰੀ ਬਣੇ ਹਾਂ, ਗੁਰੂ ਕ੍ਰਿਪਾ ਕਰ ਕੇ ਜਿਸ ਨੂੰ ਜਗਾ ਦੇਂਦਾ ਹੈ ਫਿਰ ਉਸ ਨੂੰ ਇਹ ਸੁਣਨ ਦਾ ਮੌਕਾ ਨਹੀਂ ਮਿਲਦਾ, ਉਸ ਨੂੰ ਸ਼ਰਮਸਾਰ ਨਹੀਂ ਹੋਣਾ ਪੈਂਦਾ ਕਿ ਕੋਈ ਆਖੇ ਕਿ ਤੂੰ ਸੁੱਤਾ ਸੈਂ। ਧਾਰਮਕ ਦੁਨੀਆ ਵਿਚ ਅੰਮ੍ਰਿਤ ਵੇਲੇ ਜਾਗਣ ਦੀ ਬੜੀ ਮਹਾਨਤਾ ਹੈ, ਇਹ ਮਹਾਨਤਾ ਏਸੇ ਲਈ ਹੈ ਕਿ ਸਤਿਗੁਰੂ ਦੇ ਆਸਰੇ ਅੰਮ੍ਰਿਤ ਵੇਲੇ ਜਾਗ ਕੇ ਸੁੱਤੇ ਮਨ ਨੂੰ ਜਗਾਉਣਾ ਸੀ। ਇਹੀ ਹੈ ਧਰਮ ਕਲਾ ਦੁਆਰਾ ਜਾਗਰਣ :

*ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ॥*

—ਸੂਹੀ ਮਹਲਾ ੪, ਪੰਨਾ ੭੫੮

ਅਸੀਂ ਤਾਂ ਆਪ ਜਾਗਣਾ ਸੀ ਤੇ ਜਗਤ ਨੂੰ ਜਗਾ ਕੇ ਰੱਬ ਦੀ ਗੱਲ ਸੁਣਾਉਣੀ ਸੀ, ਜਗਤ ਤਾਂ ਜਾਗ ਗਿਆ ਪਰ ਅਸੀਂ ਕਹਿਣ ਵਾਲੇ ਹੀ ਸੌਂ ਗਏ।

ਸ਼ਾਇਦ ਗੁਰੂ ਦੀ ਗੱਲ ਕਰਨ ਵਾਲਿਆਂ ਨੂੰ ਜਗਾਉਣ ਲਈ ਹੀ ਕਿਸੇ ਅਦੀਬ ਨੇ ਕਿਹਾ ਹੈ :

*ਸੁਨ ਰਹਾ ਥਾ ਬੜੇ ਗੌਰ ਸੇ ਜ਼ਮਾਨਾ। ਹਮੀਂ ਸੋ ਗਏ ਦਾਸਤਾਂ ਕਹਿਤੇ ਕਹਿਤੇ॥*

ਜੀਵਨ ਦਾ ਤੱਤ ਤਾਂ ਉਨ੍ਹਾਂ ਨੂੰ ਹੀ ਮਿਲੇਗਾ ਜਿਨ੍ਹਾਂ ਜੀਵਨ ਰੂਪੀ ਰਾਤ ਸੁਚੇਤ ਹੋ ਕੇ ਬਿਤਾਈ ਹੈ। ਸੁਰਤ ਕਰਕੇ ਕੌਣ ਜਾਗਣਗੇ ਜਿਨ੍ਹਾਂ ਨੂੰ ਹਰੀ ਦੀ ਲਿਵ ਲੱਗ ਜਾਏ :

*ਗੁਰ ਕਿਰਪਾ ਤੇ ਸੇ ਜਨ ਜਾਗੇ*
*ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ॥*
*ਕਹੈ ਨਾਨਕੁ ਸੋ ਤਤੁ ਪਾਏ*
*ਜਿਸ ਨੋ ਅਨਦਿਨੁ ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ॥*

—ਅਨੰਦ, ਪੰਨਾ ੯੨੦

ਜਾਗਣਾ ਵੀ ਉਨ੍ਹਾਂ ਦਾ ਸਫਲ ਹੈ ਜਿਨ੍ਹਾਂ ਦੇ ਪਾਸ ਧਰਮ ਕਲਾ ਹੋਵੇ।

❀ ❀ ❀

२१

# ਜਨਮ ਮਰਨ ਤੇ ਧਰਮ ਕਲਾ

ਚੁਰਾਸੀ ਲੱਖ ਜੀਅ ਜੂਨ ਵਿਚੋਂ ਮਨੁੱਖ ਨੂੰ ਸਰਵੋਤਮ ਮੰਨਿਆ ਹੈ, ਮੰਨਿਆ ਵੀ ਮਨੁੱਖ ਨੇ ਹੀ ਹੈ। ਦੂਸਰਿਆਂ ਦੀ ਤਾਂ ਰਾਇ ਅਸੀਂ ਲਈ ਵੀ ਨਹੀਂ ਕਿ ਸਾਡੇ ਬਾਰੇ ਤੁਹਾਡੇ ਕੀ ਖ਼ਿਆਲ ਹਨ। ਹਾਂ ਇੰਜ ਕਹਿ ਲਈਏ ਕਿ ਅਸੀਂ ਆਪਣੇ ਆਪ ਨੂੰ ਚੁਰਾਸੀ ਦਾ ਸਰਦਾਰ ਮੰਨਿਆ ਹੈ ਬਾਕੀ ਸਾਰਿਆਂ 'ਤੇ ਮਨੁੱਖ ਦਾ ਕਬਜ਼ਾ ਹੈ। ਵੈਸੇ ਚੁਰਾਸੀ ਦੇ ਸਰਦਾਰ ਦੀ ਯਾਤਰਾ ਜਦੋਂ ਸ਼ੁਰੂ ਹੁੰਦੀ ਹੈ ਤਾਂ ਵਾਜੇ ਵਜਾ ਕੇ ਸਵਾਗਤ ਕੀਤਾ ਜਾਂਦਾ ਹੈ ਪਰ ਜਦੋਂ ਸੰਸਾਰ ਤੋਂ ਜਾਂਦਾ ਹੈ ਤਾਂ ਰੋਣੇ ਧੋਣੇ ਨਾਲ ਵਿਦਾ ਕੀਤਾ ਜਾਂਦਾ ਹੈ। ਇਸ ਦਾ ਭਾਵ ਕਿ ਆਰੰਭ ਬੜਾ ਚੰਗਾ ਸੀ ਪਰ ਅੰਤ ਬਹੁਤ ਮਾੜਾ ਹੋਇਆ ਹੈ। ਮੌਤ ਦੇ ਦੁੱਖ ਨੂੰ ਵੇਖ ਕੇ ਸਿਆਣਿਆਂ ਨੇ ਕਿਹਾ ਕਿ ਇਹ ਜਨਮਿਆ ਸੀ ਤਾਂ ਹੀ ਮਰਿਆ ਹੈ, ਜੇ ਨਾ ਜੰਮਦਾ ਤਾਂ ਅੱਜ ਮਰਨਾ ਨਾ ਪੈਂਦਾ।

ਮੌਤ ਦਾ ਕਿੰਨਾ ਭਿਆਨਕ ਦੁੱਖ ਹੈ, ਕਦੀ ਮਰਦੇ ਬੰਦੇ ਨੂੰ ਵੇਖੋ ਉਹ ਬਚਣ ਵਾਸਤੇ ਕਿੰਨੇ ਤਰਲੇ ਲੈਂਦਾ ਹੈ, ਚਾਰ ਚੁਫ਼ੇਰੇ ਵੇਖਦਾ ਹੈ ਕਿ ਕਿਸੇ ਪਾਸਿਉਂ ਕੋਈ ਇਮਦਾਦ ਆਵੇ ਮੈਨੂੰ ਬਚਾ ਜਾਵੇ। ਇਸ ਨੇ ਜਿੰਨੇ ਦਰਵਾਜ਼ੇ ਲਗਾਏ ਸਨ ਮੌਤ ਨੇ ਇਕ-ਇਕ ਕਰ ਕੇ ਸਾਰੇ ਦਰਵਾਜ਼ੇ ਭੰਨ ਦਿੱਤੇ ਹਨ। ਮੌਤ ਨੇ ਇਸ ਦਾ ਧਨ ਦਾ ਦਰਵਾਜ਼ਾ ਤੋੜ ਦਿੱਤਾ, ਮੌਤ ਨੇ ਇਸ ਦੇ ਬਲ ਦਾ ਦਰਵਾਜ਼ਾ ਵੀ ਤੋੜ ਦਿੱਤਾ, ਮੌਤ ਨੇ ਇਸ ਦਾ ਸਿਆਣਪ ਦਾ ਦਰਵਾਜ਼ਾ ਵੀ ਤੋੜ ਦਿੱਤਾ, ਮੌਤ ਨੇ ਸੰਬੰਧੀਆਂ ਦੀ ਰੱਖਿਆ ਦਾ ਦਰਵਾਜ਼ਾ ਵੀ ਭੰਨ ਦਿੱਤਾ, ਜਿੰਨੇ ਦਰਵਾਜ਼ੇ ਇਸ ਲਗਾਏ ਸਨ, ਸਾਰੇ ਭੰਨ ਦਿੱਤੇ। ਸ਼ਾਇਦ ਬੰਦੇ ਨੂੰ ਪਤਾ ਨਹੀਂ ਕਿ ਮੌਤ ਬਾਹਰੋਂ ਨਹੀਂ ਆਉਣੀ, ਇਹ ਦਰਵਾਜ਼ੇ ਕਿਵੇਂ ਭੰਨੇ ਹਨ, ਇਹ ਦਰਵਾਜ਼ੇ ਬੇਕਾਰ ਹੋ ਗਏ ਹਨ। ਮੌਤ ਅੰਦਰ ਹੀ ਬੈਠੀ ਸੀ, ਜਿਸ ਦਿਨ ਪ੍ਰਮਾਤਮਾ ਨੇ ਜਨਮ ਦਿੱਤਾ ਸੀ, ਜਨਮ ਵਿਚ ਹੀ ਮੌਤ ਵੀ ਛੁਪਾ ਕੇ ਦਿੱਤੀ ਸੀ। ਪਰ ਮੌਤ ਨੂੰ ਇੰਨਾ ਛੁਪਾ ਕੇ ਰੱਖਿਆ ਸੀ ਕਿ ਬੰਦੇ ਨੂੰ ਨਜ਼ਰ ਨਹੀਂ ਆਈ। ਸਮੇਂ ਅਨੁਸਾਰ ਉਸ ਨੇ ਇਸ ਦੀਆਂ ਹੱਡੀਆਂ ਕੜਕਾ ਦਿੱਤੀਆਂ ਤੇ ਮੂੰਹ ਆ ਵਿਖਾਇਆ। ਇਹ ਸੋਚਦਾ ਹੈ ਕਿ ਬਾਹਰੋਂ ਪ੍ਰਬੰਧ ਬੜਾ ਤਕੜਾ ਕੀਤਾ ਸੀ ਇਹ ਕਿਥੋਂ ਆ ਗਈ ਹੈ :

*ਜਿੰਦੁ ਨਿਮਾਣੀ ਕਢੀਐ ਹਡਾਂ ਕੂ ਕੜਕਾਇ॥*
*ਸਾਹੇ ਲਿਖੇ ਨਾ ਚਲਨੀ ਜਿੰਦੂ ਕੂੰ ਸਮਝਾਇ॥*

—ਸਲੋਕ ਫ਼ਰੀਦ, ਪੰਨਾ ੧੩੭੭

*ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ॥*
*ਤਿਨਾ ਪਿਆਰਿਆ ਭਾਈਆਂ ਅਗੈ ਦਿਤਾ ਬੰਨ੍ਹਿ॥*

—ਸਲੋਕ ਫਰੀਦ, ਪੰਨਾ ੧੩੮੩

ਸਾਹਿਬ ਬਾਣੀ ਵਿਚ ਕਹਿੰਦੇ ਹਨ ਕਿ ਤੈਨੂੰ ਜਨਮ ਤਾਂ ਨਜ਼ਰ ਆਇਆ ਹੈ ਪਰ ਸਰੀਰ ਦੇਣ ਲੱਗਿਆਂ ਜਿਹੜੀ ਮੌਤ ਦੀ ਪੁੜੀ ਉਸ ਨੇ ਛੁਪਾ ਕੇ ਰੱਖ ਦਿੱਤੀ ਸੀ ਉਹ ਤੈਨੂੰ ਨਜ਼ਰ ਨਹੀਂ ਆਈ। ਜਨਮ ਵੇਲੇ ਵੀ ਉਸ ਕਰਤੇ ਨੇ ਮੌਤ ਰੂਪੀ ਟਾਈਮ ਬੰਬ ਲਗਾ ਕੇ ਇਸ ਜੀਵ ਦੇ ਅੰਦਰ ਰੱਖ ਦਿੱਤਾ ਸੀ। ਕਿੰਨੇ ਚਿਰ ਨੂੰ ਇਹ ਟਾਈਮ ਬੰਬ ਫਟੇਗਾ ਇਹ ਸਮਾਂ ਉਸ ਨੇ ਪਹਿਲਾਂ ਹੀ ਨਿਸਚਿਤ ਕਰ ਦਿੱਤਾ ਸੀ।

ਸਾਹਿਬ ਫ਼ਰਮਾਉਂਦੇ ਹਨ :

*ਜਨਮੇ ਕਉ ਵਾਜਹਿ ਵਾਧਾਏ ਸੋਹਲੜੇ ਅਗਿਆਨੀ ਗਾਏ॥*
*ਜੋ ਜਨਮੈ ਤਿਸੁ ਸਰਪਰ ਮਰਣਾ ਕਿਰਤੁ ਪਇਆ ਸਿਰਿ ਸਾਹਾ ਹੇ॥*

—ਮਾਰੂ ਮ: ੧, ਪੰਨਾ ੧੦੩੨

ਜਦੋਂ ਇਹ ਸੋਚਿਆ ਗਿਆ ਕਿ ਮੌਤ ਬਹੁਤ ਵੱਡਾ ਦੁੱਖ ਹੈ, ਮੌਤ ਤਾਂ ਆਈ ਹੈ ਕਿ ਇਹ ਜਨਮਿਆ ਹੈ, ਨਾ ਜੰਮਦਾ ਤਾਂ ਮਰਨ ਦਾ ਦੁੱਖ ਨਾ ਹੁੰਦਾ। ਜੋ ਪਿੱਛੇ ਹੋ ਗਿਆ ਹੈ ਇਸ ਦਾ ਤਾਂ ਹੁਣ ਕੁਝ ਹੋ ਨਹੀਂ ਸਕਦਾ ਪਰ ਅੱਗੋਂ ਲਈ ਕੋਈ ਐਸਾ ਪ੍ਰਬੰਧ ਕੀਤਾ ਜਾਏ ਕਿ ਅੱਗੋਂ ਇਸ ਦਾ ਜਨਮ ਨਾ ਹੋਵੇ, ਨਾ ਹੀ ਇਹ ਮਰੇ। ਇਸੇ ਵਾਸਤੇ ਹਰ ਮਰੇ ਹੋਏ ਪ੍ਰਾਣੀ ਲਈ ਕਿਸੇ ਨਾ ਕਿਸੇ ਢੰਗ ਨਾਲ ਇਹ ਪ੍ਰਬੰਧ ਕੀਤਾ ਜਾਂਦਾ ਹੈ ਕਿ ਇਹ ਅੱਗੋਂ ਨਾ ਜਨਮੇ। ਇਬਰਾਨੀ ਮੱਤ ਤਾਂ ਪੁਨਰ ਜਨਮ ਨੂੰ ਮੰਨਦੇ ਹੀ ਨਹੀਂ। ਈਸਾਈਅਤ, ਇਸਲਾਮ ਪੁਨਰ ਜਨਮ ਨੂੰ ਨਹੀਂ ਮੰਨਦੇ ਪਰ ਅੱਗੇ ਦਾ ਫ਼ਿਕਰ ਉਨ੍ਹਾਂ ਨੂੰ ਵੀ ਹੈ ਜਾਂ ਸਦਾ ਵਾਸਤੇ ਬਹਿਸ਼ਤ ਜਾਂ ਸਦਾ ਵਾਸਤੇ ਦੋਜ਼ਖ ਦਾ। ਸਦਾ ਲਈ ਬਹਿਸ਼ਤ ਵਿਚ ਜਾਣ ਲਈ ਰਸੂਲ ਦੇ ਦੱਸੇ ਰਾਹ ਚੱਲਣਾ, ਸ਼ਰਾਅ ਅਨੁਸਾਰ ਜੀਵਨ ਬਤੀਤ ਕਰਨਾ ਪੈਂਦਾ ਹੈ। ਫਿਰ ਸਰੀਰ ਵੀ ਕਿਸੇ ਪਵਿੱਤਰ ਥਾਂ 'ਤੇ ਦਬਾਇਆ ਜਾਏ। ਕਈਆਂ ਥਾਵਾਂ 'ਤੇ ਤਾਂ ਕਬਰਿਸਤਾਨ ਵਿਚ ਜ਼ਮੀਨ ਇੰਨੀ ਮਹਿੰਗੀ ਹੈ ਕਿ ਫੁੱਟਾਂ ਦੇ ਹਿਸਾਬ ਨਹੀਂ, ਇੰਚਾਂ ਦੇ ਹਿਸਾਬ ਨਾਲ ਮਿਲਦੀ ਹੈ ਤੇ ਗਰੀਬਾਂ ਦੇ ਸਰੀਰ ਦਾ ਉਥੇ ਦਫਨ ਹੋਣਾ ਮੁਸ਼ਕਿਲ ਹੈ। ਗਰੀਬਾਂ ਦੇ ਘਰ ਵੀ ਸਸਤੇ ਹਨ, ਕਬਰਿਸਤਾਨ ਵੀ ਸਸਤੇ ਹੀ ਹਨ, ਉਹ ਜਨਮੇ ਵੀ ਗਰੀਬੀ ਦਾਵੇ ਵਿਚ, ਜੀਵੇ ਵੀ ਗਰੀਬੀ ਵਿਚ, ਮਰੇ ਵੀ ਗਰੀਬੀ ਵਿਚ। ਸਨਾਤਨ ਧਰਮ ਪੁਨਰ ਜਨਮ ਮੰਨਦਾ ਹੈ। ਪਿੱਛੇ ਜੋ ਹੋਇਆ ਸੋ ਹੋਇਆ, ਅੱਗੋਂ ਪ੍ਰਬੰਧ ਕਰੀਏ ਕਿ ਮਨੁੱਖ ਨਾ ਜਨਮੇ। ਇਸ ਹਿਸਾਬ ਤਾਂ ਜਨਮ ਤੇ ਰੋਕ ਲਗਾਉਣ ਵਾਲਿਆਂ ਬੜਾ ਧਾਰਮਕ ਕੰਮ ਕੀਤਾ ਹੈ।

ਇਸਲਾਮ ਤੇ ਈਸਾਈਅਤ ਨੂੰ ਇਹ ਫ਼ਿਕਰ ਨਹੀਂ ਸੀ ਕਿ ਗਏ ਨੇ ਵਾਪਸ ਆਉਣਾ ਹੈ। ਪਰ ਇਕ ਫ਼ਿਕਰ ਜ਼ਰੂਰ ਸੀ ਕਿ ਕਿਤੇ ਦੋਜ਼ਖ ਵਿਚ ਨਾ ਚਲਾ ਜਾਵੇ। ਹਿੰਦੂ ਧਰਮ ਵਿਚ ਤਾਂ ਦੋ ਦਰਵਾਜ਼ੇ ਖ਼ਤਰਨਾਕ ਸਨ। ਇਕ ਤਾਂ ਇਹ ਕਿ ਕਿਤੇ ਨਰਕਾਂ ਨੂੰ ਨਾ ਚਲਾ ਜਾਵੇ, ਦੂਸਰਾ ਇਹ ਕਿਤੇ ਵਾਪਸ ਨਾ ਆ ਜਾਵੇ, ਇਹ ਮੁਕਤ ਹੋ ਜਾਵੇ। ਤੇ ਮੁਕਤੀ

ਕੀ ਸੀ ? ਕਿ ਸਵਰਗਾਂ ਵਿਚ ਚਲਾ ਜਾਵੇ, ਜਿਥੇ ਦੁੱਖ ਕੋਈ ਨਹੀਂ, ਸਿਰਫ਼ ਸੁਖ ਹੀ ਸੁਖ ਹੈ।

ਇਕ ਫ਼ਕੀਰ ਇਕ ਦਿਨ ਪ੍ਰਮਾਤਮਾ 'ਤੇ ਗਿਲਾ ਕਰ ਰਿਹਾ ਸੀ ਤੇ ਕਹਿ ਰਿਹਾ ਸੀ, ਹੇ ਪ੍ਰਮਾਤਮਾ! ਤੇਰੀ ਦੁਨੀਆ ਵਿਚ ਏਨਾ ਧੋਖਾ, ਇੰਨਾ ਜ਼ੁਲਮ, ਇੰਨਾ ਪਾਪ ਕਿਤੇ ਸੱਚ ਦਾ ਨਾਮੋ ਨਿਸ਼ਾਨ ਨਹੀਂ ਦਿੱਸਦਾ, ਕੀ ਸਾਰੇ ਬੁਰੇ ਹੀ ਇਕੱਠੇ ਕਰ ਕੇ ਸੰਸਾਰ ਵਿਚ ਭੇਜ ਦਿੱਤੇ ਹਨ, ਕੋਈ ਚੰਗਾ ਬੰਦਾ ਤੇਰੇ ਕੋਲ ਹੈ ਹੀ ਨਹੀਂ ਜਿਸ ਨੂੰ ਸੰਸਾਰ ਵਿਚ ਭੇਜੇਂ, ਤੇਰਾ ਸੰਸਾਰ ਬੁਰਿਆਂ ਬੰਦਿਆਂ ਨੇ ਵੀਰਾਨ ਕਰ ਕੇ ਰੱਖ ਦਿੱਤਾ ਹੈ। ਕੀ ਸਿਰਫ਼ ਇਥੋਂ ਦੇ ਬੂਟੇ ਪੁੱਟਣ ਵਾਲੇ ਹੀ ਭੇਜਦਾ ਰਹੇਂਗਾ, ਜਾਂ ਬੂਟਿਆਂ ਨੂੰ ਪਾਣੀ ਪਾਉਣ ਵਾਲਾ ਵੀ ਕੋਈ ਭੇਜੇਂਗਾ। ਸੰਸਾਰ ਵਿਚ ਬਦੀ ਤਾਂ ਜ਼ਿਆਦਾ ਹੈ ਕਿ ਬੁਰੇ ਬੰਦੇ ਜ਼ਿਆਦਾ ਹੈਣ, ਸੰਸਾਰ ਵਿਚ ਪਾਪ ਤਾਂ ਜ਼ਿਆਦਾ ਹੈ ਕਿ ਚੋਰੀ ਕਰਨ ਵਾਲੇ ਜ਼ਿਆਦਾ ਹੈਣ। ਸੰਸਾਰ ਵਿਚ ਚੋਰੀ ਤਾਂ ਜ਼ਿਆਦਾ ਹੈ ਕਿ ਚੋਰੀ ਕਰਨ ਵਾਲੇ ਜ਼ਿਆਦਾ ਹਨ।

ਪ੍ਰਮਾਤਮਾ ਨੇ ਕਿਹਾ ਕਿ ਹੇ ਫ਼ਕੀਰ ! ਇਹ ਸਭ ਕੁਝ ਤੇਰੀ ਕ੍ਰਿਪਾ ਨਾਲ ਹੀ ਹੋਇਆ ਹੈ। ਬੰਦਾ ਸਤਸੰਗਤ ਵਿਚ ਸ਼ੁਭ ਹੁੰਦਾ ਹੈ, ਜਿੰਨੇ ਕੁ ਤੇਰੀ ਸੰਗਤ ਵਿਚ ਸੁਧਰੇ ਹਨ। ਜਦੋਂ ਉਹ ਮੇਰੇ ਵੱਲ ਆਏ ਹਨ, ਕੀ ਤੂੰ ਅਰਦਾਸਾਂ ਨਹੀਂ ਕੀਤੀਆਂ ਕਿ ਪ੍ਰਮਾਤਮਾ ਇਨ੍ਹਾਂ ਨੂੰ ਚਰਨਾਂ ਵਿਚ ਨਿਵਾਸ ਦੇਵੀਂ, ਇਨ੍ਹਾਂ ਨੂੰ ਵਾਪਸ ਨਾ ਭੇਜੀਂ। ਮੈਂ ਤੇਰੀ ਬੇਨਤੀ ਮੰਨ ਲਈ ਹੈ। ਜੇ ਜਨਮ ਦੁੱਖ ਹੈ, ਸੰਸਾਰ ਦੁੱਖ ਹੈ ਤਾਂ ਫਿਰ ਚੰਗਾ ਬੰਦਾ ਇਸ ਦੁੱਖ ਵਿਚ ਆਉਣ ਲਈ ਤਿਆਰ ਕਿਵੇਂ ਹੋਵੇ। ਫ਼ਕੀਰ ਨੇ ਕਿਹਾ ਕਿ ਹੇ ਪ੍ਰਮਾਤਮਾ! ਗ਼ਲਤੀ ਮੇਰੀ ਹੀ ਹੈ, ਮੈਂ ਐਸੀਆਂ ਅਰਦਾਸਾਂ ਕੀਤੀਆਂ ਹਨ। ਅੱਜ ਤੋਂ ਬਾਅਦ ਮੈਂ ਇਹ ਅਰਦਾਸ ਕਰਿਆ ਕਰਾਂਗਾ ਕਿ ਹੇ ਪ੍ਰਮਾਤਮਾ ! ਬੁਰਿਆਂ ਨੂੰ ਆਪਣੇ ਕੋਲ ਰੱਖ ਲੈ, ਇਨ੍ਹਾਂ ਨੂੰ ਵਾਪਸ ਨਾ ਭੇਜੀਂ, ਪਰ ਭਲਿਆਂ ਨੂੰ ਆਉਂਦਿਆਂ ਹੀ ਨਵਾਂ ਚੋਲਾ ਦੇ ਕੇ ਵਾਪਸ ਭੇਜ ਦੇ ਤਾਂ ਕਿ ਤੇਰੇ ਸੰਸਾਰ ਦੀਆਂ ਰੌਣਕਾਂ ਬਣੀਆਂ ਰਹਿਣ। ਪ੍ਰਮਾਤਮਾ ਨੇ ਕਿਹਾ, ਫਿਰ ਤੂੰ ਇਕ ਪ੍ਰਚਾਰ ਕਰ ਕਿ ਜਨਮ ਮਰਨ ਦੁੱਖ ਵੀ ਹੈ ਪਰ ਜਨਮ ਮਰਨ ਪਰਉਪਕਾਰ ਵੀ ਹੈ। ਸੰਸਾਰ ਵਿਚ ਜ਼ਰੂਰੀ ਨਹੀਂ ਕਿ ਜੂਨਾਂ ਭੋਗਣ ਹੀ ਆਉਣਾ ਹੈ, ਜ਼ਰੂਰੀ ਨਹੀਂ ਕਿ ਕੀਤੇ ਕਰਮਾਂ ਦਾ ਫਲ ਭੋਗਣ ਹੀ ਜਾਣਾ ਹੈ।

ਸੰਸਾਰ ਵਿਚ ਮੁਕਤ ਤੇ ਸਚਿਆਰ ਪੁਰਸ਼ਾਂ ਨੇ ਪਰਉਪਕਾਰ ਵਾਸਤੇ ਵੀ ਜਾਣਾ ਹੈ। ਐਸੇ ਮਹਾਂਪੁਰਖਾਂ ਦੇ ਜਨਮ 'ਤੇ ਵੀ ਵਾਜੇ ਵੱਜਦੇ ਹਨ, ਮਰਨ 'ਤੇ ਵੀ ਵਾਜੇ ਵੱਜਦੇ ਹਨ। ਜਨਮ ਮਰਨ ਦੀ ਗੱਲ ਨਹੀਂ, ਗੱਲ ਤਾਂ ਵਿਚਲੇ ਜੀਵਨ ਦੀ ਹੈ। ਸਵਾਲ ਇਹ ਹੈ ਕਿ ਇਹ ਬੰਦਾ ਜੀਵਿਆ ਕਿਵੇਂ ਹੈ। ਇਸ ਦਾ ਜੀਵਨ ਪਰਉਪਕਾਰ ਦਾ ਹੈ, ਪ੍ਰਮਾਤਮਾ ਦੀ ਯਾਦ ਹੈ, ਜੀਵਨ ਸਿਮਰਨ ਤੇ ਸੇਵਾ ਦਾ ਹੈ, ਫਿਰ ਅੰਤ ਸਮਾਂ ਭਾਵੇਂ ਤੱਤੀ ਲੋਹ 'ਤੇ ਬੈਠ ਕੇ ਆਵੇ, ਭਾਵੇਂ ਦੇਗ ਵਿਚ ਉਬਲ ਕੇ ਹੋਵੇ, ਭਾਵੇਂ ਆਰੇ ਨਾਲ ਤਨ ਚਿਰਾ ਕੇ ਹੋਵੇ, ਭਾਵੇਂ ਖੋਪਰੀ ਉਤਰਵਾ ਕੇ ਹੋਵੇ, ਭਾਵੇਂ ਬੰਦ-ਬੰਦ ਕਟਵਾ ਕੇ ਹੋਵੇ, ਭਾਵੇਂ ਕੀਰਤਨ ਸੁਣਦਿਆਂ ਹੋਵੇ, ਵੇਖਿਆ ਤਾਂ ਜੀਵਨ ਜਾਣਾ ਹੈ ਕਿ ਜੀਵਨ ਵਿਚ ਕੀਤਾ ਕੀ ਸੀ। ਇਸ ਧਾਰਨਾ ਵਿਚ ਕੋਈ ਸੱਚ ਨਹੀਂ ਕਿ ਮੁਕਤ ਉਹੀ ਹੋਵੇਗਾ ਜਿਸ ਦੇ ਪ੍ਰਾਣ ਬ੍ਰਹਮਰੰਧ੍ਰ ਫੋੜ ਕੇ ਨਿਕਲਣ। ਕੋਈ ਪਤਾ ਨਹੀਂ ਬ੍ਰਹਮ ਗਿਆਨੀ ਦੀ ਖੋਪਰੀ ਕੋਈ ਮੂਰਖ ਲਾਠੀ ਮਾਰ

ਕੇ ਹੀ ਫੋੜ ਦੇਵੇ, ਮੌਤ ਦਾ ਬਹਾਨਾ ਕੋਈ ਵੀ ਬਣੇ ਪਰ ਸੱਚ ਇਹ ਹੈ ਕਿ

*ਬ੍ਰਹਮ ਗਿਆਨੀ ਸਦ ਜੀਵੈ ਨਹੀਂ ਮਰਤਾ॥*

—ਸੁਖਮਨੀ, ਪੰਨਾ ੨੭੩

ਉਹ ਪਰਉਪਕਾਰ ਕਰਨ ਲਈ ਫਿਰ ਨਵਾਂ ਚੋਲਾ ਲੈ ਕੇ ਆ ਜਾਂਦਾ ਹੈ। ਇਕ ਫ਼ਕੀਰ ਬਾਰੇ ਮੈਂ ਸੁਣਿਆ ਹੈ ਕਿ ਬੜਾ ਪਰਉਪਕਾਰੀ ਸੀ, ਨਗਰ-ਨਗਰ ਫਿਰਦਾ ਸੀ, ਘਰ-ਘਰ ਜਾ ਕੇ ਲੋਕਾਂ ਦੀਆਂ ਬਿਮਾਰੀਆਂ ਦਾ ਇਲਾਜ ਕਰਨਾ, ਸੱਚ ਦਾ ਉਪਦੇਸ਼ ਦੇਣਾ। ਇਕ ਦਿਨ ਉਸ ਨੇ ਚੋਰੀ ਕਰ ਲਈ, ਪਕੜਿਆ ਗਿਆ। ਜੱਜ ਦੇ ਸਾਹਮਣੇ ਇਸ ਨੇ ਇਕਬਾਲ ਕਰ ਲਿਆ ਕਿ ਮੈਂ ਚੋਰੀ ਕੀਤੀ ਹੈ। ਜੱਜ ਨੇ ਛੇ ਮਹੀਨੇ ਦੀ ਸਜ਼ਾ ਸੁਣਾ ਦਿੱਤੀ। ਜਦੋਂ ਜੇਲ੍ਹ ਵਿਚੋਂ ਬਾਹਰ ਆਇਆ ਤਾਂ ਫਿਰ ਚੋਰੀ ਦੇ ਦੋਸ਼ ਵਿਚ ਫੜਿਆ ਗਿਆ। ਤੀਜੀ ਵਾਰ ਜਦੋਂ ਜੱਜ ਦੇ ਸਾਹਮਣੇ ਗਿਆ ਤਾਂ ਜੱਜ ਨੇ ਕਹਿ ਹੀ ਦਿੱਤਾ, ਸੰਤ ਜੀ ਤੁਸੀਂ ਚੋਰੀ ਕਿਉਂ ਕਰਦੇ ਹੋ ? ਸੰਤ ਨੇ ਕਿਹਾ, ਜਿਹਲ ਜਾਣ ਵਾਸਤੇ। ਜੱਜ ਵੀ ਹੈਰਾਨ ਹੋਇਆ। ਕਹਿਣ ਲੱਗਾ, ਜੇਲ੍ਹ ਕਿਉਂ ਜਾਂਦੇ ਹੋ ? ਕਹਿਣ ਲੱਗਾ, ਜੇਲ੍ਹ ਨੂੰ ਮੰਦਰ ਬਣਾਉਣ ਵਾਸਤੇ, ਜੇਲ੍ਹ ਦੇ ਦਰਵਾਜ਼ੇ ਖੋਲ੍ਹਣ ਲਈ। ਮੈਂ ਚਾਹੁੰਦਾ ਹਾਂ ਕਿ ਉਥੇ ਜਿੰਨੇ ਬੰਦੇ ਜਾਣ ਸਾਰੇ ਹੀ ਅੰਦਰੋਂ ਸੰਤ ਬਣ ਕੇ ਨਿਕਲਣ। ਇਸ ਕਹਾਣੀ ਵਿਚ ਬੜਾ ਸੱਤ ਛੁਪਿਆ ਹੈ। ਸੰਤ ਪੁਰਸ਼ ਜਦੋਂ ਸੰਸਾਰ ਤੇ ਆਉਂਦੇ ਹਨ ਤਾਂ ਉਹ ਸਾਨੂੰ ਇੰਜ ਹੀ ਜਾਪਦੇ ਹਨ ਕਿ ਇਹ ਵੀ ਸ਼ਾਇਦ ਕਿਸੇ ਕੀਤੇ ਕਰਮ ਦਾ ਫਲ ਭੋਗਣ ਵਾਸਤੇ ਹੀ ਆਏ ਹਨ।

ਰੂਮੀ ਨੇ ਇਕ ਬੜੀ ਸੁੰਦਰ ਕਥਾ ਲਿਖੀ ਹੈ ਕਿ ਇਕ ਬਾਣੀਏ ਨੇ ਇਕ ਤੋਤੀ ਰੱਖੀ ਸੀ। ਉਹ ਹਰ ਇਕ ਆਏ ਨੂੰ ਕਹਿੰਦੀ ਸੀ 'ਜੀ ਆਇਆਂ ਨੂੰ ਬੈਠੋ।' ਇਹ ਬਾਣੀਆ ਤੇਲ ਵੇਚਦਾ ਸੀ। ਇਸ ਦੀ ਦੁਕਾਨ ਤੇ ਗਾਹਕੀ ਬਹੁਤ ਵਧ ਗਈ। ਹਰ ਬੰਦਾ ਜਦੋਂ ਤੋਤੀ ਕੋਲੋਂ ਸੁਣਦਾ ਕਿ 'ਜੀ ਆਇਆਂ ਨੂੰ' ਖ਼ੁਸ਼ ਹੋ ਜਾਂਦਾ ਸੀ। ਇਕ ਦਿਨ ਬਾਣੀਆ ਦੁਕਾਨ ਤੋਂ ਬਾਹਰ ਗਿਆ। ਇਕ ਬਿੱਲੀ ਆ ਗਈ, ਜਿਸ ਨੂੰ ਵੇਖ ਕੇ ਤੋਤੀ ਡਰ ਗਈ। ਉਹ ਛੇਤੀ ਨਾਲ ਉਡੀ, ਬਾਣੀਏ ਦਾ ਕਾਫ਼ੀ ਸਾਰਾ ਤੇਲ ਰੁੜ੍ਹ ਗਿਆ ਪਰ ਤੋਤੀ ਬਿੱਲੀ ਦੇ ਕਾਬੂ ਨਾ ਆਈ। ਜਦੋਂ ਬਿੱਲੀ ਦਾ ਖ਼ਤਰਾ ਟਲ ਗਿਆ, ਬਾਣੀਆ ਵੀ ਆ ਗਿਆ। ਉਸ ਨੇ ਬਿੱਲੀ ਤਾਂ ਵੇਖੀ ਨਹੀਂ, ਉਸ ਨੇ ਸਮਝਿਆ ਤੋਤੀ ਨੇ ਤੇਲ ਰੋੜ੍ਹਿਆ ਹੈ। ਉਸ ਨੇ ਤੋਤੀ ਦੇ ਸਿਰ ਤੋਂ ਏਨੇ ਜ਼ੋਰ ਨਾਲ ਉਸ ਦੀ ਬੋਦੀ ਨੂੰ ਪੁੱਟਿਆ ਕਿ ਤੋਤੀ ਗੰਜੀ ਹੋ ਗਈ। ਤੋਤੀ ਨੇ ਉਸ ਦਿਨ ਤੋਂ ਬੋਲਣਾ ਬੰਦ ਕਰ ਦਿੱਤਾ। ਹੁਣ ਕਿਸੇ ਨੂੰ ਜੀ ਆਇਆਂ ਨੂੰ ਨਹੀਂ ਸੀ ਕਹਿੰਦੀ। ਬਾਣੀਆ ਬੜਾ ਪ੍ਰੇਸ਼ਾਨ ਹੋਇਆ, ਬੜੇ ਇਲਾਜ ਕਰਾਏ ਪਰ ਤੋਤੀ ਖ਼ਾਮੋਸ਼ ਸੀ। ਇਕ ਦਿਨ ਅਚਾਨਕ ਹੀ ਤੋਤੀ ਬੋਲ ਪਈ। ਇਕ ਫ਼ਕੀਰ ਜਾ ਰਿਹਾ ਸੀ, ਉਹਦਾ ਸਿਰ ਵੀ ਗੰਜਾ ਸੀ, ਸਿਰ ਤੇ ਇਕ ਵੀ ਕੇਸ ਨਹੀਂ ਸੀ। ਤੋਤੀ ਨੇ ਉੱਚੀ ਆਵਾਜ਼ ਨਾਲ ਕਿਹਾ, ਹੇ ਫ਼ਕੀਰ ! ਤੂੰ ਵੀ ਕਿਸੇ ਦਾ ਤੇਲ ਰੋੜ੍ਹਿਆ ਹੋਵੇਗਾ, ਮੈਂ ਤਾਂ ਬੋਤਲ ਤੇਲ ਰੋੜ੍ਹਿਆ ਹੈ ਪਰ ਤੂੰ ਜ਼ਰੂਰ ਪੀਪਾ ਤੇਲ ਰੋੜ੍ਹਿਆ ਹੋਵੇਗਾ, ਤੂੰ ਵੀ ਮੇਰੇ ਭਰਾ, ਤਾਂ ਹੀ ਗੰਜਾ ਹੋਇਆ ਹੈਂ।

ਉਸ ਤੋਤੀ ਵਾਂਗ ਅਸੀਂ ਵੀ ਸਮਝਦੇ ਹਾਂ, ਜਿਹੜਾ ਸੰਸਾਰ ਵਿਚ ਜਨਮਿਆ ਹੈ

ਸਾਡੇ ਵਾਂਗੂ ਕੀਤੇ ਕਰਮਾਂ ਦਾ ਫਲ ਭੋਗਣ ਆਇਆ ਹੋਵੇਗਾ, ਇਹ ਵੀ ਜ਼ਰੂਰ ਜਨਮ ਮਰਨ ਦੇ ਬੰਧਨ ਵਿਚ ਹੋਵੇਗਾ।

ਭਾਈ ਨੰਦ ਲਾਲ ਜੀ ਫ਼ਰਮਾਉਂਦੇ ਹਨ ਕਿ ਬਾਹਰੋਂ ਵੇਖਣ ਨੂੰ ਤਾਂ ਸੰਤ ਜਨ ਵੀ ਖ਼ਾਕ ਦੀ ਮੁੱਠ ਦੇ ਕੈਦੀ ਹੀ ਜਾਪਦੇ ਹਨ ਪਰ ਉਨ੍ਹਾਂ ਨੂੰ ਅੰਦਰੋਂ ਵੇਖੋ ਤਾਂ ਉਹ ਪਵਿੱਤਰ ਪ੍ਰਮਾਤਮਾ ਦਾ ਰੂਪ ਹਨ, ਜੋ ਨਾ ਜਨਮਦਾ ਹੈ ਨਾ ਹੀ ਮਰਦਾ ਹੈ।

*ਜ਼ਾਹਰੇ ਓ ਕੈਦੇ ਮੁਸ਼ਤੇ ਖ਼ਾਕ ਅਸਤ॥*
*ਬਾਤਨੇ ਓ ਬਾ ਖੁਦਾਇਆ ਪਾਕ ਅਸਤ॥*

ਉਨ੍ਹਾਂ ਦੇ ਜਨਮ ਤੇ ਜੋਤੀ ਜੋਤ ਸਮਾਉਣ ਦੇ ਦਿਨ ਮਨਾਉਂਦੇ ਹਾਂ ਪਰ ਸੱਚ ਇਹ ਹੈ ਕਿ ਉਹ ਮਰੇ ਨਹੀਂ :

*ਜਨਮ ਮਰਨ ਦੋਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਇ॥*

—ਸੂਹੀ ਮ: ੫, ਪੰਨਾ ੭੪੯

ਜਨਮ ਵੇਲੇ ਤਾਂ ਹਰ ਘਰ ਵਿਚ ਵਧਾਈ ਵੱਜਦੀ ਹੈ ਪਰ ਮਰਨ ਲੱਗਿਆਂ ਸ਼ਹਿਨਾਈ ਕਿਸੇ ਵਿਰਲੇ ਦੇ ਘਰ ਹੀ ਵੱਜਦੀ ਹੈ। ਜਿਨ੍ਹਾਂ ਨੇ ਜਨਮ ਮਰਨ ਦੇ ਰਾਜ਼ ਨੂੰ ਸਮਝਿਆ ਹੈ, ਜਿਨ੍ਹਾਂ ਨੇ ਜਨਮ ਲੈ ਕੇ ਸਤਿਗੁਰੂ ਦਾ ਪੱਲਾ ਫੜ ਲਿਆ ਹੈ ਸਤਿਗੁਰੂ ਦੇ ਘਰ ਵੀ ਜਨਮ ਲੈ ਲਿਆ ਹੈ, ਉਨ੍ਹਾਂ ਦਾ ਗਵਨ ਮੁੱਕ ਗਿਆ ਹੈ :

*ਸਤਿਗੁਰ ਕੈ ਜਨਮੇ, ਗਵਨੁ ਮਿਟਾਇਆ॥*
*ਅਨਹਤਿ ਰਾਤੇ, ਇਹੁ ਮਨੁ ਲਾਇਆ॥*

—ਰਾਮਕਲੀ ਮ: ੧, ਪੰਨਾ ੯੪੦

ਉਨ੍ਹਾਂ ਦਾ ਜਨਮ ਹੈ ਗਿਆਨ ਦਾ ਜਨਮ, ਸ਼ਰਧਾ ਦਾ ਜਨਮ। ਉਨ੍ਹਾਂ ਦਾ ਜਨਮ ਹੈ ਪ੍ਰੇਮ ਦਾ ਜਨਮ, ਉਨ੍ਹਾਂ ਦਾ ਜਨਮ ਹੈ ਸੇਵਾ ਤੇ ਸਿਮਰਨ ਦਾ ਜਨਮ। ਉਨ੍ਹਾਂ ਦਾ ਜਨਮ ਹੈ ਧਰਮ ਦਾ ਜਨਮ, ਉਨ੍ਹਾਂ ਦਾ ਜਨਮ ਹੈ ਦਇਆ ਤੇ ਤਰਸ ਦਾ ਜਨਮ, ਸੱਤ ਸੰਤੋਖ ਤੇ ਧੀਰਜ ਦਾ ਜਨਮ। ਐਸੇ ਗੁਣ ਜਿਥੇ ਪ੍ਰਗਟ ਹੋਣ ਉਥੇ ਵਧਾਈ ਕਿਉਂ ਨਾ ਵੱਜੇ ਅਤੇ ਜਿਸ ਬੰਦੇ ਦਾ ਅਸਾਧ ਰੋਗ ਮੁੱਕ ਜਾਏ, ਅਰੋਗਤਾ ਮਿਲ ਜਾਵੇ ਉਥੇ ਵੀ ਮੁਬਾਰਕਾਂ ਮਿਲਦੀਆਂ ਹਨ। ਉਸ ਦਾ ਮਰਨ ਕੀ ਹੈ ? ਕਾਮ ਆਦਿਕ ਪੰਜਾਂ ਚੋਰਾਂ ਦਾ ਮਰਨ, ਉਸ ਦਾ ਮਰਨ ਹੈ ਅਗਿਆਨ ਦਾ ਮਰਨ, ਉਸ ਦਾ ਮਰਨ ਹੈ ਪਾਪਾਂ ਅਪਰਾਧਾਂ ਦਾ ਮਰਨ। ਜਿਹੜੇ ਜੀਵਨ ਵਿਚੋਂ ਇੰਨੀਆਂ ਬਿਮਾਰੀਆਂ ਮੁਕ ਜਾਣ, ਹਉਮੇ ਦੀਰਘ ਰੋਗ ਮੁੱਕ ਜਾਏ, ਐਸੇ ਬੰਦੇ ਦੀ ਮੌਤ 'ਤੇ ਕਿਉਂ ਨਾ ਵਧਾਈਆਂ ਵੱਜਣ। ਐਸੇ ਮਹਾਂ-ਪੁਰਖਾਂ ਨੇ ਤਾਂ ਮੌਤ ਦੀ ਵਿਆਖਿਆ ਹੀ ਬੜੀ ਕਮਾਲ ਕੀਤੀ ਹੈ। ਉਹ ਕਹਿੰਦੇ ਹਨ, ਜਦੋਂ ਮੈਂ ਯਾਤਰਾ ਦੀ ਅਰੰਭਤਾ ਕੀਤੀ ਸੀ ਤਾਂ ਮੈਨੂੰ ਲੈਣ ਲਈ ਕਿੰਨੇ ਚਾਵਾਂ ਨਾਲ ਆਏ ਸਨ, ਮੇਰੀ ਯਾਤਰਾ ਦੀ ਸਮਾਪਤੀ ਵੇਲੇ ਰੋਣਾ ਧੋਣਾ ਹੈ ਚਾਅ ਨਹੀਂ। ਸਿਰ 'ਤੇ ਜਦੋਂ ਮੌਤ ਦਾ ਸਮਾਂ ਆਇਆ ਤਾਂ ਸਭ ਨੂੰ ਦੇਰ ਹੋ ਗਈ। ਇਕ ਹੀ ਮਿੱਤਰ ਸੀ, ਉਹ ਸਮੇਂ

ਸਿਰ ਪੁੱਜ ਗਿਆ। ਉਹ ਮੇਰਾ ਮਿੱਤਰ ਸੀ ਜਿਸ ਨੂੰ ਕਾਲ ਕਹਿੰਦੇ ਹਾਂ। ਭੈਣ ਭ
ਸਭ ਦੇਰੀ ਨਾਲ ਆਏ। ਫਿਰ ਸਾਰੇ ਆਪਣੀ ਮਜਬੂਰੀ ਦੱਸ ਰਹੇ ਹਨ, ਕੋਈ ਕਹਿ
ਹੈ ਮੇਰੀ ਗੱਡੀ ਲੇਟ ਹੋ ਗਈ, ਕੋਈ ਕਹਿ ਰਿਹਾ ਹੈ ਮੈਨੂੰ ਖ਼ਬਰ ਦੇਰ ਨਾਲ
ਪਰ ਸਭ ਤੋਂ ਪਹਿਲੇ ਸਮੇਂ ਸਿਰ ਕਾਲ ਹੀ ਪੁੱਜਾ, ਬਾਕੀ ਸਭ ਦੂਰ ਸਨ। ਪ
ਕਾਲ ਮੇਰਾ ਐਸਾ ਮਿੱਤਰ ਸੀ ਜੋ ਸਭ ਤੋਂ ਨੇੜੇ ਸੀ, ਹਰ ਵੇਲੇ ਮੇਰੇ ਨਾਲ

ਕਿੰਨਾ ਸੁੰਦਰ ਹੈ ਇਹ ਦੋਹਰਾ :

*ਕੋਈ ਨਾ ਪਹੁਚਾ ਸਮੇਂ ਸਿਰ ਜੋ ਆਇਆ ਸਿਰਿ ਕਾਲ॥*
*ਆਇ ਕਾਲ ਸਿਰ ਪਹੁੰਚਿਆ ਸਿਰਫ਼ ਏਕ ਹੀ ਕਾਲ॥*

ਇਕ ਅਦੀਬ ਲਿਖਦੇ ਹਨ :

*ਕਿਉਂ ਮੌਤ ਸੇ ਇਤਨੀ ਦਹਿਸ਼ਤ ਕਿਉਂ ਜ਼ਿੰਦਗੀ ਇਤਨੀ ਅਜ਼ੀਜ਼।*
*ਮੌਤ ਆਨੇ ਕੇ ਲੀਏ ਹੈ ਔਰ ਜਾਨ ਜਾਨੇ ਕੇ ਲੀਏ॥*

ਜਦੋਂ ਤਕ ਮਨੁੱਖ ਦੇ ਸੁਭਾਅ ਵਿਚ ਧਰਮ ਕਲਾ ਨਹੀਂ ਤਾਂ ਇਸ ਦੀ ਸੋਚਣੀ
ਛੋਟੀ ਤੇ ਅਦਨੀ ਹੁੰਦੀ ਹੈ। ਇਹ ਸਵਾਸਾਂ ਦੇ ਚਲਨ ਨੂੰ ਹੀ ਜ਼ਿੰਦਗੀ ਸਮਝ
ਇਹ ਸਰੀਰ ਦੀ ਧੜਕਣ ਨੂੰ ਹੀ ਜ਼ਿੰਦਗੀ ਸਮਝਦਾ ਹੈ :

*ਜ਼ਿੰਦਗੀ ਕਿਆ ਹੈ ਅਨਾਸਰ ਕਾ ਜ਼ਹੂਰੇ ਤਰਤੀਬ॥*
*ਮੌਤ ਕਿਆ ਹੈ ਇਨਹੀ ਅਜ਼ਜ਼ਾ ਕਾ ਪ੍ਰੇਸ਼ਾਂ ਹੋਨਾ॥*

ਜੇ ਇਹੀ ਜ਼ਿੰਦਗੀ ਹੈ ਫਿਰ ਤਾਂ ਜੀਵਨ ਬੜਾ ਕਮਜ਼ੋਰ ਹੈ, ਇਸ ਜੀਵਨ
ਹਰ ਸਵਾਸ 'ਤੇ ਸ਼ੱਕ ਹੈ ਕਿ ਕੀ ਪਤਾ ਜਿਹੜਾ ਸਵਾਸ ਆ ਰਿਹਾ ਹੈ ਇਹ
ਸਵਾਸ ਹੀ ਨਾ ਹੋਵੇ :

*ਨਾ ਪਾਏਦਾਰ ਜ਼ਿੰਦਗਾਨੀ ਦੁਨੀਆ ਏ ਕਿਸ ਕਦਰ।*
*ਹਰ ਸਾਂਸ ਪਰ ਗੁਮਾਂ ਹੈ ਕਹੀਂ ਆਖਰੀ ਨਾ ਹੋ॥*

ਸਾਹਿਬ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ, ਮੈਂ ਨਹੀਂ ਜਾਣਦਾ
ਦੀ ਮੁਹਲਤ ਕਿੰਨੀ ਹੈ, ਕਿਹੜਾ ਸਮਾਂ ਹੈ ਜਦੋਂ ਮਰ ਜਾਣਾ ਹੈ, ਅਸੀਂ ਤਾਂ ਇਕ
ਆਦਮੀ ਹਾਂ :

*ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨਾ ਜਾਣਾ॥*

—ਧਨਾਸਰੀ ਮ: ੧, ਪੰ

ਜਿਸ ਨੂੰ ਜ਼ਿੰਦਗੀ ਕਹਿੰਦੇ ਹਾਂ ਇਹ ਤਾਂ ਪਲ-ਪਲ ਵਿਚ ਸੁਪਨਾ ਹੁੰਦੀ ਜ
ਹੈ, ਜੇ ਇਹੀ ਜ਼ਿੰਦਗੀ ਹੈ ਫਿਰ ਤਾਂ ਜਨਮ ਮਰਨ ਵਾਕਿਆ ਹੀ ਦੁੱਖ ਹੈ। ਇਕ
ਦੁੱਖ ਵਿਚ ਹੀ ਜਨਮੇ, ਦੁੱਖ ਵਿਚ ਜੀਵੇ, ਦੁੱਖ ਵਿਚ ਹੀ ਮਰ ਜਾਏ ਫਿਰ ਤਾਂ
ਮਰਨ ਦੁੱਖ ਹੀ ਹੈ। ਫਿਰ ਤਾਂ ਅਰਦਾਸ ਕਰਨੀ ਹੀ ਪਵੇਗੀ ਕਿ ਹੇ ਪ੍ਰਮਾਤਮਾ !
ਸੰਸਾਰ ਤੇ ਨਾ ਭੇਜੀਂ ਇਥੇ ਬੜਾ ਦੁੱਖ ਹੈ। ਪਰ ਜਿਹੜਾ ਹਰਿ ਦਾ ਜਨ ਬਣ

ਉਸ ਦਾ ਜਨਮ ਤਾਂ ਦੁੱਖ ਨਹੀਂ, ਉਸ ਦਾ ਜਨਮ ਤਾਂ ਸਫਲ ਹੈ। ਉਸ ਨੇ ਤਾਂ ਪ੍ਰਮਾਤਮਾ ਨੂੰ ਸਉਤ ਭਾਵ ਔਲਾਦ ਵਾਲਾ ਕਰ ਦਿੱਤਾ ਹੈ।

*ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ॥*

—ਦੇਵ ਗੰਧਾਰੀ ਮ: ੫, ਪੰਨਾ ੫੩੨

ਜਿਹੜੇ ਪ੍ਰਮਾਤਮਾ ਦੇ ਹੋ ਗਏ, ਜਿਨ੍ਹਾਂ ਦਾ ਰੱਬ ਨਾਲ ਪਿਆਰ ਬਣ ਗਿਆ, ਜਿਨ੍ਹਾਂ ਦੇ ਜੀਵਨ ਵਿਚ ਉਸ ਦੀ ਸਿਫ਼ਤ ਸਲਾਹ ਹੈ, ਜਿਨ੍ਹਾਂ ਦੀ ਜ਼ਿੰਦਗੀ ਰੱਬੀ ਗੀਤ ਗਾ ਰਹੀ ਹੈ ਤਾਂ ਮੌਤ ਵੀ ਨਾਲ ਝੂਮਣ ਲੱਗ ਪੈਂਦੀ ਹੈ। ਪਿਆਰ ਜਦੋਂ ਮੌਤ ਦੇ ਸਾਹਮਣੇ ਆਉਂਦਾ ਹੈ ਤਾਂ ਮੌਤ ਵੀ ਝੁਕ ਕੇ ਪ੍ਰਣਾਮ ਕਰ ਦਿੰਦੀ ਹੈ :

*ਜ਼ਿੰਦਗੀ ਐਸਾ ਗੀਤ ਗਾਤੀ ਹੈ ਮੌਤ ਭੀ ਝੂਮ ਝੂਮ ਕਰ ਜਾਤੀ ਹੈ॥*
*ਦਾਦ ਦੇਤੀ ਹੈ ਗਰਦਸ਼ੇ ਦੌਰਾਂ ਜ਼ਿੰਦਗੀ ਪੈਦਾ ਨਾਮ ਕਰਤੀ ਹੈ।*
*ਇਸ਼ਕ ਜਬ ਮੌਤ ਸੇ ਉਲਝਤਾ ਹੈ ਤੋ ਮੌਤ ਝੁਕ ਕਰ ਸਲਾਮ ਕਰਤੀ ਹੈ॥*

ਫਿਰ ਜਨਮ ਮਰਨ ਦੁੱਖ ਨਹੀਂ ਹੁੰਦਾ ਬਲਕਿ ਪ੍ਰਮਾਤਮਾ ਦਾ ਹੁਕਮ ਹੁੰਦਾ ਹੈ, ਭਾਣਾ ਹੁਦਾ ਹੈ। ਫਿਰ ਰੱਬ ਦਾ ਪਿਆਰਾ ਰੱਬ ਦੇ ਭਾਣੇ ਨੂੰ ਦੁੱਖ ਕਿਵੇਂ ਆਖੇ। ਸਤਿਗੁਰੂ ਅਮਰਦਾਸ ਪਾਤਸ਼ਾਹ ਨੇ ਤਾਂ ਇਥੋਂ ਤਕ ਕਹਿ ਦਿੱਤਾ ਸੀ ਕਿ ਮੇਰੇ ਪਿੱਛੋਂ ਨਿਰਬਾਣ ਕੀਰਤਨ ਕਰਨਾ। ਨਿਰਬਾਣ ਕੀਰਤਨ ਕੀ ਹੈ ? ਜਿਸ ਵਿਚ ਕੋਈ ਵੀ ਮੰਗ ਨਾ ਹੋਵੇ। ਤੁਸੀਂ ਮੇਰੇ ਤੋਂ ਬਾਅਦ ਆਖੋ ਕਿ ਹੇ ਪ੍ਰਮਾਤਮਾ ! ਸਾਡੇ ਬਜ਼ੁਰਗ ਨੂੰ ਸੱਚਖੰਡ ਵਿਚ ਵਾਸਾ ਦੇਵੀਂ, ਨਹੀਂ ਉਹ ਤੁਹਾਡੇ ਨਾਲੋਂ ਚੰਗੀ ਤਰ੍ਹਾਂ ਜਾਣਦਾ ਹੈ ਕਿ ਮੈਨੂੰ ਕਿੱਥੇ ਰੱਖਣਾ ਹੈ। ਉਹਦੀ ਮਰਜ਼ੀ ਹੈ ਮੈਨੂੰ ਵਾਪਸ ਭੇਜੇ, ਉਸ ਦੀ ਮਰਜ਼ੀ ਹੈ ਕੋਲ ਰੱਖੇ। ਜਿਹੜਾ ਤੁਹਾਡੇ ਵਿਚੋਂ ਮੇਰੇ ਵਾਸਤੇ ਰੋਇਆ ਉਹ ਮੈਨੂੰ ਬਿਲਕੁਲ ਹੀ ਚੰਗਾ ਨਹੀਂ ਲੱਗਣਾ।

ਸਦ ਵਿਚ ਸੁੰਦਰ ਜੀ ਲਿਖਦੇ ਹਨ :

*ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ॥*
*ਮਤ ਮੈ ਪਿਛੈ ਕੋਈ ਰੋਵਸੀ, ਸੋ ਮੈ ਮੂਲਿ ਨਾ ਭਾਇਆ॥*

ਇਕ ਮਿੱਤਰ ਨੂੰ ਸਿਰੋਪਾ ਮਿਲਦਾ ਹੋਵੇ ਤਾਂ ਜਿਸ ਮਿੱਤਰ ਨੂੰ ਮਿੱਤਰ ਦੀ ਇੱਜ਼ਤ ਚੰਗੀ ਲੱਗਦੀ ਹੈ ਉਹ ਪ੍ਰਸੰਨ ਹੁੰਦਾ ਹੈ। ਤੁਸੀਂ ਵਿਚਾਰ ਕੇ ਦੇਖੋ ਮੈਨੂੰ ਤਾਂ ਹੁਣ ਪ੍ਰਮਾਤਮਾ ਸਿਰੋਪਾ ਬਖ਼ਸ਼ ਰਿਹਾ ਹੈ :

*ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ॥*
*ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ॥*

—ਸਦ, ਪੰਨਾ ੯੨੩

ਪ੍ਰਮਾਤਮਾ ਦੇ ਦਰ ਤੋਂ ਸਿਰੋਪੇ ਉਨ੍ਹਾਂ ਨੂੰ ਮਿਲਦੇ ਹਨ ਜਿਨ੍ਹਾਂ ਨੇ ਸਫਲ ਜੀਵਨ ਜੀਵਿਆ ਹੈ। ਉਨ੍ਹਾਂ ਲਈ ਜਨਮ ਮਰਨ ਦੁੱਖ ਨਹੀਂ ਰਹਿ ਗਿਆ ਬਲਕਿ ਭਾਣਾ ਹੈ :

*ਜੰਮਣੁ ਮਰਣਾ ਹੁਕਮ ਹੈ ਭਾਣੈ ਆਵੈ ਜਾਇ॥*

—ਵਾਰ ਆਸਾ, ਪੰਨਾ ੪੭੨

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

—ਵਾਰ ਸਾਰੰਗ, ਪੰਨਾ ੧੨੩੯

ਜਾ ਆਏ ਤਾ ਤਿਨਹਿ ਪਠਾਏ ਚਾਲੇ ਤਿਨੈ ਬੁਲਾਇ ਲਇਆ॥

—ਰਾਮਕਲੀ ਮ: ੧, ਪੰਨਾ ੯੦੭

ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ॥

—ਮਾਰੂ ਕਬੀਰ ਜੀ, ਪੰਨਾ ੧੧੦੩

ਗੁਰਮੁਖਿ ਹਰਿ ਹਰਿ ਹਰਿ ਲਿਵ ਲਾਗੇ॥ ਜਨਮ ਮਰਣ ਦੋਊ ਦੁਖ ਭਾਗੇ॥

—ਬਸੰਤ ਮ: ੪, ਪੰਨਾ ੧੧੭੮

ਬੂਝਿ ਬੈਰਾਗੁ ਕਰੇ ਜੇ ਕੋਇ॥ ਜਨਮ ਮਰਣ ਫਿਰਿ ਸੋਗੁ ਨ ਹੋਇ॥

—ਭੈਰਉ ਮ: ੫, ਪੰਨਾ ੧੧੪੫

ਜੇਕਰ ਜਨਮ ਮਰਨ ਦੁੱਖ ਹੈ ਤਾਂ ਇਹ ਇਸ ਤਰ੍ਹਾਂ ਦੁੱਖ ਹੈ ਕਿ ਪੁੱਤਰ ਇੰਨਾ ਮਾੜਾ ਤੇ ਦੁੱਖ ਦੇਣ ਵਾਲਾ ਹੋਵੇ ਕਿ ਮਾਂ ਨੂੰ ਕਹਿਣਾ ਪਵੇ ਕਿ ਤੈਨੂੰ ਜਨਮ ਦੇਣ ਦਾ ਮੈਂ ਐਵੇਂ ਹੀ ਦੁੱਖ ਝੱਲਿਆ ਹੈ। ਵੈਸੇ ਮਾਂ ਇਸ ਦੁੱਖ ਨੂੰ ਸੁੱਖਾਂ ਸੁੱਖ ਕੇ ਪੱਲੇ ਪਾਉਂਦੀ ਹੈ ਕਿ ਹੇ ਪ੍ਰਮਾਤਮਾ ! ਮੈਨੂੰ ਪੁੱਤਰ ਦੇ, ਮਾਤਾ ਨੂੰ ਪਤਾ ਹੈ ਪੁੱਤਰ ਇਕੱਲਾ ਨਹੀਂ ਮਿਲਦਾ ਨਾਲ ਹੀ ਪ੍ਰਸੂਤਾ ਪੀੜਾ ਵੀ ਮਿਲਣੀ ਹੈ। ਇਸੇ ਤਰ੍ਹਾਂ ਜਨਮ ਮਰਨ ਦੇ ਦੁੱਖ ਨੂੰ ਤਾਂ ਦੇਵਤੇ ਵੀ ਤਰਸਦੇ ਹਨ। ਇਹ ਜੀਵਨ ਜਿਸ ਦੇ ਆਦਿ ਵਿਚ ਜਨਮ ਹੈ ਅੰਤ ਵਿਚ ਮਰਨ ਹੈ, ਇਹ ਤਾਂ ਗੋਬਿੰਦ ਮਿਲਣ ਦੀ ਵਾਰੀ ਹੈ। ਜੋ ਜੀਵਨ ਵਿਚ ਕਰਨਾ ਸੀ ਉਹ ਨਾ ਹੋਵੇ ਤਾਂ ਜਨਮ ਮਰਨ ਬਹੁਤ ਵੱਡਾ ਦੁੱਖ ਹੈ। ਪਰ ਜੋ ਕਰਨਾ ਸੀ ਜੇ ਉਹ ਹੋ ਜਾਏ ਤਾਂ ਜਨਮ ਮਰਨ ਕੋਈ ਦੁੱਖ ਨਹੀਂ ਫਿਰ ਤਾਂ ਜਨਮ ਮਰਨ ਪ੍ਰਮਾਤਮਾ ਦੀ ਮਿਹਰ ਹੈ। ਕਰਨਾ ਕੀ ਸੀ ਸਫਲ ਜੀਵਨ ਜਿਊਣਾ ਸੀ। ਜੀਵਨ ਸਫਲ ਕਿਵੇਂ ਹੁੰਦਾ ਹੈ :

ਨਾਨਕ ਸੋਈ ਜੀਵਿਆ ਜਿਨਿ ਇਕੁ ਪਛਾਤਾ॥

—ਵਾਰ ਗਉੜੀ, ਪੰਨਾ ੩੧੯

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥

ਨਾਨਕ ਅਵਰੁ ਨ ਜੀਵੈ ਕੋਇ॥ —ਵਾਰ ਮਾਝ, ਪੰਨਾ ੧੪੨

ਜੀਵਨ ਦਾ ਅਰਥ ਹੀ ਹੈ ਜਿਸ ਦੇ ਮਗਰ ਮੌਤ ਕੋਈ ਨਹੀਂ। ਸਰੀਰ ਦਾ ਚਾਰ ਦਿਨ ਸੰਸਾਰ ਵਿਚ ਰਹਿਣਾ ਜੀਵਨ ਨਹੀਂ, ਜੀਵਨ ਤਾਂ ਉਹ ਹੈ ਜਿਸ ਦੇ ਆਸਰੇ ਸਰੀਰ ਬਣਿਆ ਹੈ। ਜੀਵਨ ਤਾਂ ਉਹ ਹੈ ਜੋ ਸਰੀਰ ਤੋਂ ਪਹਿਲਾਂ ਸੀ ਅਤੇ ਸਰੀਰ ਬਿਨਸ ਜਾਣ ਤੋਂ ਬਾਅਦ ਵੀ ਰਹੇਗਾ, ਜੇ ਉਸ ਨਾਲ ਜੁੜ ਜਾਈਏ ਤਾਂ ਸਰੀਰ ਸਫਲ ਹੈ। ਮਨੁੱਖਾ ਸਰੀਰ ਤੋਂ ਬਿਨਾਂ ਉਸ ਦਾ ਅਨੁਭਵ ਕੋਈ ਨਹੀਂ ਹੁੰਦਾ ਤੇ ਜਨਮ ਮਰਨ ਤੋਂ ਬਿਨਾਂ ਸਰੀਰ ਨਹੀਂ ਮਿਲਦਾ। ਜਦੋਂ ਮਨੁੱਖ ਨੂੰ ਧਰਮ ਕਲਾ ਮਿਲ ਜਾਏ ਤਾਂ ਫਿਰ ਸਫਲ ਸਰੀਰ ਮਿਲਦਾ ਹੈ, ਜਨਮ ਮਰਨ ਵਰਦਾਨ ਹੁੰਦੇ ਹਨ, ਦੁੱਖ ਨਹੀਂ ਹੁੰਦੇ।

✿ ✿ ✿

ਉਸ ਨੇ ਕਿਹਾ ਸੀ :

*ਪੁਛੇ ਜੋਗੀ ਭੰਗਰ ਨਾਥ ਤੁਹਿ ਦੁਧ ਵਿਚ ਕਿਉਂ ਕਾਂਜੀ ਪਾਈ॥*
*ਭੇਖ ਉਤਾਰ ਉਦਾਸ ਦਾ ਵਤ ਕਿਉਂ ਸੰਸਾਰੀ ਰੀਤ ਚਲਾਈ॥*
*ਫਿਟਿਆ ਚਾਟਾ ਦੁਧ ਦਾ ਰਿੜਕਿਆ ਮਖਣ ਹੱਥ ਨਾ ਆਈ॥*

ਗੁਰੂ ਨਾਨਕ ਦੇਵ ਜੀ ਨੇ ਇੰਨਾ ਹੀ ਕਿਹਾ ਸੀ ਕਿ ਤੇਰੀ ਮਾਂ ਕੁਚੱਜੀ ਸੀ, ਭਾਵ ਗੋਰਖ ਨਾਥ ਨੂੰ ਚੱਜ ਨਹੀਂ ਆਇਆ।

ਸਾਧੂ ਜੀਵਨ ਹੀ ਸਾਧਨਾ ਹੈ। ਸਾਧੂ ਸਾਧਿਆ ਹੋਇਆ ਜੀਵਨ ਹੈ, ਸਾਧੂ ਤਾਂ ਸਫ਼ਲ ਜੀਵਨ ਹੈ, ਸਾਧੂ ਤਾਂ ਪਰਉਪਕਾਰੀ ਸੁਭਾਅ ਹੈ ਨਾ ਕਿ ਸਾਧੂ ਬਸਤਰ ਹਨ। ਤੁਸੀਂ ਬਸਤਰ ਕਿਉਂ ਨਹੀਂ ਛੱਡ ਸਕਦੇ, ਤੁਹਾਨੂੰ ਪਤਾ ਹੈ ਕਿ ਹੋਰ ਤਾਂ ਸਾਡੇ ਪੱਲੇ ਹੈ ਕੁਝ ਨਹੀਂ, ਕੋਈ ਯੋਗਤਾ ਨਹੀਂ, ਜੇ ਗੈਰਕ ਬਸਤਰ ਵੀ ਉਤਾਰ ਦਿੱਤੇ ਤਾਂ ਰੋਟੀ ਤੋਂ ਵੀ ਭੁੱਖੇ ਮਰਾਂਗੇ। ਕੰਮ ਤਾਂ ਇਕ ਹੀ ਹੈ ਕਿ ਭੁੱਖ ਲੱਗੇ ਤਾਂ ਮੰਗਣ ਵਾਸਤੇ ਜਾਣਾ ਹੈ, ਜਦੋਂ ਤਕ ਗ੍ਰਹਿਸਤੀਆਂ ਨੇ ਕੁਝ ਹੱਥ 'ਤੇ ਨਾ ਰੱਖਿਆ ਹੱਥ ਖਾਲੀ ਹਨ ਫਿਰ ਇਹ ਬਸਤਰ ਵੀ ਉਤਾਰ ਦਿੱਤੇ ਤਾਂ ਭੁੱਖੇ ਮਰ ਜਾਵਾਂਗੇ। ਤੁਸੀਂ ਬਸਤਰ ਉਤਾਰ ਦਿਓ, ਕਿਸੇ ਘਰ ਮੰਗਣ ਜਾਓ, ਤੁਹਾਨੂੰ ਕਿਸੇ ਭਿੱਖਿਆ ਵੀ ਨਹੀਂ ਦੇਣੀ। ਮੈਂ ਬਸਤਰ ਨਹੀਂ ਸਾਂ, ਬਸਤਰ ਸਿਰਫ਼ ਮੇਰੀ ਪਹਿਚਾਣ ਸਨ। ਮੈਂ ਚਾਹੁੰਦਾ ਸਾਂ ਕਿ ਲੋਕ ਬਸਤਰ ਵੇਖ ਕੇ ਮੇਰੇ ਪਾਸ ਆ ਜਾਣ ਤਾਂਕਿ ਮੈਂ ਰੱਬ ਦੀ ਗੱਲ ਸੁਣ ਸਕਾਂ। ਹੁਣ ਉਸ ਪਹਿਚਾਣ ਦੀ ਲੋੜ ਨਾ ਰਹਿ ਗਈ, ਜਿਥੇ ਕਰਤਾਰਪੁਰ ਮੈਂ ਰਹਿੰਦਾ ਹਾਂ, ਸਾਰੇ ਹੀ ਮੈਨੂੰ ਜਾਣਦੇ ਹਨ ਫਿਰ ਮੈਂ ਕਿਸੇ ਦੇ ਘਰ ਭਿੱਖਿਆ ਮੰਗਣ ਵੀ ਨਹੀਂ ਜਾਣਾ। ਮੈਂ ਤਾਂ ਆਪ ਹਲ ਚਲਾਉਣਾ ਸ਼ੁਰੂ ਕਰ ਦਿੱਤਾ ਹੈ, ਹੁਣ ਮੈਨੂੰ ਗੈਰਕ ਬਸਤਰਾਂ ਦੀ ਜ਼ਰੂਰਤ ਨਹੀਂ।

ਭਾਈ ਗੁਰਦਾਸ ਜੀ ਲਿਖਦੇ ਹਨ ਕਿ :

*ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ॥*
*ਪਹਿਰ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ॥*

ਬਸਤਰ ਪਛਾਣ ਹਨ ਜਿਵੇਂ ਕਿ ਵਰਦੀ ਵੇਖ ਕੇ ਪਤਾ ਲੱਗ ਜਾਂਦਾ ਹੈ ਕਿ ਪੁਲਿਸ ਵਾਲਾ ਹੈ, ਵਰਦੀ ਵੇਖ ਕੇ ਪਤਾ ਲੱਗ ਜਾਂਦਾ ਹੈ ਕਿ ਮਿਲਟਰੀ ਵਾਲਾ ਹੈ, ਕੱਪੜਾ ਪਹਿਚਾਣ ਹੈ। ਜਿਥੇ ਤਕ ਤਨ ਕੱਜਣ ਦੀ ਗੱਲ ਹੈ ਕੱਪੜਾ ਠੀਕ ਹੈ, ਜਿਥੇ ਤਕ ਪਹਿਚਾਣ ਹੈ ਕੱਪੜਾ ਠੀਕ ਹੈ, ਜਿਥੇ ਤਕ ਗਰਮੀ ਸਰਦੀ ਤੋਂ ਤਨ ਬਚਾਉਣ ਦੀ ਗੱਲ ਹੈ, ਕੱਪੜਾ ਠੀਕ ਹੈ। ਪਰ ਜਿਹੜਾ ਬੰਦਾ ਇਹ ਸਮਝਦਾ ਹੈ ਕਿ ਸਭ ਕੁਝ ਕੱਪੜੇ ਹੀ ਹਨ, ਕਮਾਲ ਗੱਲ ਹੈ ਕਿ ਬੰਦਾ ਗਵਾਚ ਹੀ ਜਾਵੇ ਸਿਰਫ਼ ਕੱਪੜੇ ਹੀ ਰਹਿ ਜਾਣ।

ਕਈ ਸੱਜਣ ਐਸੇ ਹਨ ਕਿ ਸੂਟ ਦਾ ਰੰਗ ਜ਼ਰਾ ਠੀਕ ਨਹੀਂ ਰਲਿਆ ਤਾਂ ਮਜਬੂਰੀ ਸੀ ਪਰ ਇੰਜ ਜਾਪਦਾ ਹੈ ਕਿ ਅਸੀਂ ਤਾਂ ਘਰ ਹੀ ਰਹਿ ਗਏ ਹਾਂ। ਬੰਦਾ ਕੱਪੜਿਆਂ ਵਿਚ ਹੀ ਗੁਆਚ ਜਾਏ ਇਹ ਤਾਂ ਮਨੁੱਖਤਾ ਦੀ ਤੌਹੀਨ ਹੈ ਪਰ ਹਕੀਕਤ ਹੈ ਕਿ ਮਨੁੱਖ ਗਵਾਚ ਗਿਆ ਹੈ, ਕੱਪੜੇ ਹੀ ਕੱਪੜੇ ਵੇਖਦੇ ਹਾਂ।

ਜ਼ਰ ਲੈਂਦਾ ਹੈ ਅਤੇ ਸਿਰ ਦੇਂਦਾ ਹੈ। ਮੈਂ ਧਨ ਦੇ ਦਿਆਂ ਤਾਂ ਕਿ ਮੇਰਾ ਸਿਰ ਸਲਾਮਤ ਰਹੇ, ਧਨ ਨਾ ਦਿੱਤਾ ਤਾਂ ਸੈਨਾ ਨੇ ਸਿਰ ਨਹੀਂ ਦੇਣਾ। ਅੱਜ ਦੇ ਰਾਜਨੀਤਕ ਨੇਤਾ ਵੋਟ ਲੈਣ ਲਈ ਪਹਿਲਾਂ ਅਸਰ ਰਸੂਖ ਵਰਤਦੇ ਹਨ, ਜਦੋਂ ਚੋਣ ਵਿਚ ਇਕ ਦਿਨ ਰਹਿ ਗਿਆ ਫਿਰ ਵੋਟ ਖ਼ਰੀਦੇ ਜਾਂਦੇ ਹਨ। ਰਾਜਨੀਤਕ ਬੰਦਾ ਜਦੋਂ ਵੀ ਹੱਥੋਂ ਧਨ ਛੱਡੇਗਾ, ਉਹ ਪਹਿਲਾਂ ਵੇਖੇਗਾ ਕਿ ਮੇਰੇ ਹੱਥ ਵਿਚ ਕਿੰਨੀ ਤਾਕਤ ਆਉਂਦੀ ਹੈ, ਕਿੰਨਾ ਧਨ ਕੁਰਬਾਨ ਕਰਾਂ, ਕਿੰਨੇ ਕੁ ਵੋਟ ਮਿਲਣਗੇ। ਅੱਜ ਦੀ ਰਾਜ਼ਨੀਤਕ ਜਿੱਤ ਲਈ ਵੋਟ ਹੀ ਸਿਪਾਹੀ ਹਨ। ਪਹਿਲਾਂ ਸਿਪਾਹੀ ਜ਼ਰ ਲੈਂਦਾ ਸੀ, ਸਿਰ ਦੇਂਦਾ ਸੀ, ਅੱਜ ਦਾ ਸਿਪਾਹੀ ਨੋਟ ਲੈਂਦਾ ਹੈ ਤੇ ਵੋਟ ਦਿੰਦਾ ਹੈ, ਇਸ ਲਈ ਰਾਜਨੀਤਕ ਬੰਦਾ ਵੋਟ ਲਈ ਨੋਟ ਕੁਰਬਾਨ ਕਰਦਾ ਹੈ। ਧਨ ਦੀ ਧਰਮ ਲਈ ਵੀ ਕੁਰਬਾਨੀ ਹੁੰਦੀ ਰਹੀ ਹੈ। ਉਸ ਕੁਰਬਾਨੀ ਦੇ ਕਈ ਰੂਪ ਹਨ, ਕਿਸੇ ਧਾਰਮਕ ਅਸਥਾਨ ਦੇ ਬਣਾਉਣ 'ਤੇ ਧਨ ਖ਼ਰਚ ਕਰ ਦੇਣਾ, ਸੰਗਤਾਂ ਲਈ ਲੰਗਰ ਤਿਆਰ ਕਰਵਾ ਕੇ ਛਕਾ ਦੇਣਾ, ਲੰਗਰ ਤੇ ਧਨ ਖ਼ਰਚ ਕਰ ਦੇਣਾ, ਆਪਣੇ ਇਸ਼ਟ ਅੱਗੇ ਧਨ ਅਰਪਨ ਕਰ ਦੇਣਾ।

ਇਸ ਤੋਂ ਅੱਗੇ ਹੈ ਮਨ ਦੀ ਕੁਰਬਾਨੀ। ਮਨ ਦੀ ਕੁਰਬਾਨੀ ਕੀ ਹੈ ? ਕਿਸੇ ਦੀ ਮਰਜ਼ੀ ਮੰਨ ਲੈਣੀ, ਆਪਣੀ ਮਰਜ਼ੀ ਨੂੰ ਦਬਾ ਦੇਣਾ, ਇਸ ਨੂੰ ਮਨ ਮਾਰਨਾ ਵੀ ਕਹਿੰਦੇ ਹਾਂ। ਸਮਾਜ ਲਈ, ਲੋਕ ਲਾਜ ਲਈ ਵੀ ਆਪਣਾ ਮਨ ਮਾਰਨਾ ਪੈਂਦਾ ਹੈ। ਬੰਦਾ ਚਾਹੁੰਦਾ ਹੈ ਕਿ ਇਹ ਬੰਦਾ ਮੇਰੇ ਮੱਥੇ ਵੀ ਨਾ ਲੱਗੇ ਪਰ ਉਹ ਘਰ ਆ ਗਿਆ ਹੈ। ਉਸਨੂੰ ਬਿਠਾਉਣਾ ਵੀ ਪਿਆ, ਜਲ ਪਾਣੀ ਵੀ ਛਕਾਉਣਾ ਪਿਆ, ਚਾਰ ਮਿੱਤਰ ਹੋਰ ਵੀ ਨਾਲ ਹਨ, ਇਹ ਕੀ ਕਹਿਣਗੇ। ਉਸ ਦੇ ਘਰ ਜਾਣਾ ਵੀ ਪਿਆ, ਮਨ ਮਾਰਨਾ ਪਿਆ। ਮਨ ਜਾਣ ਲਈ ਤਿਆਰ ਨਹੀਂ ਸੀ ਪਰ ਇੰਨੀ ਨੇੜੇ ਦੀ ਰਿਸ਼ਤੇਦਾਰੀ, ਮਨ ਕੁਰਬਾਨ ਕਰਨਾ ਹੀ ਪਿਆ।

ਲੜਕੀ ਦੀ ਬਰਾਤ ਆਈ ਹੈ। ਲੜਕੇ ਦਾ ਚਾਚਾ ਐਸੀਆਂ ਗੱਲਾਂ ਕਰ ਰਿਹਾ ਹੈ, ਉਹ ਮਨੋਂ ਚਾਹੁੰਦਾ ਹੈ ਕਿ ਇਥੇ ਗੜਬੜ ਹੋ ਜਾਵੇ। ਉਹ ਕਹਿ ਰਿਹਾ ਹੈ, ਕਿਨ੍ਹਾਂ ਕੰਗਾਲਾਂ ਦੇ ਘਰ ਬਰਾਤ ਲੈ ਕੇ ਆ ਗਏ ਹਾਂ, ਇਥੇਂ ਪ੍ਰਬੰਧ ਠੀਕ ਨਹੀਂ, ਇਥੇ ਖਾਣਾ ਠੀਕ ਨਹੀਂ। ਹੋਰ ਕਈ ਤਰ੍ਹਾਂ ਦੀਆਂ ਦਿਲ ਦੁਖਾਵੀਆਂ ਗੱਲਾਂ ਕਹਿ ਰਿਹਾ ਹੈ। ਲੜਕੇ ਦਾ ਬਾਪ ਲੜਕੀ ਵਾਲੇ ਨੂੰ ਕਹਿੰਦਾ ਹੈ, ਮੇਰੀ ਇੱਜ਼ਤ ਵੱਲ ਵੇਖਣਾ, ਇਹ ਅੱਜ ਸਾਡੀ ਪ੍ਰੀਖਿਆ ਹੈ। ਲੜਕੀ ਦਾ ਬਾਪ ਤਾਂ ਚਾਹੁੰਦਾ ਸੀ ਐਸੇ ਬਰਾਤੀ ਨੂੰ ਕੰਨੋਂ ਫੜ ਕੇ ਬਾਹਰ ਕੱਢ ਦੇਵਾਂ, ਪਰ ਕੀ ਕਰੇ ਬੱਚੀ ਤੋਰਨੀ ਹੈ, ਮਨ ਮਾਰਨਾ ਪਿਆ। ਇਹ ਹੈ ਮਨ ਦੀ ਸਮਾਜਕ ਕੁਰਬਾਨੀ।

ਇਕ ਮਜ਼ਦੂਰ ਦੀ ਝਾੜ ਝੰਭ ਹੋਈ, ਕੀਤੀ ਹੈ ਠੇਕੇਦਾਰ ਨੇ, ਕਹਿ ਰਿਹਾ ਹੈ ਕਲ੍ਹ ਤੋਂ ਕੰਮ 'ਤੇ ਨਾ ਆਉਣਾ, ਤੇਰੇ ਵਰਗੇ ਕਮਜ਼ੋਰ ਬੰਦੇ ਮੈਨੂੰ ਨਹੀਂ ਚਾਹੀਦੇ। ਉਹ ਪੈਰ ਫੜ ਕੇ ਕਹਿੰਦਾ ਹੈ, ਮਹਾਰਾਜ ! ਮੇਰੀ ਤਾਂ ਪਤਨੀ ਬਿਮਾਰ ਹੈ, ਜੇ ਤੁਸੀਂ ਮੈਨੂੰ ਕੰਮ ਤੋਂ ਹਟਾ ਦਿੱਤਾ ਤਾਂ ਮੇਰੇ ਘਰ ਰੋਟੀ ਵੀ ਨਹੀਂ ਪੱਕਣੀ, ਵੇਖੋ ਮੈਂ ਤੁਹਾਡੇ ਪੈਰਾਂ 'ਤੇ ਸਿਰ ਰੱਖਦਾ ਹਾਂ। ਉਸ ਦਾ ਮਨ ਤਾਂ ਚਾਹੁੰਦਾ ਸੀ, ਇਸ ਠੇਕੇਦਾਰ ਨੂੰ

ਗਰਦਨੋਂ ਫੜਾਂ ਤੇ ਸਿਰ ਆਪਣੇ ਪੈਰਾਂ ਵਿਚ ਦਬਾ ਦਿਆਂ ਪਰ ਘਰੋਗੀ ਮਜਬੂਰੀ ਵਾਸਤੇ ਮਨ ਕੁਰਬਾਨ ਕਰ ਰਿਹਾ ਹੈ। ਪੈਰਾਂ ਵਿਚ ਕਿਸੇ ਦਾ ਸਿਰ ਦਬਾਉਣ ਵਾਲਾ ਮਨ ਕਿਸੇ ਦੇ ਪੈਰਾਂ 'ਤੇ ਸਿਰ ਰੱਖ ਰਿਹਾ ਹੈ, ਘਰੋਗੀ ਮਜਬੂਰੀ ਤੋਂ ਮਨ ਕੁਰਬਾਨ ਹੋ ਰਿਹਾ ਹੈ।

ਰਾਜਨੀਤਕ ਬੰਦਾ ਵੀ ਆਪਣਾ ਮਨ ਕੁਰਬਾਨ ਕਰਦਾ ਹੈ। ਅੱਜ ਵੋਟਾਂ ਲੈਣ ਗਿਆ ਹੈ, ਅਚਾਨਕ ਹੀ ਇਕ ਬੰਦਾ ਸਾਹਮਣੇ ਆ ਗਿਆ, ਉਸ ਨੇ ਕਿਹਾ ਕਿ ਤੂੰ ਧੋਖੇਬਾਜ਼ ਹੈਂ, ਤੂੰ ਸਾਡੇ ਨਾਲ ਅੱਗੇ ਵੀ ਧੋਖਾ ਕੀਤਾ ਹੈ। ਤੂੰ ਪਿਛਲੀ ਵਾਰ ਸਾਨੂੰ ਆਖਿਆ ਸੀ ਤੁਹਾਡੇ ਪਿੰਡ ਦਾ ਸਕੂਲ ਬਣ ਜਾਏਗਾ, ਸੜਕ ਬਣੇਗੀ, ਜ਼ਰੂਰੀ ਪੁਲ ਬਣਨਗੇ, ਹਸਪਤਾਲ ਬਣੇਗਾ। ਪਿਛਲੀ ਚੋਣ ਤੋਂ ਬਾਅਦ ਤੂੰ ਅੱਜ ਆ ਮੂੰਹ ਵਿਖਾਇਆ ਹੈ। ਇਸ ਨਗਰ ਵਿਚੋਂ ਤੈਨੂੰ ਇਕ ਵੀ ਵੋਟ ਨਹੀਂ ਮਿਲੇਗੀ, ਇਥੋਂ ਵਾਪਸ ਜਾਓ, ਪਿੰਡ ਵਾਲੇ ਤੇਰੇ 'ਤੇ ਬੜੇ ਤਪੇ ਹਨ। ਜੇਕਰ ਤੇਰੀ ਬੇ-ਇਜ਼ਤੀ ਹੋ ਗਈ ਤਾਂ ਫਿਰ ਮੈਂ ਜ਼ਿੰਮੇਵਾਰ ਨਹੀਂ, ਇਥੋਂ ਵਾਪਸ ਚਲੇ ਜਾਓ। ਇਸ ਦਾ ਮਨ ਤਾਂ ਚਾਹੁੰਦਾ ਸੀ ਕਿ ਆਪਣਾ ਪਿਸਤੌਲ ਕੱਢਾਂ ਤੇ ਇਸ ਬੰਦੇ ਨੂੰ ਗੋਲੀ ਮਾਰ ਦਿਆਂ, ਜਾਂ ਇਸ ਦੇ ਉਪਰੋਂ ਆਪਣੀ ਕਾਰ ਲੰਘਾ ਦਿਆਂ, ਜਿਹੜੀ ਜ਼ਬਾਨ ਤੋਂ ਇਸ ਨੇ ਮੇਰੀ ਨਿਰਾਦਰੀ ਦੇ ਬਚਨ ਕਹੇ ਹਨ ਇਸ ਦੀ ਜ਼ਬਾਨ ਖਿੱਚ ਦਿਆਂ, ਪਰ ਕੀ ਕਰੇ ਵੋਟਾਂ ਚਾਹੀਦੀਆਂ ਹਨ। ਰਾਜਨੀਤਕ ਬੰਦਾ ਆਪਣੇ ਮਨ ਦੀ ਕੁਰਬਾਨੀ ਦੇ ਦੇਂਦਾ ਹੈ, ਉਸ ਦੇ ਹੱਥ ਜੁੜ ਜਾਂਦੇ ਹਨ। ਹੱਥ ਜੋੜ ਕੇ ਸਿਰ ਝੁਕਾ ਕੇ ਆਪਣੀ ਆਕੜ ਨੂੰ ਦਬਾ ਕੇ ਨਿਮਰਤਾ ਦਾ ਪੁੰਜ ਬਣ ਕੇ ਕਹਿੰਦਾ ਹੈ, ਮੈਂ ਤਾਂ ਜਨਤਾ ਦਾ ਸੇਵਕ ਹਾਂ, ਮੈਨੂੰ ਬੇ-ਇਜ਼ਤੀ ਦਾ ਕਾਹਦਾ ਡਰ ਹੈ, ਤੁਹਾਡੀ ਇੱਜ਼ਤ ਤੇ ਮੇਰੀ ਇੱਜ਼ਤ ਵਿਚ ਕੀ ਫ਼ਰਕ ਹੈ। ਵੱਧ ਤੋਂ ਵੱਧ ਇਹ ਕਰੋਗੇ ਕਿ 'ਮੇਰੇ ਸਿਰ ਵਿਚ ਖਾਕ ਪਾਉਗੇ, ਇਹ ਮੈਂ ਤੁਹਾਡੀ ਭਰਾਵਾਂ ਦੀ ਚਰਨ ਧੂੜ ਸਮਝ ਕੇ ਆਪੇ ਹੀ ਮੱਥੇ ਤੇ ਲਾ ਲੈਂਦਾ ਹਾਂ। ਉਹ ਚੁਟਕੀ ਮਿੱਟੀ ਦੀ ਚੁਕਦਾ ਹੈ ਤੇ ਮੱਥੇ ਨੂੰ ਲਗਾ ਲੈਂਦਾ ਹੈ ਤੇ ਕਹਿੰਦਾ ਹੈ, ਜਿਨ੍ਹਾਂ ਰਾਹਾਂ ਤੋਂ ਮੇਰੇ ਭਰਾ ਲੰਘਦੇ ਹਨ ਇਹ ਧੂੜ ਵੀ ਪੂਜਨਯੋਗ ਹੈ। ਬਾਕੀ ਰਹੀ ਗੱਲ ਜਿਹੜੇ ਕੰਮ ਨਹੀਂ ਹੋਏ, ਮੈਂ ਤੇ ਹਰ ਮੁਮਕਿਨ ਯਤਨ ਕੀਤੇ ਹਨ ਪਰ ਉਪਰਲਿਆਂ ਹੀ ਕੋਈ ਪੇਸ਼ ਨਹੀਂ ਜਾਣ ਦਿੱਤੀ। ਇਹ ਕੰਮ ਤਾਂ ਬਹੁਤ ਜਲਦੀ ਹੋ ਰਹੇ ਹਨ। ਹਾਂ, ਇਕ ਹੀ ਰੋਕ ਹੋ ਸਕਦੀ ਹੈ, ਵਿਰੋਧੀ ਜਿੱਤ ਗਏ ਤਾਂ ਸ਼ਾਇਦ ਤੁਹਾਡਾ ਕੰਮ ਨਾ ਹੋਵੇ, ਮੈਂ ਤਾਂ ਇਸ ਨਗਰ ਨੂੰ ਆਪਣਾ ਘਰ ਸਮਝਦਾ ਸਾਂ ਤੇ ਹੁਣ ਵੀ ਹੈ, ਤੁਸੀਂ ਭਾਵੇਂ ਫੁੱਲਾਂ ਦੇ ਹਾਰ ਪਾਓ ਭਾਵੇਂ ਮੈਨੂੰ ਗਾਲ੍ਹੀਆਂ ਦੇਵੋ, ਮੈਂ ਤੁਹਾਡਾ ਸੇਵਾਦਾਰ ਹੀ ਹਾਂ। ਇਹ ਸਭ ਕੁਝ ਮਨ ਮਰਜ਼ੀ ਦੇ ਖਿਲਾਫ਼ ਕਿਹਾ ਜਾ ਰਿਹਾ ਹੈ। ਮਨ ਵਿਚ ਤਾਂ ਇਹ ਭਾਵਨਾ ਹੈ ਕਿ ਇਕ ਵਾਰ ਚੋਣ ਜਿੱਤ ਜਾਵਾਂ ਫੇਰ ਤੁਹਾਡੇ ਨਾਲ ਗੱਲ ਕਰਾਂਗਾ। ਇਹ ਮਨ ਦੀ ਰਾਜਨੀਤਕ ਕੁਰਬਾਨੀ ਹੈ।

ਮਨ ਦੀ ਧਾਰਮਕ ਕੁਰਬਾਨੀ ਕੀ ਹੈ, ਸਤਿਗੁਰੂ ਅੱਗੇ ਝੁਕ ਜਾਣਾ। ਮਨ ਤਾਂ ਦੂਸਰੇ ਨੂੰ ਝੁਕਾਉਣਾ ਚਾਹੁੰਦਾ ਹੈ ਪਰ ਕਿਸੇ ਅੱਗੇ ਝੁਕਣਾ ਮਨ ਮਾਰਨਾ ਹੈ। ਮਨ ਨੂੰ ਗੁਰੂ

ਅੱਗੇ ਝੁਕਾਉਣਾ ਹੈ ਤਾਂ ਕਿ ਰੱਬ ਦੀ ਹਜ਼ੂਰੀ ਵਿਚ ਪ੍ਰਵਾਨ ਹੋ ਜਾਵਾਂ। ਮਨ ਤਾਂ ਬੁਰਿਆਈਆਂ ਲੋਚਦਾ ਹੈ, ਬੁਰਿਆਈਆਂ ਤੋਂ ਰੋਕਣਾ ਮਨ ਕੁਰਬਾਨ ਕਰਨਾ ਹੈ।

ਸਮਾਜਕ, ਘਰੇਗੀ, ਰਾਜਨੀਤਕ, ਕੰਮਾਂ ਤੋਂ ਮਨ ਕੁਰਬਾਨ ਕਰਨ ਵਾਲੇ ਤਾਂ ਬਹੁਤ ਮਿਲ ਜਾਣਗੇ ਪਰ ਧਰਮ ਤੋਂ ਮਨ ਕੁਰਬਾਨ ਕਰਨ ਵਾਲੇ ਬਹੁਤ ਘੱਟ ਮਿਲਣਗੇ। ਮਨ ਚਾਹੁੰਦਾ ਸੀ ਸੁੱਤਾ ਰਹਾਂ ਪਰ ਅੰਮ੍ਰਿਤ ਵੇਲੇ ਉਠਣਾ ਮਨ ਦੀ ਕੁਰਬਾਨੀ ਹੈ। ਮਨ ਤਾਂ ਸੁਪਨੇ ਲੈ ਰਿਹਾ ਸੀ ਪਰ ਇਸ ਨੂੰ ਨਿਤਨੇਮ ਵੱਲ ਲਗਾ ਦੇਣਾ ਇਸ ਦੀ ਕੁਰਬਾਨੀ ਹੈ। ਮਨ ਤਾਂ ਚਾਹੁੰਦਾ ਸੀ ਕਿਸੇ ਮਹਿਫ਼ਲ ਵਿਚ ਜਾਵਾਂ, ਰਾਗ ਰੰਗ ਸੁਣਾਂ ਪਰ ਇਸ ਨੂੰ ਉਸ ਪਾਸਿਉਂ ਮੋੜ ਕੇ ਸਾਧ ਸੰਗਤ ਵਿਚ ਲੈ ਆਉਣਾ ਮਨ ਦੀ ਕੁਰਬਾਨੀ ਹੈ। ਮਨ ਤਾਂ ਚਾਹੁੰਦਾ ਸੀ ਮੈਂ ਬੋਲਾਂ, ਹੋਰ ਕਿਸੇ ਦੀ ਵਾਰੀ ਹੀ ਨਾ ਆਵੇ ਪਰ ਉਲਟਾ ਚੁੱਪ ਕਰ ਕੇ ਸੰਗਤ ਵਿਚ ਬੈਠ ਕੇ ਕਥਾ ਕੀਰਤਨ ਸੁਣਨਾ ਇਹ ਮਨ ਦੀ ਕੁਰਬਾਨੀ ਹੈ। ਮਨ ਚਾਹੁੰਦਾ ਸੀ ਕਿ ਹਰ ਗੱਲ ਮੇਰੀ ਹੀ ਮੰਨੀ ਜਾਵੇ ਪਰ ਇਥੇ ਹਰ ਗੱਲ ਗੁਰੂ ਦੀ ਹੀ ਮੰਨਣੀ ਪੈਣੀ ਹੈ, ਇਹ ਕੁਰਬਾਨੀ ਬਹੁਤ ਹੀ ਮੁਸ਼ਕਿਲ ਹੈ, ਇਸੇ ਲਈ ਬੰਦਾ ਧਨ ਦੀ ਕੁਰਬਾਨੀ ਕਰਨ ਲਈ ਤਾਂ ਤਿਆਰ ਹੋ ਜਾਂਦਾ ਹੈ ਪਰ ਮਨ ਦੀ ਕੁਰਬਾਨੀ ਕਰਨ ਲਈ ਤਿਆਰ ਨਹੀਂ ਹੋ ਸਕਦਾ।

ਇਕ ਬੰਦੇ ਨੂੰ ਸ਼ਰਾਬ ਪੀਣ ਦੀ ਆਦਤ ਸੀ, ਉਸ ਦਾ ਭਾਈਹਾਰਾ ਇਕ ਸੰਤ ਨੂੰ ਗੁਰੂ ਮੰਨਦਾ ਸੀ। ਉਹ ਗੁਰੂ ਸਾਲ ਬਾਅਦ ਆਉਂਦਾ ਸੀ, ਜਿਨ੍ਹਾਂ ਨੇ ਬਾਗੀ ਹੋ ਕੇ ਸ਼ਰਾਬ ਪੀਤੀ ਸੀ ਉਹ ਇਕ ਹਜ਼ਾਰ ਰੁਪਏ ਜੁਰਮਾਨਾ ਕਰ ਦਿੰਦਾ ਸੀ, ਜਿਹੜੇ ਛੱਡ ਜਾਣ ਉਨ੍ਹਾਂ ਨੂੰ ਜੁਰਮਾਨਾ ਨਹੀਂ ਸੀ। ਵੈਸੇ ਗੁਰੂ ਵੀ ਚਾਹੁੰਦਾ ਸੀ, ਇਹ ਪੀਂਦੇ ਹੀ ਰਹਿਣ ਤਾਂ ਚੰਗਾ ਹੈ, ਜੇ ਸਾਰੇ ਹੀ ਛੱਡ ਗਏ ਤਾਂ ਮੇਰੀ ਉਗਰਾਹੀ ਵਿਚ ਕਾਫ਼ੀ ਫ਼ਰਕ ਪੈ ਜਾਏਗਾ। ਇਕ ਵਾਰ ਗੁਰੂ ਆਏ ਤੇ ਪੁੱਛਿਆ ਕਿਉਂ ਭਈ ਇਹ ਅੱਗੇ ਹਰ ਵਾਰੀ ਇਕ ਹਜ਼ਾਰ ਰੁਪਏ ਦੇ ਦਿੰਦਾ ਸੀ ਪਰ ਇਸ ਵਾਰ ਇਸ ਨੇ ਪੰਜ ਦਮੜੇ ਰੱਖੇ ਤੇ ਮੱਥਾ ਟੇਕਿਆ ਤੇ ਕਿਹਾ, ਮਹਾਰਾਜ ਮੈਂ ਇਸ ਵਾਰ ਸ਼ਰਾਬ ਨਹੀਂ ਪੀਤੀ। ਗੁਰ ਨੇ ਪੁੱਛਿਆ, ਕਿਉਂ? ਕਹਿਣ ਲੱਗਾ, ਛੱਡੀ ਕੋਈ ਨਹੀਂ ਪਰ ਪੀਤੀ ਵੀ ਨਹੀਂ। ਉਸ ਦਾ ਕਾਰਨ ਹੈ ਕਿ ਪਿਛਲੀ ਵਾਰ ਤੁਸੀਂ ਜਦੋਂ ਗਏ ਸੀ ਤਾਂ ਮੇਰਾ ਵਪਾਰ ਤਬਾਹ ਹੋ ਗਿਆ, ਸ਼ਰਾਬ ਜੋਗੇ ਪੈਸੇ ਹੀ ਨਹੀਂ ਬਚੇ, ਬਾਕੀ ਤੁਹਾਡਾ ਵੀ ਡਰ ਸੀ ਹਜ਼ਾਰ ਰੁਪਿਆ ਦੇਣਾ ਪਵੇਗਾ, ਇਸ ਲਈ ਮਨ ਮਾਰੀ ਹੀ ਰੱਖਿਆ ਹੈ। ਗੁਰੂ ਕਹਿਣ ਲੱਗੇ, ਜਾਂ ਤਾਂ ਤੂੰ ਛੱਡ ਜਾਂਦਾ ਤਾਂ ਠੀਕ ਸੀ, ਨਹੀਂ ਤਾਂ ਐਵੇਂ ਮਨ ਨੂੰ ਤਰਸਾਉਣ ਦੀ ਕੀ ਲੋੜ ਸੀ ? ਤੈਨੂੰ ਪਤਾ ਹੀ ਹੈ ਕਿ ਗੁਰੂ ਕਿੰਨੇ ਦਇਆਲੂ ਹੁੰਦੇ ਹਨ, ਸਿੱਖ ਦਾ ਅਵਗੁਣ ਨਹੀਂ ਚਿਤਾਰਦੇ। ਸਾਡਾ ਕੀ ਸੀ ? ਜਦੋਂ ਕਾਰੋਬਾਰ ਠੀਕ ਹੁੰਦਾ, ਅਸੀਂ ਸਾਰਾ ਹਿਸਾਬ ਫੇਰ ਕਰ ਲੈਂਦੇ, ਤੂੰ ਮਨ ਕਾਹਨੂੰ ਤਰਸਾਉਣਾ ਸੀ। ਕੁਰਬਾਨ ਜਾਈਏ, ਐਸੇ ਗੁਰੂ ਤੋਂ ਤੇ ਸਦਕੇ ਹੋਈਏ ਐਸ਼ੇ ਸਿੱਖਾਂ ਤੋਂ। ਐਸੇ ਗੁਰੂ ਤੇ ਐਸੇ ਸਿੱਖ ਤਾਂ ਆਮ ਮਿਲ ਜਾਣਗੇ ਪਰ ਜਿਹੜਾ ਗੁਰੂ ਇਹ ਕਹੇ ਕਿ ਮੈਂ ਸਿਰਫ਼ ਮਨ ਹੀ ਲੈਣਾ ਹੈ, ਜੋ ਬੁਰਿਆਈਆਂ ਚਿਤਵਦਾ ਹੈ, ਐਸੇ ਗੁਰੂ ਜ਼ਿਆਦਾ ਨਹੀਂ, ਇਕ ਹੀ ਗੁਰੂ

ਹੁੰਦਾ ਹੈ। ਮਨ ਭੇਟ ਕਰਨ ਵਾਲੇ ਸਿੱਖ ਵੀ ਥੋੜ੍ਹੇ ਹੀ ਹੁੰਦੇ ਹਨ। ਬੁਰਿਆਈਆਂ ਕਰ ਕੇ ਜੁਰਮਾਨੇ ਭਰਨ ਵਾਲੇ ਤਾਂ ਆਮ ਮਿਲ ਜਾਣਗੇ ਪਰ ਸ਼ੁਭ ਗੁਣ ਧਾਰਨ ਕਰਕੇ ਗੁਰੂ ਦੇ ਅੱਗੇ ਮਨ ਮਾਰਨ ਵਾਲੇ ਤਾਂ ਭਾਗਾਂ ਵਾਲੇ ਥੋੜ੍ਹੇ ਹੀ ਹੁੰਦੇ ਹਨ।

*ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ ॥*

*ਜੋ ਮਨਿ ਚਿਤਿ ਇਕੁ ਅਰਾਧਿਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ ॥*

—ਗਉੜੀ ਕੀ ਵਾਰ, ਪੰਨਾ ੩੦੬

ਮਨ ਦੀ ਕੁਰਬਾਨੀ ਕੀ ਹੈ? ਸਿੱਖ ਇਤਿਹਾਸ ਵਿਚ ਇਕ ਬੜੀ ਸੁੰਦਰ ਘਟਨਾ ਦਾ ਉਲੇਖ ਹੈ ਕਿ ਸਾਬੋਕੀ ਤਲਵੰਡੀ ਸਤਿਗੁਰੂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਠਹਿਰੇ ਸਨ। ਸਿੰਘ ਰਾਤ ਨੂੰ ਪਹਿਰਾ ਦੇਂਦੇ ਸਨ। ਪਤਾ ਲੱਗਾ ਕਿ ਰਾਤ ਨੂੰ ਇਸ ਨਗਰ ਵਿਚ ਤਮਾਸ਼ਾ ਹੋ ਰਿਹਾ ਹੈ। ਕੁਝ ਸਿੱਖ ਤਿਆਰ ਹੋ ਗਏ ਕਿ ਜਾਵਾਂਗੇ, ਕੁਝ ਕਹਿਣ ਲੱਗੇ ਕਿ ਅਸੀਂ ਨਹੀਂ ਜਾਵਾਂਗੇ, ਪਹਿਰਾ ਦਿਆਂਗੇ, ਸਤਿਗੁਰਾਂ ਦੀ ਹਜ਼ੂਰੀ ਨਹੀਂ ਛੱਡਣੀ। ਜਿਹੜੇ ਗਏ ਸਨ ਜਦੋਂ ਪੁੱਜੇ ਤਾਂ ਧਿਆਨ ਆ ਗਿਆ ਕਿ ਸਤਿਗੁਰਾਂ ਨੂੰ ਅਸੀਂ ਪੁੱਛ ਕੇ ਨਹੀਂ ਆਏ, ਤਮਾਸ਼ੇ ਦਾ ਅਨੰਦ ਕੌਣ ਲਵੇਗਾ, ਸਾਡਾ ਮਨ ਤਾਂ ਆਪਣਾ ਹੈ ਨਹੀਂ, ਇਹ ਤਾਂ ਗੁਰੂ ਦੀ ਭੇਟ ਕਰ ਦਿੱਤਾ ਹੈ, ਫਿਰ ਅਸੀਂ ਆਉਣ ਦੀ ਗ਼ਲਤੀ ਕਿਉਂ ਕੀਤੀ। ਤਮਾਸ਼ਾ ਵੇਖਣਾ ਮਨਮਤਿ ਹੈ, ਗੁਰਮਤਿ ਨਹੀਂ, ਅਸੀਂ ਗੁਰੂ ਤੋਂ ਚੋਰੀ ਆਏ ਹਾਂ। ਕੀ ਗੁਰੂ ਤੋਂ ਲੁਕਾ ਕਰਨਾ ਗੁਰਮਤਿ ਹੈ ? ਇਹ ਸਿੱਖੀ ਹੈ ? ਬਿਨਾਂ ਤਮਾਸ਼ਾ ਵੇਖਿਆਂ ਹੀ ਉਹ ਵਾਪਸ ਆ ਗਏ। ਜਿਹੜੇ ਸਿੱਖ ਨਹੀਂ ਸਨ ਗਏ ਉਨ੍ਹਾਂ ਜਦੋਂ ਦੂਸਰਿਆਂ ਕੋਲੋਂ ਸੁਣਿਆ ਤਾਂ ਕਹਿਣ ਲੱਗੇ, ਆਪ ਅਨੰਦ ਮਾਣ ਕੇ ਆ ਗਏ ਹੋ, ਅਸੀਂ ਵਾਂਝੇ ਹੀ ਰਹਿ ਗਏ ਹਾਂ, ਇੰਨਾ ਚੰਗਾ ਤਮਾਸ਼ਾ ਸੀ ਜੇ ਤੁਸੀਂ ਇੰਜ ਹੀ ਆਉਣਾ ਸੀ ਤਾਂ ਜਾਣ ਦੀ ਕੀ ਲੋੜ ਸੀ, ਸਾਨੂੰ ਹੀ ਚਲੇ ਜਾਣ ਦਿੰਦੇ। ਸਵੇਰੇ ਜਦੋਂ ਸਤਿਗੁਰਾਂ ਦੀ ਹਜ਼ੂਰੀ ਵਿਚ ਆਏ ਤਾਂ ਦੋਵੇਂ ਤਰ੍ਹਾਂ ਦੇ ਸਿੱਖ ਪਛਤਾਵੇ ਨਾਲ ਭਰੇ ਸਨ। ਇਕਨਾਂ ਨੂੰ ਤਾਂ ਇਹ ਪਛਤਾਵਾ ਸੀ ਕਿ ਅਸੀਂ ਕਿਉਂ ਗਏ, ਦੂਸਰਿਆਂ ਨੂੰ ਪਛਤਾਵਾ ਸੀ ਅਸੀਂ ਕਿਉਂ ਨਾ ਗਏ।

ਸਾਹਿਬਾਂ ਕੋਲ ਗੱਲ ਪੁੱਜੀ ਕਿ ਸਾਹਿਬ ਅਸੀਂ ਹਜ਼ੂਰੀ ਵਿਚ ਰਹੇ ਹਾਂ, ਇਹ ਹਜ਼ੂਰੀ ਵਿਚ ਨਹੀਂ ਰਹੇ। ਗੁਰੂ ਕਲਗੀਧਰ ਪਾਤਸ਼ਾਹ ਨੇ ਕਿਹਾ ਕਿ ਗ਼ਲਤੀ ਤੇ ਸਾਰਿਆਂ ਦੀ ਹੈ, ਉਨ੍ਹਾਂ ਦਾ ਜਾਣਾ ਵੀ ਗ਼ਲਤ ਸੀ ਪਰ ਤੁਹਾਡਾ ਇਹ ਦਾਅਵਾ ਕਿ ਅਸੀਂ ਹਾਜ਼ਰ ਰਹੇ ਹਾਂ, ਇਹ ਵੀ ਗ਼ਲਤ ਹੈ। ਉਨ੍ਹਾਂ ਦੇ ਪਛਤਾਵੇ ਨੇ ਉਨ੍ਹਾਂ ਨੂੰ ਹਜ਼ੂਰੀ ਵਿਚ ਲੈ ਆਂਦਾ ਪਰ ਤੁਹਾਡੇ ਪਛਤਾਵੇ ਨੇ ਤਾਂ ਤੁਹਾਡੇ ਮਨ ਨੂੰ ਅੱਜ ਵੀ ਤਮਾਸ਼ੇ ਪਾਸ ਹੀ ਰੱਖਿਆ ਹੈ। ਇਹ ਤਾਂ ਵਾਪਸ ਆ ਗਏ ਪਰ ਤੁਸੀਂ ਤਾਂ ਅਜੇ ਵੀ ਵਾਪਸ ਨਹੀਂ ਆਏ। ਗੁਰੂ ਦੀ ਹਜ਼ੂਰੀ ਨਿਰੀ ਤਨ ਦੀ ਨਹੀਂ, ਮਨ ਦੀ ਹੈ। ਜਿਹੜਾ ਬੰਦਾ ਮਨ ਕਰਕੇ ਗੁਰੂ ਤੋਂ ਦੂਰ ਨਹੀਂ, ਉਸ ਦਾ ਤਨ ਕਿੰਨੀ ਦੂਰ ਹੋਵੇ ਮਨ ਦੀ ਨੇੜਤਾ ਉਸ ਨੂੰ ਛੇਤੀ ਹੀ ਗੁਰੂ ਤਕ ਪਹੁੰਚਾ ਦਿੰਦੀ ਹੈ। ਪਰ ਜਿਹੜਾ ਮਨ ਕਰ ਕੇ ਗੁਰੂ ਤੋਂ ਦੂਰ ਹੋ ਗਿਆ ਹੈ ਉਸ ਦੇ ਤਨ ਦਾ ਵੀ ਕੋਈ ਭਰੋਸਾ ਨਹੀਂ ਕਿ ਕਿਹੜੇ ਵੇਲੇ ਅੱਖ ਬਚਾ ਕੇ ਨੱਸ ਜਾਵੇ।

ਬਾਣੀ ਦੀ ਇਕ ਪੰਗਤੀ ਇਸ ਗੱਲ ਦਾ ਨਿਰਣਾ ਕਰਦੀ ਹੈ :

*ਗੁਰ ਸਭਾ ਏਵ ਨ ਪਾਈਐ, ਨਾ ਨੇੜੈ ਨਾ ਦੂਰਿ॥*
*ਨਾਨਕ ਸਤਿਗੁਰੁ ਤਾਂ ਮਿਲੈ ਜਾ ਮਨੁ ਰਹੈ ਹਦੂਰਿ॥*

—ਸਿਰੀ ਰਾਗ ਵਾਰ, ਪੰਨਾ ੮੪

ਗੁਰੂ ਦੀ ਹਜ਼ੂਰੀ ਵਿਚ ਰਹਿਣਾ ਹੈ, ਮਨ ਦਾ ਮਾਰਨਾ ਹੈ। ਮਨ ਨਹੀਂ ਚਾਹੁੰਦਾ ਪਰ ਸਿੱਖ ਜਦੋਂ ਆਪਣੀ ਮਨ ਮਰਜ਼ੀ ਛੱਡ ਦਿੰਦਾ ਹੈ ਤਾਂ ਧਰਮ ਤੋਂ ਮਨ ਦੀ ਕੁਰਬਾਨੀ ਹੋ ਜਾਂਦੀ ਹੈ, ਇਸ ਤੋਂ ਅੱਗੇ ਹੈ ਤਨ ਦੀ ਕੁਰਬਾਨੀ।

ਸਤੀ ਦੀ ਰਸਮ ਨੂੰ ਮੈਂ ਧਾਰਮਕ ਕੁਰਬਾਨੀ ਨਹੀਂ ਮੰਨਦਾ, ਇਹ ਸਮਾਜਕ ਕੁਰਬਾਨੀ ਹੈ। ਕਿਸੇ ਵੇਲੇ ਸਮਾਜ ਦੀ ਇਹ ਸੋਚ ਸੀ ਕਿ ਵਿਧਵਾ ਦਾ ਵਿਆਹ ਤਾਂ ਹੋ ਨਹੀਂ ਸਕਦਾ। ਸਾਰੇ ਰਿਸ਼ਤੇਦਾਰ ਸੋਚਦੇ ਸਨ ਜਿੰਨਾ ਚਿਰ ਇਹ ਜਿਊਂਦੀ ਰਹੀ, ਇਸ ਸੋਗ ਦੀ ਮੂਰਤੀ ਨੂੰ ਅਸੀਂ ਵੇਖਦੇ ਰਹਾਂਗੇ ਤਾਂ ਸਾਡੇ ਚਿਹਰੇ ਵੀ ਉਦਾਸ ਹੋ ਜਾਣਗੇ। ਬਾਕੀ ਇਸ ਦੇ ਜਿਊਂਦਿਆਂ ਕੋਈ ਹੋਰ ਸਮਾਜਕ ਭਾਈਚਾਰਕ ਕਲੰਕ ਮੱਥੇ ਤੇ ਨਾ ਲੱਗ ਜਾਏ, ਫਿਰ ਇਸ ਦੀ ਪਰਵਰਿਸ਼ ਕੌਣ ਕਰੇਗਾ ? ਇਹ ਸਾਰੀਆਂ ਗੱਲਾਂ ਸੋਚ ਕੇ ਆਪਣੇ ਫ਼ਾਇਦੇ ਲਈ ਸਮਾਜ ਨੇ ਧਾਰਮਕ ਟੇਕ ਵੀ ਲੈ ਲਈ, ਧਰਮ ਨੂੰ ਫਿਰ ਬਹਾਨਾ ਬਣਾ ਲਿਆ ਕਿ ਸਤੀ ਤਾਂ ਅੱਗੇ ਜਾ ਕੇ ਪਤੀ ਨੂੰ ਮਿਲ ਪੈਂਦੀ ਹੈ। ਪਤੀ ਭਾਵੇਂ ਕਿੰਨਾ ਪਾਪੀ ਕਿੰਨਾ ਦੁਰਾਚਾਰੀ ਹੋਵੇ, ਜਿਸ ਨੇ ਪਤਨੀ ਨੂੰ ਵੀ ਸਾਰੀ ਉਮਰ ਦੁੱਖ ਤੋਂ ਬਿਨਾਂ ਕੁਝ ਨਾ ਦਿੱਤਾ ਹੋਵੇ, ਸਿਰਫ਼ ਪਤਨੀ ਦੇ ਸੜਨ ਨਾਲ ਪਤੀ ਪਤਨੀ ਦੋਵੇਂ ਹੀ ਸਵਰਗ ਵਿਚ ਜਾ ਪੁਜਣਗੇ। ਪਰ ਮੂਲ ਕਾਰਨ ਸਮਾਜਕ ਸੀ, ਧਾਰਮਕ ਨਹੀਂ ਸੀ। ਸਤੀ ਹੋਣ ਵਾਲੀ ਇਸਤਰੀ ਨੂੰ ਬੜਾ ਉਪਦੇਸ਼ ਦਿੱਤਾ ਜਾਂਦਾ ਸੀ ਕਿ ਵੇਖ ਤੇਰੇ ਤੋਂ ਪਹਿਲੀਆਂ ਸਤੀਆਂ ਦੇ ਮੰਦਰ ਬਣੇ ਹਨ, ਸੰਸਾਰ ਵਿਚ ਕਿੰਨੀ ਸ਼ੋਭਾ ਹੁੰਦੀ ਹੈ, ਕਿਵੇਂ ਪੂਜਾ ਹੁੰਦੀ ਹੈ। ਸੰਧੂਰਿਆ ਨਾਰੀਅਲ ਜਦੋਂ ਉਸ ਇਸਤਰੀ ਦੇ ਹੱਥ 'ਤੇ ਰੱਖ ਦਿੱਤਾ ਜਾਂਦਾ ਸੀ ਫਿਰ ਤਾਂ ਉਹ ਦੌੜਨਾ ਵੀ ਚਾਹੇ ਤਾਂ ਜ਼ਬਰਦਸਤੀ ਉਸ ਨੂੰ ਅੱਗ ਵਿਚ ਸਾੜ ਦਿੱਤਾ ਜਾਂਦਾ ਸੀ।

ਕਬੀਰ ਸਾਹਿਬ ਜੀ ਨੇ ਤਾਹੀਉਂ ਲਿਖਿਆ ਹੈ ਕਿ :

*ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ॥*

—ਸਲੋਕ ਕਬੀਰ, ਪੰਨਾ ੧੩੬੮

ਸਤਿਗੁਰੂ ਨੇ ਵੀ ਇਹ ਲੋਕ ਲਾਜ ਦੀ ਕੁਰਬਾਨੀ ਮੰਨੀ ਹੈ, ਇਹ ਸਭ ਦੇਖਾ ਦੇਖੀ ਹੀ ਹੈ :

*ਦੇਖਾ ਦੇਖੀ ਮਨ ਹਠਿ ਜਲਿ ਜਾਈਐ॥*
*ਪ੍ਰਿਅ ਸੰਗੁ ਨ ਪਾਵੈ ਬਹੁ ਜੋਨਿ ਭਵਾਈਐ॥*

—ਗਉੜੀ ਮ: ੫, ਪੰਨਾ ੧੮੫

ਡਾਕਟਰ ਇਕ ਸੱਜਣ ਨੂੰ ਕਹਿੰਦਾ ਹੈ ਕਿ ਅਗਰ ਤੂੰ ਮੰਜੇ ਤੋਂ ਉਠੇਂਗਾ ਤਾਂ

ਤੇਰੀ ਜ਼ਿੰਦਗੀ ਨੂੰ ਖ਼ਤਰਾ ਹੋ ਸਕਦਾ ਹੈ। ਪਰ ਨਵੀਂ ਫੈਕਟਰੀ ਦਾ ਉਦਘਾਟਨ ਹੈ ਕਹਿੰਦਾ ਹੈ, ਮੈਂ ਨਾ ਜਾਵਾਂਗਾ ਤਾਂ ਬੱਚਿਆਂ ਦੇ ਆਖੇ ਕਿਸੇ ਆਉਣਾ ਨਹੀਂ, ਰੌਣਕ ਨਹੀਂ ਬਣਨੀ, ਇੱਜ਼ਤ ਨਹੀਂ ਰਹਿਣੀ। ਮੈਂ ਤਾਂ ਜਿਵੇਂ ਵੀ ਹੋਵੇ ਕਿਸੇ ਮੰਤਰੀ ਨੂੰ ਜ਼ਰੂਰ ਲਿਆਵਾਂਗਾ। ਜਾਂਦਾ ਹੈ, ਰਸਤੇ ਵਿਚ ਹੀ ਮਰ ਜਾਂਦਾ ਹੈ। ਇਹ ਹੈ ਸਮਾਜਕ ਵਾਹ-ਵਾਹ ਵਾਸਤੇ ਤਨ ਦੀ ਕੁਰਬਾਨੀ।

ਇਸ ਤੋਂ ਬਾਅਦ ਹੈ ਘਰ ਦੀਆਂ ਲੋੜਾਂ ਵਾਸਤੇ ਤਨ ਦੀ ਕੁਰਬਾਨੀ। ਇਕ ਥਾਂ ਖੂਹ ਪੁੱਟਿਆ ਗਿਆ ਸੀ, ਟੋਬਾ ਜਾਣਦਾ ਹੈ ਕਿ ਥੱਲੇ ਉਤਰ ਕੇ ਜਦੋਂ ਮੈਂ ਕੜ ਤੋੜਾਂਗਾ ਤਾਂ ਹੋ ਸਕਦਾ ਹੈ ਕਿ ਮੈਂ ਡੁੱਬ ਜਾਵਾਂ। ਪਰ ਮਜਬੂਰੀ ਹੈ, ਘਰ ਦੀਆਂ ਲੋੜਾਂ ਹਨ, ਖੂਹ ਵਿਚ ਜਾਂਦਾ ਹੈ, ਕੜ ਤੋੜਦਾ ਹੈ, ਖੂਹ ਵਿਚ ਬਹੁਤ ਪਾਣੀ ਭਰਨ ਨਾਲ ਵਿਚ ਹੀ ਡੁਬ ਕੇ ਮਰ ਜਾਂਦਾ ਹੈ, ਇਹ ਹੈ ਘਰੇਗੀ ਲੋੜਾਂ ਲਈ ਤਨ ਦੀ ਕੁਰਬਾਨੀ।

ਇਸ ਤੋਂ ਅੱਗੇ ਹੈ ਰਾਜਨੀਤੀ ਵਿਚ ਤਨ ਦੀ ਕੁਰਬਾਨੀ। ਅਨੇਕਾਂ ਰਾਜਿਆਂ ਆਪਣਾ ਰਾਜ ਬਚਾਉਣ ਲਈ ਆਪਣਾ ਤਨ ਕੁਰਬਾਨ ਕਰ ਦਿੱਤਾ। ਉਨ੍ਹਾਂ ਦਾ ਦਾਅਵਾ ਸੀ ਕਿ ਆਪਣੇ ਜਿਊਂਦੇ ਅਸੀਂ ਆਪਣੇ ਰਾਜ ਵਿਚ ਕਿਸੇ ਨੂੰ ਪੈਰ ਨਹੀਂ ਰੱਖਣ ਦੇਣਾ। ਅੱਜ ਵੀ ਅਨੇਕਾਂ ਰਾਜਨੀਤਕ ਨੇਤਾ ਜੇਲ੍ਹ ਵਿਚ ਉਮਰ ਗੁਜ਼ਾਰ ਦੇਂਦੇ ਹਨ, ਕਾਰਨ ਕੀ ਹੈ ? ਸਿਰਫ਼ ਇਕ ਹੀ ਕਿ ਜਦੋਂ ਬਾਹਰ ਜਾਵਾਂਗੇ ਰਾਜ ਸੱਤਾ ਸਾਡੇ ਹੱਥ ਵਿਚ ਹੋਵੇਗੀ। ਅਨੇਕਾਂ ਬੰਦੇ ਮੌਤ ਦੇ ਮੂੰਹ ਵਿਚ ਇਸ ਲਈ ਪਏ ਹਨ ਕਿ ਅਸੀਂ ਰਾਜਨੀਤੀ ਵਿਚ ਅੱਗੇ ਆਈਏ।

ਇਸ ਤੋਂ ਅੱਗੇ ਹੈ ਤਨ ਦੀ ਧਰਮ ਵਾਸਤੇ ਕੁਰਬਾਨੀ। ਜਦੋਂ ਅਸੀਂ ਪੁਰਾਤਨ ਕਹਾਣੀਆਂ ਪੜ੍ਹਦੇ ਹਾਂ ਤਾਂ ਹੈਰਾਨ ਹੋ ਜਾਂਦੇ ਹਾਂ ਕਿ ਰਾਵਣ ਆਪਣੇ ਇਸ਼ਟ ਅੱਗੇ ਆਪਣਾ ਸਿਰ ਕੱਟ ਕੇ ਭੇਟ ਕਰ ਦਿੰਦਾ ਹੈ। ਇਸ ਗੱਲ ਦਾ ਜ਼ਿਕਰ ਬਾਣੀ ਵਿਚ ਵੀ ਹੈ :

*ਰਾਵਣ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ ॥*

—ਚਉਬੋਲੇ ਮ: ੫, ਪੰਨਾ ੧੩੬੩

ਹਿੰਦੂ ਮਿਥਿਆਸ ਵਿਚ ਜ਼ਿਕਰ ਹੈ ਕਿ ਰਾਜਾ ਮੋਰ ਧੁਜ ਆਪਣੇ ਪੁੱਤਰ ਦੀ ਬਲੀ ਦਿੰਦਾ ਹੈ, ਇਬਰਾਹੀਮ ਪੈਗੰਬਰ ਆਪਣੇ ਪੁੱਤਰ ਦੀ ਖ਼ੁਦਾ ਦੇ ਨਾਂ 'ਤੇ ਕੁਰਬਾਨੀ ਦੇਣ ਲੱਗਾ ਸੀ। ਅਨੇਕਾਂ ਸਾਧੂ ਸੰਤ ਐਸੇ ਹੋਏ ਹਨ ਜਿਨ੍ਹਾਂ ਨੇ ਪ੍ਰਮਾਤਮਾ ਦੇ ਨਾਂ ਤੋਂ ਆਪਣਾ ਤਨ ਵਾਰਿਆ, ਜਿਵੇਂ ਕਿ ਸੁਖਮਨੀ ਸਾਹਿਬ ਵਿਚ ਦਰਜ ਹੈ ਕਿ :

*ਸਗੀਰੁ ਕਟਾਇ ਹੋਮੈ ਕਰਿ ਰਾਤੀ ॥ ਵਰਤ ਨੇਮ ਕਰੈ ਬਹੁ ਭਾਂਤੀ ॥*
*ਨਿਮਖ ਨਿਮਖ ਕਰਿ ਸਗੀਰੁ ਕਟਾਵੈ ॥ ਤਉ ਭੀ ਹਉਮੈ ਮੈਲੁ ਨ ਜਾਵੈ ॥*

—ਸੁਖਮਨੀ, ਪੰਨਾ ੨੬੫

ਬਹੁਤ ਸਮਾਂ ਐਸਾ ਲੰਘਿਆ ਕਿ ਬੰਦਾ ਆਪਣਾ ਤਨ ਜਾਂ ਆਪਣੇ ਬੱਚਿਆਂ ਦਾ ਤਨ ਰੱਬ ਦੇ ਨਾਂ ਤੋਂ, ਧਰਮ ਦੇ ਨਾਂ ਤੋਂ ਕੁਰਬਾਨ ਕਰਦਾ ਰਿਹਾ।

ਫਿਰ ਮਨੁੱਖ ਦੇ ਮਨ ਵਿਚ ਰਾਜਨੀਤੀ ਆਈ। ਰਾਜਨੀਤੀ ਕੀ ਹੈ ? ਆਪਾ ਬਚਾਓ, ਕਿਸੇ ਨੂੰ ਫਸਾਓ। ਇਹ ਸੋਚਿਆ ਗਿਆ ਕਿ ਧਰਮ ਦੇ ਨਾਂ 'ਤੇ ਆਪ ਕੀ ਮਰਨਾ ਹੈ, ਕਿਸੇ ਨੂੰ ਮਾਰ ਦਿਓ। ਬੰਦਾ ਮਾਰੋ ਜਾਂ ਜਾਨਵਰ, ਮਾਰੋ ਧਰਮ ਦੇ ਨਾਂ 'ਤੇ, ਇਕ ਜਾਨ ਕੁਰਬਾਨ ਕਰ ਦਿਓ। ਐਸੇ ਐਸੇ ਦੇਵੀ ਦੇਵਤੇ ਸਨ ਜਿਨ੍ਹਾਂ ਦੇ ਸਾਹਮਣੇ ਸਿਰਫ਼ ਮਨੁੱਖ ਦੀ ਹੀ ਬਲੀ ਪ੍ਰਵਾਨ ਸੀ। ਉਨ੍ਹਾਂ ਦੇਵੀ ਦੇਵਤਿਆਂ ਦੇ ਗਲਾਂ ਵਿਚ ਮਨੁੱਖਾਂ ਦੇ ਸਿਰਾਂ ਦੀਆਂ ਮਾਲਾਂ ਵਿਖਾਈਆਂ ਗਈਆਂ ਹਨ, ਮਨੁੱਖਾਂ ਦੇ ਖ਼ੂਨ ਦਾ ਭਰਿਆ ਖੱਪਰ ਹੱਥ ਵਿਚ ਹੈ। ਅਨੇਕਾਂ ਸ਼ਰਧਾਲੂ ਇਹ ਵੀ ਸੁੱਖਣਾ ਸੁੱਖਦੇ ਸਨ ਕਿ ਹੇ ਦੇਵੀ ਮਾਤਾ ! ਮੈਂ ਇਤਨੇ ਮਨੁੱਖਾਂ ਦੇ ਸਿਰਾਂ ਦੀ ਬਲੀ ਤੇਰੇ ਸਾਹਮਣੇ ਦਿਆਂਗਾ।

ਬਿਹਾਰ ਵਿਚ ਇਕ ਪ੍ਰਸਿੱਧ ਡਾਕੂ ਸੀ ਅੰਗੁਲੀ ਮਾਲ, ਜਿਸ ਨੇ ਇਕ ਹਜ਼ਾਰ ਮਨੁੱਖੀ ਸਿਰ ਦੇਵੀ ਦੀ ਭੇਟ ਕਰਨ ਦੀ ਸੁੱਖਣਾ ਸੁੱਖੀ ਸੀ। ਇਹ ਨੌਂ ਸੌ ਨੜਿਨਵੇਂ ਸਿਰ ਕੱਟ ਕੇ ਬਲੀ ਦੇ ਵੀ ਚੁੱਕਾ ਸੀ। ਮਹਾਤਮਾ ਬੁੱਧ ਨੇ ਇਸ ਨੂੰ ਸਮਝਾਇਆ ਸੀ ਤੇ ਇਸ ਕੁਕਰਮ ਤੋਂ ਰੋਕਿਆ ਸੀ। ਸ਼ੰਕਰਾਚਾਰੀਆ ਦੀ ਬਲੀ ਕਪਾਲਕ ਦੇਣ ਲੱਗੇ ਸਨ ਤਾਂ ਇਸ ਨੂੰ ਇਸ ਦੇ ਚੇਲੇ ਪਦਮਪਾਦ ਨੇ ਬਚਾਇਆ ਸੀ। ਗੁਰੂ ਨਾਨਕ ਦੇਵ ਜੀ ਨੇ ਇਸ ਬਲੀ ਰਸਮ ਦੀ ਵਿਰੋਧਤਾ ਕੀਤੀ ਸੀ। ਪਹਿਲੀ ਉਦਾਸ਼ੀ ਵਿਚ ਅਨੇਕਾਂ ਨੂੰ ਇਸ ਕੁਕਰਮ ਤੋਂ ਵਰਜਿਆ ਸੀ। ਅੱਜ ਵੀ ਕਿਤੇ-ਕਿਤੇ ਇਹ ਬਿਮਾਰੀ ਫਿਰ ਸਿਰ ਚੁੱਕ ਲੈਂਦੀ ਹੈ, ਕਿਤੇ-ਕਿਤੇ ਐਸੀਆਂ ਵਾਰਦਾਤਾਂ ਹੋ ਜਾਂਦੀਆਂ ਹਨ ਕਿ ਕਿਸੇ ਮਨੁੱਖ ਨੇ ਕਿਸੇ ਹੋਰ ਦਾ ਮਾਸੂਮ ਬੱਚਾ ਚੁਰਾ ਕੇ ਬਲੀ ਦੇ ਦਿੱਤੀ। ਮੁਸਲਮਾਨ ਅੱਜ ਵੀ ਅੱਲਾ ਦੇ ਨਾਂ 'ਤੇ ਕੁਰਬਾਨੀ ਦੇਂਦੇ ਹਨ ਪਰ ਪਸ਼ੂਆਂ ਦੀ। ਗੁਰੂ ਨਾਨਕ ਦੇਵ ਜੀ ਨੇ ਵਰਜਿਆ ਸੀ ਤੇ ਕਿਹਾ ਸੀ, ਮੁੱਲਾ ਖ਼ੁਦਾ ਖ਼ੁਸ਼ ਹੋਵੇਗਾ ਤਾਂ ਮੁਰਗੀ 'ਤੇ ਹੀ ਹੋਵੇਗਾ ਤੇਰੇ ਤੇ ਨਹੀਂ, ਤੂੰ ਕੁਰਬਾਨੀ ਦੇਣੀ ਹੈ ਤਾਂ ਆਪਣੀ ਦੇ ਪਰ ਉਹ ਆਪਣੀ ਕੁਰਬਾਨੀ ਕੀ ਹੈ ? ਧਰਮ ਅਨੁਸਾਰ ਕੁਰਬਾਨੀ ਕੀ ਹੈ ? ਜੀਵਨ ਵਿਚ ਧਰਮ ਕਲਾ ਹੋਵੇ ਤਾਂ ਕੁਰਬਾਨੀ ਦੀ ਰਮਜ਼ ਨੂੰ ਮਨੁੱਖ ਸਮਝ ਸਕਦਾ ਹੈ। ਸਤਿਗੁਰਾਂ ਦੇ ਇਕ ਬਚਨ ਨੇ ਕੁਰਬਾਨੀ ਦੀ ਵਿਆਖਿਆ ਕਰ ਦਿੱਤੀ ਹੈ, ਬਲੀ ਜਾਂ ਕੁਰਬਾਨੀ ਵਾਂਗੂੰ ਨਾ ਆਪਣਾ ਸਿਰ ਕੱਟਣ ਦੀ ਲੋੜ ਹੈ ਨਾ ਕਿਸੇ ਦਾ, ਨਾ ਕਿਸੇ ਮਨੁੱਖ ਦਾ, ਨਾ ਹੀ ਕਿਸੇ ਪਸ਼ੂ ਪੰਛੀ ਦਾ। ਬੰਦਾ ਇਸ ਰਾਜ਼ ਨੂੰ ਸਮਝ ਲਵੇ ਤਾਂ ਸਮਾਜ ਲਈ, ਘਰੋਗੀ ਜੀਵਨ ਲਈ, ਰਾਜਨੀਤੀ ਲਈ, ਧਰਮ ਲਈ ਸਹੀ ਕੁਰਬਾਨੀ ਕਰ ਸਕੇਗਾ।

ਉਹ ਰਾਜ਼ ਕੀ ਹੈ ? ਸਾਹਿਬ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ :

*ਸਚ ਕੀ ਕਾਤੀ ਸਚੁ ਸਭੁ ਸਾਰੁ॥ ਘਾੜਤ ਤਿਸ ਕੀ ਅਪਰ ਅਪਾਰ॥*
*ਸਬਦੇ ਸਾਣ ਰਖਾਈ ਲਾਇ॥ ਗੁਣ ਕੀ ਥੇਕੈ ਵਿਚਿ ਸਮਾਇ॥*
*ਤਿਸਦਾ ਕੁਠਾ ਹੋਵੈ ਸੇਖੁ॥ ਲੋਹੂ ਲਬੁ ਨਿਕਥਾ ਵੇਖੁ॥*
*ਹੋਇ ਹਲਾਲੁ ਲਗੈ ਹਕਿ ਜਾਇ॥ ਨਾਨਕ ਦਰਿ ਦੀਦਾਰਿ ਸਮਾਇ॥*

—ਰਾਮਕਲੀ ਵਾਰ, ਮ: ੫, ਪੰਨਾ ੯੫੬

ਭਾਵ ਸੱਚ ਦੀ ਛੁਰੀ ਹੋਵੇ, ਸੱਚ ਦੇ ਲੋਹੇ ਤੋਂ ਹੀ ਬਣੀ ਹੋਵੇ, ਇਹ ਸੁੰਦਰ ਛੁਰੀ ਸ਼ਬਦ ਦੀ ਸਾਨ ਤੇ ਤਿੱਖੀ ਕੀਤੀ ਹੋਵੇ, ਗੁਣਾਂ ਦੇ ਮਿਆਨ ਵਿਚ ਇਸ ਨੂੰ ਰੱਖਿਆ ਜਾਵੇ। ਜੇ ਸ਼ੇਖ਼ ਇਸ ਨਾਲ ਜ਼ਿਬ੍ਹਾ ਹੋ ਜਾਵੇ, ਲੋਭ ਰੂਪੀ ਖ਼ੂਨ ਨਿਕਲ ਜਾਵੇ, ਐਸਾ ਬੰਦਾ ਹਲਾਲ ਹੋ ਜਾਂਦਾ ਹੈ, ਰੱਬ ਨੂੰ ਜਾ ਮਿਲਦਾ ਹੈ, ਉਸ ਦੇ ਦੀਦਾਰ ਕਰਕੇ ਉਸਦੇ ਵਿਚ ਹੀ ਸਮਾ ਜਾਂਦਾ ਹੈ। ਇਸ ਤਰ੍ਹਾਂ ਰੱਬ ਦੇ ਦਰ ਤੇ ਪ੍ਰਵਾਨ ਹੋਏ ਬੰਦੇ ਦਾ ਪਰਿਵਾਰ ਠੀਕ ਪਰਿਵਾਰ ਹੁੰਦਾ ਹੈ, ਉਸ ਦਾ ਸਮਾਜ ਠੀਕ ਸਮਾਜ ਹੁੰਦਾ ਹੈ, ਉਸ ਦੀ ਰਾਜਨੀਤੀ ਸਹੀ ਰਾਜਨੀਤੀ ਹੁੰਦੀ ਹੈ। ਅਗਰ ਜੀਵਨ ਵਿਚ ਧਰਮ ਕਲਾ ਨਹੀਂ ਤਾਂ ਜਿਵੇਂ ਮੁਰਗਾ ਮਰ ਗਿਆ ਤਿਵੇਂ ਬੰਦਾ ਮਰ ਗਿਆ। ਪਰ ਜਦੋਂ ਜੀਵਨ ਵਿਚ ਧਰਮ ਕਲਾ ਆ ਜਾਵੇ, ਇਕ ਸਚਿਆਰ ਦੀ ਕੁਰਬਾਨੀ ਤਾਂ ਮਰੇ ਹੋਏ ਜਗਤ ਨੂੰ ਜ਼ਿੰਦਾ ਕਰ ਜਾਂਦੀ ਹੈ ਪਰ ਕੁਰਬਾਨੀ ਹੋਵੇ ਧਰਮ ਕਲਾ ਦੇ ਆਸਰੇ।

ਗੁਰੂ ਕਾ ਸਿੱਖ ਪਰਿਵਾਰ ਦੀ ਪਾਲਣਾ ਲਈ ਧਨ ਕੁਰਬਾਨ ਕਰਦਾ ਹੈ, ਐਸ਼ ਵਾਸਤੇ ਨਹੀਂ। ਉਹ ਇੰਨਾ ਧਨ ਕੁਰਬਾਨ ਨਹੀਂ ਕਰਦਾ ਕਿ ਬਾਲ ਬੱਚੇ ਅਯਾਸ਼ ਬਣ ਜਾਣ। ਲੋਕ ਲਾਜ ਲਈ ਸਤਿਗੁਰੂ ਦਾ ਸਿੱਖ ਇਕ ਦੰਮੜੀ ਵੀ ਖ਼ਰਚ ਨਹੀਂ ਕਰਦਾ, ਸਮਾਜ ਸੁਧਾਰ ਲਈ ਜ਼ਰੂਰ ਖ਼ਰਚ ਕਰਦਾ ਹੈ। ਬਚਿਆ ਧਨ ਉਹ ਕੁਰਬਾਂਨ ਕਰਦਾ ਹੈ ਮਨੁੱਖਤਾ ਦੀ ਸੇਵਾ ਵਾਸਤੇ। ਸਿੱਖ ਆਪਣਾ ਮਨ ਨਾ ਪਰਿਵਾਰ ਨੂੰ ਖ਼ੁਸ਼ ਕਰਨ ਲਈ ਕੁਰਬਾਨ ਕਰਦਾ ਹੈ ਨਾ ਹੀ ਸਮਾਜ ਨੂੰ ਖੁਸ਼ ਕਰਨ ਲਈ। ਸਿੱਖ ਆਪਣਾ ਮਨ ਕੁਰਬਾਨ ਕਰਦਾ ਹੈ ਸਿਰਫ਼ ਸਤਿਗੁਰੂ ਦੇ ਚਰਨਾਂ ਤੋਂ। ਗੁਰੂ ਕਾ ਸਿੱਖ ਪਰਿਵਾਰ ਲਈ ਸਿਰਫ਼ ਤਨ ਦੀ ਮਿਹਨਤ ਕੁਰਬਾਨ ਕਰਦਾ ਹੈ। ਤਨ ਨਾਲ, ਦਿਮਾਗ਼ ਨਾਲ ਧਰਮ ਦੀ ਕਿਰਤ ਕਰ ਕੇ ਜੋ ਮਿਲਦਾ ਹੈ, ਪਰਿਵਾਰ ਨੂੰ ਦੇ ਦਿੰਦਾ ਹੈ, ਸਿੱਖ ਐਸਾ ਨਹੀਂ ਕਰਦਾ ਕਿ ਦੋ ਰੁਪਏ ਵਾਸਤੇ ਜਾਂ ਕਿਸੇ ਦਾ ਸਿਰ ਲਾਹ ਦੇਵੇ ਜਾਂ ਆਪ ਮਰ ਜਾਏ।

ਸਿੱਖ ਲੋਕ ਲਾਜ ਵਾਸਤੇ ਵੀ ਤਨ ਕੁਰਬਾਨ ਨਹੀਂ ਕਰਦਾ। ਹਾਂ ! ਸੱਚ ਵਾਸਤੇ, ਧਰਮ ਵਾਸਤੇ ਉਹ ਆਪਣਾ ਤਨ ਕੁਰਬਾਨ ਕਰਦਾ ਹੈ। ਤਨ, ਮਨ, ਧਨ ਕੁਰਬਾਨ ਕਰਨ ਲਈ ਸਿਰਫ਼ ਇਕ ਹੀ ਥਾਂ ਹੈ ਧਰਮ, ਬਾਕੀ ਥਾਵਾਂ ਤੇ ਕੁਰਬਾਨ ਹੋਣ ਦੀ ਲੋੜ ਨਹੀਂ ਸਿਰਫ਼ ਗੁਜ਼ਰਾਨ ਕਰਨ ਦੀ ਹੀ ਲੋੜ ਹੈ।

ਧਰਮ ਕਲਾ ਇਹ ਸਿਖਾਉਂਦੀ ਹੈ ਕਿ ਸੰਸਾਰ ਨਾਲ ਗੁਜ਼ਰਾਨ ਕਰ ਕੇ ਨਿਭਾ ਪਰ ਗੁਰੂ ਤੋਂ ਕੁਰਬਾਨ ਹੋ ਕੇ ਧਰਮ ਨਿਭਾ, ਪ੍ਰਭੂ ਦੇ ਨਾਮ ਤੋਂ ਕੁਰਬਾਨ ਹੋ ਜਾ :

*ਦਇਆਲ ਤੇਰੇ ਨਾਮਿ ਤਰਾਂ॥ ਸਦ ਕੁਰਬਾਣੈ ਜਾਉ॥*
*ਸਾਹਿਬ ਤੇਰੇ ਨਾਮ ਵਿਟਹੁ ਬਿੰਦ ਬਿੰਦ ਚੁਖ ਚੁਖ ਹੋਇ॥*

—ਧਨਾਸਰੀ ਮ: ੧, ਪੰਨਾ ੬੬੦

✿ ✿ ✿

## ੨੩

# ਅੰਮ੍ਰਿਤ ਤੇ ਧਰਮ ਕਲਾ

ਹਰਨਾਕਸ਼ ਦੈਂਤ ਬਾਰੇ ਪ੍ਰਸਿੱਧ ਕਥਾ ਹੈ ਕਿ ਹਰਨਾਕਸ਼ ਮਹਾਨ ਤਪੱਸਵੀ ਸੀ, ਤਪ ਕਰ ਰਿਹਾ ਸੀ, ਇਸ ਦੀ ਘੋਰ ਤਪੱਸਿਆ ਤੇ ਪ੍ਰਮਾਤਮਾ ਰੀਝ ਪਿਆ ਅਤੇ ਪੁੱਛਿਆ ਕਿ ਤੂੰ ਇੰਨੀ ਘੋਰ ਤਪੱਸਿਆ ਕਿਉਂ ਕਰ ਰਿਹਾ ਹੈਂ। ਇਸ ਨੇ ਕਿਹਾ, ਮੈਂ ਆਪ ਪਾਸੋਂ ਇਕ ਵਰਦਾਨ ਚਾਹੁੰਦਾ ਹਾਂ। ਭਗਵਾਨ ਨੇ ਵਰਦਾਨ ਮੰਗਣ ਲਈ ਕਿਹਾ। ਇਸ ਨੇ ਵਰਦਾਨ ਮੰਗਿਆ ਕਿ ਮੈਂ ਕਦੀ ਮਰਾਂ ਹੀ ਨਾ, ਮਰਨ ਦੇ ਕਾਰਨ ਜਿੰਨੇ ਹੋ ਸਕਦੇ ਸਨ ਉਨ੍ਹਾਂ ਉਤੇ ਇਸ ਨੇ ਰੋਕਾਂ ਲਾ ਦਿੱਤੀਆਂ। ਪ੍ਰਮਾਤਮਾ ਨੇ ਕਿਹਾ, ਠੀਕ ਹੈ ਜੋ ਤੂੰ ਮੰਗਿਆ ਹੈ ਇਸੇ ਤਰ੍ਹਾਂ ਹੀ ਹੋਵੇਗਾ, ਮੈਂ ਆਪਣੇ ਵਰਦਾਨ ਤੇ ਵਚਨਬੱਧ ਹਾਂ। ਪਰ ਹਰਨਾਕਸ਼ ਮਰ ਗਿਆ। ਇਸ ਵਿਚਾਰੇ ਨੂੰ ਇਹ ਨਹੀਂ ਸੀ ਪਤਾ ਕਿ ਮੌਤ ਦੇ ਕਾਰਨ ਹੋਰ ਵੀ ਹੋ ਸਕਦੇ ਹਨ। ਪ੍ਰਮਾਤਮਾ ਨੇ ਨਵਾਂ ਢੰਗ ਵਰਤ ਲਿਆ ਤੇ ਹਰਨਾਕਸ਼ ਮਰ ਗਿਆ।

ਹਰ ਬੰਦੇ ਦੀ ਮੰਗ ਤਾਂ ਹਰਨਾਕਸ਼ ਵਾਲੀ ਹੈ, ਧੁਰ ਅੰਦਰ ਬੰਦਾ ਇਹੀ ਮੰਗਦਾ ਹੈ ਕਿ ਮੈਂ ਮਰਾਂ ਕਦੀ ਨਾ, ਕੋਈ ਵੀ ਮਰਨਾ ਨਹੀਂ ਚਾਹੁੰਦਾ।

ਧੁਰ ਕੀ ਬਾਣੀ ਵਿਚ ਫ਼ਰਮਾਨ ਹੈ :

*ਬਹੁਤਾ ਜੀਵਣੁ ਮੰਗੀਐ ਮੁਆ ਨਾ ਲੋੜੈ ਕੋਇ॥*

—ਸਿਰੀ ਰਾਗ ਮ: ੧, ਪੰਨਾ ੬੨

ਧਰਮ ਕਲਾ ਤੋਂ ਬਿਨਾਂ ਮਨੁੱਖ ਅੰਧੇਰੇ ਵਿਚ ਹੀ ਭਟਕਦਾ ਹੈ। ਹਰਨਾਕਸ਼ ਨੇ ਸਮਝਿਆ ਹੋਵੇਗਾ ਕਿ ਮੈਨੂੰ ਅੰਮ੍ਰਿਤ ਮਿਲ ਗਿਆ ਹੈ, ਮੈਂ ਪ੍ਰਮਾਤਮਾ ਪਾਸੋਂ ਨਾ ਮਰਨ ਦਾ ਵਰਦਾਨ ਲੈ ਲਿਆ ਹੈ, ਇਹ ਵਰਦਾਨ ਹੀ ਅੰਮ੍ਰਿਤ ਹੈ ਪਰ ਉਹ ਵਰਦਾਨ ਅੰਮ੍ਰਿਤ ਨਾ ਸਿੱਧ ਹੋ ਸਕਿਆ। ਮੌਤ ਰੋਕਣ ਪਿੱਛੇ ਹਰਨਾਕਸ਼ ਨੇ ਆਪਣੀ ਸਿਆਣਪ ਰੱਖ ਲਈ। ਇਹ ਹੀ ਭੁੱਲ ਹੋਈ ਸੀ, ਜਿਹੜਾ ਕਿ ਆਪਣੇ ਗਿਆਨ 'ਤੇ ਆਧਾਰਤ ਇਹ ਵਰ ਮੰਗ ਲਿਆ ਕਿ ਮੈਂ ਇਨ੍ਹਾਂ ਕਾਰਨਾਂ ਕਰ ਕੇ ਨਾ ਮਰਾਂ। ਇਹੀ ਹਾਲ ਰਾਵਣ ਦਾ ਸੀ। ਇਹੀ ਹਾਲ ਮੇਘਨਾਦ ਦਾ ਹੋਇਆ ਸੀ ਕਿ ਜਦੋਂ ਮੈਂ ਇਹ ਯੱਗ ਪੂਰਾ ਕਰ ਲਵਾਂ, ਮੈਂ ਨਾ ਮਰਾਂ।

ਧਰਮ ਕਲਾ ਪਾਸ ਹੋਵੇ ਤਾਂ ਧਰਮ ਦੀ ਮਹਾਨ ਸ਼ਕਤੀ ਹੈ। ਗੁਰੂ ਦੀ ਮਤਿ ਜਦੋਂ

ਪਾਸ ਹੋਵੇ ਫਿਰ ਬੰਦਾ ਇਹ ਵਰ ਨਹੀਂ ਮੰਗਦਾ। ਹਰਨਾਕਸ਼ ਧਰਮੀ ਨਹੀਂ ਸੀ, ਕਦੀ ਧਰਮ ਦੀ ਮਰਯਾਦਾ ਨੂੰ ਸਮਝਦਾ ਤਾਂ ਇਹ ਵਰ ਨਹੀਂ ਸੀ ਮੰਗਣਾ ਕਿ ਮੈਂ ਮਰਾਂ ਹੀ ਕਦੀ ਨਾ, ਸਗੋਂ ਵਰ ਇਹ ਮੰਗਣਾ ਸੀ ਕਿ ਪ੍ਰਮਾਤਮਾ ਮੈਨੂੰ ਉਹ ਜੀਵਨ ਦੇ ਜਿਥੇ ਮੌਤ ਦਾ ਭੈ ਹੀ ਨਾ ਰਹੇ। ਉਸ ਭੋਲੇ ਨੂੰ ਇਹ ਧਿਆਨ ਹੀ ਨਹੀਂ ਰਿਹਾ ਕਿ ਤੇਰੇ ਕੋਲ ਤਾਂ ਅਜੇ ਹੈ ਹੀ ਕੁਝ ਨਹੀਂ, ਤੈਨੂੰ ਚੋਰੀ ਦਾ ਕਾਹਦਾ ਡਰ ਹੈ। ਤੇਰੇ ਕੋਲ ਤਾਂ ਅਜੇ ਸ਼ੁਭ ਗੁਣ ਹੀ ਕੋਈ ਨਹੀਂ, ਤੈਨੂੰ ਤਾਂ ਅਜੇ ਜੀਵਨ ਹੀ ਨਹੀਂ ਮਿਲਿਆ। ਤੂੰ ਮੌਤ ਦੀ ਗੱਲ ਬਾਅਦ ਵਿਚ ਕਰੀਂ, ਤੂੰ ਪਹਿਲਾਂ ਜੀਵਨ ਦੀ ਗੱਲ ਕਰ। ਓਪਰੀ ਨਜ਼ਰੇ ਵੇਖਾਂਗੇ ਤਾਂ ਮੈਨੂੰ ਪਰਮ ਜੀਵਨ ਦੇਵੋ ਜਾਂ ਮੈਂ ਮਰਾਂ ਹੀ ਕਦੀ ਨਾ, ਇਕੋ ਖ਼ਿਆਲ ਦੋ ਰੂਪ ਜਾਪਣਗੇ ਪਰ ਨਹੀਂ ਦੋਹਾਂ ਵਿਚ ਫ਼ਰਕ ਹੈ। ਜਦੋਂ ਮੈਂ ਇਹ ਮੰਗਾਂਗਾ ਕਿ ਮੈਂ ਮਰਾਂ ਨਾ ਤਾਂ ਪ੍ਰਧਾਨ ਮੈਂ ਹੋਵੇਗੀ, ਪ੍ਰਧਾਨ ਮੇਰਾ ਗਿਆਨ ਹੋਵੇਗਾ। ਪਰ ਜਦੋਂ ਪ੍ਰਮਾਤਮਾ ਪਾਸੋਂ ਮੰਗਾਂਗਾ ਕਿ ਮੈਨੂੰ ਜਿਊਣਾ ਤੂੰ ਦੱਸ ਕਿ ਮੈਂ ਕਿਵੇਂ ਜੀਵਾਂ, ਫਿਰ ਪ੍ਰਧਾਨ ਤੂੰ ਹੋਵੇਂਗਾ ਮੈਂ ਨਹੀਂ, ਫਿਰ ਜ਼ਿੰਮੇਵਾਰੀ ਉਸ ਦੀ ਹੋਵੇਗੀ।

ਇਕ ਪੁਰਾਣਕ ਗਾਥਾ ਹੈ ਕਿ ਪਾਰਬਤੀ ਨੂੰ ਧਿਆਨ ਆਇਆ ਕਿ ਮੈਂ ਤਾਂ ਜੰਮਦੀ ਰਹਿੰਦੀ ਹਾਂ ਤੇ ਭਗਵਾਨ ਸ਼ੰਕਰ ਨੂੰ ਪੁਛਾਂ, ਕੋਈ ਅੰਮ੍ਰਿਤ ਤੁਹਾਡੇ ਪਾਸ ਹੋਵੇ ਤਾਂ ਤੁਸੀਂ ਮੈਨੂੰ ਦੇ ਦਿਓ, ਵੇਖੋ ਮੈਂ ਦਖਸ਼ ਪਰਜਾਪਤਿ ਦੇ ਘਰ ਜਨਮੀ ਫਿਰ ਉਸੇ ਦੇ ਹਵਨ ਕੁੰਡ ਵਿਚ ਸੜ ਗਈ। ਫਿਰ ਪਰਬਤ ਦੇ ਘਰ ਜਨਮ ਹੋਣ ਕਰ ਕੇ ਪਾਰਬਤੀ ਕਹਿਲਾਈ। ਫਿਰ ਤੁਹਾਡੀ ਪ੍ਰਾਪਤੀ ਲਈ ਕਈ ਯੁੱਗ ਤਪ ਕਰਨਾ ਪਿਆ, ਮੈਨੂੰ ਕੋਈ ਅੰਮ੍ਰਿਤ ਦਿਓ, ਮੈਂ ਕਦੀ ਮਰਾਂ ਹੀ ਨਾ। ਭਗਵਾਨ ਸ਼ੰਕਰ ਨੇ ਕਿਹਾ, ਉਹ ਅੰਮ੍ਰਿਤ ਹੈ ਜ਼ਰੂਰ ਪਰ ਕਥਾ ਦੇ ਰੂਪ ਵਿਚ ਹੈ।

ਧਾਰਮਕ ਗ੍ਰੰਥਾਂ ਦੀ ਕਥਾ ਨੂੰ ਵੀ ਅੰਮ੍ਰਿਤ ਕਿਹਾ ਗਿਆ ਹੈ। ਹਰ ਕਥਾ ਤੋਂ ਬਾਅਦ ਉਸ ਦਾ ਮਹਾਤਮ ਦੱਸਿਆ ਜਾਂਦਾ ਹੈ ਕਿ ਇਹ ਕਥਾ ਜਿਸ ਨੇ ਸੁਣੀ ਹੈ ਉਹ ਜਨਮ ਮਰਨ ਦੇ ਗੇੜ ਵਿਚ ਨਹੀਂ ਆਵੇਗਾ। ਅਮਰ ਕਥਾ ਸੁਣਾਉਣ ਲਈ ਥਾਂ ਪਹਾੜ 'ਤੇ ਚੁਣਿਆ ਗਿਆ ਅਮਰਨਾਥ। ਫਿਰ ਵੇਖਿਆ ਗਿਆ ਕਿ ਇਹ ਕਥਾ ਕੋਈ ਹੋਰ ਨਾ ਸੁਣ ਲਵੇ। ਕਮਾਲ ਗੱਲ ਹੈ ਕਿ ਭਗਵਾਨ ਨੂੰ ਇਹ ਫ਼ਿਕਰ ਕਿੰਨਾ ਸੀ ਕਿ ਕੋਈ ਬੰਦਾ ਅਮਰ ਨਾ ਹੋ ਜਾਵੇ। ਜਿਵੇਂ ਕੋਈ ਇਮਾਨਦਾਰ ਕੋਹੜਾ ਡਰਦਾ ਹੈ ਕਿ ਮੇਰੀ ਬਿਮਾਰੀ ਛੂਤ ਦੀ ਹੈ, ਕਿਸੇ ਹੋਰ ਨੂੰ ਨਾ ਲੱਗ ਜਾਵੇ। ਫਿਰ ਦਿਨੇ ਤਾਂ ਕੋਈ ਆਉਂਦਾ ਜਾਂਦਾ ਮੱਥਾ ਟੇਕਣ ਆ ਸਕਦਾ ਹੈ, ਅਮਰ ਕਥਾ ਰਾਤ ਨੂੰ ਸੁਣਾਈ ਗਈ। ਪਾਰਬਤੀ ਸੌਂ ਗਈ ਅਤੇ ਸ਼ੰਕਰ ਦੀ ਸੁਣਾਈ ਕਥਾ ਇਕ ਤੋਤਾ ਸੁਣਦਾ ਰਿਹਾ। ਜਦੋਂ ਸ਼ਿਵ ਜੀ ਨੂੰ ਪਤਾ ਲੱਗਾ ਕਿ ਪਾਰਬਤੀ ਨੇ ਕਥਾ ਨਹੀਂ ਸੁਣੀ ਅਤੇ ਤੋਤਾ ਅਮਰ ਹੋ ਗਿਆ ਹੈ, ਭਗਵਾਨ ਸ਼ੰਕਰ ਨੂੰ ਇੰਨਾ ਗੁੱਸਾ ਆਇਆ ਕਿ ਇਸ ਤੋਤੇ ਨੇ ਕਥਾ ਕਿਉਂ ਸੁਣੀ ਹੈ। ਵੈਸੇ ਨਿਰਾਲੇ ਹੀ ਕਥਾਵਾਚਕ ਹਨ ਸ਼ੰਕਰ ਭਗਵਾਨ, ਆਮ ਕਥਾ ਵਾਚਕ ਜਿਹੜਾ ਕਥਾ ਸੁਣੇ ਉਸ ਤੇ ਖ਼ੁਸ਼ ਹੁੰਦੇ ਹਨ ਤੇ ਜਿਹੜਾ ਕਥਾ ਵਿਚ ਸੌਂ ਜਾਵੇ ਉਸ 'ਤੇ ਨਾਰਾਜ਼ ਹੁੰਦੇ ਹਨ ਪਰ ਜਿਸ ਨੇ ਕਥਾ ਸੁਣੀ ਸ਼ੰਕਰ ਉਸ ਤੇ ਨਾਰਾਜ਼ ਹੋ ਗਏ, ਜਿਹੜੀ ਪਾਰਬਤੀ

ਸੁੱਤੀ ਰਹੀ ਉਸ ਨੂੰ ਕਿਹਾ ਕੁਝ ਨਹੀਂ। ਫਿਰ ਗਿਆਨ ਵੀ ਕਮਾਲ ਦਾ ਹੈ ਕਿ ਜਿਹੜਾ ਤੋਤਾ ਅਮਰ ਹੋ ਗਿਆ ਹੈ, ਉਸ ਨੂੰ ਮਾਰਨ ਵਾਸਤੇ ਚੱਲ ਪਏ, ਅਮਰ ਹੋਏ ਨੂੰ ਮਾਰਨ ਵਾਸਤੇ ਦੌੜੇ ਹਨ। ਪਾਰਬਤੀ ਨੇ ਤਾਂ ਕੀ ਅਮਰ ਹੋਣਾ ਸੀ, ਉਸ ਨੇ ਤਾਂ ਕਥਾ ਸੁਣੀ ਹੀ ਕੋਈ ਨਹੀਂ ਸੀ। ਪਰ ਤੋਤੇ ਨੂੰ ਕਥਾ ਦਾ ਇਹ ਫਲ ਮਿਲਿਆ ਕਿ ਵਿਚਾਰੇ ਨੇ ਪੂਰਾ ਤਾਨ ਲਾ ਕੇ ਉਡ ਕੇ ਜਾਨ ਬਚਾਈ, ਅਮਰ ਉਹ ਵੀ ਕੋਈ ਨਹੀਂ ਹੋਇਆ।

ਵਿਆਸ ਰਿਸ਼ੀ ਦੇ ਘਰ ਜਨਮ ਹੋਇਆ। ਅਮਰ ਹੋ ਜਾਂਦਾ ਤਾਂ ਜਨਮ ਹੋਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਪਰ ਇਸ ਅਮਰ ਕਥਾ ਨੇ ਵਿਚਾਰੇ ਤੋਤੇ ਲਈ ਬਿਪਤਾ ਖੜ੍ਹੀ ਕਰ ਦਿੱਤੀ ਤੇ ਲੋਕਾਂ ਨੂੰ ਅਮਰਨਾਥ ਮੰਦਰ ਦੇ ਦਿੱਤਾ ਕਿ ਜਾਓ ਜਾ ਕੇ ਮੰਗੋ ਕਿ ਹੇ ਪ੍ਰਮਾਤਮਾ ! ਅਸੀਂ ਮਰੀਏ ਕਦੀ ਨਾ। ਉਥੇ ਜਾਣ ਵਾਲੇ ਸੋਚਦੇ ਹਨ ਕਿ ਇਥੇ ਆ ਗਏ ਤੇ ਅਮਰ ਕਥਾ ਮਿਲ ਗਈ, ਅਮਰ ਹੋ ਗਏ। ਇਨ੍ਹਾਂ ਭੁੱਲਿਆਂ ਨੂੰ ਕੌਣ ਸਮਝਾਵੇ ਕਿ ਜਿਸ ਰਾਤ ਕਥਾ ਹੋਈ ਸੀ ਏਥੇ ਤਾਂ ਉਸ ਰਾਤ ਵੀ ਕਿਸੇ ਨੂੰ ਕੁਝ ਨਹੀਂ ਮਿਲਿਆ, ਤੁਸੀਂ ਮੁਦਤਾਂ ਬਾਅਦ ਅੱਜ ਕੀ ਲੈਣ ਆਏ ਹੋ। ਜਿਥੇ ਮੌਤ ਦਾ ਭੈ ਹੈ ਅਤੇ ਮਨੁੱਖ ਇਹ ਸੋਚ ਰਿਹਾ ਹੈ, ਮੈਂ ਮਰਾਂ ਹੀ ਕਦੀ ਨਾ, ਉਥੇ ਭਾਵੇਂ ਵਰਦਾਨ ਹੋਵੇ, ਭਾਵੇਂ ਅਮਰ ਕਥਾ ਹੋਵੇ, ਖੱਜਲ ਖੁਆਰੀ ਤੋਂ ਬਿਨਾਂ ਪੱਲੇ ਕੁਝ ਵੀ ਨਹੀਂ ਪੈ ਸਕਦਾ। ਬੰਦੇ ਨੇ ਕਦੀ ਨਹੀਂ ਸੋਚਿਆ ਕਿ ਪ੍ਰਮਾਤਮਾ ਨੇ ਜੇਕਰ ਸਰੀਰ ਅਮਰ ਕਰਨਾ ਹੁੰਦਾ ਤਾਂ ਪਹਿਲੇ ਦਿਨ ਹੀ ਇਸ ਦੀ ਬੁਨਿਆਦ ਕਾਲ 'ਤੇ ਨਾ ਰੱਖਦਾ। ਇਸ ਨੇ ਕਦੀ ਨਹੀਂ ਸੋਚਿਆ ਕਿ ਪ੍ਰਮਾਤਮਾ ਨੇ ਪਹਿਲਾਂ ਕਾਲ ਬਣਾਇਆ ਹੈ, ਬਾਅਦ ਵਿਚ ਇਹ ਸਰੀਰ ਬਣਾਇਆ ਹੈ। ਮਨੁੱਖ ਕਿਹੜੇ ਸਾਲ ਜਨਮਿਆ, ਕਿਹੜੇ ਮਹੀਨੇ ਜਨਮਿਆ, ਕਿਹੜੇ ਦਿਨ ਜਨਮਿਆ ਹੈ, ਕਿੰਨੇ ਵਜੇ ਜੰਮਿਆ ਹੈ, ਸਾਨੂੰ ਸਮੇਂ ਦਾ, ਕਾਲ ਦਾ ਪਤਾ ਹੈ।

ਕਾਲ ਅਨੁਸਾਰ ਜੋ ਬਣਿਆ ਹੈ, ਕਾਲ ਨਾਲ ਉਹ ਬਿਨਸੇਗਾ ਵੀ। ਇਹ ਕਹਿਣਾ ਕਿ ਪ੍ਰਮਾਤਮਾ ਮੈਂ ਮਰਾਂ ਹੀ ਕਦੀ ਨਾ, ਇਹ ਤਾਂ ਉਸ ਦੀ ਹੁਕਮ ਅਦੂਲੀ ਹੈ, ਇਹ ਤਾਂ ਉਸ ਦੀ ਰਜ਼ਾ ਨੂੰ ਚੁਣੌਤੀ ਹੈ ਕਿ ਤੂੰ ਆਪਣੀ ਰਜ਼ਾ ਵਿਚ ਸੋਧ ਕਰ।

ਮੈਂ ਸੁਣਿਆ ਹੈ ਕਿ ਇਕ ਮਹਾਨ ਅਦੀਬ ਦਾ ਬੱਚਾ ਚੜ੍ਹਾਈ ਕਰ ਗਿਆ ਤੇ ਇਹ ਕਹਿਣ ਲੱਗਾ–

*ਐ ਖੁਦਾ ਹਰ ਹਾਲ ਮੇਂ ਤੇਰੀ ਰਜ਼ਾ ਤਸਲੀਮ ਹੈ।*
*ਪਰ ਜਵਾਨੀ ਮੇਂ ਗਯਾ ਯੇ ਕਾਬਿਲੇ ਤਰਮੀਮ ਹੈ॥*

ਭਾਵ ਕਿ ਤੇਰੀ ਰਜ਼ਾ ਨੂੰ ਮੈਂ ਹਰ ਹਾਲ ਵਿਚ ਮੰਨਦਾ ਹਾਂ ਪਰ ਜਵਾਨੀ ਵਿਚ ਹੀ ਕਿਸੇ ਨੂੰ ਲੈ ਜਾਣਾ ਇਹ ਰਜ਼ਾ ਬਦਲਣਯੋਗ ਹੈ, ਇਸ ਨੂੰ ਬਦਲ। ਖ਼ੁਦਾ ਨੇ ਰਜ਼ਾ ਨਹੀਂ ਬਦਲੀ, ਨਾ ਬਦਲੇਗਾ।

ਸਰੀਰ ਕਾਲ ਨਾਲ ਬਣਿਆ ਹੈ, ਕਾਲ ਨਾਲ ਬਿਨਸ ਜਾਏਗਾ। ਪਰ ਆਤਮਾ ਕਾਲ ਨਾਲ ਨਹੀਂ ਬਣੀ, ਆਤਮਾ ਬਿਨਸੇਗੀ ਵੀ ਨਹੀਂ। ਇਸ ਤੋਂ ਬਿਨਾਂ ਬਾਕੀ

ਜਿੰਨੇ ਉਪਰਾਲੇ ਹੋਏ ਹਨ ਉਹ ਸਾਰੇ ਹੀ ਵਿਅਰਥ ਸਿੱਧ ਹੋਏ ਹਨ।

ਅੰਮ੍ਰਿਤ ਬਾਰੇ ਇਕ ਹੋਰ ਵੀ ਕਥਾ ਆਉਂਦੀ ਹੈ ਕਿ ਦੇਵਤਿਆਂ ਤੇ ਦੈਂਤਾਂ ਨੇ ਖੀਰ ਸਮੁੰਦਰ ਰਿੜਕਿਆ ਤੇ ਚੌਦਾਂ ਰਤਨ ਕੱਢੇ। ਉਨ੍ਹਾਂ ਚੌਦਾਂ ਰਤਨਾਂ ਵਿਚੋਂ ਇਕ ਰਤਨ ਸ਼ਰਾਬ ਵੀ ਸੀ, ਇਕ ਰਤਨ ਅੰਮ੍ਰਿਤ ਵੀ ਸੀ।

ਭਾਈ ਗੁਰਦਾਸ ਜੀ ਨੇ ਇਕ ਪਉੜੀ ਵਿਚ ਇਸ ਤਰ੍ਹਾਂ ਲਿਖਿਆ ਹੈ :

*ਖੀਰ ਸਮੁੰਦਰ ਵਿਰੋਲਿ ਕੈ ਕਢਿ ਰਤਨ ਚਉਦਹ ਵੰਡ ਲੀਤੇ॥*
*ਮਣਿ ਲਖਮੀ ਪਾਰਜਾਤ ਸੰਖ ਸਾਰੰਗ ਧਨੁ ਵਿਸ਼ਨੂ ਵਸਿ ਕੀਤੇ॥*
*ਕਾਮਧੇਨ ਤੇ ਅਪਸਰਾ ਐਰਾਵਤ ਇੰਦ੍ਰਾਸਨਿ ਸੀਤੇ॥*
*ਕਾਲ ਕੂਟ ਤੇ ਅਰਧ ਚੰਦ ਮਹਾਦੇਉ ਮਸਤਕਿ ਧਰਿ ਪੀਤੇ॥*
*ਘੋੜਾ ਮਿਲਿਆ ਸੂਰਜੇ ਮਧਿ ਅੰਮ੍ਰਿਤ ਦੇਵ ਦਾਨਵ ਰੀਤੇ॥*
*ਕਰੇ ਧਨੰਤਰ ਵੈਦਗੀ ਡਸਿਆ ਤਛੱਕ ਮਤਿ ਬਿਪਰੀਤੇ॥*
*ਗੁਰ ਉਪਦੇਸ਼ ਅਮੋਲਕਾ ਰਤਨ ਪਦਾਰਥ ਨਿਧ ਅਗਨੀਤੇ॥*
*ਸਤਿਗੁਰ ਸਿਖਾ ਸਚ ਪਰੀਤੇ॥*

ਚੌਦਾਂ ਰਤਨਾਂ ਵਿਚ ਮਣੀ, ਲਖਸ਼ਮੀ, ਪਾਰਜਾਤ ਰੁੱਖ, ਸੰਖ ਤੇ ਧਨੁਸ਼ ਵਿਸ਼ਨੂੰ ਨੇ ਲੈ ਲਏ। ਕਾਮਧੇਨ ਗਾਂ, ਅਪਸਰਾ, ਐਰਾਵਤ ਹਾਥੀ ਇੰਦਰ ਰਾਜੇ ਨੂੰ ਦੇ ਦਿੱਤੇ ਗਏ। ਬਾਕੀ ਰਹਿ ਗਏ ਛੇ ਰਤਨ, ਜ਼ਹਿਰ ਤੇ ਅੱਧਾ ਚੰਦਰਮਾ ਸ਼ਿਵ ਜੀ ਨੂੰ ਦੇ ਦਿੱਤੇ ਗਏ, ਉੱਚੇ ਕੰਨਾਂ ਵਾਲਾ ਘੋੜਾ ਸੂਰਜ ਨੂੰ ਦੇ ਦਿੱਤਾ ਗਿਆ, ਦੇਵਤਿਆਂ ਨੂੰ ਅੰਮ੍ਰਿਤ ਤੇ ਰਾਕਸ਼ਾਂ ਨੂੰ ਸ਼ਰਾਬ। ਇਕ ਧਨੰਤਰ ਵੈਦ ਸੀ ਜਿਸ ਨੂੰ ਤਛੱਕ ਨਾਗ ਨੇ ਡਸ ਲਿਆ ਸੀ। ਚੌਦਾਂ ਰਤਨਾਂ ਵਿਚੋਂ ਤੇਰਾਂ ਤੇ ਗਏ, ਇਕ ਇਥੇ ਮਰ ਗਿਆ। ਲੋਕਾਂ ਨੂੰ ਬਚਾਉਣ ਆਇਆ ਧਨੰਤਰ ਆਪ ਮਰ ਗਿਆ। ਬਾਕੀ ਬਾਰਾਂ ਰਤਨ ਦੇਵਤੇ ਲੈ ਕੇ ਅਰਸ਼ਾਂ ਨੂੰ ਉਡ ਗਏ। ਇਕ ਰਤਨ ਇਥੇ ਛੱਡ ਗਏ, ਉਹ ਅੱਜ ਤਕ ਹੈ ਤੇ ਬੜੀ ਤਰੱਕੀ ਕਰ ਗਿਆ ਹੈ। ਉਹ ਹੈ ਸ਼ਰਾਬ ਜਾਂ ਐਸਾ ਵੀ ਹੋ ਸਕਦਾ ਹੈ ਕਿ ਧਰਤੀ ਤੇ ਰਾਕਸ਼ ਰਹਿ ਪਏ ਹੋਣ ਤੇ ਉਨ੍ਹਾਂ ਦਾ ਰਤਨ ਵੀ ਰਹਿ ਗਿਆ ਹੋਵੇ। ਬਸ ਅੱਜ ਇਸ ਧਰਤੀ ਤੇ ਇਕ ਰਤਨੀ ਹੀ ਹੈ ਸ਼ਰਾਬ। ਫਿਰ ਇਹ ਰਤਨ ਐਸਾ ਹੈ ਕਿ ਇਹ ਤਾਂ ਕੀਮਤ ਨਾਲ ਵਿਕਦਾ ਹੈ ਪਰ ਪੀਣ ਵਾਲਿਆਂ ਦੀ ਕੀਮਤ ਇਸ ਨੇ ਕੌਡੀ ਨਹੀਂ ਰਹਿਣ ਦਿੱਤੀ। ਦੇਵਤਿਆਂ ਨੇ ਤਾਂ ਕਿਹਾ ਸੀ ਇਹ ਦੈਂਤਾਂ ਦੀ ਖ਼ੁਰਾਕ ਹੈ ਪਰ ਮੈਂ ਸਮਝਦਾ ਹਾਂ ਕਿ ਦੇਵਤੇ ਵੀ ਪੀ ਲੈਣ ਤਾਂ ਦੈਂਤ ਬਣ ਜਾਣਗੇ। ਇੰਜ ਕਹਿ ਲਈਏ ਕਿ ਸਿਆਣਪ ਤੇ ਹੋਸ਼ ਦੇ ਅਰਸ਼ ਵਿਚੋਂ, ਪਾਗ਼ਲਪਨੇ ਦੇ ਪਾਤਾਲ ਵਿਚ ਸੁੱਟਣ ਵਾਲਾ ਇਹ ਰਤਨ ਹੈ। ਹਾਂ ਇਕ ਗੱਲੋਂ ਇਹ ਰਤਨ ਹੋ ਸਕਦਾ ਹੈ, ਜਿਹੜੀ ਚੀਜ਼ ਨਾਲ ਦੁਸ਼ਮਣ ਮਰ ਜਾਏ ਜਾਂ ਪਾਗਲ ਹੋ ਜਾਏ ਉਹ ਰਤਨ ਹੀ ਹੈ, ਜਿਸ ਜ਼ਹਿਰ ਨਾਲ ਦੁਸ਼ਮਣ ਮਰ ਜਾਏ ਉਹ ਰਤਨ ਹੀ ਹੈ।

ਇਕ ਵਿਦਵਾਨ ਕਹਿੰਦੇ ਹਨ, ਹੇ ਬਾਦਸ਼ਾਹ ! ਜਦੋਂ ਤੈਨੂੰ ਪਤਾ ਲੱਗੇ ਕਿ ਦੁਸ਼ਮਣ

ਦੀ ਫੌਜ ਸ਼ਰਾਬ ਪੀ ਕੇ ਆਪਸ ਵਿਚ ਲੜ ਪਈ ਹੈ ਤਾਂ ਸਮਝ ਲੈ ਕਿ ਇਹ ਸ਼ਰਾਬ ਨਹੀਂ ਤੇਰੇ ਵਾਸਤੇ ਆਬੇ ਹਯਾਤ ਹੈ, ਪਰ ਅੱਜ ਦੇ ਬੰਦੇ ਨੂੰ ਤਾਂ ਇਹ ਸਮਝ ਲੈਣਾ ਚਾਹੀਦਾ ਹੈ, ਦੇਵਤਿਆਂ ਲਈ ਇਹ ਰਤਨ ਸੀ ਪਰ ਸਾਡੇ ਲਈ ਤਾਂ ਜ਼ਹਿਰ ਹੈ। ਪਰ ਅੱਜ ਦੇ ਬੰਦੇ ਨਾਲੋਂ ਉਦੋਂ ਦਾ ਦੈਂਤ ਸਿਆਣਾ ਸੀ ਉਨ੍ਹਾਂ ਨੇ ਅੰਮ੍ਰਿਤ ਖੋਹਣ ਲਈ ਜੰਗ ਕੀਤੀ ਸੀ। ਇਕ ਦੈਂਤ ਨੇ ਜਿਸ ਦਾ ਨਾਂ ਸੀ ਰਾਹੂ, ਉਸ ਨੇ ਛੁਪ ਕੇ ਚੋਰੀ ਅੰਮ੍ਰਿਤ ਪੀ ਲਿਆ ਸੀ ਤੇ ਬਾਕੀ ਦਿਆਂ ਨੂੰ ਦੱਸ ਦਿੱਤਾ ਕਿ ਤੁਹਾਡੇ ਰਤਨ ਤੇ ਉਨ੍ਹਾਂ ਦੇ ਰਤਨ ਵਿਚ ਫ਼ਰਕ ਹੈ ਪਰ ਅੱਜ ਤਾਂ ਇੰਨੇ ਬੇਹੋਸ਼ ਹੋ ਗਏ ਹਾਂ ਦੇਵਤਿਆਂ ਵਰਗੇ ਬੰਦੇ ਵੀ ਲੁਕ ਕੇ ਇਹ ਰਤਨ ਪੀਂਦੇ ਹਨ। ਫਿਰ ਉਹਨਾਂ ਦੈਂਤਾਂ ਨੂੰ ਕਿਵੇਂ ਬੁਰਾ ਆਖੀਏ। ਖ਼ੈਰ ਮੇਰੇ ਲਿਖਣ ਦਾ ਇਹ ਭਾਵ ਹੈ ਕਿ ਉਸ ਅੰਮ੍ਰਿਤ ਨੇ ਵੀ ਸਿਰਫ਼ ਸਾਨੂੰ ਇਕ ਯਾਦ ਦਿੱਤੀ, ਉਹ ਹੈ ਕੁੰਭ ਦਾ ਮੇਲਾ, ਕਿ ਜਿਥੇ-ਜਿਥੇ ਲੜਾਈ ਵਿਚ ਅੰਮ੍ਰਿਤ ਘੜੇ ਵਿਚੋਂ ਰੁੜ੍ਹ ਗਿਆ ਸੀ ਉਥੇ ਸ਼ਰਧਾਲੂ ਅੱਜ ਅੰਮ੍ਰਿਤ ਲੈਣ ਜਾਂਦੇ ਹਨ ਕਿ ਸ਼ਾਇਦ ਉਦੋਂ ਦੀ ਕੋਈ ਬਚੀ ਬੂੰਦ ਅੱਜ ਸਾਨੂੰ ਪ੍ਰਾਪਤ ਹੋ ਜਾਏ, ਪਰ ਕੌਣ ਪੁੱਛੇ ਇਨ੍ਹਾਂ ਸਿਆਣਿਆਂ ਨੂੰ, ਭਰੇ ਘੜੇ ਨਾਲ ਕਿਸੇ ਦਾ ਕੁਝ ਨਹੀਂ ਸਵਰਿਆ, ਤੁਸੀਂ ਹੁਣ ਨਦੀਆਂ ਵਿਚੋਂ ਅੰਮ੍ਰਿਤ ਲੱਭਦੇ ਫਿਰਦੇ ਹੋ, ਉਹ ਪਾਣੀ ਹੁਣ ਤਕ ਇਥੇ ਰੁਕਿਆ ਹੋਇਆ ਹੈ ?

ਮੁਸਲਮਾਨਾਂ, ਯਹੂਦੀਆਂ ਤੇ ਈਸਾਈਆਂ ਵਿਚ ਇਕ ਰਵਾਇਤ ਹੈ ਕਿ ਇਕ ਐਸਾ ਚਸ਼ਮਾ ਹੈ ਜਿਸ ਦਾ ਪਾਣੀ ਇਹ ਬਰਕਤ ਰੱਖਦਾ ਹੈ ਕਿ ਜਿਹੜਾ ਪੀ ਲਵੇ ਉਹ ਅਮਰ ਹੋ ਜਾਂਦਾ ਹੈ। ਕਹਿੰਦੇ ਹਨ ਕਿ ਸਿਕੰਦਰ ਇਥੇ ਪੁੱਜਾ ਸੀ ਪਰ ਪਾਣੀ ਪੀਣਾ ਨਸੀਬ ਨਾ ਹੋਇਆ। ਪਾਣੀ ਪੀਣ ਲੱਗਾ ਸੀ ਤਾਂ ਇਸ ਦੇ ਮਨ ਵਿਚ ਖ਼ਿਆਲ ਆ ਗਿਆ, ਇਸ ਪਾਣੀ ਬਾਰੇ ਤਾਂ ਇਹ ਚਰਚਾ ਹੈ ਕਿ ਜਿਹੜਾ ਪੀਵੇ ਉਹ ਮਰੇਗਾ ਨਹੀਂ, ਪਰ ਮੈਂ ਇਹ ਦਰਿਆਫ਼ਤ ਨਹੀਂ ਕਰ ਸਕਿਆ ਕਿ ਜਿਹੜਾ ਇਹ ਪਾਣੀ ਪੀਵੇਗਾ, ਉਹ ਸੁਖੀ ਰਹੇਗਾ ਕਿ ਨਹੀਂ। ਨਿਰਾ ਜਿਊਣਾ ਹੀ ਤਾਂ ਕਾਫ਼ੀ ਨਹੀਂ, ਸੁਖੀ ਰਹਿਣਾ ਵੀ ਤਾਂ ਜ਼ਰੂਰੀ ਹੈ। ਕੀ ਪਤਾ ਹੈ ਇਸ ਪਾਣੀ ਦਾ, ਮੈਨੂੰ ਕੀ ਭਰੋਸਾ ਹੈ ਜੀਵਨ ਦੇਵੇ ਕਿ ਨਾ, ਕੋਈ ਬਿਮਾਰੀ ਹੀ ਨਾ ਲਾ ਦੇਵੇ ਫਿਰ ਅੱਗੇ ਕੋਈ ਐਸਾ ਬੰਦਾ ਹੈ ਵੀ ਨਹੀ ਜਿਸ ਨੇ ਇਹ ਪਾਣੀ ਮੇਰੇ ਤੋਂ ਪਹਿਲੇ ਪੀਤਾ ਹੋਵੇ। ਜੇ ਪ੍ਰਮਾਣ ਹੋਵੇ ਕਿ ਇਹ ਪਾਣੀ ਮੈਂ ਪੀਤਾ ਹੈ ਤੇ ਮੈਂ ਰਾਜ਼ੀ ਖ਼ੁਸ਼ੀ ਜੀ ਰਿਹਾ ਹਾਂ, ਮੈਂ ਐਵੇਂ ਕੋਈ ਨਵੀਂ ਮੁਸੀਬਤ ਹੀ ਗਲ ਨਾ ਪਾ ਬੈਠਾਂ। ਇਸ ਤਰ੍ਹਾਂ ਦੇ ਕਈ ਖ਼ਿਆਲ ਸਿਕੰਦਰ ਦੇ ਮਨ ਵਿਚ ਆਏ। ਐਸਾ ਵੀ ਲਿਖਿਆ ਮਿਲਦਾ ਹੈ ਕਿ ਇਕ ਗਲੇ ਸੜੇ ਰੋਗੀ ਕਾਂ ਨੇ ਇਸਨੂੰ ਇਹ ਕਹਿ ਕੇ ਰੋਕ ਦਿੱਤਾ ਕਿ ਮੈਂ ਇਸ ਥਾਂ ਤੋਂ ਪਾਣੀ ਪੀ ਬੈਠਾ ਹਾਂ। ਮੇਰਾ ਹਾਲ ਵੇਖ, ਜਾਨ ਨਹੀਂ ਨਿਕਲ ਰਹੀ। ਤੇਰਾ ਵੀ ਇਹੋ ਹਾਲ ਹੋਵੇਗਾ। ਉਹ ਵਾਪਸ ਆ ਗਿਆ। ਉਸ ਅੰਮ੍ਰਿਤ ਨਾਲ ਵੀ ਮਨੁੱਖਤਾ ਦੀ ਗੱਲ ਨਾ ਬਣੀ।

ਪਰ, ਆਖ਼ਰ ਮਨੁੱਖ ਦੀ ਆਸ ਪੂਰੀ ਹੋਈ, ਦਾਤੇ ਨੇ ਪੁਕਾਰ ਸੁਣੀ, ਗੁਰਮਤਿ ਦਾ ਸੂਰਜ ਗੁਰੂ ਨਾਨਕ ਦੇਵ ਦੇ ਰੂਪ ਵਿਚ ਚੜ੍ਹਿਆ, ਭਟਕਦੇ ਹੋਏ ਮਨੁੱਖ ਨੂੰ ਸਮਝਾਇਆ ਕਿ ਤੇਰੇ ਰੋਣ-ਕੁਰਲਾਉਣ ਦਾ ਕਾਰਨ ਤੇਰੀ ਅਗਿਆਨਤਾ ਹੈ। ਤੇਰੀ

ਮੰਗ ਹੀ ਗ਼ਲਤ ਰਹੀ ਹੈ, ਤੇਰਾ ਮੰਗਣ ਦਾ ਢੰਗ ਹੀ ਗ਼ਲਤ ਹੈ। ਤੂੰ ਪਹਿਲਾਂ ਇਹ ਤਾਂ ਸਮਝਣ ਦੀ ਕੋਸ਼ਿਸ਼ ਕਰ ਕਿ ਜੀਵਨ ਹੈ ਕੀ ? ਮੌਤ ਹੈ ਕੀ ? ਜਦੋਂ ਜਗਿਆਸੂਆਂ ਨੇ ਪੁੱਛਿਆ, ਦੱਸੋ ! ਤਾਂ ਉੱਤਰ ਮਿਲਿਆ, ਉਸ ਪਰਮ ਪਿਤਾ ਦੇ ਨਾਲ ਰਹਿਣਾ ਹੀ ਜੀਵਨ ਹੈ। ਕਿਤੇ ਹਰਨਾਖਸ਼ ਕਹਿ ਦਿੰਦਾ ਕਿ ਜੇ ਆ ਗਿਆ ਹੈਂ ਤਾਂ ਜਾਂ ਮੈਨੂੰ ਨਾਲ ਹੀ ਲੈ ਚੱਲ ਜਾਂ ਮੇਰੇ ਕੋਲ ਹੀ ਰਹਿ। ਉਸ ਦੇ ਨਾਲ ਰਹਿਣਾ ਹੀ ਤਾਂ ਮੁਕਤੀ ਹੈ, ਪਰਮ ਜੀਵਨ ਹੈ।

*ਆਖਾਂ ਜੀਵਾ ਵਿਸਰੈ ਮਰਿ ਜਾਉ॥*

—ਆਸਾ ਮ: ੧

ਕਬੀਰ ਸਾਹਿਬ ਜੀ ਕਹਿੰਦੇ ਹਨ :

*ਭਿਸਤੁ, ਨਜ਼ੀਕਿ ਰਾਖੁ ਰਹਿਮਾਣਾ॥*

—ਭੈਰਉ ਕਬੀਰ ਜੀ, ਪੰਨਾ ੧੧੬੧

ਹੇ ਪ੍ਰਮਾਤਮਾ ! ਤੂੰ ਮੈਨੂੰ ਆਪਣੇ ਨੇੜੇ ਰੱਖ ਇਹ ਹੀ ਮੇਰੇ ਲਈ ਬਹਿਸ਼ਤ ਹੈ। ਤੇਰੇ ਤੋਂ ਦੂਰ ਹੋ ਕੇ ਬਹਿਸ਼ਤ ਵਿਚ ਮੈਂ ਕੀ ਕਰਾਂਗਾ। ਉਸ ਦਾ ਸਾਥ ਹੀ ਤਾਂ ਅੰਮ੍ਰਿਤ ਹੈ, ਉਸ ਦੀ ਯਾਦ ਹੀ ਤਾਂ ਅੰਮ੍ਰਿਤ ਹੈ। ਤੂੰ ਮੰਗਣਾ ਇਹ ਸੀ ਕਿ ਹੇ ਦਾਤਾ ! ਜਿੰਨਾ ਚਿਰ ਤੇਰਾ ਦਿੱਤਾ ਸਰੀਰ ਕਾਇਮ ਰਹੇ, ਸਦਾ ਹੀ ਤੇਰੀ ਯਾਦ ਬਣੀ ਰਹੇ, ਨਾ ਭੁੱਲੀਂ, ਨਾਂ ਭੁਲਾਵੀਂ, ਨਾ ਵਿਸਰੀਂ ਨਾ ਵਿਸਾਰੀਂ। ਉਸ ਦੀ ਯਾਦ ਅੰਮ੍ਰਿਤ ਛੱਡ ਕੇ ਇਸ ਅੰਧੇਰ ਕੋਠੜੀ ਸਰੀਰ ਨੂੰ ਕੀ ਕਰੇਂਗਾ, ਇਸ ਦੀ ਕਦਰ ਕੀਮਤ ਤਾਂ ਉਸਦੀ ਯਾਦ ਕਰਕੇ ਹੀ ਸੀ ਨਹੀਂ ਤਾਂ :

*ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਹੀ॥*
*ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਹੀ॥*

—ਆਸਾ ਮ: ੧, ਪੰਨਾ ੩੫੪

ਇਕ ਨਾਮ ਹੀ ਅੰਮ੍ਰਿਤ ਹੈ ਪਰ ਨਾਮ ਅੰਮ੍ਰਿਤ ਮਿਲਦਾ ਹੈ ਸਤਿਗੁਰ ਦੀ ਕ੍ਰਿਪਾ ਨਾਲ :

*ਨਾਨਕ ਅੰਮ੍ਰਿਤ ਮਨੈ ਮਾਹਿ ਪਾਈਐ ਗੁਰ ਪਰਸਾਦਿ॥*
*ਤਿਨੀ ਪੀਤਾ ਰੰਗ ਸਿਉ ਜਿਨ ਕਉ ਲਿਖਿਆ ਆਦਿ॥*

—ਵਾਰ ਸਾਰੰਗ ਮ: ੨, ਪੰਨਾ ੧੨੩੮

ਸਿੱਖ ਪੰਥ ਵਿਚ ਜੋ ਅੰਮ੍ਰਿਤ ਪਾਨ ਕਰਨ ਦੀ ਪਰੰਪਰਾ ਹੈ, ਸਿੰਘਾਂ ਨੇ ਅੰਮ੍ਰਿਤ ਛਕਿਆ, ਗੁਰੂ ਕਲਗੀਧਰ ਜੀ ਨੇ ਆਪ ਅੰਮ੍ਰਿਤ ਛਕਿਆ, ਉਸ ਦਾ ਸਾਰਾ ਰਾਜ਼ ਇਸ ਪੰਗਤੀ ਵਿਚ ਛੁਪਿਆ ਹੈ :

*ਗੁਰ ਕੈ ਭਾਣੈ ਵਿਚ ਅੰਮ੍ਰਿਤ ਹੈ ਸਹਜੈ ਪਾਵੈ ਕੋਇ॥*
*ਜਿਨਾਂ ਪਰਾਪਤਿ ਤਿਨ ਪੀਆ ਹਉਮੈ ਵਿਚਹੁ ਖੋਇ॥*

—ਸਿਰੀ ਰਾਗ ਮ: ੩, ਪੰਨਾ ੩੧

ਸਤਿਗੁਰੂ ਨੇ ਨਿਰੰਕਾਰ ਦਾ ਹੁਕਮ ਸ਼ਬਦ ਰਾਹੀਂ ਸਾਡੇ ਤੱਕ ਪਹੁੰਚਾ ਦਿੱਤਾ ਹੈ। ਨਿਰੰਕਾਰ ਦਾ ਹੁਕਮ ਸਿੱਧਾ ਤਾਂ ਅਸੀਂ ਸਮਝ ਨਹੀਂ ਸਾਂ ਸਕਦੇ। ਗੁਰੂ ਵਕੀਲ ਹੈ, ਗੁਰੂ ਵਿਚੋਲਾ ਹੈ। ਪ੍ਰਮਾਤਮਾ ਨੇ ਹੁਕਮ ਕੀਤਾ ਹੈ, ਗੁਰੂ ਨੇ ਉਹ ਹੁਕਮ ਸੁਣਾ ਦਿੱਤਾ ਹੈ, ਸਮਝਾ ਦਿੱਤਾ ਹੈ, ਇਹ ਰੱਬੀ ਹੁਕਮ ਹੀ ਅੰਮ੍ਰਿਤ ਹੈ।

ਪਹਿਲੇ ਇਹ ਗੱਲ ਸਮਝਣੀ ਬਹੁਤ ਹੀ ਜ਼ਰੂਰੀ ਹੈ ਕਿ ਰੱਬ ਦੇ ਹੁਕਮ ਵਿਚ ਤੇ ਗੁਰੂ ਦੇ ਹੁਕਮ ਵਿਚ ਕੋਈ ਫ਼ਰਕ ਨਹੀਂ। ਸਤਿਗੁਰਾਂ ਕਿਹਾ ਸੀ, ਜਿਵੇਂ ਖਸਮ ਦੀ ਬਾਣੀ ਆਉਂਦੀ ਹੈ, ਮੈਂ ਅੱਗੋਂ ਉਸੇ ਤਰ੍ਹਾਂ ਦਾ ਵਿਚਾਰ ਕਰ ਕੇ ਸੁਣਾ ਦਿੰਦਾ ਹਾਂ, ਮੈਂ ਆਪਣੇ ਵਲੋਂ ਕੁਝ ਨਹੀਂ ਜੋੜਦਾ। ਇਹ ਹੁਕਮ ਮੰਨਣਾ ਹੀ ਅੰਮ੍ਰਿਤ ਪਾਨ ਕਰਨਾ ਹੈ, ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਲੈਣੀ, ਕਕਾਰ ਧਾਰੀ ਹੋਣਾ, ਬਾਣੀ ਨਿਤਨੇਮ ਨਾਲ ਪੜ੍ਹਨੀ। ਇਸ ਦੀ ਵਿਗਿਆਨਕ ਵਿਆਖਿਆ ਦੀ ਲੋੜ ਨਹੀਂ। ਭਾਈ ਦਾਨਾ ਵਿਗਿਆਨਕ ਵਿਆਖਿਆ ਚਾਹੁੰਦਾ ਸੀ, ਸਤਿਗੁਰਾਂ ਕਿਹਾ ਸੀ, ਹੋਰ ਕੋਈ ਵਿਆਖਿਆ ਨਹੀਂ ਹੋਵੇਗੀ, ਸਿਰਫ਼ ਇੰਨਾ ਹੀ ਕਿ ਅੰਮ੍ਰਿਤ ਛਕਿਆਂ ਮੇਰੀ ਖ਼ੁਸ਼ੀ ਮਿਲੇਗੀ। ਅੰਮ੍ਰਿਤ ਹੈ ਸਤਿਗੁਰੂ ਦਾ ਹੁਕਮ, ਹੁਕਮ ਕਈਆਂ ਰੂਪਾਂ ਵਿਚ ਕੀਤਾ ਗਿਆ ਹੈ, ਕਈ ਸਾਂਗ ਵਰਤਾਏ ਗਏ ਹਨ, ਕਦੀ ਕਿਹਾ ਮੁਰਦਾ ਖਾਓ, ਕਦੀ ਕਿਹਾ ਗਿਆ ਥੜ੍ਹੇ ਬਣਾਓ ਤੇ ਢਾਹੋ, ਕਦੀ ਕਿਹਾ ਗਿਆ ਲਾਹੌਰ ਜਾਓ। ਸਾਂਗ ਅਨੇਕ ਹਨ, ਕਦੀ ਕਿਹਾ ਗਿਆ ਸਿਰ ਭੇਟ ਕਰੋ, ਅੰਮ੍ਰਿਤ ਪਾਨ ਕਰੋ, ਰਹਿਤਧਾਰੀ ਹੋਵੋ। ਮੂਲ ਗੱਲ ਇਕ ਹੀ ਸੀ ਕਿ ਹੁਕਮ ਮੰਨੋ, ਗੁਰੂ ਦੇ ਬਣੋ। ਗੁਰੂ ਦੇ ਬਣਨਾ ਕੀ ਹੈ? ਹੁਕਮ ਰਜ਼ਾ ਵਿਚ ਆਉਣਾ।

*ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥*

—ਸੋਰਠਿ ਮ: ੩, ਪੰਨਾ ੬੦੧.

ਜਿਨ੍ਹਾਂ ਦੇ ਜੀਵਨ ਵਿਚ ਧਰਮ ਕਲਾ ਨੇ ਪ੍ਰਵੇਸ਼ ਕੀਤਾ ਹੈ, ਉਹ ਇਹ ਨਹੀਂ ਕਹਿੰਦੇ ਕਿ ਮੈਂ ਮਰਾਂ ਹੀ ਨਾ। ਉਹ ਤਾਂ ਇਹ ਪੁਛਦੇ ਹਨ ਕਿ ਸਤਿਗੁਰ ਜੀਵਨ ਜੁਗਤੀ ਕੀ ਹੈ, ਮੈਂ ਕਿਵੇਂ ਜੀਵਾਂ ? ਫਿਰ ਸਤਿਗੁਰ ਦੱਸਦੇ ਹਨ :

*ਅੰਮ੍ਰਿਤ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨੰਦ ਅਨੰਤਾ ॥*

—ਗੂਜਰੀ ਮ: ੫, ਪੰਨਾ ੪੯੬

ਅੰਮ੍ਰਿਤ ਕੀ ਹੈ ? ਗੁਰੂ ਦਾ ਹੁਕਮ। ਇਸ ਰਾਹੀਂ ਹੀ ਜੀਵਨ ਪਦਵੀ ਪ੍ਰਾਪਤ ਹੋਵੇਗੀ :

*ਇਹੁ ਜਗਤੁ ਮਮਤਾ ਮੁਆ ਜੀਵਣ ਕੀ ਬਿਧਿ ਨਾਹਿ ॥*
*ਗੁਰ ਕੈ ਭਾਣੈ ਜੋ ਚਲੈ ਤਾਂ ਜੀਵਣ ਪਦਵੀ ਪਾਹਿ ॥*

—ਗੂਜਰੀ ਵਾਰ ਮ: ੩, ਪੰਨਾ ੫੦੮

ਅੰਮ੍ਰਿਤ ਕੀ ਹੈ ? ਸਿਰ ਗੁਰੂ ਅੱਗੇ ਭੇਟ ਕਰ ਦੇਣਾ, ਜੀਵਨ ਪ੍ਰਮਾਤਮਾ ਨੂੰ ਅਰਪਨ ਕਰ ਦੇਣਾ। ਜਿਨ੍ਹਾਂ ਨੇ ਜੀਵਨ ਬਚਾਉਣ ਦਾ ਯਤਨ ਕੀਤਾ ਉਹ ਤਾਂ ਮਰ ਗਏ ਪਰ

ਜਿਨ੍ਹਾਂ ਨੇ ਜੀਵਨ ਪ੍ਰਮਾਤਮਾ ਦੇ ਚਰਨਾਂ ਵਿਚ ਰੱਖਿਆ ਤੇ ਕਹਿ ਦਿੱਤਾ ਕਿ :

*ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥*

—ਮ: ੪ ਦੇਵਗੰਧਾਰੀ, ਪੰਨਾ ੫੨੭

ਉਹ ਅਮਰ ਹੋ ਗਏ, ਉਨ੍ਹਾਂ ਦੀ ਯਾਦ ਇੰਨੀ ਅਮਰ ਹੋ ਗਈ ਕਿ ਉਨ੍ਹਾਂ ਦੀ ਯਾਦ ਨਾਲ ਰੱਬ ਦੀ ਯਾਦ ਆਉਣ ਲੱਗ ਪਈ। ਅੰਮ੍ਰਿਤਧਾਰੀ ਤਾਂ ਉਹ ਹੀ ਹੈ, ਜਿਸ ਦਾ ਨਾਮ ਰੱਬ ਦੇ ਨਾਮ ਨਾਲ ਜੁੜ ਜਾਏ, ਜਿਸ ਦੀ ਯਾਦ ਰੱਬ ਦੀ ਯਾਦ ਬਣ ਜਾਏ। ਜਿਨ੍ਹਾਂ ਦੇ ਜੀਵਨ ਵਿਚ ਧਰਮ ਕਲਾ ਨਹੀਂ ਸੀ ਉਹ ਅੰਮ੍ਰਿਤ ਲਈ ਭਟਕਦੇ ਰਹੇ ਪਰ ਜਿਨ੍ਹਾਂ ਦੇ ਜੀਵਨ ਵਿਚ ਧਰਮ ਕਲਾ ਆ ਗਈ ਉਨ੍ਹਾਂ ਨੇ ਸਮਝ ਲਿਆ ਕਿ ਸਤਿਗੁਰੂ ਦਾ ਹੁਕਮ ਹੀ ਅੰਮ੍ਰਿਤ ਹੈ ਤੇ ਸਾਡੇ ਗੁਰੂ ਦਾ ਹੁਕਮ ਹੈ ਅੰਮ੍ਰਿਤਧਾਰੀ ਹੋਵੇ :

*ਪੀਵਹੁ ਪਾਹੁਲ ਖੰਡੇ ਧਾਰ ਹੋਵੈ ਜਨਮ ਸੁਹੇਲਾ॥*

❀ ❀ ❀